PANJAB TIMES

£2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

2nd - 9th April 2026 • Issue No. 3124

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com



IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਕੀਤੇ ਨਗਰ ਕੀਰਤਨ ਵਿੱਚ, ਦੂਰੋਂ ਨੇੜਿਓਂ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈਆਂ – ਸ: ਮੱਲੀ ਨੇ ਸਮੂਹ ਸੇਵਦਾਰਾਂ ਦਾ ਧੰਨਵਾਦ ਕੀਤਾ ਤੇ ਵਧਾਈਆਂ ਦਿੱਤੀਆਂ



























# ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਈ ਅਦਾਕਾਰਾ ਪ੍ਰਿਯੰਕਾ ਚੋਪੜਾ, ਲੰਗਰ ਹਾਲ 'ਚ ਕੀਤੀ ਸੇਵਾ

ਬਾਲੀਵੁੱਡ ਅਦਾਕਾਰਾ ਪ੍ਰਿਯੰਕਾ ਚੋਪੜਾ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਪਹੁੰਚੀ। ਉਸ ਨੇ ਗੁਰੂਘਰ ਨਤਮਸਤਕ ਹੋ ਕੇ ਸਰਬੱਤ ਦੇ ਬਲੇ ਦੀ ਅਰਦਾਸ ਕੀਤੀ। ਸ੍ਰੀ ਦਰਬਾਰ ਸਾਹਿਬ ਵਿਚ ਉਸ ਨੇ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ। ਇਸ ਦੌਰਾਨ ਪ੍ਰਿਯੰਕਾ ਚੋਪੜਾ ਨੇ ਲੰਗਰ ਹਾਲ ਵਿੱਚ ਸੇਵਾ ਵੀ ਕੀਤੀ। ਉਸਨੇ ਜੂਠੇ ਬਰਤਨਾਂ ਦੀ ਸਫਾਈ ਅਤੇ ਕੁਝ ਹੋਰ ਕੰਮਾਂ ਵਿਚ ਸਹਿਯੋਗ ਦਿੱਤਾ। ਹਰ ਕੋਈ ਉਸ ਦੀ ਨਿਮਰਤਾ ਤੇ ਸਾਦਗੀ ਤੋਂ ਪ੍ਰਭਾਵਿਤ ਹੋਇਆ। ਜਦੋਂ ਪੱਤਰਕਾਰਾਂ ਨੇ ਉਸ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਸਨੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ।ਪ੍ਰਿਯੰਕਾ ਚੋਪੜਾ ਦੇ ਸਾਦਗੀ ਤੇ ਨਿਮਰਤਾ ਭਰੇ ਵਤੀਰੇ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਵਿਦੇਸ਼ ਵਿਚ ਰਹਿ ਕੇ ਵੀ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਹੈ। ਉਹ ਪ੍ਰਸਿੱਧੀ ਦੇ ਬਾਵਜੂਦ ਧਰਮ ਤੇ ਸੇਵਾ ਨੂੰ ਨਹੀਂ ਭੁੱਲੀ। ਉਸ ਦੀ ਇਸ ਸਾਦਗੀ ਨੂੰ ਵੇਖ ਕੇ ਉਥੇ ਮੌਜੂਦ ਸੰਗਤਾਂ ਵੀ ਕਾਫੀ ਪ੍ਰਭਾਵਿਤ ਹੋਈਆਂ। ਹਰ ਕੋਈ ਉਸ ਦੀ ਤਾਰੀਫ ਕਰ ਰਿਹਾ ਸੀ।








**2 for 1 designer** from **£100**

*Incl.* sunglasses

With single-vision lenses to the same prescription

**Book an eye test at specsavers.co.uk**

**Specsavers**

Frames subject to availability. Cannot be used with other offers. Second pair must be from the same price range or below. Both pairs include standard 1.5 single-vision lenses (or 1.6 for £170 Rimless ranges) or 1.5 safety lenses for safety eyewear range. Both pairs must be purchased in one transaction. Varifocal/bifocal: same lenses in both pairs and pay for lenses in first pair only, except for SuperDigital, SuperDrive varifocals, and SuperReaders 1-2-3 occupational lenses, SuperBoost and SuperSingle-vision lenses, where you pay full lens price for the first pair and £40 for the second pair. 2for1 on safety eyewear is excluded for customers with a corporate eyecare voucher provided by their employer. Additional charge for extra lens options.

# ਬੇਅਦਬੀ ਵਿਰੋਧੀ ਕਾਨੂੰਨ 'ਤੇ ਮੰਥਨ

# ਸ਼੍ਰੋਮਣੀ ਕਮੇਟੀ ਵੱਲੋਂ 6 ਅਪਰੈਲ ਨੂੰ ਸਿੱਖ ਜਥੇਬੰਦੀਆਂ ਦੀ ਅਹਿਮ ਮੀਟਿੰਗ

ਚੰਡੀਗੜ੍ਹ-ਪੰਜਾਬ ਵਿੱਚ ਪਿਛਲੇ ਲੰਮੇ ਸਮੇਂ ਤੋਂ ਭਖਦੇ ਆ ਰਹੇ ਬੇਅਦਬੀ ਦੇ ਮੁੱਦੇ ਅਤੇ ਇਸ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀਆਂ ਤਿਆਰੀਆਂ ਦੇ ਮੱਦੇਨਜ਼ਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਪ੍ਰਸਤਾਵਿਤ ਬੇਅਦਬੀ ਵਿਰੋਧੀ ਕਾਨੂੰਨ 'ਤੇ ਚਰਚਾ ਕਰਨ ਲਈ 6 ਅਪਰੈਲ 2026 ਨੂੰ ਸਮੁੱਚੀਆਂ ਸਿੱਖ ਜਥੇਬੰਦੀਆਂ ਦੀ ਵਿਸ਼ੇਸ਼ ਇਕੱਤਰਤਾ ਸੱਦੀ ਹੈ। ਇਹ ਅਹਿਮ ਮੀਟਿੰਗ ਸ੍ਰੀ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸਵੇਰੇ 11 ਵਜੇ ਹੋਵੇਗੀ। ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਐਡਵੋਕੇਟ ਧਾਮੀ ਨੇ ਇਸ ਦਾ ਰਸਮੀ ਐਲਾਨ ਕੀਤਾ। ਕੌਮੀ ਰਾਏ ਬਣਾਉਣ ਲਈ ਇਸ ਇਕੱਤਰਤਾ ਵਿੱਚ ਪੰਥ ਦੇ ਹਰ ਵਰਗ ਨੂੰ ਸੱਦਾ ਦਿੱਤਾ ਗਿਆ ਹੈ, ਜਿਸ ਵਿੱਚ ਮੁੱਖ ਤੌਰ 'ਤੇ ਨਿਹੰਗ ਸਿੰਘ ਦਲ ਅਤੇ ਦਮਦਮੀ ਟਕਸਾਲ ਦੇ ਨੁਮਾਇੰਦੇ, ਸਿੱਖ ਵਿਦਵਾਨ, ਸਾਬਕਾ ਸਿੱਖ ਜੱਜ ਅਤੇ ਕਾਨੂੰਨੀ ਮਾਹਿਰ (ਵਕੀਲ) ਸਿੱਖ ਮਿਸ਼ਨਰੀ ਕਾਲਜ, ਸਿੰਘ ਸਭਾਵਾਂ ਅਤੇ ਸਿੱਖ ਫੈਡਰੇਸ਼ਨਾਂ, ਨਿਰਮਲੇ, ਉਦਾਸੀ, ਸੇਵਾ ਪੰਥੀ ਅਤੇ ਕਾਰਸੇਵਾ ਵਾਲੇ ਮਹਾਂਪੁਰਸ਼ ਸ਼ਾਮਲ ਹਨ।

ਮੀਟਿੰਗ ਦੇ ਉਦੇਸ਼ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ "ਪੰਜਾਬ ਸਰਕਾਰ ਬੇਅਦਬੀ ਵਿਰੋਧੀ ਸਖ਼ਤ ਕਾਨੂੰਨ ਬਾਰੇ ਆਪਣੀ ਸਥਿਤੀ ਸਪੱਸ਼ਟ ਨਹੀਂ ਕਰ ਰਹੀ। ਉਨ੍ਹਾਂ ਨੇ ਹੇਠ ਲਿਖੇ ਨੁਕਤਿਆਂ 'ਤੇ ਜ਼ੋਰ ਦਿੱਤਾ ਕਿ ਧਾਰਮਿਕ ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਵੱਡਾ ਅੰਤਰ ਹੈ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਜਾਗਤ ਜੋਤ' ਗੁਰੂ ਹਨ, ਇਸ ਲਈ ਉਨ੍ਹਾਂ ਦੀ ਵਡਿਆਈ ਅਤੇ ਮਹਾਨਤਾ ਦੇ ਸਤਿਕਾਰ ਵਜੋਂ ਕਾਨੂੰਨ ਵਿੱਚ ਵਿਸ਼ੇਸ਼ ਵਚਨਬੱਧਤਾ ਹੋਣੀ ਬੇਹੱਦ ਜ਼ਰੂਰੀ ਹੈ।"

ਇਹ ਇਕੱਤਰਤਾ ਇਸ ਲਈ ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਸਿੱਖ ਜਗਤ ਲੰਮੇ ਸਮੇਂ ਤੋਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਉਮਰ ਕੈਦ ਵਰਗੇ ਕਾਨੂੰਨ ਦੀ ਮੰਗ ਕਰ ਰਿਹਾ ਹੈ। ਸ਼੍ਰੋਮਣੀ ਕਮੇਟੀ ਚਾਹੁੰਦੀ ਹੈ ਕਿ ਕਾਨੂੰਨ ਬਣਨ ਤੋਂ ਪਹਿਲਾਂ ਇੱਕ "ਸਾਂਝੀ ਪੰਥਕ ਰਾਏ" ਬਣਾਈ ਜਾਵੇ ਤਾਂ ਜੋ ਕਾਨੂੰਨ ਸਿੱਖ ਭਾਵਨਾਵਾਂ ਦੇ ਅਨੁਕੂਲ ਬਣੇ।

## ਪੰਜਾਬ ਟਾਈਮਜ਼ ਦੀ ਰਾਇ

ਜਦੋਂ ਅਸੀਂ 'ਸ਼ਬਦ' ਗੁਰੂ ਗੁਰੂ ਗ੍ਰੰਥ ਸਾਹਿਬ ਨੂੰ ਦੁਨਿਆਵੀ ਕਾਨੂੰਨ ਦੀਆਂ ਕਿਤਾਬਾਂ ਵਿੱਚ ਬੰਨ੍ਹਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਕੁਝ ਗੰਭੀਰ ਖ਼ਤਰੇ ਪੈਦਾ ਹੋ ਜਾਂਦੇ ਹਨ। ਜਦੋਂ ਕੋਈ ਚੀਜ਼ ਕਾਨੂੰਨ ਦੇ ਦਾਇਰੇ ਵਿੱਚ ਆਉਂਦੀ ਹੈ, ਤਾਂ ਉਸ ਦੀ ਵਿਆਖਿਆ ਕਰਨ ਦਾ ਹੱਕ ਜੱਜਾਂ ਅਤੇ ਵਕੀਲਾਂ ਕੋਲ ਚਲਾ ਜਾਂਦਾ ਹੈ। ਕੱਲ੍ਹ ਨੂੰ ਕੋਈ ਅਦਾਲਤ ਇਹ ਤੈਅ ਕਰ ਸਕਦੀ ਹੈ ਕਿ ਗੁਰੂ ਸਾਹਿਬ ਦੇ ਕਿਹੜੇ ਸ਼ਬਦ ਜਾਂ ਰੀਤਾਂ 'ਕਾਨੂੰਨੀ' ਹਨ ਅਤੇ ਕਿਹੜੀਆਂ ਨਹੀਂ। ਇਸ ਨਾਲ ਗੁਰੂ ਦੀ ਸੁਤੰਤਰ ਹਸਤੀ ਪ੍ਰਭਾਵਿਤ ਹੋ ਸਕਦੀ ਹੈ। ਸਰਕਾਰ ਕਾਨੂੰਨ ਦੀ ਆੜ ਵਿੱਚ ਇਹ ਤੈਅ ਕਰਨਾ ਸ਼ੁਰੂ ਕਰ ਸਕਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿੱਥੇ ਹੋ ਸਕਦਾ ਹੈ ਅਤੇ ਕਿੱਥੇ ਨਹੀਂ, ਜੋ ਕਿ ਪੰਥਕ ਰਵਾਇਤਾਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਹੋਵੇਗੀ। ਗੁਰਮਤਿ ਅਨੁਸਾਰ ਗੁਰੂ 'ਸ਼ਬਦ' ਹੈ, ਜੋ ਅਬਿਨਾਸ਼ੀ ਹੈ ਤੇ ਸਮਰਥਾ ਹੈ। ਪਰ ਕਾਨੂੰਨ ਹਮੇਸ਼ਾ 'ਪਦਾਰਥ' (Physical Object) 'ਤੇ ਲਾਗੂ ਹੁੰਦਾ ਹੈ। ਜਦੋਂ ਅਸੀਂ ਕਾਨੂੰਨ ਬਣਾਉਂਦੇ ਹਾਂ, ਤਾਂ ਅਦਾਲਤਾਂ ਉਸ ਨੂੰ ਕਾਗਜ਼, ਸਿਆਹੀ ਅਤੇ ਜਿਲਦ ਤੱਕ ਸੀਮਤ ਕਰ ਦਿੰਦੀਆਂ ਹਨ। ਇਸ ਨਾਲ "ਸ਼ਬਦ ਗੁਰੂ" ਦੀ ਵਿਆਪਕ ਭਾਵਨਾ ਨੂੰ ਸੱਟ ਵੱਜਦੀ ਹੈ ਅਤੇ ਉਹ ਮਹਿਜ਼ ਇੱਕ 'ਕਾਨੂੰਨੀ ਦਸਤਾਵੇਜ਼' ਬਣ ਕੇ ਰਹਿ ਜਾਵੇਗਾ।

ਸ਼੍ਰੋਮਣੀ ਕਮੇਟੀ ਨੂੰ ਇਹ ਸੁਝਾਅ ਹੈ ਕਿ ਕਾਨੂੰਨ ਗੁਰੂ ਸਾਹਿਬ 'ਤੇ ਨਹੀਂ, ਸਗੋਂ "ਅਪਰਾਧੀ ਦੀ ਹਰਕਤ" 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਇਸ ਨੂੰ 'ਬੇਅਦਬੀ ਕਾਨੂੰਨ' ਕਹਿਣ ਦੀ ਬਜਾਏ 'ਨਫ਼ਰਤੀ ਅਪਰਾਧ' ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇ, ਜਿੱਥੇ ਸਜ਼ਾ ਗੁਰੂ ਦੀ ਰੱਖਿਆ ਲਈ ਨਹੀਂ, ਸਗੋਂ ਸਮਾਜਿਕ ਸਦਭਾਵਨਾ ਨੂੰ ਜਾਣਬੁੱਝ ਕੇ ਠੇਸ ਪਹੁੰਚਾਉਣ ਵਾਲੀ ਮਾਨਸਿਕਤਾ ਨੂੰ ਮਿਲੇ। ਕਾਨੂੰਨ ਵਿੱਚ ਇਹ ਸਪੱਸ਼ਟ ਲਿਖਵਾਇਆ ਜਾਵੇ ਕਿ ਗੁਰੂ ਸਾਹਿਬ ਦੀ ਮਰਯਾਦਾ ਅਤੇ ਰੀਤਾਂ ਦਾ ਫੈਸਲਾ ਕੇਵਲ ਪੰਥਕ ਸੰਸਥਾਵਾਂ (ਅਕਾਲ ਤਖ਼ਤ ਸਾਹਿਬ) ਕੋਲ ਹੋਵੇਗਾ, ਅਦਾਲਤਾਂ ਕੋਲ ਨਹੀਂ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਧਰਮ ਸਟੇਟ ਦੇ ਕਾਨੂੰਨਾਂ 'ਤੇ ਨਿਰਭਰ ਹੋਇਆ ਹੈ, ਸਟੇਟ ਨੇ ਹਮੇਸ਼ਾ ਧਰਮ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਹੈ।

ਜੇਕਰ ਹਰ ਪਿੰਡ ਦੀ ਸੰਗਤ ਆਪਣੇ ਗੁਰੂ ਘਰ ਦੀ ਪਹਿਰੇਦਾਰੀ ਲਈ ਸੁਚੇਤ ਹੋਵੇ, ਤਾਂ ਕਿਸੇ ਬਾਹਰੀ ਸ਼ਕਤੀ ਦੀ ਹਿੰਮਤ ਨਹੀਂ ਪਵੇਗੀ। ਬੇਅਦਬੀ ਦੀਆਂ ਘਟਨਾਵਾਂ ਅਕਸਰ ਉੱਥੇ ਵਾਪਰਦੀਆਂ ਹਨ ਜਿੱਥੇ ਪ੍ਰਬੰਧ ਵਿੱਚ ਢਿੱਲ ਹੁੰਦੀ ਹੈ। ਸ਼੍ਰੋਮਣੀ ਕਮੇਟੀ ਕਾਨੂੰਨ ਦੀ ਮੰਗ ਕਰਨ ਦੀ ਬਜਾਏ, ਪਿੰਡਾਂ ਦੀਆਂ ਕਮੇਟੀਆਂ ਨੂੰ ਸਿਖਲਾਈ ਅਤੇ ਸਰੋਤ ਮੁਹੱਈਆ ਕਰਵਾਏ। ਇਤਿਹਾਸ ਗਵਾਹ ਹੈ ਕਿ ਜਿਸ ਕਾਨੂੰਨ ਨੂੰ ਅਸੀਂ ਅੱਜ ਆਪਣੇ ਭਲੇ ਲਈ ਬਣਵਾਉਂਦੇ ਹਾਂ, ਭਵਿੱਖ ਵਿੱਚ ਸਰਕਾਰਾਂ ਉਸੇ ਕਾਨੂੰਨ ਨੂੰ ਸਾਡੀ ਆਵਾਜ਼ ਦਬਾਉਣ ਲਈ ਵਰਤ ਸਕਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਾਨੂੰਨ ਦੀ 'ਕਿਤਾਬ' ਬਣਾ ਕੇ ਪੇਸ਼ ਕਰਨਾ, ਉਨ੍ਹਾਂ ਦੇ "ਸ਼ਬਦ ਅਵਤਾਰ" ਹੋਣ ਦੇ ਫ਼ਲਸਫ਼ੇ ਨੂੰ ਸੀਮਤ ਕਰਨਾ ਹੈ। ਸ਼੍ਰੋਮਣੀ ਕਮੇਟੀ ਨੂੰ 6 ਅਪਰੈਲ ਦੀ ਮੀਟਿੰਗ ਵਿੱਚ ਇਹ ਸੁਨੇਹਾ ਦੇਣਾ ਚਾਹੀਦਾ ਹੈ ਕਿ "ਅਸੀਂ ਆਪਣੇ ਗੁਰੂ ਦੀ ਸੰਭਾਲ ਅਤੇ ਸਤਿਕਾਰ ਕਰਨ ਵਿੱਚ ਖ਼ੁਦ ਸਮਰੱਥ ਹਾਂ।" ਸਰਕਾਰ ਨੂੰ ਸਿਰਫ਼ ਇਹ ਚੇਤਾਵਨੀ ਦਿੱਤੀ ਜਾਵੇ ਕਿ ਉਹ ਦੋਸ਼ੀਆਂ ਨੂੰ ਸਿਆਸੀ ਪਨਾਹ ਦੇਣੀ ਬੰਦ ਕਰੇ ਅਤੇ ਮੌਜੂਦਾ ਕਾਨੂੰਨਾਂ ਦੇ ਤਹਿਤ ਹੀ ਬਿਨਾਂ ਕਿਸੇ ਪੱਖਪਾਤ ਦੇ ਕਾਰਵਾਈ ਕਰੇ, ਨਾ ਕਿ ਨਵੇਂ ਕਾਨੂੰਨਾਂ ਦੇ ਜਾਲ ਵਿੱਚ 'ਸ਼ਬਦ ਗੁਰੂ' ਦੇ ਸਿਧਾਂਤ ਨੂੰ ਉਲਝਾਵੇ।

# ਬੇਅਦਬੀ ਮਾਮਲੇ 'ਤੇ ਕਾਂਗਰਸ ਅਤੇ 'ਆਪ' ਨੇ ਸਿਰਫ਼ ਸਿਆਸਤ ਕੀਤੀ: ਸੁਖਬੀਰ ਸਿੰਘ ਬਾਦਲ

ਜੈਤੋ (ਫ਼ਰੀਦਕੋਟ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਜੈਤੋ ਵਿੱਚ 'ਪੰਜਾਬ ਬਚਾਓ' ਰੈਲੀ ਦੌਰਾਨ ਕਾਂਗਰਸ ਅਤੇ ਮੌਜੂਦਾ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਦੋਵਾਂ ਪਾਰਟੀਆਂ ਨੇ ਬੇਅਦਬੀ ਦੇ ਸੰਵੇਦਨਸ਼ੀਲ ਮੁੱਦੇ ਨੂੰ ਸਿਰਫ਼ ਸਿਆਸੀ ਲਾਹੇ ਲਈ ਵਰਤਿਆ ਹੈ। ਸੁਖਬੀਰ ਬਾਦਲ ਨੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਪਿਛਲੇ 10 ਸਾਲਾਂ ਵਿੱਚ ਬੇਅਦਬੀ ਦੀਆਂ 597 ਘਟਨਾਵਾਂ ਵਾਪਰੀਆਂ ਹਨ।

ਉਨ੍ਹਾਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸਖ਼ਤ ਕਾਰਵਾਈ ਨਾ ਹੋਣ ਕਾਰਨ ਸਿਰਫ਼ 44 ਮੁਲਜ਼ਮਾਂ ਨੂੰ ਸਜ਼ਾ ਮਿਲੀ। 99 ਮੁਲਜ਼ਮ



ਅਦਾਲਤਾਂ ਵਿੱਚੋਂ ਬਰੀ ਹੋ ਗਏ। ਉਨ੍ਹਾਂ ਸਵਾਲ ਕੀਤਾ ਕਿ 2015 ਵਿੱਚ ਅਕਾਲੀ ਦਲ ਨੂੰ ਬਦਨਾਮ ਕਰਨ ਵਾਲੇ ਬਲਜੀਤ ਸਿੰਘ ਦਾਦੂਵਾਲ ਅਤੇ ਧਿਆਨ ਸਿੰਘ ਮੰਡ ਵਰਗੇ ਆਗੂ ਹੁਣ ਕਿੱਥੇ ਹਨ? ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਆਗੂਆਂ ਨੇ ਕੇਂਦਰੀ ਏਜੰਸੀਆਂ ਦੇ ਇਸ਼ਾਰੇ 'ਤੇ ਬਰਗਾੜੀ ਕਾਂਡ ਵਿੱਚ ਅਕਾਲੀ ਦਲ 'ਤੇ ਝੂਠੇ ਦੋਸ਼ ਲਾਏ ਸਨ।

ਅਕਾਲੀ ਦਲ ਦੇ ਪ੍ਰਧਾਨ ਨੇ 'ਆਪ' ਸਰਕਾਰ ਵੱਲੋਂ ਸਰਕਾਰੀ ਖ਼ਰਚੇ 'ਤੇ 16 ਹਜ਼ਾਰ ਰੈਲੀਆਂ ਅਤੇ ਗ੍ਰਾਮ ਸਭਾਵਾਂ ਕਰਨ ਦੀ ਤਜਵੀਜ਼ ਨੂੰ ਇੱਕ ਵੱਡਾ ਘੁਟਾਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਟੈਂਟਾਂ ਅਤੇ ਖਾਣੇ ਦੇ ਠੇਕੇ ਮਹਿੰਗੇ ਭਾਅ 'ਤੇ ਦੇ ਕੇ ਮੋਟਾ ਕਮਿਸ਼ਨ ਖਾਧਾ ਜਾ ਰਿਹਾ ਹੈ। ਮੈਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਤੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕਰਦਾ ਹਾਂ।"

ਸੁਖਬੀਰ ਬਾਦਲ ਨੇ ਪੰਜਾਬ ਦੇ ਸਿੱਖਿਆ ਵਿੱਚ ਪਹਿਲੇ ਨੰਬਰ 'ਤੇ ਹੋਣ ਦੇ ਦਾਅਵਿਆਂ ਨੂੰ 'ਫਰਜ਼ੀ' ਦੱਸਿਆ ਅਤੇ ਪੁੱਛਿਆ ਕਿ ਸਰਕਾਰ ਨੇ ਕਿੰਨੇ ਨਵੇਂ ਅਧਿਆਪਕ ਭਰਤੀ ਕੀਤੇ ਹਨ। ਉਨ੍ਹਾਂ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਰਾਜਸਥਾਨ ਨਹਿਰ ਵਿੱਚ ਜਾਣ ਵਾਲਾ ਵਾਧੂ ਪਾਣੀ ਰੋਕ ਕੇ ਪੰਜਾਬ ਦੇ ਖੇਤਾਂ ਨੂੰ ਦਿੱਤਾ ਜਾਵੇਗਾ।

ਰੈਲੀ ਵਿੱਚ ਸਿਕੰਦਰ ਸਿੰਘ ਮਲੂਕਾ, ਮਨਤਾਰ ਸਿੰਘ ਬਰਾੜ ਅਤੇ ਪਰਮਬੰਸ ਸਿੰਘ ਰੋਮਾਣਾ ਵਰਗੇ ਸੀਨੀਅਰ ਅਕਾਲੀ ਆਗੂ ਵੀ ਮੌਜੂਦ ਸਨ।

## ਮਾਮਲਾ ਘੱਲੂਘਾਰਾ ਜੂਨ 84 ਦੌਰਾਨ ਜ਼ਬਤ ਕੀਮਤੀ ਵਸਤਾਂ ਦਾ

# ਹਾਈਕੋਰਟ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਜਾਰੀ ਕੀਤਾ ਨੋਟਿਸ

### ✪ ਕੀ ਸ਼੍ਰੋਮਣੀ ਕਮੇਟੀ ਨੇ ਸਾਂਭਿਆ ਨਹੀਂ ਸਿੱਖ ਵਿਰਸਾ, ਅਦਾਲਤ ਵਿੱਚ ਉੱਠੇ ਕਮੇਟੀ ਦੇ ਰਵੱਈਏ 'ਤੇ ਸਵਾਲ

### ✪ ਜਨਤਕ ਕਰੋ ਸਿੱਖ ਸਾਹਿਤ ਤੇ ਵਿਰਾਸਤ ਖਜ਼ਾਨੇ ਦੀ ਸੂਚੀ ! ਹਾਈਕੋਰਟ ਵੱਲੋਂ ਕੇਂਦਰ ਤੇ ਰਾਜ ਸਰਕਾਰ ਨੂੰ ਅਲਟੀਮੇਟਮ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਾਲ 1984 ਵਿੱਚ ਹੋਏ 'ਸਿੱਖ ਘਲੂਘਾਰਾ ਜੂਨ 84 ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਜ਼ਬਤ ਕੀਤੀਆਂ ਗਈਆਂ ਇਤਿਹਾਸਕ ਤੇ ਧਾਰਮਿਕ ਵਸਤਾਂ ਦੇ ਮਾਮਲੇ ਵਿੱਚ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ। ਅਦਾਲਤ ਨੇ ਇਸ ਸਬੰਧੀ ਕੇਂਦਰ ਸਰਕਾਰ, ਪੰਜਾਬ ਸਰਕਾਰ, ਭਾਰਤੀ ਫ਼ੌਜ ਅਤੇ ਸੀਬੀਆਈ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ।




### ਕੀ ਹੈ ਪੂਰਾ ਮਾਮਲਾ ?

ਪਟੀਸ਼ਨਰ ਸਤਿੰਦਰ ਸਿੰਘ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਸਿੱਖ ਘਲੂਘਾਰਾ ਜੂਨ 84 ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ, ਤੋਸ਼ਾਖਾਨਾ, ਸੈਂਟਰਲ ਸਿੱਖ ਮਿਊਜ਼ੀਅਮ ਅਤੇ ਗੁਰੂ ਰਾਮਦਾਸ ਲਾਇਬ੍ਰੇਰੀ ਤੋਂ ਜੋ ਵੀ ਹੱਥ-ਲਿਖਤਾਂ, ਧਾਰਮਿਕ ਗ੍ਰੰਥ ਅਤੇ ਹੋਰ ਦੁਰਲੱਭ ਚੀਜ਼ਾਂ ਜ਼ਬਤ ਕੀਤੀਆਂ ਗਈਆਂ ਸਨ, ਉਨ੍ਹਾਂ ਦੀ ਜਾਣਕਾਰੀ ਜਨਤਕ ਕੀਤੀ ਜਾਵੇ। ਪਟੀਸ਼ਨਰ ਦੇ ਵਕੀਲ ਨੇ ਅਪੀਲ ਕੀਤੀ ਹੈ ਕਿ ਸਰਕਾਰ ਅਤੇ ਸਬੰਧਤ ਏਜੰਸੀਆਂ ਨੂੰ ਉਨ੍ਹਾਂ ਸਾਰੀਆਂ ਵਸਤਾਂ ਦੀ ਇੱਕ ਵਿਸਤ੍ਰਿਤ ਸੂਚੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਜਾਣ ਜੋ ਜ਼ਬਤ ਕੀਤੀਆਂ ਗਈਆਂ ਸਨ। ਇਹ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਇਤਿਹਾਸਕ ਵਸਤਾਂ ਨੂੰ ਆਮ ਸੰਗਤ ਦੇ ਦਰਸ਼ਨਾਂ ਅਤੇ ਖੋਜਾਰਥੀਆਂ ਦੇ ਅਧਿਐਨ ਲਈ ਜਨਤਕ ਕੀਤਾ ਜਾਣਾ ਚਾਹੀਦਾ ਹੈ। ਪਟੀਸ਼ਨਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਜੋ ਚੀਜ਼ਾਂ ਵਾਪਸ ਨਹੀਂ ਮਿਲੀਆਂ, ਉਨ੍ਹਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਾ ਰਵੱਈਆ ਬਹੁਤ ਢਿੱਲਾ ਰਿਹਾ ਹੈ। ਪਟੀਸ਼ਨ ਵਿੱਚ ਚਿੰਤਾ ਜਤਾਈ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਨਾਲ ਲਿਖੇ ਪਾਵਨ ਸਰੂਪ, ਦਸਮ ਗ੍ਰੰਥ ਅਤੇ ਇਤਿਹਾਸਕ ਹੁਕਮਨਾਮੇ ਵਰਗੀਆਂ ਬੇਸ਼ਕੀਮਤੀ ਚੀਜ਼ਾਂ ਗੁੰਮ ਹੋ ਚੁੱਕੀਆਂ ਹਨ, ਪਰ ਅਜੇ ਤੱਕ ਇਸ ਸਬੰਧੀ ਕੋਈ ਐਫ.ਆਈ.ਆਰ. ਦਰਜ ਨਹੀਂ ਕਰਵਾਈ ਗਈ।

ਹਾਈਕੋਰਟ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੇਂਦਰ, ਪੰਜਾਬ ਸਰਕਾਰ, ਸੀਬੀਆਈ ਅਤੇ ਫ਼ੌਜ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਹੁਣ ਇਨ੍ਹਾਂ ਸਾਰੀਆਂ ਧਿਰਾਂ ਨੂੰ ਅਦਾਲਤ ਵਿੱਚ ਆਪਣਾ ਪੱਖ ਪੇਸ਼ ਕਰਨਾ ਹੋਵੇਗਾ ਕਿ ਅਸਲ ਵਿੱਚ ਕਿਹੜੀਆਂ ਚੀਜ਼ਾਂ ਜ਼ਬਤ ਹੋਈਆਂ ਸਨ ਅਤੇ ਇਸ ਵੇਲੇ ਉਹ ਕਿੱਥੇ ਹਨ। ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਪਿਛਲੇ ਲੰਮੇ ਸਮੇਂ ਤੋਂ ਇਹ ਦਾਅਵਾ ਕਰਦੀ ਆ ਰਹੀ ਹੈ ਕਿ: ਕੇਂਦਰ ਸਰਕਾਰ ਅਤੇ ਫੌਜ ਨੇ ਲਾਇਬ੍ਰੇਰੀ ਦਾ ਸਾਰਾ ਸਾਮਾਨ ਵਾਪਸ ਨਹੀਂ ਕੀਤਾ। ਕਈ ਵਾਰ ਚਿੱਠੀ-ਪੱਤਰ ਕਰਨ ਦੇ ਬਾਵਜੂਦ ਸਰਕਾਰ ਇਹ ਕਹਿ ਕੇ ਪੱਲਾ ਝਾੜ ਲੈਂਦੀ ਰਹੀ ਹੈ ਕਿ ਸਾਮਾਨ ਵਾਪਸ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ 1984 ਵਿੱਚ ਹੋਏ ਨੁਕਸਾਨ ਲਈ ਅਦਾਲਤ ਵਿੱਚ ਕਰੋੜਾਂ ਰੁਪਏ ਦੇ ਹਰਜਾਨੇ ਦਾ ਕੇਸ ਵੀ ਪਹਿਲਾਂ ਹੀ ਦਾਇਰ ਕੀਤਾ ਹੋਇਆ ਹੈ, ਜੋ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਸ਼੍ਰੋਮਣੀ ਕਮੇਟੀ ਅਕਸਰ ਇਹ ਕਹਿੰਦੀ ਹੈ ਕਿ ਕੇਂਦਰੀ ਏਜੰਸੀਆਂ ਸਿੱਖ ਸੰਸਥਾ ਨੂੰ ਬਦਨਾਮ ਕਰਨ ਲਈ ਅਜਿਹਾ ਭੰਬਲਭੂਸਾ ਪੈਦਾ ਕਰਦੀਆਂ ਹਨ ਕਿ ਸਾਮਾਨ ਵਾਪਸ ਕਰ ਦਿੱਤਾ ਗਿਆ ਹੈ, ਜਦਕਿ ਅਸਲ ਵਿੱਚ ਬਹੁਤ ਸਾਰਾ ਕੀਮਤੀ ਸਰਮਾਇਆ ਅਜੇ ਵੀ ਵਾਪਸ ਨਹੀਂ ਮਿਲਿਆ।

ਸ਼੍ਰੋਮਣੀ ਅਨੁਸਾਰ ਹੇਠ ਲਿਖੀਆਂ ਮੁੱਖ ਚੀਜ਼ਾਂ ਅਜੇ ਵੀ ਲਾਪਤਾ ਹਨ ਜਾਂ ਸਰਕਾਰ/ਸੀਬੀਆਈ ਕੋਲ ਹਨ:

1. ਦੁਰਲੱਭ ਹੱਥ-ਲਿਖਤ ਸਰੂਪ

ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਗੁਰੂ ਸਾਹਿਬਾਨ ਦੇ ਸਮੇਂ ਦੇ ਕਈ ਹੱਥ-ਲਿਖਤ ਪਾਵਨ ਸਰੂਪ ਸਨ। ਸ਼੍ਰੋਮਣੀ ਕਮੇਟੀ ਮੁਤਾਬਕ ਲਗਭਗ 512 ਪਾਵਨ ਸਰੂਪ ਫੌਜ ਵੱਲੋਂ ਚੁੱਕੇ ਗਏ ਸਨ, ਜਿਨ੍ਹਾਂ ਵਿੱਚੋਂ ਬਹੁਤ ਘੱਟ ਵਾਪਸ ਮਿਲੇ ਹਨ।

ਗੁਰੂ ਸਾਹਿਬਾਨ ਦੇ ਹੱਥਾਂ ਨਾਲ ਲਿਖੀਆਂ ਕੁਝ ਦੁਰਲੱਭ ਪੋਥੀਆਂ ਅਤੇ ਬੀੜਾਂ ਅਜੇ ਵੀ ਗੁੰਮ ਹਨ। ਗੁਰੂ ਸਾਹਿਬਾਨ ਵੱਲੋਂ ਵੱਖ-ਵੱਖ ਸਮਿਆਂ 'ਤੇ ਸੰਗਤਾਂ ਦੇ ਨਾਂ ਜਾਰੀ ਕੀਤੇ ਗਏ ਅਸਲ ਹੁਕਮਨਾਮੇ ਵੀ ਲਾਇਬ੍ਰੇਰੀ ਦਾ ਹਿੱਸਾ ਸਨ। ਇਨ੍ਹਾਂ ਦੀ ਇਤਿਹਾਸਕ ਮਹੱਤਤਾ ਬਹੁਤ ਜ਼ਿਆਦਾ ਹੈ ਅਤੇ ਇਨ੍ਹਾਂ ਵਿੱਚੋਂ ਕਈ ਅਜੇ ਤੱਕ ਵਾਪਸ ਨਹੀਂ ਆਏ। ਸਿੱਖ ਇਤਿਹਾਸ, ਮਿਸਲਾਂ ਦੇ ਸਮੇਂ ਦੇ ਦਸਤਾਵੇਜ਼, ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਮਹੱਤਵਪੂਰਨ ਕਾਗਜ਼ਾਤ। ਵੱਖ-ਵੱਖ ਵਿਦਵਾਨਾਂ ਅਤੇ ਸਿੱਖ ਸ਼ਖਸੀਅਤਾਂ ਦੀਆਂ ਚਿੱਠੀਆਂ ਅਤੇ ਡਾਇਰੀਆਂ। ਹਾਲਾਂਕਿ ਤੋਸ਼ਾਖਾਨੇ ਦੀਆਂ ਕੁਝ ਵਸਤਾਂ ਨੂੰ ਨੁਕਸਾਨ ਪਹੁੰਚਿਆ ਸੀ, ਪਰ ਸ਼੍ਰੋਮਣੀ ਕਮੇਟੀ ਦਾ ਮੰਨਣਾ ਹੈ ਕਿ ਕੁਝ ਕੀਮਤੀ ਇਤਿਹਾਸਕ ਨਿਸ਼ਾਨੀਆਂ ਜੋ ਫੌਜ ਵੱਲੋਂ ਕਬਜ਼ੇ ਵਿੱਚ ਲਈਆਂ ਗਈਆਂ ਸਨ, ਉਹ ਪੂਰੀ ਤਰ੍ਹਾਂ ਵਾਪਸ ਨਹੀਂ ਕੀਤੀਆਂ ਗਈਆਂ।

ਦੂਜੇ ਪਾਸੇ ਕੇਂਦਰ ਸਰਕਾਰ ਅਤੇ ਸੀਬੀਆਈ ਕਈ ਵਾਰ ਇਹ ਕਹਿ ਚੁੱਕੀ ਹੈ ਕਿ ਉਨ੍ਹਾਂ ਨੇ ਜ਼ਬਤ ਕੀਤਾ ਗਿਆ ਸਾਰਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਹੈ ਜਾਂ ਉਹ ਕਾਰਵਾਈ ਦੌਰਾਨ ਸੜ ਕੇ ਸੁਆਹ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਇਸ ਦਾਅਵੇ ਨੂੰ ਨਕਾਰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਸਿਰਫ ਕੁਝ ਅਖ਼ਬਾਰਾਂ ਦੀਆਂ ਕਾਪੀਆਂ, ਰਸਾਲੇ ਅਤੇ ਆਮ ਕਿਤਾਬਾਂ ਹੀ ਵਾਪਸ ਕੀਤੀਆਂ ਹਨ, ਜਦਕਿ ਸਭ ਤੋਂ ਮਹੱਤਵਪੂਰਨ 'ਹੱਥ-ਲਿਖਤ ਖਜ਼ਾਨਾ' ਅਜੇ ਵੀ ਉਨ੍ਹਾਂ ਦੇ ਕਬਜ਼ੇ ਵਿੱਚ ਹੈ ਜਾਂ ਉਸ ਦਾ ਕੋਈ ਪਤਾ ਨਹੀਂ ਲੱਗ ਰਿਹਾ।

## ਅਮਰੀਕਾ-ਇਜ਼ਰਾਈਲ ਨੂੰ ਵੱਡਾ ਝਟਕਾ

## ਈਰਾਨ ਹੁਣ ਹੋਰਮੁਜ਼ ਸਟ੍ਰੇਟ ਤੋਂ ਲੰਘਣ ਵਾਲੇ ਜਹਾਜ਼ਾਂ ਤੋਂ ਵਸੂਲੇਗਾ 'ਟੋਲ ਟੈਕਸ'

ਤੇਹਰਾਨ-ਵਿਸ਼ਵ ਵਪਾਰ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤਿਆਂ ਵਿੱਚੋਂ ਇੱਕ 'ਹੋਰਮੁਜ਼ ਜਲਡਮਰੂਮੱਧ' 'ਤੇ ਈਰਾਨ ਨੇ ਆਪਣਾ ਸ਼ਿਕੰਜਾ ਹੋਰ ਕੱਸ ਦਿੱਤਾ ਹੈ। ਈਰਾਨ ਦੀ ਸੰਸਦ ਦੀ ਸੁਰੱਖਿਆ ਕਮੇਟੀ ਨੇ ਬੀਤੇ ਸੋਮਵਾਰ ਨੂੰ ਇੱਕ ਅਹਿਮ ਯੋਜਨਾ ਨੂੰ ਮਨਜ਼ੂਰੀ ਦਿੱਤੀ ਸੀ ਜਿਸ ਤਹਿਤ ਹੁਣ ਇਸ ਰਸਤੇ ਤੋਂ ਗੁਜ਼ਰਨ ਵਾਲੇ ਜਹਾਜ਼ਾਂ ਨੂੰ 'ਟੋਲ ਟੈਕਸ' ਦੇਣਾ ਪਵੇਗਾ। ਜਲਡਮਰੂਮੱਧ ਵਿੱਚ ਸੁਰੱਖਿਆ ਪ੍ਰਬੰਧਾਂ ਅਤੇ ਵਾਤਾਵਰਣ ਦੀ ਰਾਖੀ ਲਈ ਨਵੇਂ ਨਿਯਮ ਲਾਗੂ ਕੀਤੇ ਜਾਣਗੇ। ਇਸ ਕਾਨੂੰਨੀ ਢਾਂਚੇ ਨੂੰ ਲਾਗੂ ਕਰਨ ਲਈ ਈਰਾਨ ਗੁਆਂਢੀ ਦੇਸ਼ ਓਮਾਨ ਨਾਲ ਮਿਲ ਕੇ ਕੰਮ ਕਰੇਗਾ। ਇਸ ਦੇ ਨਾਲ ਹੀ ਈਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਜਹਾਜ਼ਾਂ ਦੇ ਦਾਖਲੇ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਹੋਰਮੁਜ਼ ਸਟ੍ਰੇਟ ਦੁਨੀਆ ਦਾ ਸਭ ਤੋਂ ਰੁੱਝਿਆ ਹੋਇਆ ਸਮੁੰਦਰੀ ਮਾਰਗ ਹੈ। ਦੁਨੀਆ ਦੇ ਕੁੱਲ ਕੱਚੇ ਤੇਲ ਦਾ ਲਗਭਗ 20 ਫੀਸਦੀ ਹਿੱਸਾ ਇਸੇ ਰਸਤੇ ਰਾਹੀਂ ਸਪਲਾਈ ਹੁੰਦਾ ਹੈ। ਈਰਾਨ ਵੱਲੋਂ ਟੋਲ ਲਗਾਉਣ ਨਾਲ ਤੇਲ ਦੀਆਂ ਕੀਮਤਾਂ ਅਤੇ ਵਿਸ਼ਵ ਵਪਾਰ ਦੀ ਲਾਗਤ ਵਧਣ ਦਾ ਖ਼ਦਸ਼ਾ ਹੈ।

## ਹਾਈ ਕੋਰਟ ਵੱਲੋਂ 'ਆਪ' ਵਿਧਾਇਕ ਲਾਲਪੁਰਾ ਨੂੰ ਵੱਡੀ ਰਾਹਤ

### ✪ 2013 ਦਾ ਮਾਮਲਾ ਰੱਦ, ਦੋਸ਼ਾਂ ਤੋਂ ਹੋਏ ਬਰੀ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਇੱਕ ਪੁਰਾਣੇ ਫੌਜਦਾਰੀ ਮਾਮਲੇ ਵਿੱਚ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਸਾਲ 2013 ਵਿੱਚ ਦਰਜ ਹੋਈ ਐਫ.ਆਈ.ਆਰ. ਨੂੰ ਰੱਦ ਕਰਦਿਆਂ ਲਾਲਪੁਰਾ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਇਹ ਕੇਸ 4 ਮਾਰਚ 2013 ਨੂੰ ਥਾਣਾ ਸਿਟੀ ਤਰਨਤਾਰਨ ਵਿਖੇ ਦਰਜ ਕੀਤਾ ਗਿਆ ਸੀ। ਵਿਧਾਇਕ ਲਾਲਪੁਰਾ ਅਤੇ ਹੋਰਨਾਂ ਖਿਲਾਫ਼ ਸਾਲ 2013 ਵਿੱਚ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਜਿਵੇਂ ਕਿ 323 (ਕੁੱਟਮਾਰ), 354 (ਮਹਿਲਾ ਦੀ ਮਰਿਆਦਾ ਨੂੰ ਠੇਸ ਪਹੁੰਚਾਉਣਾ), 506 (ਧਮਕਾਉਣਾ) ਅਤੇ ਐਸ.ਸੀ./ਐਸ.ਟੀ. ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਸਾਲ 2025 ਵਿੱਚ ਹੇਠਲੀ ਅਦਾਲਤ ਨੇ ਉਹਨਾਂ ਨੂੰ ਇਸ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਸੀ।ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸਬੰਧਤ ਧਿਰਾਂ ਨੇ ਆਪਸੀ ਸਹਿਮਤੀ ਨਾਲ ਸਮਝੌਤਾ ਕਰ ਲਿਆ ਹੈ। ਜਸਟਿਸ ਤ੍ਰਿਭੁਵਨ ਦਹੀਆ ਨੇ ਪਟੀਸ਼ਨ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਸਮਝੌਤੇ ਦੇ ਮੱਦੇਨਜ਼ਰ ਹੁਣ ਇਸ ਕੇਸ ਨੂੰ ਜਾਰੀ ਰੱਖਣ ਦਾ ਕੋਈ ਅਧਾਰ ਨਹੀਂ ਰਹਿ ਗਿਆ। ਇਸ ਦੇ ਨਾਲ ਹੀ ਅਦਾਲਤ ਨੇ ਸਤੰਬਰ 2025 ਵਿੱਚ ਸੁਣਾਈ ਗਈ ਸਜ਼ਾ ਦੇ ਹੁਕਮਾਂ ਨੂੰ ਵੀ ਰੱਦ ਕਰ ਦਿੱਤਾ। ਸਜ਼ਾ ਰੱਦ ਹੋਣ ਨਾਲ ਉਹਨਾਂ ਦੀ ਵਿਧਾਇਕੀ ਅਤੇ ਸਿਆਸੀ ਕਰੀਅਰ 'ਤੇ ਮੰਡਰਾ ਰਹੇ ਕਾਨੂੰਨੀ ਬੱਦਲ ਛੱਟ ਗਏ ਹਨ।

## ਪੰਜਾਬ ਟਾਈਮਜ਼ ਦਾ ਵਿਸਾਖੀ ਵਿਸ਼ੇਸ਼ ਅੰਕ ਅਗਲੇ ਹਫ਼ਤੇ

ਖਾਲਸਾ ਪੰਥ ਦੇ ਸਿਰਜਨਾ ਦਿਵਸ ਤੇ ਵਿਸਾਖੀ ਦਿਹਾੜਾ 14 ਅਪਰੈਲ ਨੂੰ ਆ ਰਿਹਾ ਹੈ। ਇਸ ਸ਼ੁੱਭ ਮੌਕੇ ਪੰਜਾਬ ਟਾਈਮਜ਼ ਵੱਲੋਂ ਹਰ ਸਾਲ ਦੀ ਤਰ੍ਹਾਂ (ਵਿਸਾਖੀ ਵਿਸ਼ੇਸ਼ ਅੰਕ) 9 ਅਪ੍ਰੈਲ 2026 ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਬਹੁਤ ਸਾਰੇ ਲੇਖਕਾਂ, ਵਿਦਵਾਨਾਂ, ਦੀਆਂ ਰਚਨਾਵਾਂ ਛਾਪੀਆਂ ਜਾ ਰਹੀਆਂ ਹਨ । ਇਸ ਲਈ ਵਪਾਰਕ ਅਦਾਰਿਆਂ ਅਤੇ ਨਿੱਜੀ ਸੰਸਥਾਵਾਂ ਲਈ ਵੀ ਵਧੀਆ ਮੌਕਾ ਹੈ ਕਿ ਉਹ ਰੰਗਦਾਰ ਸਫਿਆਂ 'ਤੇ ਆਪਣੇ ਕਾਰੋਬਾਰ ਸਬੰਧੀ ਅਤੇ ਨਿੱਜੀ ਤੌਰ ਤੇ ਵਧਾਈ ਦੇਣ ਲਈ ਇਸ਼ਤਿਹਾਰ ਦੇ ਸਕਦੇ ਹਨ। ਆਪਣੇ ਇਸ਼ਤਿਹਾਰਾਂ ਲਈ ਥਾਂ ਬੁੱਕ ਕਰਵਾਉਣ ਵਾਸਤੇ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ ।

–ਸੰਪਾਦਕ ਸੰਪਰਕ ਲਈ ਫ਼ੋਨ: 07966 388 388 / 01332 372 851

ਈਮੇਲ: panjabtimes@aol.com www.panjabtimes.uk

# ਚੀਨ-ਰੂਸ ਗੱਠਜੋੜ ਪੱਛਮ ਲਈ 'ਗੰਭੀਰ ਚੁਣੌਤੀ'

## ✪ ਗਲੋਬਲ ਆਰਡਰ ਨੂੰ ਬਦਲਣ ਦੀ ਤਿਆਰੀ: ਆਸਟ੍ਰੇਲੀਆਈ ਥਿੰਕ ਟੈਂਕ ✪ ਸਮੁੰਦਰ ਤੋਂ ਅਸਮਾਨ ਤੱਕ: ਚੀਨ-ਰੂਸ ਦੇ ਸਾਂਝੇ ਫੌਜੀ ਅਭਿਆਸਾਂ ਨੇ ਵਧਾਈ ਪੱਛਮ ਦੀ ਚਿੰਤਾ



ਨਵੀਂ ਦਿੱਲੀ-ਰੂਸ ਅਤੇ ਚੀਨ ਵਿਚਾਲੇ ਵਧਦੀ 'ਨੋ-ਲਿਮਿਟਸ' (ਬਿਨਾਂ ਕਿਸੇ ਸੀਮਾ ਦੇ) ਸਾਂਝੇਦਾਰੀ ਅੰਤਰਰਾਸ਼ਟਰੀ ਵਿਵਸਥਾ ਨੂੰ ਨਵਾਂ ਰੂਪ ਦੇ ਰਹੀ ਹੈ। ਆਸਟ੍ਰੇਲੀਅਨ ਸਟ੍ਰੈਟੇਜਿਕ ਪਾਲਿਸੀ ਇੰਸਟੀਚਿਊਟ ਦੀ ਇੱਕ ਤਾਜ਼ਾ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਇਹ ਗੱਠਜੋੜ ਪੱਛਮੀ ਦੇਸ਼ਾਂ ਲਈ ਇੱਕ "ਸ਼ਕਤੀਸ਼ਾਲੀ ਖ਼ਤਰਾ" ਬਣ ਕੇ ਉੱਭਰ ਰਿਹਾ ਹੈ। ਰਿਪੋਰਟ ਮੁਤਾਬਕ, ਇਹ ਸਾਂਝੇਦਾਰੀ ਜਿੱਥੇ ਆਰਥਿਕ ਵੰਡ ਪੈਦਾ ਕਰ ਰਹੀ ਹੈ, ਉੱਥੇ ਹੀ ਮਾਸਕੋ ਦੇ ਜੰਗੀ ਤਜ਼ਰਬੇ ਦੀ ਮਦਦ ਨਾਲ ਬੀਜਿੰਗ ਆਪਣੇ ਫੌਜੀ ਆਧੁਨਿਕੀਕਰਨ ਦੀ ਗਤੀ ਨੂੰ ਤੇਜ਼ ਕਰ ਰਿਹਾ ਹੈ।

ਰਿਪੋਰਟ ਵਿੱਚ ਬੀਜਿੰਗ ਨੂੰ 'ਗਲੋਬਲ ਆਰਡਰ ਮੇਕਰ' (ਵਿਵਸਥਾ ਬਣਾਉਣ ਵਾਲਾ) ਅਤੇ ਮਾਸਕੋ ਨੂੰ 'ਗਲੋਬਲ ਆਰਡਰ ਡਿਸਰਪਟਰ' (ਵਿਵਸਥਾ ਭੰਗ ਕਰਨ ਵਾਲਾ) ਦੱਸਿਆ ਗਿਆ ਹੈ। ਦੋਵੇਂ ਦੇਸ਼ ਮਿਲ ਕੇ ਪੱਛਮੀ ਪ੍ਰਭਾਵ ਵਾਲੀ ਵਿਵਸਥਾ ਨੂੰ ਖਤਮ ਕਰਨਾ ਚਾਹੁੰਦੇ ਹਨ। ਸਾਲ 2014 ਵਿੱਚ ਦੋਵਾਂ ਦੇਸ਼ਾਂ ਵਿਚਾਲੇ ਲਗਭਗ 8 ਸਾਂਝੀਆਂ ਫੌਜੀ ਅਭਿਆਸ ਹੋਏ ਸਨ, ਜੋ 2024 ਤੱਕ ਵਧ ਕੇ 14 ਹੋ ਗਏ ਹਨ।

ਖਾਸ ਗੱਲ ਇਹ ਹੈ ਕਿ ਰੂਸ ਯੂਕਰੇਨ ਨਾਲ ਜੰਗ ਵਿੱਚ ਰੁੱਝੇ ਹੋਣ ਦੇ ਬਾਵਜੂਦ ਚੀਨ ਨਾਲ ਫੌਜੀ ਅਭਿਆਸ ਜਾਰੀ ਰੱਖ ਰਿਹਾ ਹੈ।ਚੀਨ ਨੇ 1979 (ਵੀਅਤਨਾਮ ਜੰਗ) ਤੋਂ ਬਾਅਦ ਕੋਈ ਵੱਡੀ ਜੰਗ ਨਹੀਂ ਲੜੀ ਹੈ। ਇਸ ਲਈ, ਉਹ ਰੂਸ ਦੀ ਆਧੁਨਿਕ ਜੰਗਨੀਤੀ ਅਤੇ ਸੰਚਾਲਨ ਗਿਆਨ ਤੋਂ ਸਿੱਖ ਕੇ ਆਪਣੀ ਫੌਜ ਨੂੰ ਮਜ਼ਬੂਤ ਕਰ ਰਿਹਾ ਹੈ। ਦੋਵਾਂ ਦੇਸ਼ਾਂ ਨੇ ਦੱਖਣੀ ਚੀਨ ਸਾਗਰ ਤੋਂ ਲੈ ਕੇ ਅਲਾਸਕਾ ਦੇ ਤੱਟ ਤੱਕ ਸਾਂਝੀਆਂ ਜਲ ਸੈਨਾ ਗਸ਼ਤਾਂ ਕੀਤੀਆਂ ਹਨ। ਅਗਸਤ 2025 ਵਿੱਚ 'ਸੀ ਆਫ ਜਾਪਾਨ' ਵਿੱਚ ਕੀਤੀ ਗਈ ਸਾਂਝੀ ਪਣਡੁੱਬੀ ਗਸ਼ਤ ਇਸ ਰਿਸ਼ਤੇ ਦੀ ਡੂੰਘਾਈ ਨੂੰ ਦਰਸਾਉਂਦੀ ਹੈ।

ਰਿਪੋਰਟ ਅਨੁਸਾਰ, ਰੂਸ ਵਿਰੁੱਧ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੇ ਬਾਵਜੂਦ ਚੀਨ ਨੇ ਮਾਸਕੋ ਨਾਲ ਮਜ਼ਬੂਤ ਆਰਥਿਕ ਸਬੰਧ ਬਣਾਈ ਰੱਖੇ ਹਨ। ਰੱਖਿਆ ਦੇ ਖੇਤਰ ਵਿੱਚ, ਚੀਨ ਨੇ ਸ਼ੁਰੂ ਵਿੱਚ ਰੂਸ ਤੋਂ ਹਥਿਆਰ ਖਰੀਦੇ ਅਤੇ ਫਿਰ ਉਹਨਾਂ ਦੀ 'ਰਿਵਰਸ-ਇੰਜੀਨੀਅਰਿੰਗ' (ਨਕਲ) ਕਰਕੇ ਆਪਣੇ ਜਹਾਜ਼ (ਜਿਵੇਂ Su-27 ਤੋਂ J-11) ਤਿਆਰ ਕੀਤੇ।

ਆਪਸੀ ਅਵਿਸ਼ਵਾਸ ਵੀ ਬਰਕਰਾਰ-ਹਾਲਾਂਕਿ ਦੋਵੇਂ ਦੇਸ਼ ਨੇੜੇ ਆ ਰਹੇ ਹਨ, ਪਰ ਰਿਪੋਰਟ ਵਿੱਚ ਆਪਸੀ ਅਵਿਸ਼ਵਾਸ ਦਾ ਵੀ ਜ਼ਿਕਰ ਹੈ। ਚੀਨ ਇਸ ਗੱਲ ਤੋਂ ਨਾਰਾਜ਼ ਰਿਹਾ ਹੈ ਕਿ ਰੂਸ ਨੇ ਆਪਣੇ ਵਧੀਆ ਰੱਖਿਆ ਪਲੇਟਫਾਰਮ ਭਾਰਤ ਨੂੰ ਵੇਚੇ ਹਨ, ਜਿਸ ਨੂੰ ਚੀਨ ਆਪਣਾ ਰਣਨੀਤਕ ਵਿਰੋਧੀ ਮੰਨਦਾ ਹੈ।

ਆਸਟ੍ਰੇਲੀਅਨ ਸਟ੍ਰੈਟੇਜਿਕ ਪਾਲਿਸੀ ਇੰਸਟੀਚਿਊਟ ਦੀ ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਚੀਨ-ਰੂਸ ਦਾ ਇਹ 'ਧੁਰਾ' ਆਉਣ ਵਾਲੇ ਸਮੇਂ ਵਿੱਚ ਹਿੰਦ-ਪ੍ਰਸ਼ਾਂਤ (Indo-Pacifi) ਖੇਤਰ ਅਤੇ ਵਿਸ਼ਵ ਦੀ ਸਿਆਸਤ ਵਿੱਚ ਅਮਰੀਕਾ ਅਤੇ ਉਸਦੇ ਸਹਿਯੋਗੀ ਦੇਸ਼ਾਂ ਲਈ ਇੱਕ ਵੱਡੀ ਚੁਣੌਤੀ ਬਣੇਗਾ।

### ਕੀ ਇਹ ਗਠਜੋੜ ਸਫਲ ਹੋ ਰਿਹਾ ਹੈ ਜਾਂ ਨਹੀਂ?

ਰੂਸ ਵਿਰੁੱਧ ਲਗਾਈਆਂ ਗਈਆਂ ਪੱਛਮੀ ਪਾਬੰਦੀਆਂ ਦੇ ਬਾਵਜੂਦ, ਚੀਨ ਨੇ ਰੂਸ ਦੀ ਆਰਥਿਕਤਾ ਨੂੰ ਡਿੱਗਣ ਨਹੀਂ ਦਿੱਤਾ। ਰੂਸ ਦਾ ਤੇਲ ਅਤੇ ਗੈਸ ਹੁਣ ਯੂਰਪ ਦੀ ਬਜਾਏ ਚੀਨ ਜਾ ਰਿਹਾ ਹੈ, ਜੋ ਦੋਵਾਂ ਲਈ 'ਜੇਤੂ' ਸਥਿਤੀ ਹੈ।

ਚੀਨ ਕੋਲ ਪੈਸਾ ਅਤੇ ਨਵੀਂ ਤਕਨੀਕ (ਏਆਈ, ਡਰੋਨ) ਹੈ, ਜਦਕਿ ਰੂਸ ਕੋਲ ਦਹਾਕਿਆਂ ਦਾ ਜੰਗੀ ਤਜ਼ਰਬਾ ਅਤੇ ਉੱਨਤ ਇੰਜਣ ਤਕਨੀਕ ਹੈ। ਦੋਵੇਂ ਮਿਲ ਕੇ ਪੱਛਮੀ ਹਥਿਆਰਾਂ ਦੇ ਮੁਕਾਬਲੇ ਨਵੇਂ ਸਿਸਟਮ ਤਿਆਰ ਕਰ ਰਹੇ ਹਨ। ਸੰਯੁਕਤ ਰਾਸ਼ਟਰ ਵਰਗੇ ਮੰਚਾਂ 'ਤੇ ਦੋਵੇਂ ਦੇਸ਼ ਅਕਸਰ ਇੱਕ-ਦੂਜੇ ਦਾ ਸਾਥ ਦਿੰਦੇ ਹਨ, ਜਿਸ ਨਾਲ ਅਮਰੀਕਾ ਲਈ ਦੁਨੀਆ 'ਤੇ ਇਕਪਾਸੜ ਫੈਸਲੇ ਲੈਣਾ ਮੁਸ਼ਕਲ ਹੋ ਗਿਆ ਹੈ। ਹਾਲਾਂਕਿ ਇਹ ਗਠਜੋੜ ਬਾਹਰੋਂ ਮਜ਼ਬੂਤ ਲੱਗਦਾ ਹੈ, ਪਰ ਇਸ ਵਿੱਚ ਕੁਝ ਡੂੰਘੀਆਂ ਤਰੇੜਾਂ ਵੀ ਹਨ।

ਰੂਸ ਅਤੇ ਚੀਨ ਵਿਚਾਲੇ ਸਰਹੱਦੀ ਵਿਵਾਦਾਂ ਦਾ ਪੁਰਾਣਾ ਇਤਿਹਾਸ ਰਿਹਾ ਹੈ। ਰੂਸ ਨੂੰ ਡਰ ਹੈ ਕਿ ਚੀਨ ਉਸ ਦੇ ਮੱਧ ਏਸ਼ੀਆਈ ਖੇਤਰ ਵਿੱਚ ਆਪਣਾ ਪ੍ਰਭਾਵ ਵਧਾ ਰਿਹਾ ਹੈ।

ਰੂਸ ਅਤੇ ਭਾਰਤ ਦੀ ਦੋਸਤੀ ਬਹੁਤ ਪੁਰਾਣੀ ਹੈ। ਚੀਨ ਚਾਹੁੰਦਾ ਹੈ ਕਿ ਰੂਸ ਭਾਰਤ ਨੂੰ ਹਥਿਆਰ ਨਾ ਦੇਵੇ, ਪਰ ਰੂਸ ਆਪਣੀ ਆਜ਼ਾਦ ਵਿਦੇਸ਼ ਨੀਤੀ ਕਾਰਨ ਅਜਿਹਾ ਨਹੀਂ ਕਰ ਰਿਹਾ। ਇਹ ਚੀਨ ਲਈ ਪਰੇਸ਼ਾਨੀ ਦਾ ਸਬੱਬ ਹੈ।

ਅੱਜ ਚੀਨ ਦੀ ਆਰਥਿਕਤਾ ਰੂਸ ਨਾਲੋਂ ਕਈ ਗੁਣਾ ਵੱਡੀ ਹੈ। ਰੂਸ ਨੂੰ ਇਹ ਗੱਲ ਹਜ਼ਮ ਕਰਨੀ ਮੁਸ਼ਕਲ ਹੋ ਰਹੀ ਹੈ ਕਿ ਉਹ ਹੁਣ ਇਸ ਰਿਸ਼ਤੇ ਵਿੱਚ 'ਜੂਨੀਅਰ ਪਾਰਟਨਰ' ਬਣਦਾ ਜਾ ਰਿਹਾ ਹੈ। ਰੂਸ ਹਮੇਸ਼ਾ ਚੀਨ ਤੋਂ ਸਾਵਧਾਨ ਰਹਿੰਦਾ ਹੈ ਕਿਉਂਕਿ ਚੀਨ ਰੂਸੀ ਹਥਿਆਰਾਂ ਦੀ ਨਕਲ ਕਰਨ ਵਿੱਚ ਮਾਹਿਰ ਹੈ।

ਵਿਸ਼ਵ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਠਜੋੜ ਥੋੜ੍ਹੇ ਸਮੇਂ ਲਈ ਬਹੁਤ ਸਫਲ ਹੈ ਕਿਉਂਕਿ ਦੋਵਾਂ ਦਾ ਦੁਸ਼ਮਣ ਇੱਕ ਹੈ-ਅਮਰੀਕਾ। ਪਰ ਲੰਬੇ ਸਮੇਂ ਵਿੱਚ, ਇਹ ਕਹਿਣਾ ਮੁਸ਼ਕਲ ਹੈ ਕਿ ਇਹ ਕਿੰਨਾ ਟਿਕੇਗਾ। ਜਿਵੇਂ ਹੀ ਅਮਰੀਕਾ ਦਾ ਦਬਾਅ ਘੱਟ ਹੋਵੇਗਾ, ਇਹਨਾਂ ਦੋਵਾਂ ਦੇ ਆਪਣੇ ਆਪਸੀ ਹਿੱਤ ਅਤੇ ਅਵਿਸ਼ਵਾਸ ਮੁੜ ਸਾਹਮਣੇ ਆ ਸਕਦੇ ਹਨ।

ਮਾਮਲਾ ਸਾਧ ਦਾਦੂਵਾਲ ਦੀ ਦਖ਼ਲ ਅੰਦਾਜ਼ੀ ਦਾ

# ਹਰਿਆਣਾ ਪੁਲਸ ਦੀ ਕਾਰਵਾਈ 'ਤੇ ਭੜਕੇ ਐਡਵੋਕੇਟ ਧਾਮੀ

## ✪ ਸ਼੍ਰੋਮਣੀ ਕਮੇਟੀ ਆਗੂਆਂ 'ਤੇ ਦਰਜ ਕੇਸ ਦੀ ਕੀਤੀ ਸਖ਼ਤ ਨਿੰਦਾ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਸਰਕਾਰ ਵਿਚਾਲੇ ਟਕਰਾਅ ਇਕ ਵਾਰ ਫਿਰ ਵਧਦਾ ਨਜ਼ਰ ਆ ਰਿਹਾ ਹੈ। ਐੱਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਪੁਲਸ ਵੱਲੋਂ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਅਤੇ ਅੰਤ੍ਰਿੰਗ ਮੈਂਬਰ ਬਲਦੇਵ ਸਿੰਘ ਕਾਇਮਪੁਰ ਸਣੇ ਹੋਰਨਾਂ ਆਗੂਆਂ ਵਿਰੁੱਧ ਦਰਜ ਕੀਤੇ ਗਏ ਮੁਕੱਦਮੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

### ਕੀ ਹੈ ਪੂਰਾ ਮਾਮਲਾ?

ਇਹ ਵਿਵਾਦ ਸ਼ਾਹਬਾਦ ਮਾਰਕੰਡਾ ਸਥਿਤ ਮੀਰੀ ਪੀਰੀ ਮੈਡੀਕਲ ਕਾਲਜ ਦੇ ਪ੍ਰਬੰਧ ਨੂੰ ਲੈ ਕੇ ਸ਼ੁਰੂ ਹੋਇਆ ਹੈ। ਐਡਵੋਕੇਟ ਧਾਮੀ ਅਨੁਸਾਰ ਬਲਜੀਤ ਸਿੰਘ ਦਾਦੂਵਾਲ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮੈਡੀਕਲ ਕਾਲਜ 'ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪੁਲਸ ਨੇ ਕਬਜ਼ਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ, ਸੰਸਥਾ ਦੀ ਰਾਖੀ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ 'ਤੇ ਹੀ ਪਰਚਾ ਦਰਜ ਕਰ ਦਿੱਤਾ। ਐਡਵੋਕੇਟ ਧਾਮੀ ਨੇ ਹਰਿਆਣਾ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇੰਜ ਪ੍ਰਤੀਤ ਹੁੰਦਾ ਹੈ ਕਿ ਸਰਕਾਰਾਂ ਅਜਿਹੇ ਅਨਸਰਾਂ ਦੀ ਧੱਕੇਸ਼ਾਹੀ ਨੂੰ ਰੋਕਣ ਦੀ ਬਜਾਏ ਉਨ੍ਹਾਂ ਨੂੰ ਮੂਕ ਸਹਿਮਤੀ ਦੇ ਰਹੀਆਂ ਹਨ। ਪੁਲਸ ਦੋਸ਼ੀਆਂ ਦੇ ਹੱਕ ਵਿੱਚ ਭੁਗਤ ਰਹੀ ਹੈ, ਜੋ ਕਿ ਬੇਹੱਦ ਮੰਦਭਾਗਾ ਹੈ।"

ਉਨ੍ਹਾਂ ਸਪੱਸ਼ਟ ਕੀਤਾ ਕਿ ਮੀਰੀ ਪੀਰੀ



ਮੈਡੀਕਲ ਕਾਲਜ ਹਰਿਆਣਾ ਦੇ ਲੋਕਾਂ ਦੀ ਭਲਾਈ ਅਤੇ ਸਿਹਤ ਸਹੂਲਤਾਂ ਲਈ ਚਲਾਇਆ ਜਾ ਰਿਹਾ ਹੈ। ਇਸ ਸੰਸਥਾ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸ਼੍ਰੋਮਣੀ ਕਮੇਟੀ ਹਰ ਸਾਲ ਕਰੋੜਾਂ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਸ਼੍ਰੋਮਣੀ ਕਮੇਟੀ ਨੇ ਹਰਿਆਣਾ ਸਰਕਾਰ ਅੱਗੇ ਦੋ ਮੁੱਖ ਮੰਗਾਂ ਰੱਖੀਆਂ ਹਨ-

ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ 'ਤੇ ਦਰਜ ਕੀਤੀ ਗਈ FIR ਤੁਰੰਤ ਰੱਦ ਕੀਤੀ ਜਾਵੇ। ਸੰਸਥਾ 'ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਈ ਜਾਵੇ।

ਇਹ ਮਾਮਲਾ ਆਉਣ ਵਾਲੇ ਦਿਨਾਂ ਵਿੱਚ ਸਿੱਖ ਸਿਆਸਤ ਅਤੇ ਹਰਿਆਣਾ ਪ੍ਰਸ਼ਾਸਨ ਦਰਮਿਆਨ ਤਣਾਅ ਨੂੰ ਹੋਰ ਵਧਾ ਸਕਦਾ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਇਸ ਕਾਰਵਾਈ ਨੂੰ ਸਿੱਧੇ ਤੌਰ 'ਤੇ ਆਪਣੇ ਪ੍ਰਬੰਧਾਂ ਵਿੱਚ ਦਖ਼ਲਅੰਦਾਜ਼ੀ ਮੰਨ ਰਹੀ ਹੈ।

# ਈਰਾਨ ਨੇ ਯਰੂਸ਼ਲਮ ’ਤੇ ਵਰ੍ਹਾਇਆ ਕਹਿਰ, 10 ਸ਼ਕਤੀਸ਼ਾਲੀ ਧਮਾਕੇ ਕੀਤੇ

## ✪ ਹਾਈਫਾ ਤੇਲ ਰਿਫਾਇਨਰੀ ’ਤੇ ਇਰਾਨੀ ਮਿਜ਼ਾਈਲ ਹਮਲਾ; ਇਜ਼ਰਾਈਲ ਦੀ ਆਰਥਿਕਤਾ ਉਪਰ ਸਿੱਧੀ ਚੋਟ ✪ ਟਰੰਪ ਈਰਾਨ ਵਿਰਧ ਜੰਗ ਛੇੜਨ ਬਾਰੇ ਦੁਚਿਤੀ ਵਿਚ ਕਿਉਂ ? ✪ ਸੰਯੁਕਤ ਰਾਸ਼ਟਰ ਨਾਲ ਜੁੜੇ ਡਿਪਲੋਮੈਟ ਮੁਹੰਮਦ ਸਫਾ ਦੇ ਅਸਤੀਫੇ ਨੇ ਪੂਰੀ ਦੁਨੀਆ ਵਿੱਚ ਹਲਚਲ ਮਚਾਈ



ਮੰਗਲਵਾ-ਮੱਧ ਪੂਰਬ ਵਿੱਚ ਤਣਾਅ ਹੁਣ ਇੱਕ ਭਿਆਨਕ ਜੰਗ ਦੇ ਰੂਪ ਵਿੱਚ ਬਦਲ ਗਿਆ ਹੈ। ਬੀਤੇ ਦਿਨੀਂ ਸਵੇਰੇ ਯਰੂਸ਼ਲਮ, ਤੇਹਰਾਨ, ਰਿਆਦ ਅਤੇ ਦੁਬਈ ਵਰਗੇ ਪ੍ਰਮੁੱਖ ਸ਼ਹਿਰ ਮਿਜ਼ਾਈਲ ਹਮਲਿਆਂ ਅਤੇ ਧਮਾਕਿਆਂ ਦੀ ਗੂੰਜ ਨਾਲ ਕੰਬ ਉੱਠੇ। ਈਰਾਨ ਅਤੇ ਅਮਰੀਕਾ ਵਿਚਾਲੇ ਵਧਦੇ ਸਿੱਧੇ ਟਕਰਾਅ ਨੇ ਪੂਰੀ ਦੁਨੀਆ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ।

ਯਰੂਸ਼ਲਮ ਦੇ ਅਸਮਾਨ ਵਿੱਚ ਇੱਕ ਤੋਂ ਬਾਅਦ ਇੱਕ 10 ਸ਼ਕਤੀਸ਼ਾਲੀ ਧਮਾਕੇ ਸੁਣੇ ਗਏ ਹਨ। ਮਿਜ਼ਾਈਲ ਹਮਲਿਆਂ ਕਾਰਨ ਘੱਟੋ-ਘੱਟ 8 ਤੋਂ 9 ਲੋਕ ਜ਼ਖ਼ਮੀ ਹੋਏ ਹਨ। ਇਨ੍ਹਾਂ ਵਿੱਚੋਂ ਕੁਝ ਮਾਮੂਲੀ ਜ਼ਖ਼ਮੀ ਹਨ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।ਬਨੇਈ ਬ੍ਰਾਕ ਇਲਾਕੇ ਵਿੱਚ ਇੱਕ ਕਲੱਸਟਰ ਮਿਜ਼ਾਈਲ ਡਿੱਗਣ ਕਾਰਨ ਕਾਫੀ ਨੁਕਸਾਨ ਹੋਇਆ ਹੈ। ਇੱਥੇ ਇੱਕ ਮਾਂ ਅਤੇ ਉਸਦੇ ਬੱਚਿਆਂ ਨੂੰ ਇੱਕ ਪ੍ਰਭਾਵਿਤ ਇਮਾਰਤ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ। ਤੇਲ ਅਵੀਵ, ਪੇਟਾ ਟਿਕਵਾ ਅਤੇ ਗਿਵਤ ਸ਼ਮੂਏਲ ਵਰਗੇ ਇਲਾਕਿਆਂ ਵਿੱਚ ਮਿਜ਼ਾਈਲਾਂ ਦੇ ਮਲਬੇ ਕਾਰਨ ਕਈ ਗੱਡੀਆਂ ਨੂੰ ਅੱਗ ਲੱਗ ਗਈ ਅਤੇ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ।

ਇਜ਼ਰਾਈਲ ਦੇ ਪ੍ਰਮੁੱਖ ਉਦਯੋਗਿਕ ਸ਼ਹਿਰ ਹਾਈਫਾ ਵਿੱਚ ਸਥਿਤ ‘ਬਾਜਨ’ ਤੇਲ ਰਿਫਾਇਨਰੀ ’ਤੇ ਇਰਾਨ ਅਤੇ ਹਿਜ਼ਬੁੱਲਾ ਵੱਲੋਂ ਕੀਤੇ ਗਏ ਸਾਂਝੇ ਮਿਜ਼ਾਈਲ ਹਮਲੇ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਤੇਲ ਦੇ ਸਟੋਰੇਜ ਟੈਂਕਾਂ ’ਤੇ ਮਿਜ਼ਾਈਲਾਂ ਡਿੱਗਣ ਤੋਂ ਬਾਅਦ ਅਸਮਾਨ ਨੂੰ ਛੂਹਦੀਆਂ ਅੱਗ ਦੀਆਂ ਲਪਟਾਂ ਅਤੇ ਕਾਲੇ ਧੂੰਏਂ ਦਾ ਗੁਬਾਰ ਦੇਖਿਆ ਗਿਆ। ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀਆਂ ਵੀਡੀਓਜ਼ ਇਜ਼ਰਾਈਲ ਦੇ ਸੁਰੱਖਿਆ ਘੇਰੇ ਵਿੱਚ ਲੱਗੀ ਵੱਡੀ ਸੰਨ੍ਹ ਦੀ ਗਵਾਹੀ ਦੇ ਰਹੇ ਹਨ। ਹਾਈਫਾ ਇਜ਼ਰਾਈਲ ਦੀਆਂ ਦੋ ਮੁੱਖ ਤੇਲ ਰਿਫਾਇਨਰੀਆਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ। ਇਹ ਹਮਲਾ ਸਿਰਫ ਫੌਜੀ ਕਾਰਵਾਈ ਨਹੀਂ, ਬਲਕਿ ਈਰਾਨ ਵਲੋਂ ਇਜ਼ਰਾਈਲ ਦੀ ਊਰਜਾ ਸਪਲਾਈ ਅਤੇ ਆਰਥਿਕਤਾ ਨੂੰ ਠੱਪ ਕਰਨ ਦੀ ਇੱਕ ਸੋਚੀ-ਸਮਝੀ ਰਣਨੀਤੀ ਮੰਨੀ ਜਾ ਰਹੀ ਹੈ।

ਮਾਹਿਰ ਹੁਣ ਸਵਾਲ ਉਠਾ ਰਹੇ ਹਨ ਕਿ ਕੀ ਇਜ਼ਰਾਈਲ ਦਾ ਮਸ਼ਹੂਰ ‘ਆਇਰਨ ਡੋਮ’ ਸੁਰੱਖਿਆ ਸਿਸਟਮ ਇਰਾਨੀ ਬੈਲਿਸਟਿਕ ਮਿਜ਼ਾਈਲਾਂ ਦੇ ਇਸ ‘ਮਾਸਟਰ ਪਲਾਨ’ ਅੱਗੇ ਬੇਅਸਰ ਸਾਬਤ ਹੋ ਰਿਹਾ ਹੈ। ‘ਦਿ ਟਾਈਮਜ਼ ਆਫ ਇਜ਼ਰਾਈਲ’ ਮੁਤਾਬਕ ਆਈਡੀਐਫ ਅਜੇ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਅੱਗ ਸਿੱਧੇ ਮਿਜ਼ਾਈਲ ਹਮਲੇ ਨਾਲ ਲੱਗੀ ਹੈ ਜਾਂ ਮਿਜ਼ਾਈਲ ਨੂੰ ਹਵਾ ਵਿੱਚ ਰੋਕਣ ਦੌਰਾਨ ਡਿੱਗੇ ਮਲਬੇ ਕਾਰਨ। ਫਿਲਹਾਲ ਫਾਇਰ ਬ੍ਰਿਗੇਡ ਨੇ ਅੱਗ ’ਤੇ ਕਾਬੂ ਪਾਉਣ ਦਾ ਦਾਅਵਾ ਕੀਤਾ ਹੈ।

ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਕੇਤ ਦਿੱਤੇ ਹਨ ਕਿ ਉਹ ਇਰਾਨ ਵਿਰੁੱਧ ਫੌਜੀ ਮੁਹਿੰਮ ਨੂੰ ਖਤਮ ਕਰਨ ਦੇ ਹੱਕ ਵਿੱਚ ਹਨ। ਰਿਪੋਰਟਾਂ ਮੁਤਾਬਕ, ਟਰੰਪ ਨੇ ਕਿਹਾ ਹੈ ਕਿ ਜੇਕਰ ‘ਸਟਰੇਟ ਆਫ ਹਾਰਮੁਜ਼’ ਦਾ ਰਸਤਾ ਬੰਦ ਵੀ ਰਹਿੰਦਾ ਹੈ, ਤਾਂ ਵੀ ਉਹ ਜੰਗ ਰੋਕਣ ਲਈ ਤਿਆਰ ਹੋ ਸਕਦੇ ਹਨ।ਅਮਰੀਕੀ ਸਲਾਹਕਾਰਾਂ ਦਾ ਮੰਨਣਾ ਹੈ ਕਿ ਹੋਰਮੁਜ਼ ਦੇ ਰਸਤੇ ਨੂੰ ਜ਼ਬਰਦਸਤੀ ਖੋਲ੍ਹਣ ਨਾਲ ਜੰਗ ਦੀ ਸਮਾਂ ਸੀਮਾ ਵਿਗੜ ਸਕਦੀ ਹੈ। ਹੁਣ ਅਮਰੀਕਾ ਦਾ ਮੁੱਖ ਧਿਆਨ ਇਰਾਨ ਦੀ ਨੌਸੈਨਿਕ ਸਮਰੱਥਾ ਅਤੇ ਉਸ ਦੀਆਂ ਮਿਜ਼ਾਈਲਾਂ ਦੀ ਤਾਕਤ ਨੂੰ ਖ਼ਤਮ ਕਰਨ ’ਤੇ ਹੈ। ਇਸ ਤੋਂ ਬਾਅਦ ਹੀ ਕੂਟਨੀਤਕ ਹੱਲ ਵੱਲ ਵਧਿਆ ਜਾਵੇਗਾ।



ਵਾਈਟ ਹਾਊਸ ਦੇ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਸਪੱਸ਼ਟ ਕੀਤਾ ਹੈ ਕਿ ਹੋਰਮੁਜ਼ ਨੂੰ ਸੁਰੱਖਿਅਤ ਬਣਾਉਣਾ ਫਿਲਹਾਲ ਅਮਰੀਕੀ ਅਭਿਆਨ ਦੇ “ਮੁੱਖ ਉਦੇਸ਼ਾਂ” ਵਿੱਚ ਸ਼ਾਮਲ ਨਹੀਂ ਹੈ। ਅਮਰੀਕਾ ਚਾਹੁੰਦਾ ਹੈ ਕਿ ਤੇਹਰਾਨ ਖੁਦ ਦਬਾਅ ਵਿੱਚ ਆ ਕੇ ਵਪਾਰਕ ਜਹਾਜ਼ਾਂ ਦੀ ਆਵਾਜਾਈ ਬਹਾਲ ਕਰੇ।

ਦੂਜੇ ਪਾਸੇ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਅਲ ਜਜ਼ੀਰਾ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਹੈ ਕਿ ਹੋਰਮੁਜ਼ ਦਾ ਰਸਤਾ “ਹਰ ਹਾਲ ਵਿੱਚ ਖੁੱਲ੍ਹੇਗਾ”, ਚਾਹੇ ਇਰਾਨ ਕਾਨੂੰਨ ਮੰਨੇ ਜਾਂ ਫਿਰ ਅੰਤਰਰਾਸ਼ਟਰੀ ਗਠਜੋੜ ਨੂੰ ਕਾਰਵਾਈ ਕਰਨੀ ਪਵੇ।

ਇਰਾਨੀ ਲੀਡਰਸ਼ਿਪ ਅਜੇ ਵੀ ਅਮਰੀਕਾ ’ਤੇ ਭਰੋਸਾ ਨਹੀਂ ਕਰ ਰਹੀ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਵਾਸ਼ਿੰਗਟਨ ਜੰਗ ਖ਼ਤਮ ਕਰਨ ਲਈ ਗੰਭੀਰ ਨਹੀਂ ਹੈ। ਵੈਸੇ ਵੀ ਟਰੰਪ ਵਾਰ ਵਾਰ ਆਪਣੇ ਬਿਆਨ ਬਦਲ ਰਹੇ ਹਨ।-ਕਦੇ ਉਹ ਹੋਰਮੁਜ਼ ਦੀ ਅਹਿਮੀਅਤ ਘੱਟ ਦੱਸਦੇ ਹਨ ਅਤੇ ਕਦੇ ਇਰਾਨ ਦੇ ਤੇਲ ਖੂਹਾਂ ਅਤੇ ਪਾਵਰ ਪਲਾਂਟਾਂ ਨੂੰ ਉਡਾਉਣ ਦੀ ਧਮਕੀ ਦਿੰਦੇ ਹਨ।

ਫਿਲਹਾਲ, ਵਾਸ਼ਿੰਗਟਨ ਇੱਕ ਅਜਿਹੀ ਰਣਨੀਤੀ ’ਤੇ ਚੱਲ ਰਿਹਾ ਹੈ ਜਿੱਥੇ ਫੌਜੀ ਹਮਲੇ ਅਤੇ ਸੰਜਮ ਦੋਵੇਂ ਨਾਲ-ਨਾਲ ਚੱਲ ਰਹੇ ਹਨ, ਜੋ ਇੱਕ ਅਨਿਸ਼ਚਿਤ ਭਵਿੱਖ ਵੱਲ ਇਸ਼ਾਰਾ ਕਰਦਾ ਹੈ। ਅਮਰੀਕਾ ਨੇ ਮੱਧ-ਪੂਰਬ ਵਿੱਚ ਸੈਂਕੜੇ ‘ਸਪੈਸ਼ਲ ਆਪ੍ਰੇਸ਼ਨ ਫੋਰਸਿਜ਼’ ਤਾਇਨਾਤ ਕਰ ਦਿੱਤੀਆਂ ਹਨ। ਦੂਜੇ ਪਾਸੇ, ਇਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਉਹ ਅਮਰੀਕੀ ਫੌਜਾਂ ਦਾ ਇੰਤਜ਼ਾਰ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਖੇਤਰੀ ਭਾਈਵਾਲਾਂ ਨੂੰ “ਸਬਕ ਸਿਖਾਇਆ ਜਾ ਸਕੇ”’।

### ਸੰਯੁਕਤ ਰਾਸ਼ਟਰ ਨਾਲ ਜੁੜੇ ਡਿਪਲੋਮੈਟ ਮੁਹੰਮਦ ਸਫਾ ਨੇ ਅਸਤੀਫਾ ਕਿਉਂ ਦਿੱਤਾ

ਸੰਯੁਕਤ ਰਾਸ਼ਟਰ ਨਾਲ ਜੁੜੇ ਡਿਪਲੋਮੈਟ ਮੁਹੰਮਦ ਸਫਾ ਦੇ ਅਸਤੀਫੇ ਨੇ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ। ਉਨ੍ਹਾਂ ਦੇ ਅਸਤੀਫੇ ਦੇ ਮੁੱਖ ਕਾਰਨ ਹੇਠ ਲਿਖੇ ਹਨ। ਮੁਹੰਮਦ ਸਫਾ ਨੇ ਬਹੁਤ ਹੀ ਗੰਭੀਰ ਇਲਜ਼ਾਮ ਲਗਾਇਆ ਹੈ ਕਿ ਅਮਰੀਕਾ ਅੰਦਰੂਨੀ ਤੌਰ ’ਤੇ ਇਰਾਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਸੰਭਾਵਿਤ ਵਰਤੋਂ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ “ਮਨੁੱਖਤਾ ਵਿਰੁੱਧ ਅਪਰਾਧ” ਦਾ ਗਵਾਹ ਨਹੀਂ ਬਣਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਅਸਤੀਫਾ ਦੇ ਕੇ ਇਸ ਜਾਣਕਾਰੀ ਨੂੰ ਜਨਤਕ ਕਰਨ ਦਾ ਫੈਸਲਾ ਕੀਤਾ। ਸਫਾ ਨੇ ਆਪਣੇ ਅਸਤੀਫਾ ਪੱਤਰ ਵਿੱਚ ਲਿਖਿਆ ਕਿ UN ਦੇ ਕੁਝ ਉੱਚ ਅਧਿਕਾਰੀ ਸੰਸਥਾ ਦੇ ਸਿਧਾਂਤਾਂ ਦੀ ਬਜਾਏ ਇੱਕ ਸ਼ਕਤੀਸ਼ਾਲੀ ਲੌਬੀ (ਸ਼ਾਇਦ ਅਮਰੀਕਾ ਅਤੇ ਇਜ਼ਰਾਈਲ ਵੱਲ ਇਸ਼ਾਰਾ) ਦੇ ਹਿੱਤਾਂ ਲਈ ਕੰਮ ਕਰ ਰਹੇ ਹਨ। ਉਨ੍ਹਾਂ ਮੁਤਾਬਕ ਇਹ ਲੌਬੀ ਫੈਸਲਾ ਲੈਣ ਵਾਲੇ ਨੇਤਾਵਾਂ ਨੂੰ ਜੰਗੀ ਅਪਰਾਧਾਂ ਦੇ ਦੋਸ਼ਾਂ ਤੋਂ ਬਚਾ ਰਹੀ ਹੈ। ਉਨ੍ਹਾਂ ਨੇ UN ਦੀ ਇਸ ਗੱਲੋਂ ਨਿੰਦਾ ਕੀਤੀ ਕਿ ਸੰਸਥਾ ਗਜ਼ਾ ਦੀ ਸਥਿਤੀ ਨੂੰ ‘ਨਸਲਕੁਸ਼ੀ’ (ਕਹਿਣ ਤੋਂ ਗੁਰੇਜ਼ ਕਰ ਰਹੀ ਹੈ। ਲੇਬਨਾਨ ਵਿੱਚ ਹੋ ਰਹੀ ਕਾਰਵਾਈ ਨੂੰ ‘ਜੰਗੀ ਅਪਰਾਧ’ ਨਹੀਂ ਮੰਨ ਰਹੀ। ਇਰਾਨ ’ਤੇ ਹੋ ਰਹੇ ਹਮਲਿਆਂ ਨੂੰ ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਨਹੀਂ ਦੱਸ ਰਹੀ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ UN ਦੇ ਸੀਨੀਅਰ ਅਧਿਕਾਰੀਆਂ ਅਤੇ ਡਿਪਲੋਮੈਟਾਂ ਨੇ ਮੀਡੀਆ ਦੀ ਮਦਦ ਨਾਲ ਇਰਾਨ ਦੇ “ਪ੍ਰਮਾਣੂ ਖਤਰੇ” ਬਾਰੇ ਇੱਕ ਝੂਠਾ ਪ੍ਰਚਾਰ ਕੀਤਾ ਤਾਂ ਜੋ ਜੰਗ ਲਈ ਮਾਹੌਲ ਤਿਆਰ ਕੀਤਾ ਜਾ ਸਕੇ। ਮੁਹੰਮਦ ਸਫਾ ਨੇ ਕਿਹਾ ਕਿ ਮੈਂ ਆਪਣਾ ਡਿਪਲੋਮੈਟਿਕ ਕਰੀਅਰ ਇਸ ਜਾਣਕਾਰੀ ਨੂੰ ਲੀਕ ਕਰਨ ਲਈ ਕੁਰਬਾਨ ਕਰ ਦਿੱਤਾ ਹੈ...ਮੈਂ ਅਜਿਹੇ ਸਮੇਂ ਡਿਊਟੀ ’ਤੇ ਨਹੀਂ ਰਹਿ ਸਕਦਾ ਜਦੋਂ ਅਮਰੀਕਾ ਇਰਾਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਤਿਆਰੀ ਕਰ ਰਿਹਾ ਹੋਵੇ।” ਮੁਹੰਮਦ ਸਫਾ ਪਿਛਲੇ 12 ਸਾਲਾਂ ਤੋਂ ਸੰਯੁਕਤ ਰਾਸ਼ਟਰ ਨਾਲ ਜੁੜੇ ਹੋਏ ਸਨ ਅਤੇ Patriotic Vision (PVA) ਸੰਸਥਾ ਦੇ ਮੁੱਖ ਨੁਮਾਇੰਦੇ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦੇ ਇਸ ਕਦਮ ਨੇ ਜੰਗ ਦੇ ਵਿਚਕਾਰ ਯੂਐਨਓ ਦੀ ਭੂਮਿਕਾ ’ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

# ਪੰਜਾਬ ਵਿਚ ਹਜ਼ਾਰਾਂ ਮਾਸੂਮ ਬੱਚੇ, ਖਾਸ ਕਰਕੇ ਧੀਆਂ ਲਾਪਤਾ ਹੋਈਆਂ

## ✪ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਅਪਰਾਧ ਦਾ ਗੜ੍ਹ ਬਣੇ, ਪੁਲਿਸ ਦੀ ਕਾਰਵਾਈ ਢਿੱਲੀ




ਲੁਧਿਆਣਾ-ਪੰਜਾਬ ਦੇ ਵਿਹੜਿਆਂ ਵਿਚੋਂ ਮਾਸੂਮ ਬੱਚਿਆਂ ਦਾ ਅਚਾਨਕ ਗਾਇਬ ਹੋ ਜਾਣਾ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਦਰਦਨਾਕ ਵਿਸ਼ਾ ਬਣ ਚੁੱਕਾ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਅਤੇ ਹੋਰ ਸਰਕਾਰੀ ਦਸਤਾਵੇਜ਼ਾਂ ਦੀ ਡੂੰਘੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਸੂਬੇ ਵਿਚ ਹਾਲਾਤ ਬੇਹੱਦ ਗੰਭੀਰ ਹਨ। ਹਰ ਸਾਲ ਲਗਭਗ ਤਿੰਨ ਹਜ਼ਾਰ ਤੋਂ ਛੱਤੀ ਸੌ ਬੱਚਿਆਂ ਦੀ ਗੁੰਮਸ਼ੁਦਗੀ ਦਰਜ ਹੁੰਦੀ ਹੈ। ਇਸ ਵਿਚ ਸਭ ਤੋਂ ਵੱਧ ਡਰਾਉਣਾ ਪਹਿਲੂ ਇਹ ਹੈ ਕਿ ਗੁੰਮ ਹੋਣ ਵਾਲਿਆਂ ਵਿਚ ਲੜਕੀਆਂ ਦੀ ਗਿਣਤੀ 60 ਤੋਂ 70 ਫੀਸਦੀ ਤੱਕ ਹੁੰਦੀ ਹੈ, ਜੋ ਸਮਾਜਿਕ ਸੁਰੱਖਿਆ ਪ੍ਰਬੰਧਾਂ ਉੱਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ।

ਐੱਨਸੀਆਰਬੀ ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2022 ਵਿਚ ਪੰਜਾਬ ਵਿਚੋਂ 3607 ਬੱਚੇ ਲਾਪਤਾ ਹੋਏ, ਜਿਨ੍ਹਾਂ ਵਿਚੋਂ ਸਿਰਫ 1436 ਹੀ ਬਰਾਮਦ ਹੋ ਸਕੇ। ਇਸ ਤੋਂ ਅਗਲੇ ਸਾਲ 2023 ਵਿਚ 3255 ਬੱਚੇ ਗਾਇਬ ਹੋਏ ਅਤੇ ਮਾਤਰ 1064 ਬਰਾਮਦ ਹੋਏ। ਇਸ ਤਰ੍ਹਾਂ ਰਿਕਵਰੀ ਰੇਟ ਲਗਾਤਾਰ 30 ਤੋਂ 40 ਫੀਸਦੀ ਤੱਕ ਸੀਮਤ ਰਿਹਾ ਹੈ। 2024-25 ਲਈ ਅਧਿਕਾਰਤ ਰਾਜਵਿਆਪੀ ਅੰਕੜੇ ਅਜੇ ਐੱਨਸੀਆਰਬੀ ਰਿਪੋਰਟ ਵਿਚ ਨਹੀਂ ਆਏ ਪਰ ਜ਼ਿਲ੍ਹਾ ਪੁਲਿਸ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਰੁਝਾਨ ਜਾਰੀ ਹੈ। ਉਦਾਹਰਣ ਵਜੋਂ ਅੰਮ੍ਰਿਤਸਰ ਵਿਚ 2024 ਵਿਚ 38 ਬੱਚੇ ਲਾਪਤਾ ਹੋਏ, 32 ਬਰਾਮਦ ਹੋਏ ਅਤੇ 2025 (ਨਵੰਬਰ ਤੱਕ) 26 ਲਾਪਤਾ ਵਿਚੋਂ 21 ਬਰਾਮਦ ਹੋਏ। ਲੁਧਿਆਣਾ ਅਤੇ ਜਲੰਧਰ ਵਿਚ ਵੀ ਸੈਂਕੜੇ ਮਾਮਲੇ ਹਰ ਸਾਲ ਆ ਰਹੇ ਹਨ। ਪਿਛਲੇ ਦਹਾਕੇ (2013 ਤੋਂ 2022 ਤੱਕ) ਵਿਚ ਲਗਭਗ 8342 ਨਾਬਾਲਗ ਬੱਚੇ ਗਾਇਬ ਹੋਏ ਸਨ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਕਿਉਂ ਅਪਰਾਧ ਦਾ ਗੜ੍ਹ ਬਣ ਗਏ?

ਇਨ੍ਹਾਂ ਵੱਡੇ ਸਨਅਤੀ ਸ਼ਹਿਰਾਂ ਵਿਚ ਉਦਯੋਗਿਕ ਯੂਨਿਟਾਂ, ਮਾਈਗ੍ਰੈਂਟ ਮਜ਼ਦੂਰਾਂ ਦੀ ਭੀੜ ਅਤੇ ਸਸਤੀ ਮਜ਼ਦੂਰੀ ਦੀ ਲਾਲਚ ਕਾਰਨ ਬਾਲ ਤਸਕਰੀ ਅਤੇ ਅਗਵਾ ਦੇ ਸੰਗਠਿਤ ਰੈਕਟ ਫਲ ਰਹੇ ਹਨ। ਲੁਧਿਆਣਾ ਦੇ ਟੈਕਸਟਾਈਲ ਹੱਬ ਵਿਚ ਬੱਚਿਆਂ ਨੂੰ ਬਾਲ ਮਜ਼ਦੂਰੀ ਲਈ ਉਠਾ ਲਿਆ ਜਾਂਦਾ ਹੈ। ਜਲੰਧਰ ਵਿਚ ਖਿਡੌਣਾ ਉਦਯੋਗ ਅਤੇ ਸਪੋਰਟਸ ਗੁੱਡਜ਼ ਫੈਕਟਰੀਆਂ ਵਿਚ ਵੀ ਇਹੀ ਰੁਝਾਨ ਹੈ। ਅੰਮ੍ਰਿਤਸਰ ਬਾਰਡਰ ਨਾਲ ਲੱਗਦਾ ਹੋਣ ਕਰਕੇ ਇੰਟਰਨੈਸ਼ਨਲ ਤਸਕਰੀ ਰੂਟ ਬਣ ਗਿਆ ਹੈ। ਇੱਥੇ ਬੱਚਿਆਂ ਨੂੰ ਭੀਖ ਮੰਗਵਾਉਣ, ਗੈਰ-ਕਾਨੂੰਨੀ ਗਤੀਵਿਧੀਆਂ ਅਤੇ ਇੱਥੋਂ ਤੱਕ ਕਿ ਵਿਦੇਸ਼ ਭੇਜਣ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਸ਼ਹਿਰਾਂ ਵਿਚ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਬੱਚੇ ਆਸਾਨੀ ਨਾਲ ਨਿਸ਼ਾਨਾ ਬਣਦੇ ਹਨ।

ਮਾਸੂਮਾਂ ਦੇ ਗਾਇਬ ਹੋਣ ਪਿੱਛੇ ਅਗਵਾ ਅਤੇ ਮਨੁੱਖੀ ਤਸਕਰੀ ਵਰਗੇ ਸੰਗਠਿਤ ਅਪਰਾਧਾਂ ਦਾ ਵੱਡਾ ਹੱਥ ਹੈ। ਕਈ ਮਾਮਲਿਆਂ ਵਿਚ ਬੱਚਿਆਂ ਨੂੰ ਭੀਖ ਮੰਗਵਾਉਣ ਜਾਂ ਬਾਲ ਮਜ਼ਦੂਰੀ ਲਈ ਅਗਵਾ ਕੀਤਾ ਜਾਂਦਾ ਹੈ। ਤਾਜ਼ਾ ਅੰਕੜੇ ਦੱਸਦੇ ਹਨ ਕਿ ਬੱਚਿਆਂ ਵਿਰੁੱਧ ਅਪਰਾਧਾਂ ਦਾ ਗ੍ਰਾਫ਼ ਪੰਜਾਬ ਸਮੇਤ ਪੂਰੇ ਦੇਸ਼ ਵਿਚ ਲਗਾਤਾਰ ਵੱਧ ਰਿਹਾ ਹੈ। ਇਸ ਤੋਂ ਇਲਾਵਾ ਘਰੇਲੂ ਕਲੇਸ਼, ਪੜ੍ਹਾਈ ਦਾ ਬੋਝ, ਮਾਨਸਿਕ ਦਬਾਅ ਅਤੇ ਸਮਾਜਿਕ ਸੰਪਰਕ ਮਾਧਿਅਮਾਂ ਦਾ ਜਾਲ ਵੀ ਬੱਚਿਆਂ ਨੂੰ ਘਰ ਛੱਡਣ ਲਈ ਮਜਬੂਰ ਕਰ ਰਿਹਾ ਹੈ। ਖਾਸ ਕਰਕੇ ਨਾਬਾਲਗ ਕੁੜੀਆਂ ਫੇਸਬੁੱਕ, ਇੰਸਟਾਗ੍ਰਾਮ ਵਰਗੀਆਂ ਐਪਾਂ ਰਾਹੀਂ ਗਲਤ ਸੰਪਰਕਾਂ ਵਿਚ ਫਸ ਕੇ ਘਰੋਂ ਭੱਜ ਜਾਂਦੀਆਂ ਹਨ। ਪੁਲਿਸ ਵਿਭਾਗ ਅਤੇ ਸਰਕਾਰੀ ਤੰਤਰ ਦੀ ਕਾਰਗੁਜ਼ਾਰੀ ਉੱਤੇ ਸਭ ਤੋਂ ਵੱਡਾ ਸਵਾਲ ਬੱਚਿਆਂ ਦੀ ਬਰਾਮਦਗੀ ਦਰ ਹੈ। ਅੰਕੜਿਆਂ ਅਨੁਸਾਰ ਸਿਰਫ 30 ਤੋਂ 40 ਫੀਸਦੀ ਬੱਚੇ ਹੀ ਲੱਭੇ ਜਾ ਸਕਦੇ ਹਨ। ਇਸਦਾ ਮਤਲਬ ਹੈ ਕਿ ਅੱਧੇ ਤੋਂ ਵੱਧ ਮਾਮਲੇ ਹਮੇਸ਼ਾ ਲਈ ਅਣਸੁਲਝੇ ਰਹਿ ਜਾਂਦੇ ਹਨ ਅਤੇ ਮਾਪੇ ਸਾਰੀ ਉਮਰ ਉਡੀਕ ਕਰਦੇ ਰਹਿੰਦੇ ਹਨ। ਜ਼ਿਆਦਾਤਰ ਮਾਮਲੇ 12 ਤੋਂ 18 ਸਾਲ ਉਮਰ ਤੱਕ ਦੇ ਹੁੰਦੇ ਹਨ।

ਪੁਲਿਸ ਨੇ ਹੁਣ ਤੱਕ ਕੀ ਕੀਤੀ ਕਾਰਵਾਈ?-ਪੰਜਾਬ ਪੁਲਿਸ ਵੱਲੋਂ ਲਾਪਤਾ ਬੱਚਿਆਂ ਦੀ ਭਾਲ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਰੇਲਵੇ ਅਤੇ ਬੱਸ ਅੱਡਿਆਂ ਤੋਂ ਲਾਵਾਰਿਸ ਬੱਚਿਆਂ ਨੂੰ ਬਚਾਉਣ ਲਈ 'ਆਪ੍ਰੇਸ਼ਨ ਮੁਸਕਾਨ' ਲਗਾਤਾਰ ਚਲਾਈ ਜਾਂਦੀ ਹੈ। ਇਸ ਤਹਿਤ ਸਾਲ 2025 ਵਿਚ ਵੀ ਰੇਲਵੇ ਪੁਲਿਸ ਨੇ ਸੂਬੇ ਭਰ ਵਿਚ ਸੈਂਕੜੇ ਬੱਚਿਆਂ ਨੂੰ ਬਰਾਮਦ ਕੀਤਾ ਅਤੇ ਉਨ੍ਹਾਂ ਨੂੰ ਪਰਿਵਾਰਾਂ ਨਾਲ ਮਿਲਾਇਆ। ਲੁਧਿਆਣਾ ਅਤੇ ਜਲੰਧਰ ਪੁਲਿਸ ਨੇ ਵੀ ਡਾਇਲ 112 ਤੇ ਆਏ ਕਾਲਾਂ ਤੇ ਤੁਰੰਤ ਐਕਸ਼ਨ ਲੈ ਕੇ ਕਈ ਮਾਮਲਿਆਂ ਵਿਚ ਬੱਚਿਆਂ ਨੂੰ ਸੁਰੱਖਿਅਤ ਬਰਾਮਦ ਕੀਤਾ ਹੈ। ਉਦਾਹਰਣ ਵਜੋਂ ਲੁਧਿਆਣਾ ਰੂਰਲ ਪੁਲਿਸ ਨੇ ਦਾਖਾ ਥਾਣੇ ਤੋਂ ਇੱਕ ਲਾਪਤਾ ਬੱਚੇ ਨੂੰ ਤੁਰੰਤ ਬਰਾਮਦ ਕੀਤਾ। ਅੰਮ੍ਰਿਤਸਰ ਵਿਚ ਵੀ ਪੁਲਿਸ ਨੇ ਫਗਵਾੜਾ ਤੋਂ ਪੰਜ ਬੱਚਿਆਂ ਨੂੰ ਬਰਾਮਦ ਕਰਕੇ ਪਰਿਵਾਰਾਂ ਨਾਲ ਮਿਲਾਇਆ। ਪਰ ਇਹ ਛੋਟੀਆਂ ਸਫਲਤਾਵਾਂ ਹਨ, ਜਦਕਿ ਵੱਡੇ ਰੈਕਟ ਅਜੇ ਵੀ ਚੱਲ ਰਹੇ ਹਨ।

ਸਰਕਾਰ ਵੱਲੋਂ ਬੱਚਿਆਂ ਦੀ ਸੁਰੱਖਿਆ ਲਈ ਵੀ ਯਤਨ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਦੀ 'ਮਿਸ਼ਨ ਵਾਤਸਲਿਆ' ਯੋਜਨਾ ਤਹਿਤ ਬਾਲ ਸੁਰੱਖਿਆ ਇਕਾਈਆਂ ਕੰਮ ਕਰ ਰਹੀਆਂ ਹਨ। ਇਸ ਯੋਜਨਾ ਰਾਹੀਂ ਚਾਈਲਡ ਕੇਅਰ ਇੰਸਟੀਚਿਊਸ਼ਨਾਂ ਵਿਚ ਲਾਵਾਰਿਸ ਬੱਚਿਆਂ ਨੂੰ ਰਾਹਤ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਪੁਲਿਸ ਵੱਲੋਂ 'ਆਪ੍ਰੇਸ਼ਨ ਮੁਸਕਾਨ' ਨਾਲ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਤੋਂ ਲਾਵਾਰਿਸ ਬੱਚਿਆਂ ਨੂੰ ਬਚਾ ਕੇ ਮੁੜ ਵਸੇਬਾ ਕੀਤਾ ਜਾਂਦਾ ਹੈ। ਸਮਾਜ ਵਿਗਿਆਨੀਆਂ ਅਨੁਸਾਰ ਲਾਪਤਾ ਬੱਚਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ, ਪੁਲਿਸ ਅਤੇ ਐੱਨਜੀਓਆਂ ਵਿਚ ਬਿਹਤਰ ਤਾਲਮੇਲ ਲੋੜੀਂਦਾ ਹੈ। ਸਕੂਲਾਂ ਵਿਚ ਆਨਲਾਈਨ ਸੁਰੱਖਿਆ ਬਾਰੇ ਜਾਗਰੂਕਤਾ, ਪਰਿਵਾਰਾਂ ਵਿਚ ਖੁਲ੍ਹੀ ਗੱਲਬਾਤ ਅਤੇ ਸਨਅਤੀ ਖੇਤਰਾਂ ਵਿਚ ਸਖ਼ਤ ਨਿਗਰਾਨੀ ਲਾਜ਼ਮੀ ਹੈ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿਚ ਵਿਸ਼ੇਸ਼ ਟਾਸਕ ਫੋਰਸ ਬਣਾਈ ਜਾਵੇ ਤਾਂ ਜੋ ਤਸਕਰੀ ਰੈਕਟਾਂ ਨੂੰ ਕਾਬੂ ਕੀਤਾ ਜਾ ਸਕੇ। ਜੇਕਰ ਸਮੇਂ ਸਿਰ ਕਾਰਵਾਈ ਨਾ ਹੋਈ ਤਾਂ ਹਜ਼ਾਰਾਂ ਪਰਿਵਾਰ ਆਪਣੀਆਂ ਧੀਆਂ-ਪੁੱਤਾਂ ਦੀ ਉਡੀਕ ਵਿਚ ਹੀ ਉਮਰ ਗੁਜ਼ਾਰ ਦੇਣਗੇ। ਸਰਕਾਰ ਅਤੇ ਸਮਾਜ ਨੂੰ ਇਸ ਭਿਆਨਕ ਰੁਝਾਨ ਨੂੰ ਰੋਕਣ ਲਈ ਤੁਰੰਤ ਅਤੇ ਠੋਸ ਕਦਮ ਚੁੱਕਣੇ ਚਾਹੀਦੇ ਹਨ। ਬੱਚਿਆਂ ਦੀ ਸੁਰੱਖਿਆ ਹੀ ਸੂਬੇ ਦੀ ਅਸਲ ਤਰੱਕੀ ਹੈ।

# ਕੈਨੇਡਾ ਵਿਖੇ ਗੈਂਗਸਟਰਾਂ ਦੇ 'ਪਿਆਦੇ' ਬਣ ਰਹੇ ਅੰਤਰਰਾਸ਼ਟਰੀ ਵਿਦਿਆਰਥੀ

## ✪ ਸਰੀ ਪੁਲਿਸ ਵੱਲੋਂ ਡੀਪੋਰਟੇਸ਼ਨ ਦਾ ਸਖ਼ਤ ਸ਼ਿਕੰਜਾ

ਸਰੀ-ਕੈਨੇਡਾ ਦੇ ਸਰੀ ਸ਼ਹਿਰ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਜਬਰਨ ਵਸੂਲੀ ਅਤੇ ਗੋਲੀਬਾਰੀ ਦੀ ਦਹਿਸ਼ਤ ਤੋਂ ਬਾਅਦ ਹੁਣ ਕੁਝ ਰਾਹਤ ਭਰੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਸਰੀ ਪੁਲਿਸ ਸਰਵਿਸ (ਐਸਪੀਐਸ) ਵੱਲੋਂ ਅਪਰਾਧੀਆਂ ਵਿਰੁੱਧ ਅਪਣਾਈ ਗਈ 'ਜ਼ੀਰੋ ਟਾਲਰੈਂਸ' ਨੀਤੀ ਅਤੇ ਡੀਪੋਰਟੇਸ਼ਨ (ਦੇਸ਼ ਨਿਕਾਲਾ) ਦੇ ਸਖ਼ਤ ਕਦਮਾਂ ਕਾਰਨ ਅਪਰਾਧਿਕ ਘਟਨਾਵਾਂ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਸਰੀ ਪੁਲਿਸ ਦੇ ਮੁੱਖ ਕਾਂਸਟੇਬਲ ਨੋਰਮ ਲਿਪਿੰਸਕੀ ਨੇ ਦੱਸਿਆ ਕਿ ਜਿੱਥੇ ਜਨਵਰੀ ਵਿੱਚ ਜਬਰਨ ਵਸੂਲੀ ਨਾਲ ਜੁੜੀਆਂ ਗੋਲੀਬਾਰੀ ਦੀਆਂ 10 ਘਟਨਾਵਾਂ ਵਾਪਰੀਆਂ ਸਨ, ਉੱਥੇ ਮਾਰਚ ਮਹੀਨੇ ਵਿੱਚ ਹੁਣ ਤੱਕ ਅਜਿਹੀ ਕੋਈ ਵੀ ਘਟਨਾ ਸਾਹਮਣੇ ਨਹੀਂ ਆਈ। ਹਾਲਾਂਕਿ, ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਦੇ 4 ਮਾਮਲੇ ਦਰਜ ਹੋਏ ਹਨ, ਪਰ ਹਿੰਸਕ ਵਾਰਦਾਤਾਂ 'ਤੇ ਨੱਥ ਪਾਈ ਗਈ ਹੈ।

ਵਿਦਿਆਰਥੀਆਂ ਦੀ ਮਜਬੂਰੀ ਦਾ ਫਾਇਦਾ ਉਠਾ ਰਹੇ ਗੈਂਗਸਟਰ-ਰਿਪੋਰਟਾਂ ਵਿੱਚ ਇੱਕ ਚਿੰਤਾਜਨਕ ਪਹਿਲੂ ਸਾਹਮਣੇ ਆਇਆ ਹੈ ਕਿ ਅਪਰਾਧਿਕ ਨੈੱਟਵਰਕ ਭਾਰਤ (ਖਾਸ ਕਰਕੇ ਪੰਜਾਬ) ਤੋਂ ਆਏ ਕੌਮਾਂਤਰੀ ਵਿਦਿਆਰਥੀਆਂ ਨੂੰ ਆਪਣੇ ਨਿਸ਼ਾਨੇ 'ਤੇ ਲੈ ਰਹੇ ਹਨ।

ਲਾਲਚ: ਵਿਦਿਆਰਥੀਆਂ ਨੂੰ ਇੱਕ ਵਾਰਦਾਤ ਲਈ 10,000 ਕੈਨੇਡੀਅਨ ਡਾਲਰ ਤੱਕ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

ਕਾਰਨ: ਭਾਰੀ ਫੀਸਾਂ ਦਾ ਬੋਝ ਅਤੇ ਨੌਕਰੀਆਂ ਦੀ ਘਾਟ ਵਿਦਿਆਰਥੀਆਂ ਨੂੰ ਗਲਤ ਰਾਹ ਵੱਲ ਧੱਕ ਰਹੀ ਹੈ।


ਧਮਕੀਆਂ: ਕਈ ਮਾਮਲਿਆਂ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪੰਜਾਬ ਵਿੱਚ ਰਹਿ ਰਹੇ ਪਰਿਵਾਰਾਂ ਦੇ ਨਾਂ 'ਤੇ ਡਰਾ ਕੇ ਜ਼ਬਰਦਸਤੀ ਅਪਰਾਧ ਕਰਵਾਇਆ ਜਾ ਰਿਹਾ ਹੈ।

ਪ੍ਰੋਫੈਸਰ ਸ਼ਿੰਦਰ ਪੁਰੇਵਾਲ ਅਨੁਸਾਰ, ਕੈਨੇਡਾ ਵਿੱਚ ਸਿਰਫ਼ ਇੱਕ-ਦੋ ਨਹੀਂ, ਸਗੋਂ ਪੰਜਾਬ ਨਾਲ ਸਬੰਧਤ ਲਗਭਗ 70 ਵੱਡੇ ਗੈਂਗ ਸਰਗਰਮ ਹਨ, ਜੋ ਅਸਥਾਈ ਕਾਮਿਆਂ ਅਤੇ ਵਿਦਿਆਰਥੀਆਂ ਦੀ ਵਰਤੋਂ ਕਰ ਰਹੇ ਹਨ।

ਕੈਨੇਡਾ ਸਰਕਾਰ ਨੇ ਅਪਰਾਧੀਆਂ ਨੂੰ ਸਬਕ ਸਿਖਾਉਣ ਲਈ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਹਥਿਆਰ ਬਣਾਇਆ ਹੈ। 12 ਮਾਰਚ, 2026 ਤੱਕ ਦੀ ਰਿਪੋਰਟ ਮੁਤਾਬਕ 372 ਮਾਮਲਿਆਂ ਦੀ ਜਾਂਚ ਸ਼ੁਰੂ ਕੀਤੀ ਗਈ ਹੈ। 70 ਵਿਅਕਤੀਆਂ ਨੂੰ ਦੇਸ਼ ਨਿਕਾਲੇ ਦੇ ਨੋਟਿਸ ਜਾਰੀ ਹੋਏ ਹਨ। 35 ਅਪਰਾਧਿਕ ਅਨਸਰਾਂ ਨੂੰ ਪਹਿਲਾਂ ਹੀ ਡੀਪੋਰਟ ਕੀਤਾ ਜਾ ਚੁੱਕਾ ਹੈ।

ਸਰੀ ਪੁਲਿਸ ਹੁਣ ਸਿਰਫ਼ ਗ੍ਰਿਫ਼ਤਾਰੀਆਂ ਤੱਕ ਸੀਮਤ ਨਹੀਂ ਹੈ, ਸਗੋਂ ਉਹ ਸਥਾਨਕ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਜਾਗਰੂਕ ਕਰ ਰਹੀ ਹੈ ਤਾਂ ਜੋ ਉਹ ਅਣਜਾਣੇ ਵਿੱਚ ਜਾਂ ਦਬਾਅ ਹੇਠ ਆ ਕੇ ਆਪਣਾ ਭਵਿੱਖ ਬਰਬਾਦ ਨਾ ਕਰਨ।

ਇਹ ਮਸਲਾ ਹੁਣ ਸਿਰਫ਼ ਸਰੀ ਤੱਕ ਸੀਮਤ ਨਹੀਂ ਰਿਹਾ, ਸਗੋਂ ਟੋਰਾਂਟੋ, ਕੈਲਗਰੀ ਅਤੇ ਐਡਮੰਟਨ ਵਰਗੇ ਸ਼ਹਿਰਾਂ ਵਿੱਚ ਵੀ ਪੁਲਿਸ ਇਸੇ ਤਰ੍ਹਾਂ ਦੇ ਸਖ਼ਤ ਮਾਡਲ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** ਵਿਚਾਰ :– ਮੋਨ ਕਦੀ ਕਦੀ ਬੋਲਾਂ ਤੋਂ ਵੱਧ ਅਸਰਦਾਰ ਹੁੰਦਾ ਹੈ ।

# ਪੰਜਾਬ ਦੇ ਪਾਣੀ ਦਾ ਸੰਕਟ-ਕੀ ਪੰਜਾਬੀ ਮਾਰੂਥਲ ਬਣਨ ਵੱਲ ਵਧ ਰਹੇ ਹਨ ?

'ਡਾਇਨਾਮਿਕ ਗਰਾਊਂਡਵਾਟਰ ਰਿਸੋਰਸ ਅਸੈਸਮੈਂਟ 2025' ਦੀ ਤਾਜ਼ਾ ਰਿਪੋਰਟ ਨੇ ਪੰਜਾਬੀਆਂ ਦੇ ਹੋਸ਼ ਉਡਾ ਦਿੱਤੇ ਹਨ। ਰਿਪੋਰਟ ਮੁਤਾਬਕ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਦਰ 156.36% ਤੱਕ ਪਹੁੰਚ ਗਈ ਹੈ, ਜੋ ਨਾ ਸਿਰਫ਼ ਗੁਆਂਢੀ ਰਾਜਾਂ ਰਾਜਸਥਾਨ ਅਤੇ ਹਰਿਆਣਾ ਤੋਂ ਵੱਧ ਹੈ, ਸਗੋਂ ਰਾਸ਼ਟਰੀ ਔਸਤ (60.6%) ਤੋਂ ਵੀ ਕਿਤੇ ਜ਼ਿਆਦਾ ਹੈ। ਇਹ ਅੰਕੜੇ ਸਿਰਫ਼ ਕਾਗਜ਼ੀ ਨਹੀਂ ਹਨ, ਸਗੋਂ ਉਸ ਭਿਆਨਕ ਸੱਚਾਈ ਦਾ ਪ੍ਰਤੀਕ ਹਨ ਕਿ ਪੰਜਾਬ ਬਹੁਤ ਤੇਜ਼ੀ ਨਾਲ ਬੰਜਰ ਹੋਣ ਵੱਲ ਵਧ ਰਿਹਾ ਹੈ। ਰਿਪੋਰਟ ਦੇ ਤੱਥ ਰੂਹ ਕੰਬਾਊ ਹਨ। ਪੰਜਾਬ ਦੇ 23 ਵਿੱਚੋਂ 20 ਜ਼ਿਲ੍ਹੇ 'ਓਵਰ-ਐਕਸਪਲੋਇਟਿਡ' (ਅਤਿ-ਸ਼ੋਸ਼ਿਤ) ਸ਼੍ਰੇਣੀ ਵਿੱਚ ਹਨ। ਸੰਗਰੂਰ ਜ਼ਿਲ੍ਹੇ ਵਿੱਚ ਪਾਣੀ ਦੀ ਨਿਕਾਸੀ ਦਰ 309.99% ਹੈ, ਜੋ ਪੂਰੇ ਦੇਸ਼ ਵਿੱਚ ਦੂਜੇ ਨੰਬਰ 'ਤੇ ਹੈ। ਜਿਸ ਰਫ਼ਤਾਰ ਨਾਲ ਪੰਜਾਬੀ ਪਾਣੀ ਕੱਢ ਰਹੇ ਹਾਂ ਅਤੇ ਜਿਸ ਰਫ਼ਤਾਰ ਨਾਲ ਧਰਤੀ ਹੇਠਲਾ ਪਾਣੀ ਰੀਚਾਰਜ ਹੋ ਰਿਹਾ ਹੈ, ਉਸ ਵਿੱਚ ਜ਼ਮੀਨ-ਆਸਮਾਨ ਦਾ ਫਰਕ ਹੈ।

ਇਸ ਸੰਕਟ ਦੀ ਮੁੱਖ ਜੜ੍ਹ ਸਾਡਾ ਫ਼ਸਲੀ ਚੱਕਰ ਹੈ। ਝੋਨੇ ਦੀ ਖੇਤੀ ਨੇ ਪੰਜਾਬ ਦੇ ਪਾਣੀ ਨੂੰ ਨਿਗਲ ਲਿਆ ਹੈ। ਮੁਫ਼ਤ ਬਿਜਲੀ ਅਤੇ ਘੱਟੋ-ਘੱਟ ਸਮਰਥਨ ਮੁੱਲ ਦੇ ਲਾਲਚ ਨੇ ਕਿਸਾਨਾਂ ਇੱਕ ਅਜਿਹੇ ਰਾਹ 'ਤੇ ਪਾ ਦਿੱਤਾ ਹੈ ਜਿੱਥੇ ਕਿਸਾਨ ਅਨਾਜ ਤਾਂ ਪੈਦਾ ਕਰ ਰਹੇ ਹਾਂ, ਪਰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਪੀਣ ਵਾਲਾ ਪਾਣੀ ਖੋਹ ਰਹੇ ਹਨ। ਮਾਹਿਰ ਵਾਰ-ਵਾਰ ਫ਼ਸਲੀ ਵਿਭਿੰਨਤਾ ਦੀ ਗੱਲ ਕਰਦੇ ਹਨ, ਪਰ ਧਰਾਤਲ 'ਤੇ ਨਤੀਜੇ ਅਜੇ ਵੀ ਸਿਫ਼ਰ ਹਨ। ਪਾਣੀ ਸਿਰਫ਼ ਮੁੱਕ ਹੀ ਨਹੀਂ ਰਿਹਾ, ਸਗੋਂ ਜੋ ਬਚਿਆ ਹੈ ਉਹ ਪੀਣ ਯੋਗ ਵੀ ਨਹੀਂ ਰਿਹਾ। ਮਾਲਵਾ ਖੇਤਰ ਦੇ 53% ਨਮੂਨਿਆਂ ਵਿੱਚ ਯੂਰੇਨੀਅਮ ਅਤੇ ਹੋਰਾਂ ਵਿੱਚ ਆਰਸੈਨਿਕ ਦੀ ਮੌਜੂਦਗੀ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਪੰਜਾਬ ਵਿੱਚ ਕੈਂਸਰ ਅਤੇ ਹੋਰ ਮਾਰੂ ਬਿਮਾਰੀਆਂ ਦਾ ਪ੍ਰਸਾਰ ਕਿਉਂ ਵੱਧ ਰਿਹਾ ਹੈ। ਅਸੀਂ ਆਪਣੇ ਖੇਤਾਂ ਵਿੱਚ ਇੰਨੇ ਕੀਟਨਾਸ਼ਕ ਅਤੇ ਰਸਾਇਣ ਪਾ ਦਿੱਤੇ ਹਨ ਕਿ ਹੁਣ ਧਰਤੀ ਦੀਆਂ ਡੂੰਘੀਆਂ ਪਰਤਾਂ ਵੀ ਜ਼ਹਿਰੀਲੀਆਂ ਹੋ ਚੁੱਕੀਆਂ ਹਨ। ਸਰਕਾਰਾਂ ਅਤੇ ਜਨਤਾ ਦੋਵਾਂ ਨੂੰ ਹੁਣ 'ਕੁੰਭਕਰਨੀ ਨੀਂਦ' ਵਿੱਚੋਂ ਜਾਗਣਾ ਪਵੇਗਾ। ਸਿਰਫ਼ ਬਿਆਨਬਾਜ਼ੀ ਨਾਲ ਪਾਣੀ ਨਹੀਂ ਬਚੇਗਾ। ਸਾਨੂੰ ਕੁਝ ਸਖ਼ਤ ਕਦਮ ਚੁੱਕਣੇ ਪੈਣਗੇ। ਝੋਨੇ ਦਾ ਬਦਲ ਲੱਭ ਕੇ ਕਿਸਾਨਾਂ ਨੂੰ ਦੂਜੀਆਂ ਫ਼ਸਲਾਂ 'ਤੇ ਐਮਐਸਪੀ ਦੀ ਗਾਰੰਟੀ ਦੇਣੀ ਪਵੇਗੀ। ਮੀਂਹ ਦੇ ਪਾਣੀ ਨੂੰ ਸੰਭਾਲਣ (Rainwater Harvesting) ਲਈ ਪਿੰਡ-ਪਿੰਡ ਮੁਹਿੰਮ ਚਲਾਉਣੀ ਪਵੇਗੀ। ਤੁਪਕਾ ਸਿੰਚਾਈ (Drip Irrigation) ਵਰਗੀਆਂ ਤਕਨੀਕਾਂ ਨੂੰ ਵੱਡੇ ਪੱਧਰ 'ਤੇ ਅਪਣਾਉਣਾ ਪਵੇਗਾ। ਜੇਕਰ ਪੰਜਾਬੀ ਅੱਜ ਵੀ ਨਾ ਸੰਭਲੇ, ਤਾਂ ਪੰਜਾਬ ਦੇ ਨਕਸ਼ੇ 'ਤੇ ਪੰਜ ਦਰਿਆਵਾਂ ਦੀ ਧਰਤੀ ਸਿਰਫ਼ ਇਤਿਹਾਸ ਦੇ ਪੰਨਿਆਂ ਵਿੱਚ ਰਹਿ ਜਾਵੇਗੀ ਅਤੇ ਅਸਲੀਅਤ ਵਿੱਚ ਇੱਥੇ ਸਿਰਫ਼ ਰੇਤ ਦੇ ਟਿੱਬੇ ਹੋਣਗੇ। ਪਾਣੀ ਬਚਾਉਣਾ ਹੁਣ ਸਿਰਫ਼ ਸਲਾਹ ਨਹੀਂ, ਸਗੋਂ ਹੋਂਦ ਦੀ ਲੜਾਈ ਹੈ।

## ਵਿਸ਼ਵ ਆਰਥਿਕਤਾ 'ਤੇ ਜੰਗ ਦੇ ਬੱਦਲ ਅਤੇ ਮਹਿੰਗਾਈ ਦੁਨੀਆਂ ਦੀ ਕਮਰ ਤੋੜੇਗੀ

ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਤਾਜ਼ਾ ਚੇਤਾਵਨੀ ਨੇ ਦੁਨੀਆ ਭਰ ਦੇ ਅਰਥ ਸ਼ਾਸਤਰੀਆਂ ਅਤੇ ਆਮ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ। ਮੱਧ ਪੂਰਬ ਵਿੱਚ ਇਰਾਨ, ਇਜ਼ਰਾਈਲ ਅਤੇ ਅਮਰੀਕਾ ਦਰਮਿਆਨ ਵਧਦੇ ਤਣਾਅ ਨੇ ਸਿਰਫ਼ ਭੂ-ਰਾਜਨੀਤਿਕ ਅਸਥਿਰਤਾ ਹੀ ਪੈਦਾ ਨਹੀਂ ਕੀਤੀ, ਸਗੋਂ ਇੱਕ ਅਜਿਹੇ ਆਰਥਿਕ ਮਹਾ-ਵਿਨਾਸ਼ ਦਾ ਸੰਕੇਤ ਦਿੱਤਾ ਹੈ ਜਿਸ ਦੀ ਮਾਰ ਸਰਹੱਦਾਂ ਤੋਂ ਪਾਰ ਹਰ ਘਰ ਦੀ ਰਸੋਈ ਤੱਕ ਪਹੁੰਚੇਗੀ। ਵਿਸ਼ਵ ਵਪਾਰ ਦੀ ਰਗ ਕਹੇ ਜਾਣ ਵਾਲੇ 'ਹੋਰਮੁਜ਼ ਜਲਡਮਰੂਮੱਧ' ਦਾ ਜ਼ਿਕਰ ਇਸ ਰਿਪੋਰਟ ਵਿੱਚ ਸਭ ਤੋਂ ਵੱਧ ਡਰਾਉਣਾ ਹੈ। ਜੇਕਰ ਦੁਨੀਆ ਦਾ 30% ਕੱਚਾ ਤੇਲ ਅਤੇ 20% ਕੁਦਰਤੀ ਗੈਸ ਸਪਲਾਈ ਕਰਨ ਵਾਲਾ ਇਹ ਰਸਤਾ ਜੰਗ ਕਾਰਨ ਪ੍ਰਭਾਵਿਤ ਹੁੰਦਾ ਹੈ, ਤਾਂ ਤੇਲ ਦੀਆਂ ਕੀਮਤਾਂ ਵਿੱਚ ਅਥਾਹ ਵਾਧਾ ਹੋਣਾ ਤੈਅ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼, ਜੋ ਆਪਣੀ ਊਰਜਾ ਲੋੜਾਂ ਲਈ ਦਰਾਮਦ 'ਤੇ ਨਿਰਭਰ ਹਨ, ਲਈ ਇਹ ਸਥਿਤੀ ਕਿਸੇ ਸੁਨਾਮੀ ਤੋਂ ਘੱਟ ਨਹੀਂ ਹੋਵੇਗੀ। ਮਹਿੰਗਾ ਡੀਜ਼ਲ ਮਾਲ ਦੀ ਢੋਆ-ਢੁਆਈ ਮਹਿੰਗੀ ਕਰੇਗਾ, ਜਿਸ ਦਾ ਸਿੱਧਾ ਅਸਰ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ 'ਤੇ ਪਵੇਗਾ।

ਆਈਐਮਐਫ ਦੀ ਚੇਤਾਵਨੀ ਦਾ ਸਭ ਤੋਂ ਦੁਖਦ ਪਹਿਲੂ ਅਫਰੀਕਾ ਅਤੇ ਏਸ਼ੀਆ ਦੇ ਗਰੀਬ ਦੇਸ਼ਾਂ 'ਤੇ ਹੋਣ ਵਾਲਾ ਅਸਰ ਹੈ। ਇਹ ਮੁਲਕ ਪਹਿਲਾਂ ਹੀ ਕਰਜ਼ੇ ਅਤੇ ਗਰੀਬੀ ਨਾਲ ਜੂਝ ਰਹੇ ਹਨ। ਤੇਲ ਦੀਆਂ ਵਧਦੀਆਂ ਕੀਮਤਾਂ ਦੇ ਨਾਲ-ਨਾਲ ਖੇਤੀਬਾੜੀ ਲਈ ਵਰਤੀਆਂ ਜਾਣ ਵਾਲੀਆਂ ਖਾਦਾਂ ਅਤੇ ਉਰਵਰਕਾਂ ਦੀ ਕਿੱਲਤ ਅਨਾਜ ਸੁਰੱਖਿਆ ਨੂੰ ਖ਼ਤਰੇ ਵਿੱਚ ਪਾ ਦੇਵੇਗੀ। ਜੇਕਰ ਖੇਤੀ ਲਾਗਤ ਵਧਦੀ ਹੈ ਅਤੇ ਪੈਦਾਵਾਰ ਘਟਦੀ ਹੈ, ਤਾਂ 'ਭੁੱਖਮਰੀ' ਦਾ ਖ਼ਤਰਾ ਸਿਰਫ਼ ਇੱਕ ਅੰਦਾਜ਼ਾ ਨਹੀਂ ਬਲਕਿ ਇੱਕ ਕੌੜੀ ਹਕੀਕਤ ਬਣ ਸਕਦਾ ਹੈ। ਜੰਗ ਸਿਰਫ਼ ਗੋਲੀਆਂ ਨਾਲ ਨਹੀਂ, ਸਪਲਾਈ ਚੇਨ ਰੋਕ ਕੇ ਵੀ ਲੜੀ ਜਾਂਦੀ ਹੈ। ਹੀਲੀਅਮ ਅਤੇ ਸਲਫਰ ਵਰਗੇ ਮਹੱਤਵਪੂਰਨ ਤੱਤਾਂ ਦੀ ਸਪਲਾਈ ਪ੍ਰਭਾਵਿਤ ਹੋਣ ਨਾਲ ਹਾਈ-ਟੈਕ ਉਦਯੋਗ ਜਿਵੇਂ ਕਿ ਸੈਮੀਕੰਡਕਟਰ ਅਤੇ ਮੈਡੀਕਲ ਉਪਕਰਣ ਬਣਾਉਣ ਵਾਲੀਆਂ ਕੰਪਨੀਆਂ ਨੂੰ ਵੱਡਾ ਝਟਕਾ ਲੱਗੇਗਾ। ਇਸ ਦਾ ਮਤਲਬ ਹੈ ਕਿ ਆਉਣ ਵਾਲੇ ਸਮੇਂ ਵਿੱਚ ਗੱਡੀਆਂ, ਮੋਬਾਈਲ ਫ਼ੋਨ ਅਤੇ ਇਲਾਜ ਵੀ ਮਹਿੰਗਾ ਹੋ ਸਕਦਾ ਹੈ। ਅੱਜ ਦੀ ਦੁਨੀਆ ਇੱਕ-ਦੂਜੇ 'ਤੇ ਇੰਨੀ ਨਿਰਭਰ ਹੈ ਕਿ ਇੱਕ ਖੇਤਰ ਦੀ ਜੰਗ ਪੂਰੀ ਦੁਨੀਆ ਨੂੰ ਮੰਦੀ ਵੱਲ ਧੱਕ ਸਕਦੀ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ

**NEWS & VIEWS**

# KHALSA 1699: FINAL PHASE OF SOCIO-POLITICAL REVOLUTION STARTED BY GURU NANAK SAHIB



Gurmukh Singh OBE

ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥
**Khalsa Emerged by the Will of The Supreme Being**
(Sarabloh Granth)
==========================

**Part 2: Vaisakhi 1699, the High Point of Guru and Khalsa *Ithaas* (History and Tradition)**

We need to locate Vaisakhi 1699 in Guru Nanak-Gobind Singh Mission in the context of *lived Sikhi continuum* from 1469, when Guru Nanak Jote arrived in this world to show the way at a critical time. *Khalsa Ji Ki Ardaas* summarises that continuity and also defines a Sikh who places total faith in that continuity with Sri Guru Granth Sahib as the "Dhura" (at the centre of the Sikhi edifice).

It is clear, that with Guru Granth Sahib as the Sikh Constitution, the lived Sikhi of the Guru-persons and the Guru Khalsa are all One Continuity. The Bani is *sarab sanjhi* for all humanity but the path (Panth of Sikhi) is for those *virlay* who are unequivocally committed to tread the path of Sikhi.

Regrettably, much damage has been done by Sikh and non-Sikh pseudo-scholars chasing Ph Ds, competing for contesting interpretations of simple Sikhi, the Light of Shabad Guru *(Gurbani is jag meh Chaanan)* showing the True Path.

Many scholars try to validate Sikhi against outdated and failed Western ideologies, isms and philosophies instead of learning Sikhi as Sikhs of Gur- Shabad. Ancient Gursikh scholars like Bhai Gurdas, showed the methodology: to learn Gurbani from Gurbani Itself, Guru Lives and Khalsa living; from Gur Ithaas and Khalsa Ithaas.

Through their Own lives and in succession, the Ten Guru-persons showed how the Shabad Guru should be interpreted. The Guru looked for *seekers of One Ultimate Reality (Sikhs)*, within self and without in creation. They did not look for blind-faith followers like the derawadi sants of today. They said, *Sikhi Sikhia Gur Vichaar* (Sikhi is thoughtful self-learning of the Shabad Guru).

From the outset, Guru Nanak Jote (Light) in Ten Guru-persons looked for those who were prepared to die for Truthful conduct. They also showed by two Guru-shaheedis, how and for what cause. They produced Mar-Jeevra Khalsa (Own, directly linked, Khalsa from Mughal land-law term). Prem bhagats but not in the pure/purity Brahmanic sense as preferred by some.

Next part of this series will summarise the Ten Steps of the Guru period during which Vaisakhi 1699, the High Point of Sikhi was reached. These were like 10 rungs of One Sikhi ladder, Guru Nanak to Guru Gobind Singh. There was only One Guru Nanak Jote in Ten Nanaks which now resides in Sri Guru Granth Sahib and the Guru Khalsa Panth. One Guru Nanak-Gobind Singh Mission was accomplished in Ten Steps.

Through the clearly expressed Nash Doctrine (discussed last week), the Khalsa was revealed (pragteo) on Vaisakhi 1699. Time had come to return spiritual Guruship to Guru Granth Sahib as the Khalsa Constitution, and physical personality of the Guru to the collective body of the Khalsa Panth.

The edifice of Sikhi is built on deep foundations laid by Guru Nanak Sahib. Predictions of those like late S. Khushwant Singh writing in 1953 the *last chapters* of Sikh history, will always be premature! New Age Sikhi will never pass into oblivion. Gurbani Message is for all humanity while It also sets down theo-temporal objectives of the Khalsa Panth (Reht Maryada Panthic objectives).

Shoots of pristine Sikhi will continue to sprout in the Sikh diaspora.

Further reading: Vaisakhi 1699 - The High Point of Sikhism

Gurmukh Singh OBE, Ret'd Principal Civil Servant (UK) sewauk2005@yahoo.co.uk

# ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ ਸਿੰਘ ਸਭਾ ਡਰਬੀ ਵਿਖੇ ਹੋਏ ਆਰੰਭ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਕੀਰਤਨੀ ਜਥੇ ਅਤੇ ਸੰਗਤਾਂ ਪਹੁੰਚ ਰਹੀਆਂ ਹਨ

## ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਫਤਹਿਗੜ੍ਹ ਸਾਹਿਬ ਵਾਲੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਨਗੇ



ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ ਗਿਆਨੀ ਹਰਪਾਲ ਸਿੰਘ

ਡਰਬੀ (ਪੰਜਾਬ ਟਾਈਮਜ਼) – ਇਥੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਦੇ ਹਫ਼ਤਾਵਾਰ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ ਸੋਮਵਾਰ 30 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸ਼ੁਰੂਆਤ ਨਾਲ ਆਰੰਭ ਹੋ ਗਏ। ਸਲਾਨਾ ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਸਿੰਘ ਸਭਾ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਹਨਾਂ ਸਮਾਗਮਾਂ ਵਿੱਚ ਯੂ ਕੇ ਭਰ ਤੋਂ ਅਤੇ ਯੂਰਪ ਦੇ ਕਈ ਦੇਸ਼ਾਂ, ਭਾਰਤ, ਅਮਰੀਕਾ, ਕੈਨੇਡਾ ਅਤੇ ਦੇਸ਼ ਵਿਦੇਸ਼ ਤੋਂ ਅਖੰਡ ਕੀਰਤਨੀ ਜਥੇ ਅਤੇ ਸਿੰਘ ਸਿੰਘਣੀਆਂ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ । ਉਹਨਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਸ੍ਰੀ ਫਤਹਿਗੜ੍ਹ ਸਾਹਿਬ ਵਾਲੇ ਵੀ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰ ਰਹੇ ਹਨ। ਸਿੰਘ ਸਾਹਿਬ ਜੀ ਬੁੱਧਵਾਰ ਤੋਂ ਐਤਵਾਰ ਤੱਕ ਸ਼ਾਮ 6:30 ਵਜੇ ਤੋਂ 7:20 ਵਜੇ ਤੱਕ ਰੋਜਾਨਾ ਗੁਰਮਤਿ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਦੂਰੋਂ ਆਉਣ ਵਾਲੀਆਂ ਸੰਗਤਾਂ ਲਈ ਟਰਾਂਸਪੋਰਟ ਅਤੇ ਰਿਹਾਇਸ਼ ਦਾ ਪ੍ਰਬੰਧ ਸਥਾਨਕ ਸੰਗਤਾਂ ਅਤੇ ਗੁਰੂ ਘਰ ਦੇ ਸੇਵਾਦਾਰਾਂ ਵੱਲੋਂ ਕੀਤਾ ਗਿਆ ਹੈ।

ਉਹਨਾਂ ਦੱਸਿਆ ਕਿ ਵੀਰਵਾਰ ਸ਼ਾਮ ਦੇ ਦੀਵਾਨ ਵਿੱਚ ਬੀਬੀ ਨਵਜੋਤ ਕੌਰ ਵਿਰਕ ਨਕਲੀ ਗੁਰੂ ਡੰਮ੍ਹ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਅਗਲੇ ਦਿਨ ਸ਼ੁੱਕਰਵਾਰ ਸ਼ਾਮ ਨੂੰ ਗਰੂਮਿੰਗ ਸਬੰਧੀ ਭਾਈ ਮਨਵੀਰ ਸਿੰਘ ਜੀ ਆਪਣੇ ਵਿਚਾਰ ਦੇਣਗੇ ਤੇ ਸੰਗਤਾਂ ਨੂੰ ਜਾਗਰਿਤ ਕਰਨਗੇ।

ਸ਼ਨੀਵਾਰ ਨੂੰ ਸਵੇਰੇ 9 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ਅਤੇ ਬਾਅਦ ਦੁਪਹਿਰ ਦੋ ਵਜੇ ਅੰਮ੍ਰਿਤ ਸੰਚਾਰ ਹੋਵੇਗਾ, ਸੰਗਤਾਂ ਇਸ ਸਬੰਧੀ ਸੇਵਾਦਾਰਾਂ ਨਾਲ ਸੰਪਰਕ ਕਰ ਸਕਦੀਆਂ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹਾਦਤ ਦਿਵਸ ਨੂੰ ਸਮਰਪਿਤ "ਸਿੱਖ ਵਿਰਾਸਤ ਅਤੇ ਸਿੱਖਿਆ ਕੇਂਦਰ" ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਸ਼ਾਮ ਦੇ ਦੀਵਾਨ 'ਚ ਭਾਈ ਮਨਪ੍ਰੀਤ ਸਿੰਘ (ਵਰਲਡ ਸਿੱਖ ਪਾਰਲੀਮੈਂਟ) ਖਾਲਸਾ ਹਲੇਮੀ ਰਾਜ ਦੀ ਸਥਾਪਤੀ ਅਤੇ ਚੱਲ ਰਹੇ ਸੰਘਰਸ਼ ਸਬੰਧੀ ਜਾਣਕਾਰੀ ਸਾਂਝੀ ਕਰਨਗੇ।

ਐਤਵਾਰ ਨੂੰ ਪ੍ਰੋ: ਦਲਜੀਤ ਸਿੰਘ ਵਿਰਕ ਦੀ ਨਵੀਂ ਕਿਤਾਬ (ਅੰਗਰੇਜ਼ੀ ਵਿੱਚ) "ਦਾ ਡੀਵਾਈਨ ਬਲੂਪ੍ਰਿੰਟ ਆਫ਼ ਲਾਈਫ" ਰਿਲੀਜ਼ ਕੀਤੀ ਜਾਵੇਗੀ । ਸ਼ਾਮ ਦੇ ਦੀਵਾਨ ਵਿੱਚ ਪੰਥਕ ਸ਼ਖਸੀਅਤਾਂ ਸਮੇਤ ਭਾਈ ਜੋਗਾ ਸਿੰਘ ਪੰਥ ਦੇ ਮੌਜੂਦਾ ਹਾਲਾਤ ਬਾਰੇ ਚਾਨਣਾ ਪਾਉਣਗੇ। ਬੀਤੇ ਸਾਲ ਡਰਬੀ ਸਿਟੀ ਕੌਂਸਲ ਵਿੱਚ ਡਿਪਟੀ ਮੇਅਰ ਅਜੀਤ ਸਿੰਘ ਅਟਵਾਲ ਅਤੇ ਡਰਬੀ ਦੇ ਮੇਅਰ ਵੱਲੋਂ ਸਾਰੀਆਂ ਪਾਰਟੀਆਂ ਦੇ ਸਹਿਯੋਗ ਨਾਲ ਸਰਬਸੰਮਤੀ ਨਾਲ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਸਬੰਧੀ ਮਤਾ ਪਾਸ ਕੀਤਾ ਗਿਆ ਸੀ । ਇਸ ਲਈ ਕੌਂਸਲਰ ਅਜੀਤ ਸਿੰਘ ਅਟਵਾਲ ਨੂੰ ਸਮਾਗਮ ਵਿੱਚ ਪਹੁੰਚਣ ਲਈ ਸੱਦਾ ਦਿੱਤਾ ਗਿਆ ਹੈ, ਜਿੱਥੇ ਉਹਨਾਂ ਦਾ ਮਾਣ ਸਨਮਾਨ ਕੀਤਾ ਜਾਵੇਗਾ।

## ਬੰਦੀ ਸਿੰਘਾਂ ਦੀ ਰਿਹਾਈ 'ਤੇ ਜਥੇਦਾਰ ਗੜਗੱਜ ਦਾ ਤਿੱਖਾ ਹਮਲਾ

### ✪ ਨਿਆਂ ਪ੍ਰਣਾਲੀ ਅਤੇ ਸਰਕਾਰ ਦੇ 'ਦੋਹਰੇ ਮਾਪਦੰਡਾਂ' 'ਤੇ ਚੁੱਕੇ ਸਵਾਲ



ਸ੍ਰੀ ਅਨੰਦਪੁਰ ਸਾਹਿਬ/ਜਲੰਧਰ-ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਕੇਂਦਰ ਸਰਕਾਰ ਅਤੇ ਦੇਸ਼ ਦੀ ਨਿਆਂ ਵਿਵਸਥਾ ਵਿਰੁੱਧ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਿੱਖ ਕੈਦੀਆਂ ਨਾਲ ਜਾਣਬੁੱਝ ਕੇ ਵਿਤਕਰਾ ਕੀਤਾ ਜਾ ਰਿਹਾ ਹੈ। ਜਥੇਦਾਰ ਗੜਗੱਜ ਨੇ ਨਿਆਂ ਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇੱਕ ਪਾਸੇ 'ਸੌਦਾ ਸਾਧ' ਵਰਗੇ ਵਿਅਕਤੀ ਨੂੰ ਹਰ 30-40 ਦਿਨਾਂ ਬਾਅਦ ਪੈਰੋਲ ਦਿੱਤੀ ਜਾ ਰਹੀ ਹੈ। ਦੂਜੇ ਪਾਸੇ ਭਾਈ ਜਗਤਾਰ ਸਿੰਘ ਹਵਾਰਾ ਵਰਗੇ ਬੰਦੀ ਸਿੰਘਾਂ ਨੂੰ ਆਪਣੀ ਬੀਮਾਰ ਮਾਤਾ ਨੂੰ ਮਿਲਣ ਲਈ ਆਰਜ਼ੀ ਪੈਰੋਲ ਤੱਕ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸਿੱਖਾਂ ਦਾ ਕਸੂਰ ਨਹੀਂ, ਸਗੋਂ ਸਰਕਾਰ ਅਤੇ ਨਿਆਂ ਵਿਵਸਥਾ ਦੀ ਨਾਕਾਮੀ ਹੈ। ਜਥੇਦਾਰ ਨੇ ਇੱਕ ਵੱਡਾ ਖੁਲਾਸਾ ਕਰਦਿਆਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਗਤ ਪਾਸੋਂ ਲੱਖਾਂ ਦਸਤਖ਼ਤ ਕਰਵਾਏ ਗਏ ਸਨ। ਪਰ ਦਿੱਲੀ ਦੇ ਕੁਝ ਨੁਮਾਇੰਦਿਆਂ ਦੀਆਂ ਚਾਲਾਂ ਕਾਰਨ ਉਹ ਦਸਤਖ਼ਤ ਅੱਜ ਤੱਕ ਸਬੰਧਤ ਦਫ਼ਤਰਾਂ ਵਿੱਚ ਜਮ੍ਹਾਂ ਹੀ ਨਹੀਂ ਹੋ ਸਕੇ। ਜਥੇਦਾਰ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ:ਪੰਜਾਬ ਅਤੇ ਪੰਥ ਦੀਆਂ ਮੰਗਾਂ ਨੂੰ ਕੇਂਦਰ ਅੱਗੇ ਜ਼ੋਰਦਾਰ ਢੰਗ ਨਾਲ ਰੱਖਣਾ ਹਰ ਸੱਤਾਧਾਰੀ ਧਿਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਅਨੁਸਾਰ, ਸਿੱਖਾਂ ਦੀ ਆਪਣੀ ਮਜ਼ਬੂਤ ਖੇਤਰੀ ਰਾਜਸੀ ਧਿਰ ਹੀ ਇਨ੍ਹਾਂ ਗੰਭੀਰ ਮੁੱਦਿਆਂ ਦੀ ਸਹੀ ਤਰ੍ਹਾਂ ਪੈਰਵੀ ਕਰ ਸਕਦੀ ਹੈ।

## ਅਰੁੰਧਤੀ ਰਾਏ ਅਤੇ ਨੋਬਲ ਜੇਤੂ ਹਾਨ ਕਾਂਗ ਅਮਰੀਕੀ 'ਕ੍ਰਿਟਿਕਸ ਸਰਕਲ' ਪੁਰਸਕਾਰ ਨਾਲ ਸਨਮਾਨਿਤ



ਵਾਸ਼ਿੰਗਟਨ-ਅਮਰੀਕਾ ਦੇ ਵੱਕਾਰੀ ਸਾਲਾਨਾ 'ਨੈਸ਼ਨਲ ਬੁੱਕ ਕ੍ਰਿਟਿਕਸ ਸਰਕਲ' ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਾਲ ਭਾਰਤੀ ਮੂਲ ਦੀ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਨੋਬਲ ਪੁਰਸਕਾਰ ਜੇਤੂ ਹਾਨ ਕਾਂਗ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਨੇ ਇਹ ਸਨਮਾਨ ਹਾਸਲ ਕੀਤੇ ਹਨ। ਭਾਰਤੀ ਲੇਖਿਕਾ ਅਰੁੰਧਤੀ ਰਾਏ ਨੂੰ ਉਨ੍ਹਾਂ ਦੀ ਸਵੈ-ਜੀਵਨੀ 'ਮਦਰ ਮੈਰੀ ਕਮਜ਼ ਟੂ ਮੀ' ਲਈ ਸਨਮਾਨਿਤ ਕੀਤਾ ਗਿਆ ਹੈ। ਨੋਬਲ ਜੇਤੂ ਹਾਨ ਕਾਂਗ ਦੇ ਨਾਵਲ 'ਵੀ ਡੂ ਨੌਟ ਪਾਰਟ' ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ। ਇਹ ਨਾਵਲ 1948-1949 ਦੇ ਜੇਜੂ ਟਾਪੂ (ਕੋਰੀਆ) ਦੇ ਵਿਦਰੋਹ ਦੀ ਦਰਦਨਾਕ ਕਹਾਣੀ ਪੇਸ਼ ਕਰਦਾ ਹੈ। ਪੁਰਸਕਾਰ ਕਮੇਟੀ ਨੇ ਇਸ ਦੀ ਕਹਾਣੀ ਨੂੰ ਬਹੁਤ ਪ੍ਰਭਾਵਸ਼ਾਲੀ ਦੱਸਿਆ ਹੈ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਓਪਨ ਏਆਈ 'ਤੇ ਕੀਤੀ ਗਈ ਵਿਸ਼ੇਸ਼ ਖੋਜ ਲਈ ਕਰੇਨ ਹਾਓ ਨੂੰ ਪੁਰਸਕ੍ਰਿਤ ਕੀਤਾ ਗਿਆ। ਵੀਅਤਨਾਮ ਯੁੱਧ 'ਤੇ ਆਧਾਰਿਤ ਮਸ਼ਹੂਰ ਪੁਸਤਕ 'ਫਾਇਰ ਇਨ ਦ ਲੇਕ' ਦੀ ਲੇਖਿਕਾ ਅਤੇ ਪੱਤਰਕਾਰ ਫ੍ਰਾਂਸਿਸ ਫਿਟਜ਼ਗੇਰਾਲਡ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ।

ਸਾਹਿਤ ਅਤੇ ਪੁਸਤਕ ਸੱਭਿਆਚਾਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਨੈਸ਼ਨਲ ਪਬਲਿਕ ਰੇਡੀਓ ਅਤੇ ਪਬਲਿਕ ਬ੍ਰੌਡਕਾਸਟਿੰਗ ਸਰਵਿਸ ਵਰਗੀਆਂ ਸੰਸਥਾਵਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ। ਇਹ ਪੁਰਸਕਾਰ ਵਿਸ਼ਵ ਪੱਧਰ 'ਤੇ ਉਨ੍ਹਾਂ ਲੇਖਕਾਂ ਅਤੇ ਖੋਜਕਰਤਾਵਾਂ ਦੀ ਪਛਾਣ ਕਰਦੇ ਹਨ ਜਿਨ੍ਹਾਂ ਨੇ ਆਪਣੀ ਕਲਮ ਰਾਹੀਂ ਸਮਾਜਿਕ, ਇਤਿਹਾਸਕ ਅਤੇ ਤਕਨੀਕੀ ਵਿਸ਼ਿਆਂ 'ਤੇ ਡੂੰਘਾ ਪ੍ਰਭਾਵ ਪਾਇਆ ਹੈ।

## ਵਿਸ਼ਵ ਆਰਥਿਕਤਾ- 8 ਸਫ਼ੇ ਦੀ ਬਾਕੀ

ਯੂਰਪ ਵਿੱਚ ਗੈਸ ਦਾ ਹਾਹਾਕਾਰ ਅਤੇ ਸ਼ੇਅਰ ਬਾਜ਼ਾਰਾਂ ਵਿੱਚ ਗਿਰਾਵਟ ਇਸ ਗੱਲ ਦਾ ਸਬੂਤ ਹੈ ਕਿ ਵਿੱਤੀ ਸਿਸਟਮ ਕਿੰਨਾ ਕਮਜ਼ੋਰ ਹੋ ਚੁੱਕਾ ਹੈ। ਵਿਸ਼ਵ ਸ਼ਕਤੀਆਂ ਨੂੰ ਤੁਰੰਤ ਕੂਟਨੀਤਕ ਰਸਤੇ ਰਾਹੀਂ ਜੰਗ ਨੂੰ ਰੋਕਣ ਲਈ ਦਖ਼ਲ ਦੇਣਾ ਚਾਹੀਦਾ ਹੈ। ਦੇਸ਼ਾਂ ਨੂੰ ਆਪਣੀ ਊਰਜਾ ਨਿਰਭਰਤਾ ਘਟਾਉਣ ਅਤੇ ਬਦਲਵੇਂ ਸਰੋਤਾਂ 'ਤੇ ਧਿਆਨ ਦੇਣ ਦੀ ਲੋੜ ਹੈ। ਸਰਕਾਰਾਂ ਨੂੰ ਆਮ ਆਦਮੀ ਨੂੰ ਮਹਿੰਗਾਈ ਦੇ ਇਸ 'ਭਿਆਨਕ ਚੱਕਰਵਾਤ' ਤੋਂ ਬਚਾਉਣ ਲਈ ਠੋਸ ਨੀਤੀਆਂ ਤਿਆਰ ਕਰਨੀਆਂ ਪੈਣਗੀਆਂ। ਜੇਕਰ ਸਮਾਂ ਰਹਿੰਦਿਆਂ ਕਦਮ ਨਾ ਚੁੱਕੇ ਗਏ, ਤਾਂ 2026 ਦਾ ਇਹ ਸਾਲ ਮਨੁੱਖੀ ਇਤਿਹਾਸ ਵਿੱਚ ਇੱਕ ਵੱਡੇ ਆਰਥਿਕ ਪਤਨ ਦੇ ਰੂਪ ਵਿੱਚ ਯਾਦ ਕੀਤਾ ਜਾਵੇਗਾ।

-ਰਜਿੰਦਰ ਸਿੰਘ ਪੁਰੇਵਾਲ

## ਅਮਰੀਕੀ ਅਦਾਲਤ ਨੇ ਮੈਟਾ 'ਤੇ ਲਗਾਇਆ 3100 ਕਰੋੜ ਰੁਪਏ ਦਾ ਜ਼ੁਰਮਾਨਾ

ਵਾਸ਼ਿੰਟਨ : ਸੋਸ਼ਲ ਮੀਡੀਆ ਦਿੱਗਜ ਕੰਪਨੀ ਮੇਟਾ ਜੋ ਕਿ ਫੇਸਬੁੱਕ, ਇੰਸਟਾਗ੍ਰਾਮ ਅਤੇ ਵਟਸਐਪ ਦੀ ਮਾਲਕ ਹੈ, ਇੱਕ ਵੱਡੀ ਕਾਨੂੰਨੀ ਮੁਸੀਬਤ ਵਿੱਚ ਫਸ ਗਈ ਹੈ। ਇੱਕ ਇਤਿਹਾਸਕ ਫੈਸਲੇ ਵਿੱਚ ਅਮਰੀਕਾ ਦੇ ਨਿਊ ਮੈਕਸੀਕੋ ਵਿੱਚ ਇੱਕ ਜਿਊਰੀ ਨੇ ਮੇਟਾ ਤੇ ਲਗਭਗ 3100 ਕਰੋੜ ਰੁਪਏ ਦਾ ਭਾਰੀ ਜੁਰਮਾਨਾ ਲਗਾਇਆ ਹੈ। ਅਦਾਲਤ ਨੇ ਮੰਨਿਆ ਹੈ ਕਿ ਉਦਯੋਗਪਤੀ ਮਾਰਕ ਜ਼ੁਕਰਬਰਗ ਦੀ ਕੰਪਨੀ ਮੈਟਾ ਨੇ ਬੱਚਿਆਂ ਦੀ ਸੁਰੱਖਿਆ ਅਤੇ ਮਾਨਸਿਕ ਸਿਹਤ ਲਈ ਖਤਰਿਆਂ ਨੂੰ ਛੁਪਾਇਆ ਅਤੇ ਮੁਨਾਫ਼ੇ ਦੇ ਚੱਕਰ ਵਿੱਚ ਨਿਯਮਾਂ ਦੀ ਉਲੰਘਣਾ ਕੀਤੀ ।ਸੁਣਵਾਈ ਤੋਂ ਬਾਅਦ ਅਦਾਲਤ ਨੇ ਕੰਪਨੀ ਨੂੰ ਦੋਸ਼ੀ ਪਾਇਆ ਅਤੇ ਜੁਰਮਾਨਾ ਲਗਾਇਆ।

# ਸਿਆਸੀ ਚੰਦਾ: ਪੰਜਾਬ ਦੇ ਕਾਰਪੋਰੇਟਾਂ ਦੀ ਪਹਿਲੀ ਪਸੰਦ ਬਣੀ ਭਾਜਪਾ

## ✪ ਸੱਤਾਧਾਰੀ 'ਆਪ' ਨੂੰ ਮਿਲਿਆ ਮਾਮੂਲੀ ਫੰਡ, ਅਕਾਲੀ ਦਲ ਤੇ ਕਾਂਗਰਸ ਨੂੰ ਵੀ ਮਿਲੇ ਗਫੇ

ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਭਾਵੇਂ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਪੇਂਡੂ ਖੇਤਰਾਂ ਵਿੱਚ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਜਦੋਂ ਗੱਲ ਸਿਆਸੀ ਚੰਦੇ ਦੀ ਆਉਂਦੀ ਹੈ ਤਾਂ ਭਾਜਪਾ ਸਭ ਤੋਂ ਅੱਗੇ ਨਜ਼ਰ ਆ ਰਹੀ ਹੈ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਦੀ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਦੇ ਕਾਰਪੋਰੇਟ ਘਰਾਣਿਆਂ ਨੇ ਭਾਜਪਾ ਦੀ ਝੋਲੀ ਖੁੱਲ੍ਹੇ ਗੱਫੇ ਪਾਏ ਹਨ, ਜਦਕਿ ਰਾਜ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਬਹੁਤ ਘੱਟ ਚੰਦਾ ਮਿਲਿਆ ਹੈ।




ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਦੀਆਂ ਲੰਘੇ ਤਿੰਨ ਸਾਲਾਂ ਦੀਆਂ ਰਿਪੋਰਟਾਂ ਦੀ ਘੋਖ ਤੋਂ ਇਹ ਨਵੇਂ ਤੱਥ ਸਾਹਮਣੇ ਆਏ ਹਨ। 2024-25 ਦੌਰਾਨ ਪੰਜਾਬ 'ਚੋਂ ਭਾਜਪਾ ਨੂੰ 60.29 ਕਰੋੜ ਰੁਪਏ ਚੰਦਾ ਮਿਲਿਆ। ਇਕੱਲੇ ਕਾਰਪੋਰੇਟਾਂ ਨੇ ਤਿੰਨੋਂ ਧਿਰਾਂ ਨੂੰ 57.10 ਕਰੋੜ ਰੁਪਏ ਦਾ ਚੰਦਾ ਦਿੱਤਾ, ਜਿਸ ਵਿਚੋਂ ਵੱਡਾ ਹਿੱਸਾ ਭਾਜਪਾ ਦੇ ਹਿੱਸੇ ਆਇਆ।

ਸੱਤਾ 'ਚ ਹੋਣ ਦੇ ਬਾਵਜੂਦ 'ਆਪ' ਨੂੰ 71 ਲੱਖ ਰੁਪਏ ਚੰਦਾ ਮਿਲਿਆ, ਜਦੋਂ ਕਿ ਸੂਬੇ 'ਚ ਦੂਜੇ ਨੰਬਰ 'ਤੇ ਰਹੀ ਕਾਂਗਰਸ ਨੂੰ 3.73 ਕਰੋੜ ਰੁਪਏ ਮਿਲੇ ਹਨ। ਲੰਘੇ ਤਿੰਨ ਵਰ੍ਹਿਆਂ (2022-23 ਤੋਂ 2024-25) ਵਿਚ ਭਾਜਪਾ ਨੂੰ ਸਭ ਤੋਂ ਵੱਧ 65.95 ਕਰੋੜ ਰੁਪਏ ਚੰਦਾ ਮਿਲਿਆ, 'ਆਪ' ਨੂੰ 1.27 ਕਰੋੜ ਅਤੇ ਕਾਂਗਰਸ ਨੂੰ 6.71 ਕਰੋੜ ਰੁਪਏ ਚੰਦਾ ਮਿਲਿਆ। ਤਿੰਨ ਸਾਲਾਂ ਦੌਰਾਨ ਪੰਜਾਬ ਦੇ ਇਕੱਲੇ ਕਾਰਪੋਰੇਟਾਂ ਅਤੇ ਕਾਰੋਬਾਰੀਆਂ ਨੇ ਤਿੰਨੋ ਪ੍ਰਮੁੱਖ ਪਾਰਟੀਆਂ ਨੂੰ 62.58 ਕਰੋੜ ਦਾ ਚੰਦਾ ਦਿੱਤਾ ਹੈ, ਵਿਅਕਤੀਗਤ ਤੌਰ 'ਤੇ 11.46 ਕਰੋੜ ਰੁਪਏ ਦਾ ਚੰਦਾ ਦਿੱਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਵੀ ਸਾਲ 2024-25 ਦੌਰਾਨ ਪੰਜਾਬ ਵਿੱਚੋਂ 'ਆਪ' ਨਾਲੋਂ ਵੱਧ ਚੰਦਾ ਮਿਲਿਆ ਹੈ। ਚੋਣ ਕਮਿਸ਼ਨ ਦੀ ਰਿਪੋਰਟ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2024-25 ਦੌਰਾਨ 4.06 ਕਰੋੜ ਦਾ ਚੰਦਾ ਮਿਲਿਆ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਵੱਧ ਚੰਦਾ 1.81 ਕਰੋੜ ਔਰਬਿਟ ਰਿਜਾਰਜ ਲਿਮਟਿਡ ਨੇ ਦਿੱਤਾ ਹੈ ਅਤੇ ਔਰਬਿਟ ਏਵੀਏਸ਼ਨ ਨੇ 10 ਲੱਖ ਰੁਪਏ ਦਾ ਚੰਦਾ ਦਿੱਤਾ ਹੈ।

ਹਰਿਆਣਾ ਵਿਚ ਵੀ ਭਾਜਪਾ 196.40 ਕਰੋੜ ਨਾਲ ਮੋਹਰੀ ਹੈ। ਦਿਲਚਸਪ ਗੱਲ ਇਹ ਹੈ ਕਿ 'ਆਪ' ਨੂੰ ਹਰਿਆਣਾ ਵਿੱਚ ਪੰਜਾਬ (1.27 ਕਰੋੜ) ਨਾਲੋਂ ਕਿਤੇ ਵੱਧ 12.29 ਕਰੋੜ ਰੁਪਏ ਚੰਦਾ ਮਿਲਿਆ ਹੈ। ਦਿੱਲੀ ਵਿੱਚ ਭਾਜਪਾ ਨੂੰ 3453.35 ਕਰੋੜ ਅਤੇ 'ਆਪ' ਨੂੰ 37.07 ਕਰੋੜ ਰੁਪਏ ਚੰਦਾ ਮਿਲਿਆ।

ਸੁਨੀਲ ਜਾਖੜ ਪ੍ਰਧਾਨ, ਪੰਜਾਬ ਭਾਜਪਾ ਦਾ ਕਹਿਣਾ ਹੈ ਕਿ ਇਹ ਅੰਕੜੇ ਸਾਬਤ ਕਰਦੇ ਹਨ ਕਿ ਪੰਜਾਬ ਦੇ ਸਨਅਤਕਾਰਾਂ ਨੂੰ ਸਿਰਫ਼ ਭਾਜਪਾ 'ਤੇ ਹੀ ਭਰੋਸਾ ਹੈ ਕਿਉਂਕਿ ਮੌਜੂਦਾ ਸਰਕਾਰ ਦੇ ਰਾਜ ਵਿੱਚ ਸਨਅਤਾਂ ਪੰਜਾਬ ਤੋਂ ਪਲਾਇਨ ਕਰ ਰਹੀਆਂ ਹਨ।

ਗੁਰਮੀਤ ਸਿੰਘ ਮੀਤ ਹੇਅਰ ਸੰਸਦ ਮੈਂਬਰ, 'ਆਪ' ਨੇ ਦੋਸ਼ ਲਾਇਆ ਕਿ ਕਾਰਪੋਰੇਟ ਘਰਾਣੇ ਕੇਂਦਰੀ ਏਜੰਸੀਆਂ ਦੇ ਡਰ ਕਾਰਨ ਭਾਜਪਾ ਨੂੰ ਚੰਦਾ ਦੇਣ ਲਈ ਮਜਬੂਰ ਹਨ, ਜਦਕਿ ਦਿਲੋਂ ਉਹ 'ਆਪ' ਸਰਕਾਰ ਦੇ ਨਾਲ ਹਨ।

ਸਿਆਸੀ ਮਾਹਿਰਾਂ ਅਨੁਸਾਰ ਕਾਰਪੋਰੇਟ ਘਰਾਣੇ ਹਮੇਸ਼ਾ "ਹਵਾ ਦਾ ਰੁਖ਼" ਦੇਖ ਕੇ ਜਾਂ ਕੇਂਦਰੀ ਸੱਤਾ ਦੇ ਪ੍ਰਭਾਵ ਹੇਠ ਨਿਵੇਸ਼ ਕਰਦੇ ਹਨ। ਪੰਜਾਬ ਵਿੱਚ ਸੱਤਾ ਵਿੱਚ ਹੋਣ ਦੇ ਬਾਵਜੂਦ 'ਆਪ' ਦਾ ਚੰਦਾ ਘੱਟ ਹੋਣਾ ਇੱਕ ਚਰਚਾ ਦਾ ਵਿਸ਼ਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਪ ਦਾ ਗ੍ਰਾਫ ਡਿਗ ਰਿਹਾ ਹੈ।ਅਕਾਲੀ ਦਲ ਦਾ ਆਧਾਰ ਫਿਰ ਬਣ ਰਿਹਾ।

# ਪਤਨੀ ਨੂੰ ਪੈਸੇ ਖਰਚ ਕੇ ਕੈਨੇਡਾ ਭੇਜਣ ਵਾਲੇ ਪਤੀ ਨੇ ਕੀਤੀ ਖੁਦਕੁਸ਼ੀ

## ✪ ਪਤਨੀ ਤੇ ਸਹੁਰੇ ਪਰਿਵਾਰ ਖ਼ਿਲਾਫ਼ ਮਾਮਲਾ ਦਰਜ

ਗੜ੍ਹਸ਼ੰਕਰ (ਹੋਸ਼ਿਆਰਪੁਰ)-ਪੰਜਾਬ ਵਿੱਚ ਵਿਦੇਸ਼ ਭੇਜਣ ਦੇ ਨਾਮ 'ਤੇ ਹੋ ਰਹੀ ਧੋਖਾਧੜੀ ਨੇ ਇੱਕ ਹੋਰ ਘਰ ਦਾ ਚਿਰਾਗ ਬੁਝਾ ਦਿੱਤਾ ਹੈ। ਗੜ੍ਹਸ਼ੰਕਰ ਦੇ ਪਿੰਡ ਗੱਦੀਵਾਲ ਦੇ ਰਹਿਣ ਵਾਲੇ ਅਮਰਜੀਤ ਸਿੰਘ ਨੇ ਆਪਣੀ ਪਤਨੀ ਅਤੇ ਸਹੁਰੇ ਪਰਿਵਾਰ ਤੋਂ ਦੁਖੀ ਹੋ ਕੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲਿਸ ਨੇ ਇਸ ਮਾਮਲੇ ਵਿੱਚ ਮ੍ਰਿਤਕ ਦੀ ਪਤਨੀ, ਸੱਸ ਅਤੇ ਸਾਲੇ ਸਮੇਤ ਚਾਰ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ।

### ਕੀ ਹੈ ਪੂਰਾ ਮਾਮਲਾ ?

ਮ੍ਰਿਤਕ ਦੇ ਪਿਤਾ ਕਿਸ਼ਨ ਸਿੰਘ ਵੱਲੋਂ ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਅਮਰਜੀਤ ਸਿੰਘ ਦਾ ਵਿਆਹ ਜਨਵਰੀ 2024 ਵਿੱਚ ਹਿਮਾਚਲ ਪ੍ਰਦੇਸ਼ ਦੀ ਕੁਲਵਿੰਦਰ ਕੌਰ ਨਾਲ ਹੋਇਆ ਸੀ। ਅਪ੍ਰੈਲ 2024 ਵਿੱਚ ਅਮਰਜੀਤ ਨੇ 15 ਲੱਖ ਰੁਪਏ ਖਰਚ ਕੇ ਆਪਣੀ ਪਤਨੀ ਨੂੰ ਸਟੱਡੀ ਵੀਜ਼ੇ 'ਤੇ ਕੈਨੇਡਾ ਭੇਜਿਆ ਸੀ। ਕੈਨੇਡਾ ਜਾਣ ਤੋਂ ਬਾਅਦ ਵੀ ਅਮਰਜੀਤ ਆਪਣੀ ਪਤਨੀ ਨੂੰ ਹਰ ਮਹੀਨੇ 1 ਲੱਖ ਰੁਪਏ ਭੇਜਦਾ ਰਿਹਾ। ਇੱਥੋਂ ਤੱਕ ਕਿ ਆਪਣੀ ਧੀ ਦੇ ਜਨਮ ਸਮੇਂ ਵੀ ਉਸ ਨੇ 2 ਲੱਖ ਰੁਪਏ ਦਾ ਸਾਮਾਨ ਭੇਜਿਆ। ਜਦੋਂ ਅਮਰਜੀਤ ਨੇ ਕੈਨੇਡਾ ਜਾਣ ਦੀ ਗੱਲ ਕੀਤੀ, ਤਾਂ ਪਤਨੀ ਅਤੇ ਸਹੁਰੇ ਪਰਿਵਾਰ ਨੇ ਉਸ ਨੂੰ ਦੁਬਈ ਜਾਣ ਲਈ ਮਜਬੂਰ ਕਰ ਦਿੱਤਾ। ਦੁਬਈ ਜਾਣ ਤੋਂ ਬਾਅਦ ਕੁਲਵਿੰਦਰ ਕੌਰ ਨੇ ਫੋਨ 'ਤੇ ਸਾਫ਼ ਕਹਿ ਦਿੱਤਾ ਕਿ ਉਹ ਉਸ ਨੂੰ ਕੈਨੇਡਾ ਨਹੀਂ ਬੁਲਾਏਗੀ ਅਤੇ ਉਸ ਨੂੰ ਤਲਾਕ ਦੇਣਾ ਚਾਹੁੰਦੀ ਹੈ। ਇਸ ਮਾਨਸਿਕ ਪਰੇਸ਼ਾਨੀ ਅਤੇ ਧੋਖੇ ਨੂੰ ਬਰਦਾਸ਼ਤ ਨਾ ਕਰਦੇ ਹੋਏ ਅਮਰਜੀਤ ਸਿੰਘ ਨੇ ਬੀਤੇ ਦਿਨੀਂ ਆਪਣੇ ਪਿੰਡ ਗੱਦੀਵਾਲ ਵਿਖੇ ਕਮਰੇ ਵਿੱਚ ਪੱਖੇ ਨਾਲ ਫਾਹਾ ਲੈ ਲਿਆ। ਪੁਲਿਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਪਤਨੀ ਕੁਲਵਿੰਦਰ ਕੌਰ, ਸੱਸ ਕੁਲਜੀਤ ਕੌਰ, ਸਾਲੇ ਲਖਵਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਆਪਣੇ ਪਿੱਛੇ ਇੱਕ ਛੋਟੀ ਬੱਚੀ ਏਕਨੂਰ ਨੂੰ ਛੱਡ ਗਿਆ ਹੈ।

ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਵਿੱਚ 'ਕੰਟਰੈਕਟ ਮੈਰਿਜ' ਜਾਂ ਵਿਦੇਸ਼ ਭੇਜਣ ਦੇ ਨਾਮ 'ਤੇ ਹੋ ਰਹੇ ਅਜਿਹੇ ਮਾਮਲੇ ਲਗਾਤਾਰ ਵਧ ਰਹੇ ਹਨ।

# ਸ਼ਹੀਦ ਸਤਵੰਤ ਸਿੰਘ ਦੇ ਭਤੀਜੇ ਬਲਤੇਜ ਸਿੰਘ ਦਾ ਨਾਂ ਨਸ਼ਾ ਤਸਕਰੀ ਮਾਮਲੇ ਵਿਚ ਨਸ਼ਰ



ਆਕਲੈਂਡ/ਚੰਡੀਗੜ੍ਹ-ਨਿਊਜ਼ੀਲੈਂਡ ਦੀ ਸਭ ਤੋਂ ਵੱਡੀ ਨਿਊਜ਼ ਸੰਸਥਾ 'ਸਟੱਫ' ਨੇ ਦੇਸ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਮੈਥਾਮਫੇਟਾਮਾਈਨ ਜ਼ਬਤ ਕਰਨ ਦੇ ਮਾਮਲੇ ਵਿੱਚ ਬਲਤੇਜ ਸਿੰਘ ਨੂੰ ਮੁੱਖ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਕੀਤਾ ਹੈ। ਬਲਤੇਜ ਸਿੰਘ, ਸਤਵੰਤ ਸਿੰਘ ਦਾ ਭਤੀਜਾ ਹੈ, ਜਿਸ ਨੇ ਅਕਤੂਬਰ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕੀਤਾ ਸੀ। ਨਿਊਜ਼ੀਲੈਂਡ ਦੀ ਅਦਾਲਤ ਨੇ ਪਹਿਲਾਂ ਬਲਤੇਜ ਦੇ ਨਾਂ ਨੂੰ ਜਨਤਕ ਕਰਨ 'ਤੇ ਰੋਕ ਲਗਾਈ ਸੀ। ਪਰ ਹੁਣ ਬਲਤੇਜ ਨੇ ਖੁਦ ਹੀ ਇਸ ਪਾਬੰਦੀ ਨੂੰ ਬਰਕਰਾਰ ਰੱਖਣ ਦੀ ਅਪੀਲ ਵਾਪਸ ਲੈ ਲਈ ਹੈ, ਜਿਸ ਤੋਂ ਬਾਅਦ ਉਥੋਂ ਦੇ ਮੀਡੀਆ ਨੇ ਪਹਿਲੀ ਵਾਰ ਉਸਦਾ ਨਾਂ ਨਸ਼ਰ ਕੀਤਾ ਹੈ।

ਬਲਤੇਜ ਸਿੰਘ ਨੂੰ ਮੈਥਾਮਫੇਟਾਮਾਈਨ, ਐਫੇਡਰਾਈਨ ਅਤੇ ਕੋਕੀਨ ਦੀ ਤਸਕਰੀ ਦੇ ਦੋਸ਼ ਵਿੱਚ 22 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਆਕਲੈਂਡ ਹਵਾਈ ਅੱਡੇ ਤੋਂ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਦੁਬਈ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ।

ਇਹ ਮਾਮਲਾ ਮਾਰਚ 2023 ਵਿੱਚ ਸਾਹਮਣੇ ਆਇਆ ਸੀ ਜਦੋਂ ਆਕਲੈਂਡ ਵਿੱਚ 21 ਸਾਲਾ ਏਡਨ ਸਗਾਲਾ ਦੀ 'ਹਨੀ ਬੀਅਰ' ਨਾਂ ਦੇ ਕੈਨ ਵਿੱਚੋਂ ਨਸ਼ੀਲਾ ਪਦਾਰਥ ਪੀਣ ਨਾਲ ਮੌਤ ਹੋ ਗਈ ਸੀ। ਜਾਂਚ ਦੌਰਾਨ ਪੁਲਿਸ ਨੂੰ 700 ਕਿਲੋ ਤਰਲ ਮੈਥਾਮਫੇਟਾਮਾਈਨ ਬਰਾਮਦ ਹੋਈ, ਜੋ ਕੈਨੇਡਾ, ਭਾਰਤ ਅਤੇ ਅਮਰੀਕਾ ਤੋਂ ਜੂਸ ਅਤੇ ਬੀਅਰ ਦੇ ਡੱਬਿਆਂ ਵਿੱਚ ਲੁਕਾ ਕੇ ਮੰਗਵਾਈ ਗਈ ਸੀ।

ਬਲਤੇਜ ਸਿੰਘ, ਸਰਵਣ ਸਿੰਘ ਅਗਵਾਨ ਦਾ ਪੁੱਤਰ ਹੈ। ਉਸਦਾ ਪਰਿਵਾਰ 1980 ਦੇ ਦਹਾਕੇ ਵਿੱਚ ਨਿਊਜ਼ੀਲੈਂਡ ਚਲਾ ਗਿਆ ਸੀ। ਰਿਪੋਰਟਾਂ ਮੁਤਾਬਕ ਪਿਛਲੇ ਕੁਝ ਸਾਲਾਂ ਵਿੱਚ ਇਸ ਪਰਿਵਾਰ ਦੀ ਜਾਇਦਾਦ ਵਿੱਚ ਭਾਰੀ ਵਾਧਾ ਹੋਇਆ ਸੀ। ਨਿਊਜ਼ੀਲੈਂਡ ਪੁਲਿਸ ਨੇ ਇਸ ਮਾਮਲੇ ਵਿੱਚ ਲਗਭਗ 36 ਮਿਲੀਅਨ ਨਿਊਜ਼ੀਲੈਂਡ ਡਾਲਰ ਦੀ ਜਾਇਦਾਦ ਵੀ ਜ਼ਬਤ ਕੀਤੀ ਹੈ। ਇਸੇ ਮਾਮਲੇ ਵਿੱਚ ਇੱਕ ਹੋਰ ਦੋਸ਼ੀ ਹਿਮਤਜੀਤ ਜਿੰਮੀ ਸਿੰਘ ਕਾਹਲੋਂ ਨੂੰ ਗੈਰ-ਇਰਾਦਤਨ ਕਤਲ ਦੇ ਦੋਸ਼ ਵਿੱਚ 21 ਸਾਲ ਦੀ ਸਜ਼ਾ ਸੁਣਾਈ ਗਈ ਹੈ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਸਾਊਥਾਲ ਵਿੱਚ ਖਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਇਆ









**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੇ ਸਬੰਧ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਅਤੇ ਪੰਜ ਨਿਸ਼ਾਨਚੀ ਸਿੰਘ ਕਰ ਰਹੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁੰਦਰ ਪਾਲਕੀ ਵਿੱਚ ਸ਼ਸ਼ੋਭਤ ਸਨ, ਵਾਹਿਗੁਰੂ ਨਾਮ ਸਿਮਰਨ ਕਰਦੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਪੈਦਲ ਚੱਲ ਰਹੀਆਂ ਸਨ।**

ਨਗਰ ਕੀਰਤਨ ਦੀ ਆਰੰਭਤਾ ਗੁਰਦੁ-ਆਰਾ ਗੁਰੂ ਨਾਨਕ ਰੋਡ ਤੋਂ ਹੋਈ। ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਮਨਜੀਤ ਸਿੰਘ, ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਈਲਿੰਗ ਸਾਊਥਾਲ ਦੀ ਐਮ ਪੀ ਡੀਅਰਡਰੇ ਕੋਸਟੀਗਨ, ਹੇਜ਼ ਹਾਲਿੰਗਡਨ ਦੇ ਐਮ ਪੀ ਜੌਹਨ ਮੈਕਡਾਨਲਡ, ਕੌਂਸਲਰ ਪੀਟਰ ਮੇਸਨ, ਕੌਂਸਲਰ ਜਸਬੀਰ ਕੌਰ ਅਨੰਦ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਗੁਰਪ੍ਰਤਾਪ ਸਿੰਘ ਢਿਲੋਂ, ਕੌਂਸਲਰ ਰਣਜੀਤ ਧੀਰ ਆਦਿ ਨੇ ਸੰਗਤਾਂ ਨੂੰ ਵਧਾਈ ਦਿੱਤੀ।

ਰਸਤੇ ਵਿੱਚ ਸੰਗਤਾਂ ਨੇ ਥਾਂ ਥਾਂ ਲੰਗਰ ਲਗਾਏ, ਗੱਤਕਾ ਅਖਾੜੇ ਦੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਵਿਖਾਏ। ਕਿੰਗ ਸਟੀਰਟ, ਦ ਗਰੀਨ, ਸਾਊਥ ਰੋਡ ਤੋਂ ਹੁੰਦਾ ਹੋਇਆ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਸਮਾਪਤ ਹੋਇਆ।

ਸੰਸਦ ਮੈਂਬਰ ਕੋਲ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਗਰੂਮਿੰਗ ਦੀ ਸਮੱਸਿਆ ਦਾ ਮੁੱਦਾ ਉਠਾਇਆ ਉਹਨਾਂ ਕਿਹਾ ਕਿ ਗਰੂਮਿੰਗ ਸਾਡੇ ਬੱਚਿਆਂ ਅਤੇ ਪ੍ਰੀਵਾਰਾਂ ਲਈ ਵੱਡੀ ਸਮੱਸਿਆ ਬਣੀ ਹੋਈ ਹੈ ਅਤੇ ਸਰਕਾਰ ਨੂੰ ਅਜੇਹੇ ਅਨਸਰਾਂ ਨੂੰ ਨੱਥ ਪਾਉਣ ਲਈ ਸਖ਼ਤ ਕਦਮ ਉਠਾਉਣੇ ਚਾਹੀਦੇ ਹਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਮੇਲ ਸਿੰਘ ਮੱਲ੍ਹੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਟਰੱਸਟੀ ਅਮਰਜੀਤ ਸਿੰਘ ਦਾਸਨ, ਮਲਕੀਤ ਸਿੰਘ ਗਰੇਵਾਲ, ਕੇਵਲ ਸਿੰਘ ਰਣਦੇਵਾ, ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਜੈਸਿਮਰਨ ਸਿੰਘ, ਮਨਜੀਤ ਸਿੰਘ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੋਹਣ ਸਿੰਘ ਸੁਮਰਾ, ਭਰਪੂਰ ਸਿੰਘ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਕਿਰਨਜੀਤ ਕੌਰ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ, ਅਮਰਜੀਤ ਸਿੰਘ ਦਾਸਨ, ਬਲਜੀਤ ਸਿੰਘ ਮੱਲ੍ਹੀ, ਬਲਬੀਰ ਸਿੰਘ ਰਣੀਆ, ਬਲਵਿੰਦਰ ਸਿੰਘ ਪੱਟੀ, ਜਗਰਾਜ ਸਿੰਘ ਸਰਾਂ ਸਰਬਜੀਤ ਸਿੰਘ ਸਾਬੀ ਬਸਰਾ, ਬਿੱਲਾ ਗਿੱਲ ਦੀਨੇਵਾਲੀਆ, ਸੁੱਖਾ ਸਿੰਘ, ਬਲਜਿੰਦਰ ਸਿੰਘ ਜੈਨਪੁਰੀਆ, ਜਸਪਾਲ ਸਿੰਘ ਥਿੰਦ, ਪ੍ਰਤਾਪ ਸਿੰਘ ਮੋਮੀ, ਗੁਰਚਰਨ ਸਿੰਘ ਸੁਜਾਪੁਰ, ਤਰਸੇਮ ਸਿੰਘ ਮੁੱਤੀ, ਜਰਨੈਲ ਬੱਲ, ਅਮਰੀਕ ਸਿੰਘ ਘੁੰਮਣ, ਰਾਜੂ ਸਿੱਧੂ, ਸੁੱਖੀ ਬੱਲ, ਹਰਜਿੰਦਰ ਬੱਲ, ਸ਼ੇਰਾ ਬੱਲ, ਤੇਜਵੰਤ ਸਿੰਘ ਚਾਹਲ, ਕੁੱਕੀ ਸਿੱਧਵਾਂ, ਮਹਿੰਦਰ ਸਿੰਘ ਗਿੱਲ, ਕੁਲਵੰਤ ਸਿੰਘ ਭਿੰਡਰ, ਮਨਜੀਤ ਸਿੰਘ ਬੁੱਟਰ, ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ, ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਤੋਂ ਸ੍ਰੀ ਆਤਮਾ ਰਾਮ ਢਾਂਡਾ, ਦਰਸ਼ਨ ਸਿੰਘ ਨਾਗੀ, ਰਾਮ ਮੰਦਰ ਦੇ ਪ੍ਰਬੰਧਕਾਂ ਆਦਿ ਸਮੇਤ ਹੋਰ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ, ਬਰਤਾਨਵੀ ਫੌਜ ਦੇ ਸਿੱਖ ਸਿਪਾਹੀਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ।

## ਬਰਤਾਨੀਆ ਵੱਲੋਂ ਈਰਾਨ-ਇਜ਼ਰਾਈਲ ਯੁੱਧ ਵਿੱਚ ਫੌਜਾਂ ਭੇਜਣ ਤੋਂ ਇਨਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਈਰਾਨ-ਇਜ਼ਰਾਈਲ ਜੰਗ ਦੇ ਵਿਚਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਇਕੱਲੇ ਪੈਂਦੇ ਹੋਏ ਨਜ਼ਰ ਆ ਰਹੇ ਹਨ। ਅਮਰੀਕਾ ਨੂੰ ਸਭ ਤੋਂ ਨਜ਼ਦੀਕੀ ਸਹਿਯੋਗੀਆਂ ਬਰਤਾਨੀਆ ਅਤੇ ਸਪੇਨ ਨੇ ਇਸ ਜੰਗ ਵਿੱਚ ਸਿੱਧਾ ਸਹਿਯੋਗ ਦੇਣ ਤੋਂ ਸਾਫ਼ ਇਨਕਾਰ ਕਰਦਿਆਂ ਅਮਰੀਕਾ ਨੂੰ ਵੱਡਾ ਝਟਕਾ ਦਿੱਤਾ ਹੈ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਈਰਾਨ ਵਿੱਚ ਆਪਣੀ ਸੈਨਾ ਨਹੀਂ ਭੇਜੇਗਾ। ਉਨ੍ਹਾਂ ਨੇ ਸਖ਼ਤ ਲਹਿਜੇ ਵਿੱਚ ਕਿਹਾ, "ਇਹ ਸਾਡੀ ਲੜਾਈ ਨਹੀਂ ਹੈ, ਅਸੀਂ ਇਸ ਵਿੱਚ ਸ਼ਾਮਲ ਨਹੀਂ ਹੋਵਾਂਗੇ।" ਸਟਾਰਮਰ ਅਨੁਸਾਰ ਯੂ ਕੇ ਦੀ ਭੂਮਿਕਾ ਸਿਰਫ਼ ਰੱਖਿਆਤਮਕ ਰਹੇਗੀ ਅਤੇ ਉਨ੍ਹਾਂ ਦੀ ਤਰਜੀਹ ਬਰਤਾਨਵੀ ਨਾਗਰਿਕਾਂ ਅਤੇ ਆਪਣੇ ਸਹਿਯੋਗੀਆਂ ਦੀ ਸੁਰੱਖਿਆ ਕਰਨਾ ਹੈ। ਹਾਲਾਂਕਿ, ਬਰਤਾਨੀਆ ਨੇ ਹੋਰਮੁਜ਼ ਜਲਡਮਰੂਮੱਧ ਨੂੰ ਖੋਲ੍ਹਣ ਦੇ ਯਤਨ ਜਾਰੀ ਰੱਖਣ ਅਤੇ ਅਮਰੀਕਾ ਨੂੰ ਆਪਣੇ ਫੌਜੀ ਅੱਡਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ।

## ਬਾਡੀਬਿਲਡਰ ਵਰਿੰਦਰ ਸਿੰਘ ਘੁੰਮਣ ਦੀ ਮੌਤ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਕਮੇਟੀ ਦਾ ਗਠਨ



ਪੰਜਾਬ ਸਰਕਾਰ ਨੇ ਮਸ਼ਹੂਰ ਬਾਡੀਬਿਲਡਰ ਵਰਿੰਦਰ ਸਿੰਘ ਘੁੰਮਣ ਦੀ ਮੌਤ ਦੇ ਮਾਮਲੇ ਵਿੱਚ ਜਾਂਚ ਲਈ ਇੱਕ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਹੈ। ਘੁੰਮਣ ਦਾ ਦੇਹਾਂਤ 9 ਅਕਤੂਬਰ 2025 ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਹੋਇਆ ਸੀ, ਜਿਸ ਤੋਂ ਬਾਅਦ ਵਿਆਪਕ ਚਿੰਤਾ ਅਤੇ ਡਾਕਟਰੀ ਲਾਪਰਵਾਹੀ ਦੇ ਦੋਸ਼ ਲੱਗੇ ਸਨ। ਇਸ ਘਟਨਾ ਤੋਂ ਬਾਅਦ ਪੁਲੀਸ ਨੇ ਨਿੱਜੀ ਹਸਪਤਾਲ ਦੇ ਚਾਰ ਡਾਕਟਰਾਂ ਵਿਰੁੱਧ ਮਾਮਲਾ ਦਰਜ ਕੀਤਾ ਸੀ, ਜਿਸ ਨਾਲ ਦਿੱਤੇ ਗਏ ਇਲਾਜ ਦੀ ਜਾਂਚ ਤੇਜ਼ ਹੋ ਗਈ ਸੀ।

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਅਧਿਕਾਰਤ ਹੁਕਮਾਂ ਅਨੁਸਾਰ, ਨਵੀਂ ਬਣੀ ਕਮੇਟੀ ਵਿੱਚ ਫੋਰੈਂਸਿਕ ਮੈਡੀਸਨ, ਜਨਰਲ ਮੈਡੀਸਨ, ਸਰਜਰੀ ਅਤੇ ਮੈਡੀਕਲ ਸਿੱਖਿਆ ਸਮੇਤ ਕਈ ਵਿਸ਼ਿਆਂ ਦੇ ਸੀਨੀਅਰ ਡਾਕਟਰ ਅਤੇ ਮਾਹਿਰ ਸ਼ਾਮਲ ਹਨ। ਪੈਨਲ ਨੂੰ ਕੇਸ ਦੇ ਸਾਰੇ ਪਹਿਲੂਆਂ, ਖਾਸ ਤੌਰ 'ਤੇ ਮਰੀਜ਼ ਨੂੰ ਦਿੱਤੇ ਗਏ ਇਲਾਜ ਦੀ ਲਾਈਨ ਅਤੇ ਪ੍ਰਦਾਨ ਕੀਤੀਆਂ ਗਈਆਂ ਸਹੂਲਤਾਂ ਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ ਹੈ।

# ਨੀਰਵ ਮੋਦੀ ਦੀ ਭਾਰਤ ਹਵਾਲਗੀ ਲਈ ਰਾਹ ਸਾਫ਼-ਲੰਡਨ ਅਦਾਲਤ ਨੇ ਭਾਰਤੀ ਪੱਖ ਤੇ ਜਿਤਾਈ ਸੰਤੁਸ਼ਟੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਨੈਸ਼ਨਲ ਬੈਂਕ ਨਾਲ 13,800 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀ ਭਾਰਤ ਹਵਾਲਗੀ ਦਾ ਰਾਹ ਲੱਗਭੱਗ ਸਾਫ਼ ਹੋ ਗਿਆ ਹੈ। ਲੰਡਨ ਹਾਈ ਕੋਰਟ ਨੇ ਨੀਰਵ ਮੋਦੀ ਵੱਲੋਂ ਹਵਾਲਗੀ ਰੋਕਣ ਲਈ ਦਾਇਰ ਕੀਤੀ ਆਖਰੀ ਅਪੀਲ ਨੂੰ ਵੀ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਅਦਾਲਤ ਦੇ ਇਸ ਫ਼ੈਸਲੇ ਨਾਲ ਨੀਰਵ ਮੋਦੀ ਦੇ ਯੂ.ਕੇ. ਵਿੱਚ ਸਾਰੇ ਕਾਨੂੰਨੀ ਰਾਹ ਹੁਣ ਲਗਭਗ ਬੰਦ ਹੋ ਗਏ ਹਨ।*

ਲੰਡਨ ਹਾਈ ਕੋਰਟ ਨੇ ਨੀਰਵ ਮੋਦੀ ਦੇ ਉਨ੍ਹਾਂ ਦਾਅਵਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਭਾਰਤ ਵਿੱਚ ਉਸ ਨਾਲ ਬੁਰਾ ਸਲੂਕ ਜਾਂ ਤਸ਼ੱਦਦ ਹੋ ਸਕਦਾ ਹੈ। ਅਦਾਲਤ ਨੇ ਕਿਹਾ ਕਿ ਅਜੇਹਾ ਕੋਈ ਵੀ ਤੱਥ ਨਹੀਂ ਹੈ ਜੋ ਅਪੀਲ ਨੂੰ ਮੁੜ ਖੋਲ੍ਹਣ ਲਈ ਜ਼ਰੂਰੀ ਹੋਵੇ। ਅਦਾਲਤ ਨੇ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ 'ਤੇ ਤਸੱਲੀ ਪ੍ਰਗਟਾਈ ਹੈ।

ਭਾਰਤੀ ਹਾਈ ਕਮਿਸ਼ਨ ਨੇ 12 ਫਰਵਰੀ 2026 ਨੂੰ ਸਪੱਸ਼ਟ ਕੀਤਾ ਸੀ ਕਿ ਨੀਰਵ ਮੋਦੀ ਨੂੰ ਸਿਰਫ਼ ਨਿਆਂਇਕ ਟ੍ਰਾਇਲ ਲਈ ਭਾਰਤ ਲਿਆਂਦਾ ਜਾ ਰਿਹਾ ਹੈ। ਸੀ ਬੀ ਆਈ, ਈ ਜੀ ਜਾਂ ਕੋਈ ਹੋਰ ਏਜੰਸੀ ਉਸ ਤੋਂ ਪੁੱਛਗਿੱਛ ਨਹੀਂ ਕਰੇਗੀ। ਉਸ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿੱਚ ਹੀ ਰੱਖਿਆ ਜਾਵੇਗਾ ਅਤੇ ਕਿਸੇ ਹੋਰ ਜੇਲ੍ਹ ਵਿੱਚ ਟਰਾਂਸਫਰ ਨਹੀਂ ਕੀਤਾ ਜਾਵੇਗਾ ਤੇ ਨਾਲ ਹੀ ਅਦਾਲਤੀ ਪੇਸ਼ੀਆਂ ਲਈ ਵੀਡੀਓ



ਕਾਨਫਰੰਸਿੰਗ ਦੀ ਪੂਰੀ ਸਹੂਲਤ ਦਿੱਤੀ ਜਾਵੇਗੀ।

ਜੱਜਾਂ ਨੇ ਕਿਹਾ ਕਿ ਉਹ ਭਾਰਤ ਸਰਕਾਰ ਦੀ ਨੀਤੀ ਤੋਂ ਸੰਤੁਸ਼ਟ ਹਨ ਅਤੇ ਇਹ ਮੰਨਦੇ ਹਨ ਕਿ ਭਾਰਤ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰੇਗਾ। ਜ਼ਿਕਰਯੋਗ ਹੈ ਕਿ ਨੀਰਵ ਮੋਦੀ ਨੂੰ 19 ਮਾਰਚ 2019 ਨੂੰ ਲੰਡਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਉਦੋਂ ਤੋਂ ਹੀ ਲੰਡਨ ਦੀ ਵੈਂਡਸਵਰਥ ਜੇਲ੍ਹ ਵਿੱਚ ਬੰਦ ਹੈ। ਉਸ ਦੇ ਮਾਮੇ ਮੇਹੁਲ ਚੋਕਸੀ ਦੇ ਖ਼ਿਲਾਫ਼ ਵੀ ਬੈਲਜੀਅਮ ਦੀ ਅਦਾਲਤ ਨੇ ਹਾਲ ਹੀ ਵਿੱਚ ਅਜਿਹਾ ਹੀ ਸਖ਼ਤ ਫ਼ੈਸਲਾ ਸੁਣਾਇਆ ਸੀ। ਨੀਰਵ ਮੋਦੀ ਦੀ ਹਵਾਲਗੀ ਭਾਰਤੀ ਜਾਂਚ ਏਜੰਸੀਆਂ ਲਈ ਇੱਕ ਵੱਡੀ ਜਿੱਤ ਹੈ। ਹੁਣ ਉਮੀਦ ਜਤਾਈ ਜਾ ਰਹੀ ਹੈ ਕਿ ਜਲਦੀ ਹੀ ਉਸ ਨੂੰ ਭਾਰਤ ਲਿਆਂਦਾ ਜਾ ਸਕਦਾ ਹੈ।

# ਕਿੰਗਸਟਨ ਪੈਲਿਸ ਲੰਡਨ ਵਿੱਚ ਅੱਜ ਤੋਂ "ਪੰਜਾਬ ਦੀਆਂ ਆਖਰੀ ਸਹਿਜ਼ਾਦੀਆਂ" ਪ੍ਰਦਰਸ਼ਨੀ ਸ਼ੁਰੂ










**ਮਹਾਰਾਣੀ ਜਿੰਦ ਕੌਰ ਦਾ ਅਸਲੀ ਚਿੱਤਰ ਅਤੇ ਮਹਾਰਾਣੀ ਬੰਬਾ ਦਲੀਪ ਸਿੰਘ ਦੀਆਂ ਤਸਵੀਰਾਂ ਦੀ ਐਲਬਮ,**
**ਐਮ ਪੀ ਤਨਮਨਜੀਤ ਸਿੰਘ ਢੇਸੀ, ਮਨਪ੍ਰੀਤ ਸਿੰਘ ਬੱਧਨੀ ਕਲਾਂ ਅਤੇ ਹੋਰ ਪ੍ਰਦਰਸ਼ਨੀ ਵੇਖਣ ਮੌਕੇ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਰਾਜਾ ਚਾਰਲਸ ਦੇ ਮਹੱਲ ਕਿੰਗਸਟਨ ਪੈਲਿਸ ਲੰਡਨ ਵਿੱਚ ਅੱਜ 26 ਮਾਰਚ ਤੋਂ "ਪੰਜਾਬ ਦੀਆਂ ਆਖਰੀ ਸਹਿਜ਼ਾਦੀਆਂ" ਪ੍ਰਦਰਸ਼ਨੀ ਸ਼ੁਰੂ ਹੋ ਗਈ ਹੈ।

ਇਹ ਪ੍ਰਦਰਸ਼ਨੀ ਬਰਤਾਨੀਆਂ ਵਿੱਚ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿਵਾਉਣ ਲਈ ਜਦੋ ਜਹਿਦ ਕਰਨ ਵਾਲੀ ਸੋਫੀਆ ਦਲੀਪ ਸਿੰਘ ਦੀ 150ਵੀਂ ਜਨਮ ਦਿਨ ਵਰ੍ਹੇਗੰਢ ਨੂੰ ਸਮਰਪਿਤ ਹੈ। ਇਸ ਪ੍ਰਦਰਸ਼ਨੀ ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਜਿੰਦ ਕੌਰ, ਮਹਾਰਾਜਾ ਦਲੀਪ ਸਿੰਘ ਦੀ ਪਤਨੀ ਬੰਬਾ ਮੂਲਰ ਅਤੇ ਬੇਟੀਆਂ ਰਾਜਕੁਮਾਰੀ ਬੰਬਾ ਸੋਫੀਆ ਜਿੰਦਾਂ ਦਲੀਪ ਸਿੰਘ, ਕੈਥਰੀਨ ਦਲੀਪ ਸਿੰਘ ਅਤੇ ਸੋਫੀਆ ਦਲੀਪ ਸਿੰਘ ਦੀਆਂ 100 ਤੋਂ ਵੱਧ ਨਿਸ਼ਾਨੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਜਿਸ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਅਸਲੀ ਜੈਕਿਟ ਤੋਂ ਇਲਾਵਾ ਮਹਾਰਾਣੀ ਜਿੰਦ ਕੌਰ ਦੀ ਚਿੱਤਰਕਾਰ ਜੌਰਜ਼ ਰਿਚਮੰਡ ਵੱਲੋਂ 1862 ਵਿੱਚ ਬਣਾਇਆ ਚਿੱਤਰ ਵੀ ਪ੍ਰਦਰਸ਼ਿਤ ਕੀਤਾ ਹੈ, ਜੋ ਇਸ ਸਮੇਂ ਅਮਰੀਕਾ ਵਿੱਚ ਕੰਪਾਨੀ ਸੰਗ੍ਰਹਿ ਕੋਲ ਹੈ ਅਤੇ ਕਈ ਸਾਲਾਂ ਬਾਅਦ ਮੁੜ ਲੰਡਨ ਲਿਆਂਦਾ ਗਿਆ ਹੈ।

ਇਸ ਪ੍ਰਦਰਸ਼ਨੀ ਵਿੱਚ ਉੱਘੇ ਇਤਿਹਾਸਕਾਰ ਅਤੇ ਸੰਗ੍ਰਹਿ ਕਰਤਾ ਪੀਟਰ ਬੈਂਸ ਦੀਆਂ ਮਹਾਰਾਜਾ ਦਲੀਪ ਸਿੰਘ ਨਾਲ ਸਬੰਧਿਤ ਬਹੁ ਗਿਣਤੀ ਨਿਸ਼ਾਨੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ਪ੍ਰਦਰਸ਼ਨੀ ਨੂੰ ਆਮ ਲੋਕਾਂ ਲਈ ਖੋਲ੍ਹਣ ਤੋਂ ਪਹਿਲਾਂ ਮੀਡੀਆ ਅਤੇ ਪ੍ਰਮੁੱਖ ਸਖਸ਼ੀਅਤਾਂ ਲਈ ਖਾਸ ਸਮਾਗਮ ਉਲੀਕੇ ਗਏ। ਜਿਕਰਯੋਗ ਹੈ ਕਿ ਇਹ ਪ੍ਰਦਰਸ਼ਨੀ 8 ਨਵੰਬਰ ਤੱਕ ਚੱਲੇਗੀ।

# ਵੋਇਸ ਆਫ ਵੂਮੈਨ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਤੋਂ ਔਰਤਾਂ ਦੇ ਹੱਕਾਂ ਅਤੇ ਭਲਾਈ ਲਈ ਕੰਮ ਕਰਨ ਵਾਲੀ ਸੰਸਥਾ ਵੋਇਸ ਆਫ ਵੂਮੈਨ ਵੱਲੋਂ ਬੀਤੇ ਦਿਨੀ ਅੰਤਰਰਾਸ਼ਟਰੀ ਮਹਿਲਾ ਦਿਵਸ ਸਬੰਧੀ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਈਲਿੰਗ ਦੀ ਮੇਅਰ ਫਾਦੂਮਾ, ਕੈਬਨੈਟ ਮੈਂਬਰ ਜਸਬੀਰ ਕੌਰ ਅਨੰਦ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਈਆਂ। ਇਸ ਮੌਕੇ ਚੇਅਰਪਰਸਨ ਸੁਰਿੰਦਰ ਕੌਰ ਨੇ ਜੀ ਆਇਆਂ ਆਖਦਿਆਂ ਸੰਸਥਾਂ ਵੱਲੋਂ ਕੀਤੇ ਕੰਮਾਂ ਬਾਰੇ ਚਾਨਣਾ ਪਾਇਆ। ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਮਨਾਏ ਜਾਂਦੇ ਮਹਿਲਾ ਦਿਵਸ ਮੌਕੇ ਬੀਬੀਆਂ ਨੂੰ ਉਹਨਾਂ ਦੇ ਹੱਕਾਂ, ਹੁਨਰ ਅਤੇ ਪ੍ਰਤਿਭਾ ਨੂੰ ਦੁਨੀਆਂ ਸਾਹਮਣੇ ਲਿਆਉਣ ਦਾ ਮੌਕਾ ਦਿੰਦਾ ਹੈ। ਅੱਜ ਵਿਸ਼ਵ ਭਰ ਵਿੱਚ ਔਰਤਾਂ ਹਰ ਖੇਤਰ ਵਿੱਚ ਨਾਮਣਾ ਖੱਟ ਰਹੀਆਂ ਹਨ, ਸਾਨੂੰ ਮਾਣ ਹੈ ਕਿ ਸਾਡੀ ਈਲਿੰਗ ਕੌਂਸਲ ਦੀ ਮੇਅਰ ਵੀ ਇੱਕ ਮਹਿਲਾ ਹੈ ਅਤੇ ਕੈਬਨੈਟ ਵਿੱਚ ਲੰਮੇਂ ਸਮੇਂ ਤੋਂ ਸੇਵਾਵਾਂ ਕਰਨ ਵਾਲੀ ਜਸਬੀਰ ਕੌਰ ਅਨੰਦ ਵੀ ਮਹਿਲਾਵਾਂ ਦੀ ਭਲਾਈ ਲਈ ਯਤਨਸ਼ੀਲ ਹੈ। ਇਸ ਮੌਕੇ ਸੰਸਥਾ ਦੀਆਂ ਮੈਂਬਰ ਬੀਬੀਆਂ ਨਰਿੰਦਰ ਕੌਰ ਖੋਸਾ, ਲਖਵਿੰਦਰ ਪਾਲ ਸਰੇਨ, ਸੰਤੋਸ਼ ਸੂਰ, ਲੈਟਸ ਗੋ ਤੋਂ ਗੀਤਾ, ਹਿਨਾ, ਕਰੁਨਾ ਜੀ, ਵਰਮਾ ਕੁਮਾਰੀ, ਕੌਂਸਲਰ ਅਮਰਜੀਤ ਜੰਮੂ, ਸਾਬਕਾ ਮੇਅਰ ਮਹਿੰਦਰ ਕੌਰ ਮਿੱਡਾ, ਗੁਰਮੇਲ ਕੌਰ ਸੰਘਾ, ਸ਼ਗੁਫਤਾ ਗਿੰਮੀ, ਮਨਜੀਤ ਕੌਰ ਪੱਡਾ, ਸੁਰਿੰਦਰ ਬੰਧਣ, ਸੰਤੋਸ਼ ਸ਼ਿੰਨ, ਗੁਰਮਿੰਦਰ ਕੌਰ ਰੰਧਾਵਾ ਆਦਿ ਹਾਜ਼ਰ ਸਨ।





**ਮਹਿਲਾ ਦਿਵਸ ਮੌਕੇ ਮੁੱਖ ਮਹਿਮਾਨ ਮੇਅਰ ਫਾਦੂਮਾ, ਕੌਂਸਲਰ ਅਨੰਦ, ਸੁਰਿੰਦਰ ਕੌਰ ਅਤੇ ਹੋਰ**

# ਗਰੂਮਿੰਗ ਗੈਂਗਜ਼ ਕਾਂਡ ਦੀ ਰਾਸ਼ਟਰੀ ਜਾਂਚ 'ਚ ਜਾਤੀ ਅਤੇ ਧਰਮ ਦੀ ਵੀ ਪੜਤਾਲ ਹੋਵੇਗੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਵਿੱਚ ਚਰਚਿਤ ਗਰੂਮਿੰਗ ਗੈਂਗਜ਼ ਕਾਂਡ ਦੀ ਰਾਸ਼ਟਰੀ ਜਾਂਚ ਦੇ ਦਾਇਰੇ ਬਾਰੇ ਨਵੇਂ ਵੇਰਵੇ ਸਾਹਮਣੇ ਆਏ ਹਨ। ਸਰਕਾਰ ਵੱਲੋਂ ਐਲਾਨ ਕੀਤੀ ਗਈ ਇਸ ਸੁਤੰਤਰ ਜਾਂਚ ਵਿੱਚ ਹੁਣ ਇਹ ਵੀ ਜਾਂਚਿਆ ਜਾਵੇਗਾ ਕਿ ਕੀ ਦੋਸ਼ੀਆਂ ਦੀ ਜਾਤੀ, ਸਭਿਆਚਾਰ ਜਾਂ ਧਰਮ ਨੇ ਇਸ ਘਟਨਾ ਅਤੇ ਉਸਦੇ ਪ੍ਰਬੰਧਨ ਵਿੱਚ ਕੋਈ ਭੂਮਿਕਾ ਨਿਭਾਈ ਸੀ ਜਾਂ ਨਹੀਂ।

ਇਹ ਰਾਸ਼ਟਰੀ ਜਾਂਚ ਪਿਛਲੇ ਸਾਲ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਵੱਲੋਂ ਐਲਾਨੀ ਗਈ ਸੀ।ਹੁਣ ਇਸ ਦੀਆਂ ਵਿਸਥਾਰਿਤ ਸ਼ਰਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਇਹ ਦਸਤਾਵੇਜ਼ ਸੰਸਦ ਵਿੱਚ 13 ਅਪ੍ਰੈਲ ਨੂੰ ਪੇਸ਼ ਕੀਤਾ ਜਾਵੇਗਾ। ਇਸ ਤੋਂ ਬਾਅਦ ਇੰਗਲੈਂਡ ਅਤੇ ਵੇਲਜ਼ ਵਿੱਚ ਬੱਚਿਆਂ ਦੇ ਸਮੂਹਕ ਯੌਨ ਸ਼ੋਸ਼ਣ ਨਾਲ ਜੁੜੇ ਮਾਮਲਿਆਂ ਦੀ ਪੂਰੀ ਜਾਂਚ ਸ਼ੁਰੂ ਹੋ ਜਾਵੇਗੀ।

ਇਹ ਜਾਂਚ ਬੈਰੋਨੇਸ ਕੇਸੀ ਦੀ ਰਾਸ਼ਟਰੀ ਆਡਿਟ ਰਿਪੋਰਟ ਤੋਂ ਬਾਅਦ ਬਣਾਈ ਗਈ ਹੈ, ਜਿਸ ਵਿੱਚ ਦਰਸਾਇਆ ਗਿਆ ਸੀ ਕਿ ਸੰਸਥਾਗਤ ਨਾਕਾਮੀਆਂ ਅਤੇ ਪ੍ਰਸ਼ਾਸਨਿਕ ਸੁਸਤਤਾ ਕਾਰਨ ਕਈ ਸਾਲਾਂ ਤੱਕ ਗਰੂਮਿੰਗ ਗੈਂਗਜ਼ ਸਰਗਰਮ ਰਹੇ।ਜਾਂਚ ਇਹ ਵੀ ਵੇਖੇਗੀ ਕਿ ਗਰੂਮਿੰਗ ਗੈਂਗਜ਼ ਕਿਵੇਂ ਕੰਮ ਕਰਦੇ ਸਨ ਅਤੇ ਪੁਲਿਸ, ਸਥਾਨਕ ਕੌਂਸਲਾਂ, ਸਿਹਤ ਸੇਵਾਵਾਂ, ਸਮਾਜਿਕ ਸੇਵਾਵਾਂ ਅਤੇ ਸਕੂਲਾਂ ਨੇ ਇਨ੍ਹਾਂ ਮਾਮਲਿਆਂ ਨਾਲ ਕਿਵੇਂ ਨਜਿੱਠਿਆ। ਇਸ ਜਾਂਚ ਨੂੰ ਕਾਨੂੰਨੀ ਅਧਿਕਾਰ ਦਿੱਤੇ ਗਏ ਹਨ ਜਿਸ ਤਹਿਤ ਗਵਾਹਾਂ ਨੂੰ ਬੁਲਾਇਆ ਜਾ ਸਕੇਗਾ ਅਤੇ ਸੰਸਥਾਵਾਂ ਤੋਂ ਦਸਤਾਵੇਜ਼ ਮੰਗੇ ਜਾ ਸਕਣਗੇ। ਜੇ ਕਿਸੇ ਪੇਸ਼ੇਵਰ ਵੱਲੋਂ ਅਪਰਾਧਿਕ ਲਾਪਰਵਾਹੀ ਜਾਂ ਗਲਤ ਕੰਮ ਦੇ ਸਬੂਤ ਮਿਲਦੇ ਹਨ ਤਾਂ ਉਹ ਮਾਮਲੇ ਆਪਰੇਸ਼ਨ ਬੀਕਨਪੋਰਟ ਨੂੰ ਭੇਜੇ ਜਾਣਗੇ, ਜੋ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਇੱਕ ਰਾਸ਼ਟਰੀ ਪੁਲਿਸ ਅਭਿਆਨ ਹੈ ਅਤੇ ਸੈਂਕੜਿਆਂ ਬੰਦ ਕੀਤੇ ਕੇਸਾਂ ਦੀ ਦੁਬਾਰਾ ਜਾਂਚ ਕਰ ਰਿਹਾ ਹੈ।

ਇਸ ਜਾਂਚ ਦੀ ਅਗਵਾਈ ਸਾਬਕਾ ਚਿਲ-ਡਰਨਜ਼ ਕਮਿਸ਼ਨਰ ਬੈਰੋਨੇਸ ਲੌਂਗਫੀਲਡ ਕਰਨਗੀਆਂ।ਉਨ੍ਹਾਂ ਕਿਹਾ ਕਿ ਬੱਚਿਆਂ ਨਾਲ ਹੋਏ ਯੌਨ ਸ਼ੋਸ਼ਣ ਦੇ ਮਾਮਲਿਆਂ ਵਿੱਚ ਕਈ ਵਾਰ ਪੀੜਤਾਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਅਤੇ ਕਈ ਵਾਰ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਜਾਂਚ ਸੱਚਾਈ ਸਾਹਮਣੇ ਲਿਆਉਣ ਲਈ ਕੀਤੀ ਜਾ ਰਹੀਹੈ ਅਤੇ ਕਿਸੇ ਵੀ ਅਸੁਵਿਧਾਜਨਕ ਸੱਚ ਤੋਂ ਪਿੱਛੇ ਨਹੀਂ ਹਟਿਆ ਜਾਵੇਗਾ।

ਇਸ ਜਾਂਚ ਦੌਰਾਨ ਕਈ ਥਾਵਾਂ 'ਤੇ ਸਥਾਨਕ ਪੱਧਰ 'ਤੇ ਵੀ ਖਾਸ ਪੜਤਾਲ ਕੀਤੀ ਜਾਵੇਗੀ, ਜਿੱਥੇ ਬੱਚਿਆਂ ਦੇ ਯੌਨ ਸ਼ੋਸ਼ਣ ਨਾਲ ਜੁੜੀਆਂ ਗੰਭੀਰ ਨਾਕਾਮੀਆਂ ਸਾਹਮਣੇ ਆਈਆਂ ਹਨ।ਇਨ੍ਹਾਂ ਵਿੱਚ ਓਲਡਹਮ ਉਹਨਾਂ ਪਹਿਲੀਆਂ ਥਾਵਾਂ ਵਿੱਚ ਸ਼ਾਮਲ ਹੈ ਜਿੱਥੇ ਸਥਾਨਕ ਜਾਂਚ ਕੀਤੀ ਜਾਵੇਗੀ।

ਗ੍ਰਹਿ ਮੰਤਰੀ ਸ਼ਬਾਨਾ ਮਹਮੂਦ ਨੇ ਕਿਹਾ ਕਿ ਗਰੂਮਿੰਗ ਗੈਂਗਜ਼ ਕਾਂਡ ਦੇਸ਼ ਦੇ ਇਤਿਹ-ਾਸ ਦੇ ਸਭ ਤੋਂ ਹਨੇਰੇ ਅਧਿਆਇਆਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਇਹ ਜਾਂਚ ਇਹ ਪਤਾ ਲਗਾਏਗੀ ਕਿ ਇਹ ਜੁਰਮ ਕਿਵੇਂ ਹੋਣ ਦਿੱਤੇ ਗਏ ਅਤੇ ਜਿੱਥੇ ਵੀ ਨਾਕਾਮੀ ਹੋਈ ਹੈ, ਉਸਨੂੰ ਬੇਨਕਾਬ ਕੀਤਾ ਜਾਵੇਗਾ।

ਇਸ ਰਾਸ਼ਟਰੀ ਜਾਂਚ ਦੀ ਮਿਆਦ ਤਿੰਨ ਸਾਲ ਤੱਕ ਹੋਵੇਗੀ ਅਤੇ ਇਹ ਮਾਰਚ 2029 ਤੱਕ ਪੂਰੀ ਹੋਣ ਦੀ ਸੰਭਾਵਨਾ ਹੈ। ਇਸ ਲਈ ਲਗਭਗ 65 ਮਿਲੀਅਨ ਪਾਊਂਡ ਦਾ ਬਜਟ ਰੱਖਿਆ ਗਿਆ ਹੈ ਅਤੇ ਸੁਣਵਾਈਆਂ ਜਨਤਕ ਤੌਰ 'ਤੇ ਕੀਤੀਆਂ ਜਾਣਗੀਆਂ, ਜਿਨ੍ਹਾਂ ਦੀ ਲਾਈਵ ਸਟ੍ਰੀਮਿੰਗ ਵੀ ਕੀਤੀ ਜਾਵੇਗੀ।

# ਇਰਾਨ ਟਕਰਾਅ ਕਾਰਨ ਬ੍ਰਿਟੇਨ 'ਚ ਪੈਟਰੋਲ-ਡੀਜ਼ਲ ਕੀਮਤਾਂ 'ਚ ਤੇਜ਼ ਵਾਧਾ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇਰਾਨ ਨਾਲ ਜਾਰੀ ਟਕਰਾਅ ਦੇ ਪ੍ਰਭਾਵ ਕਾਰਨ ਬ੍ਰਿਟੇਨ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਤੇਜ਼ ਵਾਧਾ ਦਰਜ ਕੀਤਾ ਗਿਆ ਹੈ ਅਤੇ ਮਾਹਿਰਾਂ ਨੇ ਭਵਿੱਖ ਵਿੱਚ ਇੰਧਨ ਦੀ ਲੰਬੇ ਸਮੇਂ ਦੀ ਘਾਟ ਦਾ ਵੀ ਖ਼ਤਰਾ ਜਤਾਇਆ ਹੈ।ਆਰਏਸੀ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਸੋਮਵਾਰ ਨੂੰ ਡੀਜ਼ਲ ਦੀ ਔਸਤ ਕੀਮਤ 181.20 ਪੈਂਸ ਪ੍ਰਤੀ ਲੀਟਰ ਤੱਕ ਪਹੁੰਚ ਗਈ, ਜਦਕਿ ਪੈਟਰੋਲ ਦੀ ਕੀਮਤ 152.01 ਪੈਂਸ ਪ੍ਰਤੀ ਲੀਟਰ ਦਰਜ ਕੀਤੀ ਗਈ। ਇਸ ਨਾਲ ਡੀਜ਼ਲ ਪੈਟਰੋਲ ਨਾਲੋਂ ਲਗਭਗ 29 ਪੈਂਸ ਪ੍ਰਤੀ ਲੀਟਰ ਮਹਿੰਗਾ ਹੋ ਗਿਆ ਹੈ, ਜੋ ਪਿਛਲੇ ਕਈ ਸਾਲਾਂ ਦਾ ਸਭ ਤੋਂ ਵੱਡਾ ਅੰਤਰ ਮੰਨਿਆ ਜਾ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਰਾਨ ਵੱਲੋਂ ਹੋਰਮੁਜ਼ ਜਲਡੰਘੇ 'ਚ ਜਹਾਜ਼ੀ ਆਵਾਜਾਈ 'ਤੇ ਪੈਦਾ ਹੋਈ ਤਣਾਅਪੂਰਨ ਸਥਿਤੀ ਕਾਰਨ ਦੁਨੀਆ ਭਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਚੜ੍ਹ ਗਈਆਂ ਹਨ। ਇਸ ਕਾਰਨ ਟੈਂਕਰਾਂ ਦੀ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਸਪਲਾਈ 'ਤੇਦਬਾਅ ਵੱਧ ਰਿਹਾ ਹੈ।

ਬੈਂਕ ਆਫ ਇੰਗਲੈਂਡ ਦੇ ਸਾਬਕਾ ਡਿਪਟੀ ਗਵਰਨਰ ਅਤੇ ਨੈਟਵੈਸਟ ਦੇ ਚੇਅਰਮੈਨ ਸਰ ਹਾਵਰਡ ਡੇਵਿਸ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਜਲਡੰਘਾ ਪ੍ਰਭਾਵਿਤ ਰਹਿੰਦਾ ਹੈ ਤਾਂ ਪੱਛਮੀ ਦੇਸ਼ਾਂ ਲਈ ਇੰਧਨ ਦੀ ਸਪਲਾਈ ਲੰਬੇ ਸਮੇਂ ਲਈ ਘੱਟ ਹੋ ਸਕਦੀ ਹੈ। ਉਨ੍ਹਾਂ ਨੇ ਸਰਕਾਰ ਨੂੰ ਖਪਤ ਘਟਾਉਣ ਵਰਗੇ ਕਦਮਾਂ 'ਤੇ ਵੀ ਵਿਚਾਰ ਕਰਨ ਦੀ ਸਲਾਹ ਦਿੱਤੀ ਹੈ।

ਇਸ ਦੌਰਾਨ ਦੇਸ਼ ਦੇ ਕੁਝ ਪੈਟਰੋਲ ਪੰਪਾਂ 'ਤੇ ਇੰਧਨ ਦੀ ਘਾਟ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ। ਬ੍ਰਿਡਜਵਾਟਰ ਅਤੇ ਪ੍ਰੈਸਟਨ ਦੇ ਕੁਝ ਸਟੇਸ਼ਨਾਂ 'ਤੇ ਪੈਟਰੋਲ ਖ਼ਤਮ ਹੋਣ ਦੀਆਂ ਖ਼ਬਰਾਂ ਹਨ, ਜਦਕਿ ਕੁਝ ਥਾਵਾਂ 'ਤੇ ਡੀਜ਼ਲ ਦੀ ਵੀ ਕਮੀ ਦਰਜ ਕੀਤੀ ਗਈ ਹੈ।ਦੂਜੇ ਪਾਸੇ ਫਿਊਲ ਇੰਡਸਟਰੀ ਯੂਕੇ ਨੇ ਕਿਹਾ ਹੈ ਕਿ ਦੇਸ਼ ਵਿੱਚ ਇੰਧਨ ਦੀ ਕੁੱਲ ਸਪਲਾਈ ਇਸ ਸਮੇਂ ਸਥਿਰ ਹੈ, ਹਾਲਾਂਕਿ ਵਧ ਰਹੀਆਂ ਕੀਮਤਾਂ ਕਾਰਨ ਡਰਾਈਵਰਾਂ ਵਿੱਚ ਚਿੰਤਾ ਜ਼ਰੂਰ ਵਧੀ ਹੈ।

ਮਾਹਿਰਾਂ ਮੁਤਾਬਕ ਬ੍ਰਿਟੇਨ ਵਿੱਚ ਡੀਜ਼ਲ ਦੀ ਮੰਗ ਜ਼ਿਆਦਾ ਹੈ ਅਤੇ ਦੇਸ਼ ਨੂੰ ਇਸ ਦਾ ਵੱਡਾ ਹਿੱਸਾ ਆਯਾਤ ਕਰਨਾ ਪੈਂਦਾ ਹੈ, ਜਿਸ ਕਾਰਨ ਕੀਮਤਾਂ 'ਚ ਵਾਧਾ ਹੋਰ ਵੀ ਜ਼ਿਆਦਾ ਮਹਿਸੂਸ ਕੀਤਾ ਜਾ ਰਿਹਾ ਹੈ। ਦੇਸ਼ ਦੀਆਂ ਸੜਕਾਂ 'ਤੇ ਲਗਭਗ 1.62 ਕਰੋੜ ਡੀਜ਼ਲ ਵਾਹਨ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਪਾਰਕ ਵੈਨਾਂ ਦੀ ਹੈ।ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਬ੍ਰਿਟੇਨ ਦੀ ਚਾਂਸਲਰ ਰੇਚਲ ਰੀਵਜ਼ 'ਤੇ ਫਿਊਲ ਡਿਊਟੀ ਵਧਾਉਣ ਦੀ ਯੋਜਨਾ ਨੂੰ ਰੱਦ ਕਰਨ ਲਈ ਵੀ ਦਬਾਅ ਵਧ ਰਿਹਾ ਹੈ, ਜਦਕਿ ਸਰਕਾਰ ਨੇ ਇੰਧਨ ਅਤੇ ਊਰਜਾ ਖੇਤਰ ਦੇ ਮੁਖੀਆਂ ਨਾਲ ਸਥਿਤੀ 'ਤੇ ਵਿਚਾਰ ਕਰਨ ਲਈ ਮੀਟਿੰਗ ਬੁਲਾਈ ਹੈ।

# ਕੈਨੇਡਾ ਦੇ ਸਰੀ ਵਿੱਚ ਭਾਰਤੀ ਮੂਲ ਦੇ ਨੌਜਵਾਨ ਦਾ ਗੋਲੀ ਮਾਰ ਕੇ ਕਤਲ



ਕੈਨੇਡਾ ਦੇ ਸਰੀ ਵਿੱਚ ਭਾਰਤੀ ਮੂਲ ਦੇ ਇੱਕ ਨੌਜਵਾਨ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ, ਜਿਸ ਨੂੰ ਸੰਗਠਿਤ ਅਪਰਾਧ ਨਾਲ ਜੁੜੀ ਘਟਨਾ ਮੰਨਿਆ ਜਾ ਰਿਹਾ ਹੈ। ਇਹ ਵਾਰਦਾਤ ਸ਼ਨੀਵਾਰ ਰਾਤ ਨੂੰ ਸਰੀ ਦੇ ਸਲੀਵਨ ਹਾਈਟਸ ਇਲਾਕੇ ਵਿੱਚ ਇੱਕ ਟਾਊਨਹਾਊਸ ਕੰਪਲੈਕਸ ਵਿੱਚ ਵਾਪਰੀ।

ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (IHIT) ਨੇ ਮ੍ਰਿਤਕ ਦੀ ਪਛਾਣ 27 ਸਾਲਾ ਜਸਮਨ ਸੇਖੋਂ ਵਜੋਂ ਕੀਤੀ ਹੈ। ਪੁਲੀਸ ਅਨੁਸਾਰ ਸੇਖੋਂ ਪਹਿਲਾਂ ਵੀ ਪੁਲੀਸ ਦੀਆਂ ਨਜ਼ਰਾਂ ਵਿੱਚ ਸੀ ਅਤੇ ਉਸ ਦੇ ਨਸ਼ਾ ਤਸਕਰੀ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ, ਜਿਸ ਕਾਰਨ ਇਹ ਇੱਕ ਟਾਰਗੇਟਿਡ ਹਮਲਾ ਜਾਪਦਾ ਹੈ।

ਚਸ਼ਮਦੀਦਾਂ ਮੁਤਾਬਕ ਇੱਕ ਗੂੜ੍ਹੇ ਰੰਗ ਦੀ SUV ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਵਿੱਚੋਂ ਨਿਕਲੇ ਦੋ ਵਿਅਕਤੀਆਂ ਨੇ ਗੋਲੀਆਂ ਚਲਾ ਦਿੱਤੀਆਂ। ਘਟਨਾ ਵਾਲੀ ਥਾਂ ਦੇ ਨੇੜੇ ਇੱਕ ਸੜਦੀ ਹੋਈ ਗੱਡੀ ਵੀ ਬਰਾਮਦ ਹੋਈ ਹੈ, ਜੋ ਅਕਸਰ ਗੈਂਗਵਾਰ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਸਰੀ ਵਿੱਚ ਪਿਛਲੇ 48 ਘੰਟਿਆਂ ਵਿੱਚ ਗੋਲੀਬਾਰੀ ਦੀ ਇਹ ਚੌਥੀ ਘਟਨਾ ਹੈ ਅਤੇ ਅਧਿਕਾਰੀ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ।

# ਅਮਰੀਕਾ, ਇਜ਼ਰਾਇਲ ਤੇ ਈਰਾਨ ਜੰਗ ਵਿਚਾਲੇ ਦੁਨੀਆ ਭਰ 'ਚ ਇੰਟਰਨੈੱਟ 'ਤੇ ਮੰਡਰਾਇਆ ਖਤਰਾ!

ਅਮਰੀਕਾ-ਇਜ਼ਰਾਈਲ-ਈਰਾਨ ਜੰਗ ਕਾਰਨ ਸਟ੍ਰੇਟ ਆਫ ਹੋਰਮੁਜ ਪ੍ਰਭਾਵਿਤ ਹੋਣ ਨਾਲ ਦੁਨੀਆ ਭਰ ਵਿਚ ਕ੍ਰਾਈਸਿਸ ਤੋਂ ਬਾਅਦ ਹੁਣ ਇੰਟਰਨੈੱਟ ਠੱਪ ਹੋਣ ਦਾ ਖ਼ਤਰਾ ਹੈ। ਇਸ ਦਾ ਕਾਰਨ ਇਹ ਹੈ ਕਿ ਹੋਰਮੁਜ ਰੂਟ ਤੋਂ ਨਾ ਸਿਰਫ ਦੁਨੀਆ ਦਾ 20 ਫੀਸਦੀ ਕੱਚਾ ਤੇਲ ਤੇ 25 ਫੀਸਦੀ ਗ਼ਲਂਘ ਲੰਘਦੀ ਹੈ, ਸਗੋਂ ਇਸ ਰਸਤੇ ਦੇ ਹੇਠਾਂ ਇੰਟਰਨੈੱਟ ਕੇਬਲਸ ਵੀ ਵਿਛੀਆਂ ਹਨ। ਜੇ ਇਸ ਖੇਤਰ ਵਿੱਚ ਤਣਾਅ ਵਧਦਾ ਹੈ ਜਾਂ ਕੇਬਲਾਂ ਨੂੰ ਨੁਕਸਾਨ ਪਹੁੰਚਦਾ ਹੈ, ਤਾਂ ਭਾਰਤ ਸਮੇਤ ਦੁਨੀਆ ਭਰ ਵਿੱਚ ਇੰਟਰਨੈੱਟ ਦੀ ਸਪੀਡ ਸਲੋਅ ਹੋ ਸਕਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਖੇਤਰ ਨਾ ਸਿਰਫ਼ ਐਨਰਜੀ ਦ ਚੋਕਪੁਆਇੰਟ ਹੈ, ਸਗੋਂ ਇਕ ਡਿਜੀਟਲ ਚੋਕਪੁਆਇੰਟ ਵੀ ਹੈ।

97% ਗਲੋਬਲ ਡਾਟਾ ਸਮੁੰਦਰ ਦੇ ਹੇਠਾਂ ਲੰਘਦਾ ਹੈ ਲੋਕ ਅਕਸਰ ਮੰਨਦੇ ਹਨ ਕਿ ਇੰਟਰਨੈਟ ਸੈਟੇਲਾਈਟ ਰਾਹੀਂ ਚੱਲਦਾ ਹੈ, ਪਰ ਅਸਲੀਅਤ ਵੱਖਰੀ ਹੈ। ਦੁਨੀਆ ਦਾ ਲਗਭਗ 95 ਤੋਂ 97 ਫੀਸਦੀ ਡਾਟਾ ਫਾਈਬਰ ਆਪਟਿਕ ਕੇਬਲਾਂ ਰਾਹੀਂ ਟ੍ਰਾਂਸਫਰ ਕੀਤਾ ਜਾਂਦਾ ਹੈ। ਇਹ ਕੇਬਲ ਸਮੁੰਦਰ ਦੇ ਹੇਠਾਂ ਵਿਛਾਈਆਂ ਗਈਆਂ ਹਨ। ਭਾਰਤ ਨੂੰ ਯੂਰਪ, ਅਫਰੀਕਾ ਅਤੇ ਪੱਛਮੀ ਏਸ਼ੀਆ ਨਾਲ ਜੋੜਨ ਵਾਲੀਆਂ ਮੁੱਖ ਕੇਬਲਾਂ ਇਸ ਰਸਤੇ ਦੇ ਨੇੜੇ ਤੋਂ ਲੰਘਦੀਆਂ ਹਨ। ਇਸ ਵਿੱਚ SEA-ME-WE, AAE-1, ਅਤੇ EIG ਵਰਗੇ ਪ੍ਰਮੁੱਖ ਕੇਬਲ ਸਿਸਟਮ ਸ਼ਾਮਲ ਹਨ।

ਜੈ ਗੁਰੂ ਰਵਿਦਾਸ ਜੀ

ੴ ਸਤਿਗੁਰ ਪ੍ਰਸਾਦਿ॥

MAY ALL HUMANITY PROSPER BY THY GRACE

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥

ਜੈ ਗੁਰੂ ਰਵਿਦਾਸ ਜੀ

# ਖਾਲਸਾ ਜੀ ਦੇ 327ਵੇਂ ਸਾਜਨਾ ਦਿਵਸ ਦੀ ਸਮੂਹ ਜਗਤ ਨੂੰ ਹਾਰਦਿਕ ਵਧਾਈ ਹੋਵੇ ਜੀ

## ਸ਼੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ ਵਿਸਾਖੀ ਗੁਰਪੁਰਬ ਅਤੇ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਦਕਰ ਜੀ ਦਾ 135ਵਾਂ ਜਨਮ ਦਿਨ

## 19 ਅਪ੍ਰੈਲ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ

## ਸ਼੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਸਮੂਹ ਸਾਧ ਸੰਗਤ ਨੂੰ ਵੈਸਾਖੀ ਅਤੇ ਬਾਬਾ ਸਾਹਿਬ ਡਾ: ਭੀਮਰਾਉ ਅੰਬੇਡਕਰ ਜੀ ਦੇ ਜਨਮ ਦਿਨ ਦੀ ਲੱਖ ਲੱਖ ਵਧਾਈ ਹੋਵੇ ਜੀ

ਪਰਮ ਸਤਿਕਾਰ ਯੋਗ ਸਾਧ ਸੰਗਤ ਜੀਉ,

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਵਿਸਾਖੀ ਗੁਰਪੁਰਬ ਅਤੇ ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ 19 ਅਪ੍ਰੈਲ 2026 ਦਿਨ ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

13 ਅਪ੍ਰੈਲ 1699ਵੇਂ ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ, ਉਚ-ਨੀਚ, ਅਤੇ ਭੁੱਲੀ-ਭਟਕੀ ਹੋਈ ਇਨਸਾਨੀਅਤ ਨੂੰ ਸਿੱਧੇ ਰਸਤੇ ਪਾਉਣ ਲਈ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਅਤੇ ਆਪ ਉਹਨਾਂ ਤੋਂ ਅੰਮ੍ਰਿਤ ਦੀ ਦਾਤ ਲਈ ਅਤੇ ਸੱਚ ਦਾ ਮਾਰਗ ਦਿਖਾਇਆ।

ਡਾ: ਬੀ. ਆਰ. ਅੰਬੇਦਕਰ ਜੀ ਨੇ ਭਾਰਤੀ ਸੰਵਿਧਾਨ ਲਿਖ ਕੇ ਸਭ ਭਾਰਤੀਆਂ ਨੂੰ ਬਰਾਬਰੀ ਦਾ ਹੱਕ ਕਾਨੂੰਨੀ ਤੌਰ 'ਤੇ ਦਿਵਾ ਕੇ ਉਚ-ਨੀਚ ਦਾ ਭੇਦ ਮਿਟਾ ਦਿੱਤਾ।

ਗੁਰੂ ਪਿਆਰੀ ਸਾਧ ਸੰਗਤ ਜੀ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਆਪ, ਆਪਣੇ ਪਰਿਵਾਰ ਸਮੇਤ ਹੁੰਮ ਹੁੰਮਾ ਪਹੁੰਚ ਕੇ ਇਸ ਮਹਾਨ ਦਿਵਸ 'ਤੇ ਹਾਜ਼ਰੀਆਂ ਭਰੋ ਜੀ, ਅਤੇ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ

## ======= ਪ੍ਰੋਗਰਾਮ ਦਾ ਵੇਰਵਾ: =======

ਅਰੰਭ ਸ੍ਰੀ ਅਖੰਡ ਪਾਠ ਸਾਹਿਬ, 17 ਅਪ੍ਰੈਲ 2026, ਦਿਨ ਸ਼ੁੱਕਰਵਾਰ ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ, 19 ਅਪ੍ਰੈਲ 2026, ਦਿਨ ਐਤਵਾਰ ਸਵੇਰੇ 10:30 ਵਜੇ
ਉਪਰੰਤ ਦੀਵਾਨ ਸਜੇਗਾ, ਜਿਸ ਵਿੱਚ :

1. ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਆਰਤੀ, ਕੀਰਤਨ ਕੀਤਾ ਜਾਵੇਗਾ
2. ਪ੍ਰਚਾਰਕਾਂ ਵੱਲੋਂ ਵਿਸਾਖੀ ਗੁਰਪੁਰਬ ਅਤੇ ਡਾ ਭੀਮਰਾਉ ਅੰਬੇਦਕਰ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ
3. ਭਾਰਤੀ ਹਾਈ ਕਮਿਸ਼ਨ ਲੰਡਨ ਤੋਂ ਮਹਿਮਾਨ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ

**ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।**

**ਬੇਨਤੀ ਕਰਤਾ : ਸੰਗਤਾਂ ਦੇ ਸੇਵਾਦਾਰ, ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ**


## SHRI GURU RAVIDASS SABHA SOUTHALL

**282 WESTERN ROAD, SOUTHALL, MIDDX, UB2 5JT.**

**TEL: 0208 574 8967, 202 8574 0528 - www.sgrs.org**

# ਹੜਤਾਲ ਨਾ ਰੋਕੀ ਤਾਂ ਐਨ ਐਚ ਐਸ ਵਿੱਚ ਹਜ਼ਾਰਾਂ ਨੌਕਰੀਆਂ ਦਾ ਪੈਕੇਜ ਵਾਪਸ ਲਿਆ ਜਾਵੇਗਾ:- ਕੀਅਰ ਸਟਾਰਮਰ

*ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਰਿਹਾਇਸ਼ੀ ਡਾਕਟਰਾਂ (ਪਹਿਲਾਂ ਜੂਨੀਅਰ ਡਾਕਟਰਾਂ) ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਅਗਲੇ ਹਫ਼ਤੇ ਯੋਜਿਤ ਹੜਤਾਲ 'ਤੇ ਡਟੇ ਰਹਿੰਦੇ ਹਨ ਤਾਂ ਸਰਕਾਰ ਵੱਲੋਂ ਐਨ ਐਚ ਐਸ ਲਈ ਤਿਆਰ ਕੀਤਾ ਗਿਆ ਹਜ਼ਾਰਾਂ ਨਵੀਆਂ ਨੌਕਰੀਆਂ ਅਤੇ ਟ੍ਰੇਨਿੰਗ ਅਸਾਮੀਆਂ ਦਾ ਪੈਕੇਜ ਵਾਪਸ ਲਿਆ ਜਾ ਸਕਦਾ ਹੈ। ਉਨ੍ਹਾਂ ਡਾਕਟਰਾਂ ਨੂੰ 48 ਘੰਟਿਆਂ ਵਿੱਚ ਆਪਣਾ ਫ਼ੈਸਲਾ ਮੁੜ ਵਿਚਾਰਣ ਲਈ ਕਿਹਾ ਹੈ।*




ਦਰਅਸਲ ਰਿਹਾਇਸ਼ੀ ਡਾਕਟਰ 7 ਅਪ੍ਰੈਲ ਤੋਂ ਛੇ ਦਿਨਾਂ ਦੀ ਹੜਤਾਲ ਕਰਨ ਦੀ ਯੋਜਨਾ ਬਣਾ ਰਹੇ ਹਨ, ਜੋ ਇਸਟਰ ਬੈਂਕ ਹਾਲੀਡੇ ਦੇ ਤੁਰੰਤ ਬਾਅਦ ਸ਼ੁਰੂ ਹੋਵੇਗੀ। ਇਹ ਮਾਰਚ 2023 ਤੋਂ ਚੱਲ ਰਹੇ ਤਨਖ਼ਾਹ ਅਤੇ ਨੌਕਰੀਆਂ ਦੇ ਲੰਮੇ ਵਿਵਾਦ ਦੌਰਾਨ ਡਾਕਟਰਾਂ ਦੀ 15ਵੀਂ ਹੜਤਾਲ ਹੋਵੇਗੀ। ਡਾਕਟਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਅਤੇ ਜੀਵਨ-ਯਾਪਨ ਦੇ ਵਧ ਰਹੇ ਖਰਚਿਆਂ ਦੇ ਮੱਦੇਨਜ਼ਰ ਉਨ੍ਹਾਂ ਦੀ ਤਨਖ਼ਾਹ 2008 ਤੋਂ ਬਾਅਦ ਅਸਲ ਮਾਇਨੇ ਵਿੱਚ ਘੱਟ ਹੋ ਗਈ ਹੈ ਅਤੇ ਉਹ ਇਸਦੀ ਭਰਪਾਈ ਦੀ ਮੰਗ ਕਰ ਰਹੇ ਹਨ।ਪ੍ਰਧਾਨ ਮੰਤਰੀ ਸਟਾਰਮਰ ਨੇ ਆਪਣੇ ਇੱਕ ਬਿਆਨ ਵਿਚ ਕਿਹਾ ਕਿ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਸਮਝੌਤਾ "ਇਤਿਹਾਸਕ ਪੇਸ਼ਕਸ਼" ਹੈ ਅਤੇ ਇਸਨੂੰ ਰੱਦ ਕਰਨਾ ਗਲਤ ਅਤੇ ਲਾਪਰਵਾਹੀ ਭਰਿਆ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਸਾਲ ਡਾਕਟਰਾਂ ਲਈ 3.5 ਫੀਸਦੀ ਤਨਖ਼ਾਹ ਵਾਧੇ ਦੀ ਪੇਸ਼ਕਸ਼ ਕਰ ਰਹੀ ਹੈ, ਜਿਸ ਨਾਲ ਪਿਛਲੇ ਤਿੰਨ ਸਾਲਾਂ ਵਿੱਚ ਕੁੱਲ ਤਨਖ਼ਾਹ ਵਾਧਾ ਲਗਭਗ 35 ਫੀਸਦੀ ਤੱਕ ਪਹੁੰਚ ਜਾਵੇਗਾ।

ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਦੇ ਪੈਕੇਜ ਵਿੱਚ ਤਨਖ਼ਾਹ ਦੀ ਪ੍ਰਗਤੀ ਪ੍ਰਣਾਲੀ ਵਿੱਚ ਸੁਧਾਰ ਵੀ ਸ਼ਾਮਲ ਹੈ, ਤਾਂ ਜੋ ਡਾਕਟਰਾਂ ਨੂੰ ਜਿਵੇਂ-ਜਿਵੇਂ ਤਜਰਬਾ ਅਤੇ ਜ਼ਿੰਮੇਵਾਰੀਆਂ ਵਧਣ, ਉਸ ਦੇ ਅਨੁਸਾਰ ਵਧੀਆ ਤਨਖ਼ਾਹ ਮਿਲੇ। ਇਸ ਦੇ ਨਾਲ ਹੀ ਰਾਇਲ ਕਾਲਜ ਦੀਆਂ ਪ੍ਰੀਖਿਆਵਾਂ ਦੇ ਖਰਚਿਆਂ ਦੀ ਭੁਗਤਾਨੀ ਵੀ ਸਰਕਾਰ ਵੱਲੋਂ ਕੀਤੀ ਜਾਵੇਗੀ।

ਸਰਕਾਰ ਨੇ ਇਹ ਵੀ ਐਲਾਨ ਕੀਤਾ ਹੈ ਕਿ ਅਗਲੇ ਤਿੰਨ ਸਾਲਾਂ ਵਿੱਚ ਲਗਭਗ 4,500 ਵਾਧੂ ਵਿਸ਼ੇਸ਼ਤਾ ਟ੍ਰੇਨਿੰਗ ਅਸਾਮੀਆਂ ਬਣਾਈਆਂ ਜਾਣਗੀਆਂ, ਜਿਸ ਨਾਲ ਡਾਕਟਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਤਜਰਬਾ ਹਾਸਲ ਕਰਨ ਅਤੇ ਤਰੱਕੀ ਦੇ ਵਧੇਰੇ ਮੌਕੇ ਮਿਲਣਗੇ। ਹਾਲਾਂਕਿ ਸਟਾਰਮਰ ਨੇ ਕਿਹਾ ਕਿ ਜੇ ਹੜਤਾਲ ਜਾਰੀ ਰਹੀ ਤਾਂ ਇਹ ਪੈਕੇਜ ਰੱਦ ਕੀਤਾ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਵਾਰੀ ਹੋਣ ਵਾਲੀ ਹੜਤਾਲ ਐਨ ਐਚ ਐਸ 'ਤੇ ਲਗਭਗ 25 ਕਰੋੜ ਪੌਂਡ ਦਾ ਵਾਧੂ ਭਾਰ ਪਾਂਦੀ ਹੈ ਕਿਉਂਕਿ ਹਸਪਤਾਲਾਂ ਨੂੰ ਐਮਰਜੈਂਸੀ ਕਵਰੇਜ ਅਤੇ ਹੋਰ ਪ੍ਰਬੰਧ ਕਰਨੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਮਰੀਜ਼ਾਂ ਦੀ ਉਡੀਕ ਸੂਚੀ ਘਟਾਉਣ ਲਈ ਕੀਤੀ ਜਾ ਰਹੀ ਸਰਕਾਰ ਦੀ ਕੋਸ਼ਿਸ਼ਾਂ 'ਤੇ ਵੀ ਅਸਰ ਪੈਂਦਾ ਹੈ।

ਦੂਜੇ ਪਾਸੇ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ (ਬੀਐਮਏ) ਦੇ ਰਿਹਾਇਸ਼ੀ ਡਾਕਟਰ ਕਮੇਟੀ ਦੇ ਚੇਅਰ ਡਾ. ਜੈਕ ਫਲੈਚਰ ਨੇ ਕਿਹਾ ਕਿ ਮੌਜੂਦਾ ਪੇਸ਼ਕਸ਼ ਡਾਕਟਰਾਂ ਲਈ ਕਾਫ਼ੀ ਨਹੀਂ ਹੈ।ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰ 'ਤੇ ਚੱਲ ਰਹੀਆਂ ਘਟਨਾਵਾਂ ਅਤੇ ਵਧ ਰਹੀ ਮਹਿੰਗਾਈ ਦੇ ਸੰਕੇਤਾਂ ਦੇ ਮੱਦੇਨਜ਼ਰ ਆਉਣ ਵਾਲੇ ਸਾਲਾਂ ਵਿੱਚ ਜੀਵਨ-ਯਾਪਨ ਦਾ ਖਰਚ ਹੋਰ ਵਧ ਸਕਦਾ ਹੈ।

ਉਨ੍ਹਾਂ ਕਿਹਾ ਕਿ ਕਈ ਡਾਕਟਰ ਬਿਹਤਰ ਤਨਖ਼ਾਹ ਅਤੇ ਕੰਮਕਾਜੀ ਹਾਲਾਤਾਂ ਦੀ ਖ਼ਾਤਰ ਵਿਦੇਸ਼ ਜਾਣ ਬਾਰੇ ਵੀ ਸੋਚ ਰਹੇ ਹਨ, ਜਿਸ ਕਾਰਨ ਐਨਐਚਐਸ ਵਿੱਚ ਡਾਕਟਰਾਂ ਦੀ ਘਾਟ ਦਾ ਖਤਰਾ ਹੋ ਸਕਦਾ ਹੈ। ਬੀਐਮਏ ਨੇ ਇਹ ਵੀ ਕਿਹਾ ਕਿ ਉਹ ਸਰਕਾਰ ਨਾਲ ਗੱਲਬਾਤ ਲਈ ਤਿਆਰ ਹਨ ਅਤੇ ਜੇਕਰ ਵਾਜਬ ਅਤੇ ਭਰੋਸੇਯੋਗ ਪੇਸ਼ਕਸ਼ ਮਿਲਦੀ ਹੈ ਤਾਂ ਹੜਤਾਲ ਨੂੰ ਟਾਲਿਆ ਵੀ ਜਾ ਸਕਦਾ ਹੈ।

ਉਧਰ ਵਿਰੋਧੀ ਕਨਜ਼ਰਵੇਟਿਵ ਪਾਰਟੀ ਨੇ ਵੀ ਕਿਹਾ ਹੈ ਕਿ ਜਦੋਂ ਡਾਕਟਰਾਂ ਨੂੰ ਪਿਛਲੇ ਕੁਝ ਸਾਲਾਂ ਵਿੱਚ ਵੱਡੇ ਤਨਖ਼ਾਹ ਵਾਧੇ ਮਿਲ ਚੁੱਕੇ ਹਨ, ਫਿਰ ਵੀ ਹੜਤਾਲ ਦੀ ਧਮਕੀ ਦਿੱਤੀ ਜਾ ਰਹੀ ਹੈ, ਜਿਸ ਨਾਲ ਸਪਸ਼ਟ ਹੁੰਦਾ ਹੈ ਕਿ ਸਰਕਾਰ ਨੂੰ ਹੋਰ ਕੜੇ ਕਦਮ ਚੁੱਕਣ ਦੀ ਲੋੜ ਹੈ। ਕੁਝ ਆਗੂਆਂ ਨੇ ਤਾਂ ਡਾਕਟਰਾਂ ਦੀ ਹੜਤਾਲ 'ਤੇ ਪਾਬੰਦੀ ਲਗਾਉਣ ਦੀ ਵੀ ਮੰਗ ਕੀਤੀ ਹੈ।

ਇਸ ਪੂਰੇ ਮਾਮਲੇ ਦੇ ਮੱਦੇਨਜ਼ਰ ਸਰਕਾਰ ਅਤੇ ਬੀਐਮਏ ਵਿਚਾਲੇ ਗੱਲਬਾਤ ਜਾਰੀ ਹੈ ਅਤੇ ਸਿਹਤ ਖੇਤਰ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਿਵਾਦ ਦਾ ਹੱਲ ਗੱਲਬਾਤ ਰਾਹੀਂ ਹੀ ਸੰਭਵ ਹੈ, ਤਾਂ ਜੋ ਮਰੀਜ਼ਾਂ ਦੀ ਸੇਵਾ 'ਤੇ ਕੋਈ ਨਕਾਰਾਤਮਕ ਪ੍ਰਭਾਵ ਨਾ ਪਵੇ।

## ਤੇਲ ਕੀਮਤਾਂ ਚੜ੍ਹਣ ਕਾਰਨ ਸਟਾਰਮਰ ਦੀ ਊਰਜਾ ਕੰਪਨੀਆਂ ਨਾਲ ਐਮਰਜੈਂਸੀ ਮੀਟਿੰਗ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਮੱਧ ਪੂਰਬ ਵਿੱਚ ਇਰਾਨ ਨਾਲ ਜਾਰੀ ਯੁੱਧ ਕਾਰਨ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਦੇ ਮੱਦੇਨਜ਼ਰ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਅੱਜ ਡਾਊਨਿੰਗ ਸਟਰੀਟ 'ਚ ਊਰਜਾ, ਸ਼ਿਪਿੰਗ ਅਤੇ ਵਿੱਤੀ ਖੇਤਰ ਦੇ ਮੁਖੀਆਂ ਨਾਲ ਮਹੱਤਵਪੂਰਨ ਮੀਟਿੰਗ ਕਰਨ ਜਾ ਰਹੇ ਹਨ।

ਸਰਕਾਰ ਇਸ ਮੀਟਿੰਗ ਦੌਰਾਨ ਇਸ ਗੱਲ 'ਤੇ ਵਿਚਾਰ ਕਰੇਗੀ ਕਿ ਜੰਗ ਦੇ ਪ੍ਰਭਾਵ ਨਾਲ ਵਧ ਰਹੀਆਂ ਤੇਲ ਦੀਆਂ ਕੀਮਤਾਂ ਅਤੇ ਸੰਭਾਵਿਤ ਸਪਲਾਈ ਘਾਟ ਨਾਲ ਕਿਵੇਂ ਨਜਿੱਠਿਆ ਜਾਵੇ।ਮਾਹਿਰਾਂ ਦਾ ਕਹਿਣਾ ਹੈ ਕਿ ਮੱਧ ਪੂਰਬ ਵਿੱਚ ਤਣਾਅ ਕਾਰਨ ਗਲੋਬਲ ਊਰਜਾ ਬਾਜ਼ਾਰਾਂ 'ਚ ਅਸਥਿਰਤਾ ਵਧ ਰਹੀ ਹੈ।

ਦਰਅਸਲ ਇਰਾਨ ਨਾਲ ਜੁੜੇ ਸੰਘਰਸ਼ ਕਾਰਨ ਦੁਨੀਆ ਭਰ ਵਿੱਚ ਕੱਚੇ ਤੇਲ ਦੀ ਕੀਮਤ ਤੇਜ਼ੀ ਨਾਲ ਵਧ ਰਹੀ ਹੈ। ਇਹ ਸਥਿਤੀ ਖਾਸ ਕਰਕੇ ਹੋਰਮੁਜ਼ ਜਲਡੰਘੇ ਰਾਹੀਂ ਹੋਣ ਵਾਲੀ ਤੇਲ ਸਪਲਾਈ ਲਈ ਖ਼ਤਰਾ ਬਣ ਰਹੀ ਹੈ, ਜਿੱਥੋਂ ਦੁਨੀਆ ਦੇ ਲਗਭਗ ਪੰਜਵੇਂ ਹਿੱਸੇ ਦੇ ਬਰਾਬਰ ਤੇਲ ਦੀ ਆਵਾਜਾਈ ਹੁੰਦੀ ਹੈ।

ਰਿਪੋਰਟਾਂ ਅਨੁਸਾਰ ਸਰਕਾਰ ਇਸ ਗੱਲ ਨੂੰ ਲੈ ਕੇ ਵੀ ਚਿੰਤਤ ਹੈ ਕਿ ਜੇਕਰ ਸੰਘਰਸ਼ ਲੰਮਾ ਖਿੱਚਦਾ ਹੈ ਤਾਂ ਯੂਕੇ ਵਿੱਚ ਡੀਜ਼ਲ ਅਤੇ ਜੈੱਟ ਫਿਊਲ ਦੀ ਸਪਲਾਈ 'ਤੇ ਦਬਾਅ ਪੈ ਸਕਦਾ ਹੈ। ਇਸ ਲਈ ਸਰਕਾਰ ਉਦਯੋਗ ਨਾਲ ਮਿਲ ਕੇ ਸੰਭਾਵਿਤ ਕਦਮਾਂ ਅਤੇ ਐਮਰਜੈਂਸੀ ਯੋਜਨਾਵਾਂ 'ਤੇ ਵੀ ਵਿਚਾਰ ਕਰ ਰਹੀ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਮੱਧ ਪੂਰਬ ਦੀ ਸਥਿਤੀ ਜਾਰੀ ਰਹੀ ਤਾਂ ਤੇਲ ਦੀਆਂ ਕੀਮਤਾਂ ਹੋਰ ਵੀ ਵਧ ਸਕਦੀਆਂ ਹਨ, ਜਿਸ ਦਾ ਸਿੱਧਾ ਪ੍ਰਭਾਵ ਬ੍ਰਿਟੇਨ ਸਮੇਤ ਯੂਰਪ ਦੇ ਦੇਸ਼ਾਂ ਵਿੱਚ ਊਰਜਾ ਬਿੱਲਾਂ, ਆਵਾਜਾਈ ਖ਼ਰਚਾਂ ਅਤੇ ਮਹਿੰਗਾਈ 'ਤੇ ਪੈ ਸਕਦਾ ਹੈ।

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਡਰਬੀ ਵਿੱਚ ਭਾਰਤੀ ਕਾਰ ਚਾਲਕ ਨੇ ਕੁਚਲੇ ਲੋਕ, 7 ਜ਼ਖ਼ਮੀ



ਡਰਬੀ ਵਿਖੇ ਵਾਪਰੀ ਘਟਨਾ ਦਾ ਦ੍ਰਿਸ਼




***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਡਰਬੀ ਸ਼ਹਿਰ ਵਿੱਚ ਬੀਤੀ ਰਾਤ ਇੱਕ ਭਿਆਨਕ ਹਾਦਸਾ ਵਾਪਰਿਆ, ਜਦੋਂ ਇੱਕ ਤੇਜ਼ ਰਫਤਾਰ ਕਾਰ ਨੇ ਕਈ ਪੈਦਲ ਯਾਤਰੀਆਂ ਨੂੰ ਕੁਚਲ ਦਿੱਤਾ। ਇਸ ਘਟਨਾ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਪੁਲਿਸ ਨੇ ਉਕਤ ਮਾਮਲੇ ਵਿੱਚ ਇੱਕ 36 ਸਾਲਾ ਭਾਰਤੀ ਮੂਲ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।***

ਪੁਲਿਸ ਅਨੁਸਾਰ ਇਹ ਘਟਨਾ ਰਾਤ ਕਰੀਬ 9:30 ਵਜੇ ਸ਼ਹਿਰ ਦੇ ਵਿਚਕਾਰ ਸਥਿਤ ਫ੍ਰਾਇਰ ਗੇਟ ਇਲਾਕੇ ਵਿੱਚ ਵਾਪਰੀ। ਇੱਕ ਕਾਲੇ ਰੰਗ ਦੀ ਸੁਜ਼ੂਕੀ ਸਵਿਫਟ ਕਾਰ ਨੇ ਅਚਾਨਕ ਸੰਤੁਲਨ ਗੁਆ ਦਿੱਤਾ ਅਤੇ ਪੈਦਲ ਚੱਲ ਰਹੇ ਲੋਕਾਂ 'ਤੇ ਚੜ੍ਹ ਗਈ। ਘਟਨਾ ਤੋਂ ਤੁਰੰਤ ਬਾਅਦ ਜ਼ਖ਼ਮੀਆਂ ਨੂੰ ਮੌਕੇ 'ਤੇ ਹੀ ਮੁੱਢਲੀ ਸਹਾਇਤਾ ਦਿੱਤੀ ਅਤੇ 7 ਲੋਕਾਂ ਨੂੰ ਹਸਪਤਾਲ ਪਹੁੰਚਾਇਆ ਗਿਆ।

ਡਰਬੀਸ਼ਾਇਰ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਸ਼ੱਕੀ ਕਾਰ ਨੂੰ ਰੋਕ ਲਿਆ ਅਤੇ ਚਲਾ ਰਹੇ 36 ਸਾਲਾ ਭਾਰਤੀ ਨਾਗਰਿਕ ਨੂੰ ਗ੍ਰਿਫਤਾਰ ਕਰ ਲਿਆ। ਜੋ ਕਈ ਸਾਲਾਂ ਤੋਂ ਯੂ ਕੇ ਰਹਿ ਰਿਹਾ ਸੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀ ਇਸ ਸਮੇਂ ਪੁਲਿਸ ਹਿਰਾਸਤ ਵਿੱਚ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਭਰੋਸਾ ਦਿੱਤਾ ਹੈ ਕਿ ਹੁਣ ਜਨਤਾ ਲਈ ਕੋਈ ਹੋਰ ਖਤਰਾ ਨਹੀਂ ਹੈ।

ਪੁਲਿਸ ਨੇ ਭਾਵੇਂ ਇਸ ਨੂੰ ਅੱਤਵਾਦੀ ਘਟਨਾ ਨਹੀਂ ਦੱਸਿਆ ਪਰ ਇਸ ਮੌਕੇ ਅੱਤਵਾਦ ਵਿਰੋਧੀ ਦਸਤੇ ਮੌਕੇ ਤੇ ਪਹੁੰਚ ਕੇ ਜਾਂਚ ਕਰ ਰਹੇ ਹਨ। ਸੁਰੱਖਿਆ ਅਤੇ ਜਾਂਚ ਦੇ ਮੱਦੇਨਜ਼ਰ, ਪੁਲਿਸ ਨੇ ਫ੍ਰਾਇਰ ਗੇਟ ਨੂੰ ਕਰਜ਼ਨ ਸਟ੍ਰੀਟ ਅਤੇ ਚੀਪਸਾਈਡ ਦੇ ਜੰਕਸ਼ਨ ਤੋਂ ਲੈ ਕੇ ਫੋਰਡ ਸਟ੍ਰੀਟ ਤੱਕ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਪੁਲਿਸ ਨੇ ਉਨ੍ਹਾਂ ਗਵਾਹਾਂ ਨੂੰ ਸਾਹਮਣੇ ਆਉਣ ਦੀ ਅਪੀਲ ਕੀਤੀ ਹੈ। ਸਥਾਨਕ ਸਾਂਸਦ ਕੈਥਰੀਨ ਐਟਕਿੰਸਨ ਨੇ ਇਸ ਘਟਨਾ 'ਤੇ ਹੈਰਾਨੀ ਜਤਾਉਂਦਿਆਂ ਜ਼ਖ਼ਮੀਆਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਐਮਰਜੈਂਸੀ ਸੇਵਾਵਾਂ ਦੇ ਕੰਮ ਦੀ ਸ਼ਲਾਘਾ ਕੀਤੀ ਹੈ।

## ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਦਾ "ਫ੍ਰੀਡਮ ਆਫ ਈਲਿੰਗ ਬਾਰੋ" ਨਾਮ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਬਾਰੋ ਆਫ ਈਲਿੰਗ ਕੌਂਸਲ ਵੱਲੋਂ ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਦਾ ਜਨਤਕ ਅਤੇ ਭਾਈਚਾਰਕ ਸੇਵਾਵਾਂ ਲਈ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ "ਫ੍ਰੀਡਮ ਆਫ ਈਲਿੰਗ ਬਾਰੋ" ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਇਹ ਸਨਮਾਨ ਬਰਤਾਨੀਆਂ ਵਿਚ ਕੌਂਸਲਾਂ ਵੱਲੋਂ ਦਿੱਤਾ ਜਾਣ ਵਾਲਾ ਸਰਬ ਉੱਚ ਨਾਗਰਿਕ ਸਨਮਾਨ ਹੈ, ਜੋ ਉਸ ਸਖਸ਼ੀਅਤ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਆਮ ਲੋਕਾਂ ਲਈ ਮਾਣ ਮੱਤੀਆਂ ਸੇਵਾਵਾਂ ਦਿੱਤੀਆਂ ਹੋਣ। ਸ੍ਰੀ ਵਰਿੰਦਰ ਸ਼ਰਮਾਂ ਨੇ ਈਲਿੰਗ ਵਿੱਚ ਰਹਿੰਦਿਆਂ ਸਮਾਜਿਕ ਅਤੇ ਰਾਜਨੀਤਕ ਖੇਤਰ ਵਿੱਚ 50 ਸਾਲ ਤੋਂ ਵੱਧ ਸੇਵਾਵਾਂ ਦਿੱਤੀਆਂ। ਜਿਸ ਦੌਰਾਨ ਸ੍ਰੀ ਸ਼ਰਮਾ ਨੇ ਬਰਾ-ਬਰਤਾ ਦੇ ਸਿਧਾਂਤ ਨੂੰ ਕਾਇਮ ਰੱਖਦਿਆਂ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰਨ ਅਤੇ ਵਿਭਿੰਨ ਭਾਈਚਾਰਿਆਂ ਦੀਆਂ ਆਵਾਜ਼ਾਂ ਨੂੰ ਬੁਲੰਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੁਰਸਕਾਰ ਪ੍ਰਾਪਤ ਕਰਨ ਉਪਰੰਤ ਸ੍ਰੀ ਸ਼ਰਮਾ ਨੇ ਇਹ ਪੁਰਸਕਾਰ ਆਪਣੀ ਪਤਨੀ ਨਿਰਮਲਾ ਸ਼ਰਮਾਂ ਅਤੇ ਬੱਚਿਆਂ ਨਾਲ ਸਾਂਝਾ ਕਰਦਿਆਂ ਕਿਹਾ ਕਿ "ਫ੍ਰੀਡਮ ਆਫ ਈਲਿੰਗ ਬਾਰੋ" ਪ੍ਰਾਪਤ ਕਰਨਾ ਮਾਣ ਵਾਲੀ ਗੱਲ ਹੈ ਅਤੇ ਨਿਰਮਲਾ, ਅਤੇ ਪ੍ਰੀਵਾਰ ਤੋਂ ਬਿਨ੍ਹਾ ਇਹ ਸਫ਼ਰ ਤੈਅ ਕਰਨਾ ਸੰਭਵ ਨਹੀਂ ਸੀ ਹੋ ਸਕਦਾ। ਮੇਰੀ ਜ਼ਿੰਦਗੀ ਦਾ ਅਰਥ ਲੋਕਾਂ ਦੀ ਸੇਵਾ ਕਰਨਾ, ਧਰਮ ਨਿਰਪੱਖਤਾ, ਸਮਾਨਤਾ, ਏਕਤਾ ਅਤੇ ਨਿਰਪੱਖਤਾ ਵਿੱਚ ਅਟੁੱਟ ਵਿਸ਼ਵਾਸ ਹੈ।



ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਪੁਰਸਕਾਰ ਨਾਲ

ਜਿਕਰਯੋਗ ਹੈ ਕਿ ਸਾਬਕਾ ਸੰਸਦ ਮੈਂਬਰ ਵਰਿੰਦਰ ਸ਼ਰਮਾਂ ਨੇ ਬਤੌਰ ਕੰਡਕਟਰ, ਟ੍ਰੇਡ ਯੂਨੀਅਨਾਂ ਵਿੱਚ ਕੰਮ ਕੀਤਾ ਅਤੇ 1982 ਵਿੱਚ ਲੰਡਨ ਬਾਰੋ ਆਫ ਈਲਿੰਗ ਵਿੱਚ ਕੌਂਸਲਰ ਚੁਣੇ ਗਏ ਸਨ, ਬਾਅਦ ਵਿੱਚ ਮੇਅਰ ਵਜੋਂ ਸੇਵਾ ਨਿਭਾਈ, 2007 ਵਿੱਚ ਈਲਿੰਗ ਸਾਊਥਾਲ ਲਈ ਸੰਸਦ ਮੈਂਬਰ ਚੁਣੇ ਗਏ ਸਨ ਅਤੇ 2024 ਤੱਕ ਸੰਸਦ ਰਹੇ।

## ਹੱਕ, ਸੱਚ, ਇਨਸਾਫ ਅਤੇ ਧਰਮ ਤੇ ਅਧਾਰਿਤ ਸੰਘਰਸ਼ ਨਾਲ ਨਸ਼ਾ ਤਸਕਰੀ ਦਾ ਕੋਈ ਸਬੰਧ ਨਹੀਂ - ਯੂਨਾਈਟਡ ਖਾਲਸਾ ਦਲ ਯੂ ਕੇ



ਭਾਈ ਨਿਰਮਲ ਸਿੰਘ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵਲੋਂ ਅਰੰਭਿਆ ਹੋਇਆ ਸੰਘਰਸ਼ ਖਤਮ ਨਹੀਂ ਹੋਇਆ ਅਤੇ ਨਾ ਸੀ ਕਦੇ ਖਤਮ ਹੋਵੇਗਾ।ਸਿੱਖਾਂ ਦੀ ਅਜ਼ਾਦੀ ਦੇ ਸ਼ੰਘਰਸ਼ ਦੇ ਸਮੇਂ ਅਨੁਸਾਰ ਰੂਪ ਵੱਖ ਵੱਖ ਹੋ ਸਕਦੇ ਹਨ । ਇੱਕ ਪਾਸੇ ਸੰਘਰਸ਼ੀ ਯੋਧਿਆਂ ਨੂੰ ਸਰਕਾਰੀ ਤੰਤਰ ਵੱਲੋਂ ਸ਼ਹੀਦ ਕਰਵਾਇਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਕਾਲਪਨਿਕਤਾ ਦਾ ਸਹਾਰਾ ਲੈ ਕੇ ਕਿਤਾਬਾਂ ਅਤੇ ਫਿਲਮਾਂ ਰਾਹੀ ਸਿੱਖ ਅਜ਼ਾਦੀ ਸੰਘਰਸ਼ ਨੂੰ ਬਦਨਾਮ ਕਰਨ ਦਾ ਕੋਝਾ ਯਤਨ ਅਰੰਭ ਕੀਤਾ ਹੋਇਆ ਹੈ, ਇਹ ਵਿਚਾਰ ਯੂਨਾਈਟਿਡ ਖਾਲਸਾ ਦਲ ਯੂ ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਪ੍ਰਗਟ ਕਰਦਿਆਂ ਧੁਰੰਦਰ ਦਾ ਰਿਵਿੰਜ਼ ਫਿਲਮ ਵਿੱਚ ਵਿਖਾਏ ਦ੍ਰਿਸ਼ਾਂ ਤੇ ਇਤਰਾਜ਼ ਪ੍ਰਗਟ ਕਰਦਿਆਂ ਸਖ਼ਤ ਨਿੰਦਾ ਕੀਤੀ ਹੈ। ਉਹਨਾਂ ਕਿਹਾ ਕਿ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਨਸ਼ਾ ਤਸਕਰੀ ਨਾਲ ਜੋੜ ਕੇ ਸੰਘਰਸ਼ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ ਹੈ, ਭਾਵੇਂ ਕਿ ਉਸ ਨਸ਼ਾ ਤਸਕਰ ਨਾਮ ਫਿਲਮ ਵਿਚ ਅਮਰਜੀਤ ਸਿੰਘ ਅਤੇ ਉਸਦਾ ਕਤਲ ਪਾਰਕ ਵਿੱਚ ਕੀਤਾ ਗਿਆ ਦਿਖਾਇਆ ਹੈ। ਜੋ ਕੀ ਬਿਲਕੁਲ ਬੇਬੁਨਿਆਦ ਅਤੇ ਝੂਠਾ ਬਿਰਤਾਂਤ ਹੈ। ਯੂਨਾਈਟਿਡ ਖਾਲਸਾ ਦਲ ਯੂ ਕੇ ਨੇ ਆਖਿਆ ਹੈ ਕਿ ਭਾਈ ਪਰਮਜੀਤ ਸਿੰਘ ਪੰਜਵੜ ਨੇ ਸਾਲ 1995 ਦੇ ਅੱਧ ਵਿੱਚਕਾਰ ਤੋਂ ਲੈ ਕੇ 6 ਮਈ 2023 ਤੱਕ ਕਰੀਬ ਅਠਾਈ ਸਾਲ ਲਗਾਤਾਰ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿੱਚ ਬਤੀਤ ਕੀਤੇ । ਜਿੱਥੇ ਉਸਨੇ ਆਪਣੇ ਜੀਵਨ ਨਿਰਬਾਹ ਅਤੇ ਲੋੜਵੰਦ ਸਿੱਖਾਂ ਦੀ ਮੱਦਦ ਵਾਸਤੇ ਰੀਅਲ ਅਸਟੇਟ (ਪ੍ਰਾਪਰਟੀ ਡੀਲਰ) ਦਾ ਕਾਰੋਬਾਰ ਕਰਦਿਆਂ ਆਪਣਾ ਜੀਵਨ ਬਤੀਤ ਕੀਤਾ। ਜਦਕਿ ਪਹਿਲਾਂ ਸਾਰੀ ਜਿੰਮੇਵਾਰੀ ਵਿਦੇਸ਼ਾਂ ਵਿੱਚ ਵਸਦੇ ਸੰਘਰਸ਼ ਦੇ ਸਮਰਥਕਾਂ ਦੇ ਦਸਵੰਦ ਨਾਲ ਪੂਰੀ ਹੁੰਦੀ ਸੀ। ਸੰਘਰਸ਼ ਵਾਸਤੇ ਲੋੜੀਂਦਾ ਸਾਜੋ ਸਮਾਨ ਵੀ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਦੇ ਦਸਵੰਦ ਨਾਲ ਅਤੇ ਭਾਰਤੀ ਬੈਂਕਾਂ ਦੇ ਡਾਕਿਆਂ ਨਾਲ ਮੁਹੱਈਆ ਹੋਇਆ ਹੈ। ਨਸ਼ਾ ਤਸਕਰੀ ਨੂੰ ਸਿੱਖ ਕੌਮ ਦੇ ਪਾਵਿੱਤਰ ਕਾਜ਼ ਨਾਲ ਜੋੜਨਾ ਬਹੁਤ ਹੀ ਹਾਸੋਹੀਣਾ, ਬਚਕਾਨਾ ਅਤੇ ਬੌਖਲਾਹਟ ਦੀ ਨਿਸ਼ਾਨੀ ਹੈ।

## ਨਿਲਾਮੀ ਘਰ ਅਸ਼ਟਗੁਰੂ ਨੇ ਲੰਡਨ ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਦਫਤਰ ਖੋਲ੍ਹਿਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਦੇ ਪ੍ਰਮੁੱਖ ਨਿਲਾਮੀ ਘਰ ਅਸ਼ਟਗੁਰੂ ਨੇ ਵਿਸ਼ਵ ਪੱਧਰ 'ਤੇ ਆਪਣੇ ਪੈਰ ਪਸਾਰਦਿਆਂ ਲੰਡਨ ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਦਫ਼ਤਰ ਖੋਲ੍ਹ ਕੇ ਇੱਕ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਇਹ ਨਵਾਂ ਦਫ਼ਤਰ ਲੰਡਨ ਦੇ ਮਸ਼ਹੂਰ ਸਾਊਥ ਕੈਂਸਿੰਗਟਨ ਇਲਾਕੇ ਵਿੱਚ ਖੋਲ੍ਹਿਆ ਗਿਆ ਹੈ, ਜੋ ਕਿ ਕਲਾ ਅਤੇ ਸੱਭਿਆਚਾਰ ਦਾ ਕੇਂਦਰ ਮੰਨਿਆ ਜਾਂਦਾ ਹੈ। ਇਸ ਦਾ ਮੁੱਖ ਮਕਸਦ ਯੂਰਪੀਅਨ ਸੰਗ੍ਰਹਿ ਕਰਤਾਵਾਂ ਅਤੇ ਉੱਥੇ ਰਹਿ ਰਹੇ ਭਾਰਤੀ ਭਾਈਚਾਰੇ ਤੱਕ ਪਹੁੰਚ ਬਣਾਉਣਾ ਹੈ। ਅਸ਼ਟਗੁਰੂ ਲੰਡਨ ਵਿੱਚ ਆਪਣੀ ਪਹਿਲੀ ਨਿਲਾਮੀ 27 ਮਈ ਨੂੰ ਕਰਨ ਜਾ ਰਿਹਾ ਹੈ, ਜਿਸ ਵਿੱਚ ਦੁਨੀਆ ਦੀਆਂ ਬਿਹਤਰੀਨ ਘੜੀਆਂ ਪੇਸ਼ ਕੀਤੀਆਂ ਜਾਣਗੀਆਂ। ਲੰਡਨ ਦੀ ਇਸ ਟੀਮ ਦੀ ਅਗਵਾਈ ਲਰੀਸਾ ਜੇਸੀ ਅਤੇ ਟਿਮ ਬੋਰਨ ਵਰਗੇ ਤਜਰਬੇਕਾਰ ਮਾਹਰ ਕਰ ਰਹੇ ਹਨ। ਲੰਡਨ ਤੋਂ ਬਾਅਦ, ਅਸ਼ਟਗੁਰੂ ਆਉਣ ਵਾਲੇ ਸਮੇਂ ਵਿੱਚ ਸਿੰਗਾਪੁਰ ਅਤੇ ਨਿਊਯਾਰਕ ਵਰਗੇ ਵੱਡੇ ਸ਼ਹਿਰਾਂ ਵਿੱਚ ਵੀ ਆਪਣੇ ਦਫ਼ਤਰ ਖੋਲ੍ਹਣ ਦੀ ਤਿਆਰੀ ਕਰ ਰਿਹਾ ਹੈ।**

# ‘ਡੌਂਕੀ ਰੂਟ’ ਰਾਹੀਂ ਮਨੁੱਖੀ ਤਸਕਰੀ ’ਤੇ ਹਾਈਕੋਰਟ ਸਖ਼ਤ

## ✪ ਮੁਲਜ਼ਮਾਂ ਦੀ ਜ਼ਮਾਨਤ ਰੱਦ, ਦੱਸਿਆ ਕੌਮਾਂਤਰੀ ਅਪਰਾਧ







ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਵਾਲੇ ‘‘ਡੌਂਕੀ ਰੂਟ’’ ਨੈੱਟਵਰਕ ਵਿਰੁੱਧ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਮਨੁੱਖੀ ਤਸਕਰੀ ਦੇ ਗੰਭੀਰ ਮਾਮਲੇ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਨਿਯਮਿਤ ਜ਼ਮਾਨਤ ਦੇਣ ਤੋਂ ਸਾਫ਼ ਇਨਕਾਰ ਕਰਦਿਆਂ ਕਿਹਾ ਕਿ ਇਹ ਮਹਿਜ਼ ਧੋਖਾਧੜੀ ਨਹੀਂ, ਸਗੋਂ ਇੱਕ ਸੰਗਠਿਤ ਕੌਮਾਂਤਰੀ ਅਪਰਾਧ ਹੈ। ਜਸਟਿਸ ਗੁਰਵਿੰਦਰ ਸਿੰਘ ਗਿੱਲ ਅਤੇ ਜਸਟਿਸ ਰਮੇਸ਼ ਕੁਮਾਰੀ ਦੀ ਬੈਂਚ ਨੇ ਮੁਲਜ਼ਮਾਂ ਦੀਆਂ ਅਪੀਲਾਂ ਨੂੰ ਖਾਰਜ ਕਰਦਿਆਂ ਕਈ ਸਖ਼ਤ ਟਿੱਪਣੀਆਂ ਕੀਤੀਆਂ। ਅਦਾਲਤ ਨੇ ਕਿਹਾ ਕਿ ਪੇਸ਼ ਕੀਤੇ ਗਏ ਸਬੂਤ ਸਪੱਸ਼ਟ ਕਰਦੇ ਹਨ ਕਿ ਇਹ ਇੱਕ ਵੱਡਾ ਮਨੁੱਖੀ ਤਸਕਰੀ ਰੈਕੇਟ ਹੈ, ਜਿਸ ਦੇ ਤਾਰ ਕੌਮਾਂਤਰੀ ਪੱਧਰ ’ਤੇ ਜੁੜੇ ਹੋਏ ਹਨ। ਮਨੁੱਖੀ ਤਸਕਰੀ ਵਰਗੇ ਅਪਰਾਧ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹਨ, ਸਗੋਂ ਮਾਸੂਮ ਲੋਕਾਂ ਦੀ ਜਾਨ ਅਤੇ ਸਨਮਾਨ ਲਈ ਵੀ ਵੱਡਾ ਖ਼ਤਰਾ ਹਨ।ਅਜਿਹੇ ਗੰਭੀਰ ਮਾਮਲਿਆਂ ਵਿੱਚ ਜ਼ਮਾਨਤ ਦੇਣਾ ਨਿਆਂ ਦੇ ਹਿੱਤਾਂ ਦੇ ਵਿਰੁੱਧ ਹੋਵੇਗਾ।

### ਕਿਵੇਂ ਚੱਲ ਰਿਹਾ ਸੀ ‘ਡੌਂਕੀ’ ਦਾ ਖੇਡ ?

ਜਾਂਚ ਦੌਰਾਨ ਸਾਹਮਣੇ ਆਇਆ ਕਿ ਗਗਨ ਅਤੇ ਉਸ ਦੇ ਸਾਥੀ ਏਜੰਟ (ਜਿਨ੍ਹਾਂ ਨੂੰ ‘ਡੌਂਕਰ’ ਕਿਹਾ ਜਾਂਦਾ ਹੈ) ਲੋਕਾਂ ਨੂੰ ਅਮਰੀਕਾ ਭੇਜਣ ਦਾ ਲਾਲਚ ਦੇ ਕੇ ਮੋਟੀਆਂ ਰਕਮਾਂ ਵਸੂਲਦੇ ਸਨ ਪੀੜਤਾਂ ਨੂੰ ਸਪੇਨ, ਅਲ ਸਲਵਾਡੋਰ, ਗੁਆਟੇਮਾਲਾ ਅਤੇ ਮੈਕਸੀਕੋ ਵਰਗੇ ਦੇਸ਼ਾਂ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਲਿਜਾਇਆ ਜਾਂਦਾ ਸੀ। ਸਫ਼ਰ ਦੌਰਾਨ ਪੀੜਤਾਂ ਨੂੰ ਭਿਆਨਕ ਤਸ਼ੱਦਦ, ਕੁੱਟਮਾਰ ਅਤੇ ਜਬਰੀ ਵਸੂਲੀ ਦਾ ਸਾਹਮਣਾ ਕਰਨਾ ਪੈਂਦਾ ਸੀ। ਰਾਸ਼ਟਰੀ ਜਾਂਚ ਏਜੰਸੀ ਨੇ ਅਦਾਲਤ ਵਿੱਚ ਅਹਿਮ ਸਬੂਤ ਪੇਸ਼ ਕੀਤੇ, ਜਿਨ੍ਹਾਂ ਵਿੱਚ ਸ਼ਾਮਲ ਹਨ:

ਇੱਕ ਦੋਸ਼ੀ ਦੇ ਬੈਂਕ ਖਾਤੇ ਦੇ 52 ਪੰਨਿਆਂ ਦਾ ਰਿਕਾਰਡ, ਜੋ ਵੱਡੀ ਰਕਮ ਦੇ ਲੈਣ-ਦੇਣ ਦੀ ਪੁਸ਼ਟੀ ਕਰਦਾ ਹੈ। ਯਾਤਰਾ ਨਾਲ ਸਬੰਧਤ ਤਾਲਮੇਲ ਰਿਕਾਰਡ ਅਤੇ ਡਿਜੀਟਲ ਟ੍ਰਾਂਸਫਰ। ਅਦਾਲਤ ਨੇ ਪਾਇਆ ਕਿ ਇਮੀਗ੍ਰੇਸ਼ਨ ਕਾਰੋਬਾਰ ਦੇ ਨਾਮ ਹੇਠ ਗੈਰ-ਕਾਨੂੰਨੀ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਸਨ।

ਹਾਈਕੋਰਟ ਨੇ ਹੇਠਲੀ ਅਦਾਲਤ ਨੂੰ ਨਿਰਦੇਸ਼ ਦਿੱਤੇ ਹਨ ਕਿ ਇਸ ਮੁਕੱਦਮੇ ਦੀ ਸੁਣਵਾਈ ਵਿੱਚ ਤੇਜ਼ੀ ਲਿਆਂਦੀ ਜਾਵੇ। ਗਵਾਹਾਂ ਦੇ ਬਿਆਨ ਸਮੇਂ ਸਿਰ ਦਰਜ ਕੀਤੇ ਜਾਣ ਤਾਂ ਜੋ ਨਿਆਂਇਕ ਪ੍ਰਕਿਰਿਆ ਵਿੱਚ ਕੋਈ ਦੇਰੀ ਨਾ ਹੋਵੇ ਅਤੇ ਦੋਸ਼ੀਆਂ ਨੂੰ ਜਲਦ ਸਜ਼ਾ ਮਿਲ ਸਕੇ।

## ਮਾਨਸਾ ਵਿਖੇ ਨਸ਼ਾ ਤਸਕਰਾਂ ਖ਼ਿਲਾਫ਼ ਪਿੰਡ ਨੰਗਲ ਕਲਾਂ ਦਾ ਫੈਸਲਾ

# ਸਰਪੰਚ ਵੱਲੋਂ ਪਰਿਵਾਰ ਨੂੰ ਪਿੰਡੋਂ ਕੱਢਣ ਦਾ ਐਲਾਨ



ਮਾਨਸਾ-ਪੰਜਾਬ ਵਿੱਚ ਨਸ਼ਿਆਂ ਦੇ ਵਧ ਰਹੇ ਪ੍ਰਕੋਪ ਦੇ ਵਿਚਕਾਰ ਮਾਨਸਾ ਜ਼ਿਲ੍ਹੇ ਦੇ ਪਿੰਡ ਨੰਗਲ ਕਲਾਂ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਪਿੰਡ ਦੇ ਸਰਪੰਚ ਰੇਸ਼ਮ ਸਿੰਘ ਜਿੰਦਾ ਨੇ ਨਸ਼ਾ ਵੇਚਣ ਵਾਲੇ ਇੱਕ ਪਰਿਵਾਰ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰਦਿਆਂ ਉਨ੍ਹਾਂ ਨੂੰ ਪਿੰਡ ਵਿੱਚੋਂ ਬਾਹਰ ਕੱਢਣ ਦਾ ਐਲਾਨ ਕਰ ਦਿੱਤਾ ਹੈ। ਇਸ ਸਬੰਧੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਸਰਪੰਚ ਅਨੁਸਾਰ, ਇਹ ਪਰਿਵਾਰ ਪਹਿਲਾਂ ਵੀ ਨਸ਼ਾ ਵੇਚਣ ਦੇ ਕੰਮ ਵਿੱਚ ਲੱਗਾ ਹੋਇਆ ਸੀ। ਕੁਝ ਸਮਾਂ ਪਹਿਲਾਂ ਇਸ ਪਰਿਵਾਰ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਖੜ੍ਹੇ ਹੋ ਕੇ ਜਨਤਕ ਤੌਰ ’ਤੇ ਮੁਆਫ਼ੀ ਮੰਗੀ ਸੀ ਅਤੇ ਵਾਅਦਾ ਕੀਤਾ ਸੀ ਕਿ ਉਹ ਭਵਿੱਖ ਵਿੱਚ ਅਜਿਹਾ ਕੋਈ ਕੰਮ ਨਹੀਂ ਕਰਨਗੇ। ਰੇਸ਼ਮ ਸਿੰਘ ਜਿੰਦਾ, ਸਰਪੰਚ ਅਨੁਸਾਰ ਪੰਚਾਇਤ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਜੇਕਰ ਉਹ ਨਸ਼ਾ ਵੇਚਣਾ ਬੰਦ ਕਰ ਦੇਣਗੇ ਤਾਂ ਪੁਲਿਸ ਨੂੰ ਉਨ੍ਹਾਂ ’ਤੇ ਕੋਈ ਨਾਜਾਇਜ਼ ਕਾਰਵਾਈ ਨਹੀਂ ਕਰਨ ਦਿੱਤੀ ਜਾਵੇਗੀ। ਪਰ ਇਨ੍ਹਾਂ ਨੇ ਪਿੰਡ ਦਾ ਭਰੋਸਾ ਤੋੜਿਆ ਹੈ। ਤਾਜ਼ਾ ਘਟਨਾਕ੍ਰਮ ਵਿੱਚ ਸਰਪੰਚ ਨੇ ਦਾਅਵਾ ਕੀਤਾ ਹੈ ਕਿ ਉਕਤ ਪਰਿਵਾਰ ਨੂੰ ਨਸ਼ਾ ਵੇਚਦਿਆਂ ਰੰਗੇ ਹੱਥੀਂ ਫੜਿਆ ਗਿਆ ਹੈ। ਇਹ ਵੀ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਪਰਿਵਾਰ ਨਾ ਸਿਰਫ਼ ਪਿੰਡ ਨੰਗਲ ਕਲਾਂ, ਸਗੋਂ ਆਸ-ਪਾਸ ਦੇ ਪਿੰਡਾਂ ਵਿੱਚ ਵੀ ਨਸ਼ੇ ਦੀ ਸਪਲਾਈ ਕਰ ਰਿਹਾ ਸੀ।ਸਰਪੰਚ ਨੇ ਪੁਲਿਸ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਹੈ ਕਿ ਨਸ਼ਾ ਵੇਚਣ ਵਾਲੇ ਅਜਿਹੇ ਅਨਸਰਾਂ ਖ਼ਿਲਾਫ਼ ਤੁਰੰਤ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਪਿੰਡ ਦੀ ਜਵਾਨੀ ਨੂੰ ਬਚਾਇਆ ਜਾ ਸਕੇ।

# ਬਠਿੰਡਾ ਪੁਲਿਸ ਵਲੋਂ 10 ਸਮਗਲਰ ਗ੍ਰਿਫ਼ਤਾਰ

## ✪ ਭਾਰੀ ਮਾਤਰਾ ਵਿੱਚ ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਬਰਾਮਦ

ਬਠਿੰਡਾ-ਜ਼ਿਲ੍ਹਾ ਬਠਿੰਡਾ ਪੁਲਿਸ ਨੇ ਨਸ਼ਾ ਵਿਰੋਧੀ ਮੁਹਿੰਮ ਤਹਿਤ ਸਖ਼ਤ ਕਾਰਵਾਈ ਕਰਦਿਆਂ ਵੱਖ-ਵੱਖ ਥਾਵਾਂ ਤੋਂ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਮੁਲਜ਼ਮਾਂ ਕੋਲੋਂ ਭਾਰੀ ਮਾਤਰਾ ਵਿੱਚ ਹੈਰੋਇਨ, ਨਸ਼ੀਲੀਆਂ ਗੋਲੀਆਂ ਅਤੇ ਡਰੱਗ ਮਨੀ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੈਰੋਇਨ: 121 ਗ੍ਰਾਮ ਨਸ਼ੀਲੀਆਂ ਗੋਲੀਆਂ: 128 ਨਸ਼ੀਲੇ ਕੈਪਸੂਲ: 45 ਡਰੱਗ ਮਨੀ 12,200 ਰੁਪਏ ਕੀਤੇ ਹਨ। ਸੀਆਈਏ ਸਟਾਫ ਨੇ ਪਿੰਡ ਚੱਕ ਫਤਿਹ ਸਿੰਘ ਵਾਲਾ ਵਿੱਚ ਛਾਪੇਮਾਰੀ ਦੌਰਾਨ ਨਰਿੰਦਰ ਸਿੰਘ ਨੂੰ 105 ਗ੍ਰਾਮ ਹੈਰੋਇਨ ਅਤੇ 12,200 ਰੁਪਏ ਦੀ ਡਰੱਗ ਮਨੀ ਸਮੇਤ ਕਾਬੂ ਕੀਤਾ। ਹਾਲਾਂਕਿ, ਉਸ ਦਾ ਸਾਥੀ ਸ਼ਮੀ ਠਾਕਰ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਰਿਹਾ, ਜਿਸ ਦੀ ਭਾਲ ਜਾਰੀ ਹੈ। ਥਾਣਾ ਕੈਨਾਲ ਕਾਲੋਨੀ ਦੀ ਪੁਲਿਸ ਨੇ ਪਰਸਰਾਮ ਨਗਰ ਵਿੱਚ ਕਾਰਵਾਈ ਕਰਦਿਆਂ ਜਗਵੀਰ ਸਿੰਘ ਅਤੇ ਪਰਮਜੀਤ ਕੌਰ ਨੂੰ 7 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਲਖਪ੍ਰੀਤ ਸਿੰਘ (ਵਾਸੀ ਪਿੰਡ ਰਾਮਪੁਰਾ) ਨੂੰ 4 ਗ੍ਰਾਮ ਹੈਰੋਇਨ ਅਤੇ ਹਰਪਿੰਦਰ ਸਿੰਘ (ਵਾਸੀ ਪਿੰਡ ਪਿੱਥੋ) ਨੂੰ 3 ਗ੍ਰਾਮ ਹੈਰੋਇਨ ਸਮੇਤ ਫੜਿਆ ਗਿਆ। ਪੁਲਿਸ ਨੇ ਤਲਵੰਡੀ ਸਾਬੋ ਵਿਖੇ ਜਸਵਿੰਦਰ ਸਿੰਘ ਨੂੰ 45 ਪਾਬੰਦੀਸ਼ੁਦਾ ਕੈਪਸੂਲਾਂ ਸਮੇਤ ਅਤੇ ਹਰਪ੍ਰੀਤ ਸਿੰਘ ਨੂੰ 2 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਫੂਲ ਦੀ ਪੁਲਿਸ ਨੇ ਦਲਵਿੰਦਰ ਸਿੰਘ ਕੋਲੋਂ 38 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਥਾਣਾ ਬਾਲਿਆਂਵਾਲੀ ਨੇ ਇੰਦਰਜੀਤ ਸਿੰਘ ਨੂੰ 90 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਸੀਨੀਅਰ ਪੁਲਿਸ ਅਧਿਕਾਰੀਆਂ ਅਨੁਸਾਰ, ਫੜੇ ਗਏ ਸਾਰੇ ਮੁਲਜ਼ਮਾਂ ਖ਼ਿਲਾਫ਼ ਐਨਡੀਪੀਐਸ ਐਕਟ ਦੇ ਤਹਿਤ ਮੁਕੱਦਮੇ ਦਰਜ ਕਰ ਲਏ ਗਏ ਹਨ। ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਨਸ਼ਾ ਕਿੱਥੋਂ ਲਿਆਂਦਾ ਗਿਆ ਸੀ ਅਤੇ ਇਸ ਦੇ ਪਿੱਛੇ ਹੋਰ ਕਿਹੜੇ ਲੋਕ ਸ਼ਾਮਲ ਹਨ।

# ਸਕੂਲ ਗਈ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਅਗਵਾ

## ✪ ਪੁਲਿਸ ਨੇ ਪਿੰਡ ਦੇ ਹੀ ਨੌਜਵਾਨ ’ਤੇ ਦਰਜ ਕੀਤਾ ਕੇਸ

ਸੁਲਤਾਨਪੁਰ ਲੋਧੀ-ਸੁਲਤਾਨਪੁਰ ਲੋਧੀ ਪੁਲਿਸ ਨੇ ਇੱਕ ਨਾਬਾਲਗ ਲੜਕੀ ਨੂੰ ਵਰਗਲਾ ਕੇ ਅਗਵਾ ਕਰਨ ਦੇ ਦੋਸ਼ ਵਿੱਚ ਇੱਕ ਨੌਜਵਾਨ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ ਲੜਕੀ ਦੀ ਮਾਂ ਦੀ ਸ਼ਿਕਾਇਤ ’ਤੇ ਅਮਲ ਵਿੱਚ ਲਿਆਂਦੀ ਗਈ ਹੈ, ਜਿਸ ਤੋਂ ਬਾਅਦ ਇਲਾਕੇ ਵਿੱਚ ਕਾਫ਼ੀ ਸਹਿਮ ਅਤੇ ਚਿੰਤਾ ਦਾ ਮਾਹੌਲ ਹੈ। ਸ਼ਿਕਾਇਤਕਰਤਾ ਪ੍ਰੀਤ ਕੌਰ (ਵਾਸੀ ਪਿੰਡ ਕਮਾਲਪੁਰ ਮੋਤਾਵਾਲ) ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਨ੍ਹਾਂ ਦੀ ਧੀ ਰੇਲ ਕੋਚ ਫੈਕਟਰੀ ਕਪੂਰਥਲਾ ਦੇ ਨਜ਼ਦੀਕ ਸਥਿਤ ਇੱਕ ਸਰਕਾਰੀ ਸਕੂਲ ਵਿੱਚ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਹੈ। ਉਹ 13 ਮਾਰਚ ਨੂੰ ਸਕੂਲ ਗਈ ਸੀ, ਪਰ ਉਸ ਤੋਂ ਬਾਅਦ ਅਚਾਨਕ ਭੇਦਭਰੇ ਹਾਲਾਤ ਵਿੱਚ ਲਾਪਤਾ ਹੋ ਗਈ। ਪਰਿਵਾਰ ਨੇ ਆਪਣੇ ਪੱਧਰ ’ਤੇ ਰਿਸ਼ਤੇਦਾਰੀਆਂ ਅਤੇ ਹੋਰ ਥਾਵਾਂ ’ਤੇ ਕਾਫ਼ੀ ਭਾਲ ਕੀਤੀ, ਪਰ ਲੜਕੀ ਦਾ ਕੋਈ ਸੁਰਾਗ ਨਹੀਂ ਮਿਲਿਆ। ਪੀੜਤ ਪਰਿਵਾਰ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਸੁਲਤਾਨਪੁਰ ਲੋਧੀ ਦੇ ਹੀ ਰਹਿਣ ਵਾਲੇ ਬਲਰਾਜ ਮਹਿਰਾ ਨਾਮਕ ਨੌਜਵਾਨ ਨੇ ਉਨ੍ਹਾਂ ਦੀ ਧੀ ਨੂੰ ਵਿਆਹ ਦਾ ਝਾਂਸਾ ਦੇ ਕੇ ਜਾਂ ਕਿਸੇ ਹੋਰ ਲਾਲਚ ਵਿੱਚ ਫਸਾ ਕੇ ਅਗਵਾ ਕੀਤਾ ਹੈ। ਸ਼ਿਕਾਇਤ ਦੇ ਆਧਾਰ ’ਤੇ ਸੁਲਤਾਨਪੁਰ ਲੋਧੀ ਪੁਲਿਸ ਨੇ ਮੁਲਜ਼ਮ ਬਲਰਾਜ ਮਹਿਰਾ ਵਿਰੁੱਧ ਕੇਸ ਦਰਜ ਕੀਤਾ ਹੈ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ




# ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

**ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।**

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

# ਆਪ ਦੇ ਅਤੀ ਧੰਨਵਾਦੀ ਹੋਵਾਂਗੇ

**ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ**

# ਝਾਰਖੰਡ ਵਿੱਚ ਸਿੱਖਾਂ ਦੀਆਂ ਜੜ੍ਹਾਂ ਕਿਵੇਂ ਲੱਗੀਆਂ

ਨਿਊਜ਼ ਸਟੋਰੀ

## ✪ ਕੀ ਹੈ ਉਨ੍ਹਾਂ ਦੀ ਆਰਥਿਕ ਸਥਿਤੀ ਤੇ ਧਾਰਮਿਕ ਹੋਂਦ






ਝਾਰਖੰਡ, ਜਿਸ ਨੂੰ 'ਜੰਗਲਾਂ ਦੀ ਧਰਤੀ' ਕਿਹਾ ਜਾਂਦਾ ਹੈ, ਮੁੱਖ ਤੌਰ ਤੇ ਆਦਿਵਾਸੀ ਅਤੇ ਹਿੰਦੂ ਬਹੁਗਿਣਤੀ ਵਾਲਾਰਾਜ ਹੈ। ਪਰ ਇੱਥੇ ਸਿੱਖ ਧਰਮ ਦੀਆਂ ਜੜ੍ਹਾਂ ਕਈ ਸਦੀਆਂ ਪੁਰਾਣੀਆਂ ਹਨ। ਸਿੱਖੀ ਦੀਆਂ ਜੜ੍ਹਾਂ ਉਦੋਂ ਲੱਗੀਆਂ ਜਦੋਂ ਗੁਰੂ ਸਾਹਿਬਾਨ ਨੇ ਇਸ ਖੇਤਰ ਦੀ ਯਾਤਰਾ ਕੀਤੀ। ਸਥਾਨਕ ਲੋਕਾਂ ਨੇ ਉਸ ਸਮੇਂ ਸਿੱਖੀ ਧਾਰਨ ਕੀਤੀ, ਜਿਨ੍ਹਾਂ ਨੂੰ ਅੱਜ ਅਸੀਂ ਅਗਰਹਰੀ ਸਿੱਖ ਵਜੋਂ ਜਾਣਦੇ ਹਾਂ। ਝਾਰਖੰਡ ਦੀ ਧਰਤੀ ਨੂੰ ਤਿੰਨ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਦੌਰਾਨ ਗੁਰੂ ਜੀ ਰਾਂਚੀ ਅਤੇ ਰਾਜਗਿਰੀ ਦੇ ਇਲਾਕਿਆਂ ਵਿੱਚੋਂ ਲੰਘੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ 17ਵੀਂ ਸਦੀ ਵਿੱਚ ਅਸਾਮ ਦੀ ਯਾਤਰਾ 'ਤੇ ਜਾਂਦੇ ਸਮੇਂ ਨੌਵੇਂ ਪਾਤਸ਼ਾਹ ਨੇ ਝਾਰਖੰਡ (ਉਸ ਸਮੇਂ ਦਾ ਜੰਗਲ ਦੇਸ਼) ਦੇ ਇਲਾਕਿਆਂ ਵਿੱਚ ਪ੍ਰਚਾਰ ਕੀਤਾ। ਇੱਥੋਂ ਦੇ ਕਈ ਕਬੀਲਿਆਂ ਅਤੇ ਵਪਾਰੀ ਵਰਗ (ਅਗਰਹਰੀ) ਉੱਤੇ ਉਨ੍ਹਾਂ ਦਾ ਗਹਿਰਾ ਪ੍ਰਭਾਵ ਪਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਸਾਹਿਬ ਵਿਖੇ ਪ੍ਰਕਾਸ਼ ਹੋਣ ਕਾਰਨ ਅਤੇ ਬਾਅਦ ਵਿੱਚ ਯਾਤਰਾਵਾਂ ਦੌਰਾਨ ਇਸ ਖੇਤਰ ਨਾਲ ਉਨ੍ਹਾਂ ਦਾ ਗਹਿਰਾ ਸਬੰਧ ਰਿਹਾ ਹੈ। ਇਹ ਸਿੱਖ ਸਿੱਖੀ ਦੀਆਂ ਪਰੰਪਰਾਵਾਂ ਨੂੰ ਮੰਨਦੇ ਹਨ ।

ਝਾਰਖੰਡ 2000 ਵਿੱਚ ਬਿਹਾਰ ਤੋਂ ਵੱਖ ਹੋ ਕੇ ਬਣਿਆ ਸੀ ਅਤੇ ਬਿਹਾਰ ਵਿੱਚ ਸਿੱਖਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਉਦਯੋਗਿਕ ਵਿਕਾਸ ਕਾਰਨ ਜਮਸ਼ੇਦਪੁਰ (ਟਾਟਾ ਨਗਰ), ਰਾਂਚੀ, ਬੋਕਾਰੋ ਵਰਗੇ ਸ਼ਹਿਰਾਂ ਵਿੱਚ ਸਿੱਖਾਂ ਦੀ ਆਬਾਦੀ ਵੱਧ ਹੈ। ਜਦੋਂ 1907 ਵਿੱਚ ਜਮਸ਼ੇਦਪੁਰ ਵਿੱਚ 'ਟਾਟਾ ਸਟੀਲ' ਦੀ ਸਥਾਪਨਾ ਹੋਈ, ਸੀ ਤਾਂ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਸਿੱਖ ਇੰਜੀਨੀਅਰ, ਤਕਨੀਸ਼ੀਅਨ ਅਤੇ ਮਜ਼ਦੂਰ ਇੱਥੇ ਆ ਕੇ ਵੱਸ ਗਏ ਸਨ।1947 ਤੋਂ ਬਾਅਦ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਉੱਜੜ ਕੇ ਆਏ ਕਈ ਸਿੱਖ ਪਰਿਵਾਰਾਂ ਨੂੰ ਰਾਂਚੀ ਅਤੇ ਧਨਬਾਦ ਵਰਗੇ ਸ਼ਹਿਰਾਂ ਵਿੱਚ ਵਸਾਇਆ ਗਿਆ ਸੀ।

### ਝਾਰਖੰਡ ਵਿੱਚ ਗੁਰਦੁਆਰਿਆਂ ਦੀ ਮੌਜੂਦਗੀ

ਝਾਰਖੰਡ ਵਿੱਚ ਸਿੱਖ ਭਾਈਚਾਰੇ ਦੀ ਮੌਜੂਦਗੀ ਨੂੰ ਗੁਰਦੁਆਰੇ ਦਰਸਾਉਂਦੇ ਹਨ। ਅਨੁਮਾਨ ਅਨੁਸਾਰ 100 ਤੋਂ ਵੱਧ ਗੁਰਦੁਆਰੇ ਹਨ। ਸਭ ਤੋਂ ਪੁਰਾਣਾ ਅਤੇ ਮਸ਼ਹੂਰ ਗੁਰਦੁਆਰਾ ਰਾਂਚੀ ਵਿੱਚ ਸਥਿਤ ਸ੍ਰੀ ਗੁਰੂ ਨਾਨਕ ਸਤਸੰਗ ਸਭਾ ਹੈ। ਹੋਰ ਪ੍ਰਸਿੱਧ ਗੁਰਦੁਆਰੇ ਵਿੱਚ ਹਟੀਆ ਗੁਰਦੁਆਰਾ, ਕਦਰੂ ਗੁਰਦੁਆਰਾ ਅਤੇ ਗੁਰੂ ਦੁਆਰਾ ਸਾਹਿਬ ਸ਼ਾਮਲ ਹਨ। ਜਮਸ਼ੇਦਪੁਰ ਵਿੱਚ 34 ਗੁਰਦੁਆਰਿਆਂ ਦੀ ਮੁਖ ਸੰਸਥਾ ਸੈਂਟਰਲ ਸਿੱਖ ਗੁਰਦੁਆਰਾ ਕਮੇਟੀ ਹੈ। ਇਹ ਗੁਰਦੁਆਰੇ ਨਾ ਸਿਰਫ਼ ਸਿੱਖ ਸੰਗਤ ਲਈ ਸਥਾਨ ਹਨ ਬਲਕਿ ਰੋਜ਼ਾਨਾ ਲੰਗਰ, ਕੀਰਤਨ ਅਤੇ ਨਗਰ ਕੀਰਤਨ ਵਰਗੀਆਂ ਸੇਵਾਵਾਂ ਨਾਲ ਸਮਾਜ ਨੂੰ ਜੋੜਦੇ ਹਨ। ਝਾਰਖੰਡ ਵਿੱਚ ਸਿੱਖ ਸਿਧਾਂਤਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। 'ਸੈਂਟਰਲ ਸਿੱਖ ਗੁਰਦੁਆਰਾ ਕਮੇਟੀ' (ਜਮਸ਼ੇਦਪੁਰ) ਵਰਗੀਆਂ ਸੰਸਥਾਵਾਂ ਰਾਜ ਸਰਕਾਰ ਨਾਲ ਸਿੱਧਾ ਤਾਲਮੇਲ ਰੱਖਦੀਆਂ ਹਨ ਅਤੇ ਘੱਟ ਗਿਣਤੀਆਂ ਦੇ ਹੱਕਾਂ ਲਈ ਦਬਾਅ ਸਮੂਹ (ਪ੍ਰੈਸ਼ਰ ਗਰੁੱਪ) ਵਜੋਂ ਕੰਮ ਕਰਦੀਆਂ ਹਨ।

ਸਿੱਖ ਆਗੂ ਅਕਸਰ ਰਾਂਚੀ ਅਤੇ ਜਮਸ਼ੇਦਪੁਰ ਵਰਗੇ ਸ਼ਹਿਰੀ ਹਲਕਿਆਂ ਵਿੱਚ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ। ਕਈ ਸਿੱਖ ਆਗੂ ਨਗਰ ਨਿਗਮਾਂ ਅਤੇ ਸਥਾਨਕ ਇਕਾਈਆਂ ਵਿੱਚ ਅਹਿਮ ਅਹੁਦਿਆਂ 'ਤੇ ਰਹੇ ਹਨ। ਝਾਰਖੰਡ ਦੀ ਰਾਜਨੀਤੀ ਵਿੱਚ ਸਭ ਤੋਂ ਵੱਡਾ ਸਿੱਖ ਨਾਮ ਇੰਦਰ ਸਿੰਘ ਨਾਮਧਾਰੀ ਹੈ। ਉਹ ਝਾਰਖੰਡ ਵਿਧਾਨ ਸਭਾ ਦੇ ਪਹਿਲੇ ਸਪੀਕਰ ਬਣੇ ਸਨ ਅਤੇ ਕਈ ਵਾਰ ਮੰਤਰੀ ਤੇ ਸਾਂਸਦ ਵੀ ਰਹੇ ਸਨ। ਉਨ੍ਹਾਂ ਦੀ ਸ਼ਖਸੀਅਤ ਨੇ ਰਾਜ ਵਿੱਚ ਸਿੱਖਾਂ ਦਾ ਰਾਜਨੀਤਿਕ ਕੱਦ ਬਹੁਤ ਉੱਚਾ ਕੀਤਾ ਸੀ। ਜ਼ਿਆਦਾਤਰ ਸਿੱਖ ਆਗੂ ਹੁਣ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਵਿੱਚ ਮੈਂਬਰਾਂ ਵਜੋਂ ਸਰਗਰਮ ਹਨ।

ਜਮਸ਼ੇਦਪੁਰ ਪੂਰਬੀ ਅਤੇ ਪੱਛਮੀ ਅਜਿਹੀਆਂ ਸੀਟਾਂ ਹਨ ਜਿੱਥੇ ਸਿੱਖ ਵੋਟਾਂ ਹਾਰ-ਜਿੱਤ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ, ਇਸ ਲਈ ਸਿਆਸੀ ਪਾਰਟੀਆਂ ਸਿੱਖ ਚਿਹਰਿਆਂ ਨੂੰ ਸਥਾਨਕ ਕਮੇਟੀਆਂ ਅਤੇ ਨਿਗਮਾਂ ਵਿੱਚ ਅਹਿਮ ਜ਼ਿੰਮੇਵਾਰੀਆਂ ਦਿੰਦੀਆਂ ਰਹਿੰਦੀਆਂ ਹਨ।

### ਸਿੱਖਾਂ ਦਾ ਕਾਰੋਬਾਰ ਅਤੇ ਆਰਥਿਕ ਸਥਿਤੀ

ਝਾਰਖੰਡ ਵਿੱਚ ਸਿੱਖ ਭਾਈਚਾਰਾ ਘੱਟ ਗਿਣਤੀ ਵਿਚ ਹੈ ਪਰ ਪ੍ਰਭਾਵਸ਼ਾਲੀ ਹੈ। 2011 ਦੀ ਜਨਗਣਨਾ ਅਨੁਸਾਰ ਰਾਜ ਵਿੱਚ ਕੁੱਲ 71,422 ਸਿੱਖ ਸਨ, ਜੋ ਕਿ ਕੁੱਲ ਆਬਾਦੀ ਦਾ 0.22% ਹੈ। ਟਾਟਾ ਨਗਰ ਵਿੱਚ ਲਗਭਗ 5% ਸਿੱਖ ਹਨ। ਸਿੱਖ ਮੁੱਖ ਤੌਰ ਤੇ ਵਪਾਰ, ਟਰਾਂਸਪੋਰਟ, ਉਦਯੋਗ ਅਤੇ ਵਪਾਰਕ ਕੰਮਾਂ ਵਿੱਚ ਸਰਗਰਮ ਹਨ। ਜਮਸ਼ੇਦਪੁਰ ਵਿੱਚ ਟਰਾਂਸਪੋਰਟ ਕੰਪਨੀਆਂ ਅਤੇ ਵਪਾਰ ਵਿੱਚ ਸਿੱਖਾਂ ਦਾ ਦਬਦਬਾ ਹੈ। ਅਗਰਹਰੀ ਸਿੱਖ ਪੁਰਾਣੇ ਸਮੇਂ ਤੋਂ ਵਪਾਰ ਅਤੇ ਖੇਤੀ ਨਾਲ ਜੁੜੇ ਹਨ। ਉਦਯੋਗਿਕ ਸ਼ਹਿਰਾਂ ਵਿੱਚ ਨੌਕਰੀਆਂ ਅਤੇ ਵਪਾਰ ਕਾਰਨ ਉਨ੍ਹਾਂ ਦੀ ਆਰਥਿਕ ਸਥਿਤੀ ਚੰਗੀ ਹੈ। ਬਹੁਤ ਸਾਰੇ ਸਿੱਖ ਪੀੜ੍ਹੀਆਂ ਤੋਂ ਇੱਥੇ ਵੱਸੇ ਹੋਏ ਹਨ ਅਤੇ ਰਾਜ ਵਿੱਚ ਧਾਰਮਿਕ ਭੇਦਭਾਵ ਤੋਂ ਬਿਨਾਂ ਸੁਖਾਲੀ ਜ਼ਿੰਦਗੀ ਜੀ ਰਹੇ ਹਨ।

### ਸੰਕਟਾਂ ਵਿੱਚ ਸਿੱਖਾਂ ਦੀ ਸੇਵਾ ਅਤੇ ਭੂਮਿਕਾ

ਸਿੱਖ ਭਾਈਚਾਰਾ 'ਸਰਬੱਤ ਦਾ ਭਲਾ' ਦੇ ਸਿਧਾਂਤ ਅਨੁਸਾਰ ਹਮੇਸ਼ਾ ਸੇਵਾ ਵਿੱਚ ਅੱਗੇ ਰਹਿੰਦਾ ਹੈ। ਕੋਵਿਡ-19 ਦੀ ਦੂਜੀ ਲਹਿਰ (2021) ਦੌਰਾਨ ਝਾਰਖੰਡ ਵਿੱਚ ਸਿੱਖਾਂ ਨੇ ਅੱਗੇ ਆ ਕੇ ਆਕਸੀਜਨ ਲੰਗਰ ਅਤੇ ਮੈਡੀਕਲ ਸਹਾਇਤਾ ਦਿੱਤੀ। ਜਮਸ਼ੇਦਪੁਰ ਦੀ ਸੈਂਟਰਲ ਸਿੱਖ ਗੁਰਦੁਆਰਾ ਕਮੇਟੀ ਨੇ 3 ਮਈ 2021 ਨੂੰ ਆਕਸੀਜਨ ਲੰਗਰ ਸੇਵਾ ਸ਼ੁਰੂ ਕੀਤੀ ਸੀ। ਉਨ੍ਹਾਂ ਨੇ 70 ਤੋਂ ਵੱਧ ਆਕਸੀਜਨ ਸਿਲੰਡਰਾਂ ਨਾਲ ਆਧੁਨਿਕ ਸਕੂਲ ਵਿੱਚ ਬੈੱਡ ਬਣਾਏ ਸਨ ਅਤੇ ਰੋਜ਼ਾਨਾ 30 ਮਰੀਜ਼ਾਂ ਦਾ ਇਲਾਜ ਕੀਤਾ ਸੀ। ਰਾਂਚੀ ਵਿੱਚ ਗੁਰੂ ਨਾਨਕ ਹਸਪਤਾਲ ਅਤੇ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਨੇ ਆਕਸੀਜਨ ਸਿਲੰਡਰ ਸੇਵਾ ਅਤੇ ਕੋਵਿਡ ਮਰੀਜ਼ਾਂ ਲਈ ਇਲਾਜ ਮੁਹੱਈਆ ਕਰਵਾਇਆ ਸੀ। ਹੋਰ ਸਿੱਖ ਆਗੂਆਂ ਨੇ ਹੋਟਲਾਂ ਵਿੱਚ ਆਈਸੋਲੇਸ਼ਨ ਰੂਮ ਅਤੇ ਆਕਸੀਜਨ ਕੈਨ ਵੰਡੇ। ਇਹ ਸੇਵਾ ਗੁਰੂ ਨਾਨਕ ਦੇ ਲੰਗਰ ਦੀ ਰੂਹ ਨੂੰ ਜਿਉਂਦਾ ਰੱਖਦੀ ਹੈ ਅਤੇ ਆਦਿਵਾਸੀ ਭਾਈਚਾਰੇ ਵੱਲੋਂ ਵੀ ਸਿੱਖਾਂ ਦੀ ਸ਼ਲਾਘਾ ਕੀਤੀ ਗਈ। ਝਾਰਖੰਡ ਵਿੱਚ ਸਿੱਖ ਛੋਟੀ ਗਿਣਤੀ ਵਿੱਚ ਹੋਣ ਦੇ ਬਾਵਜੂਦ ਸਮਾਜ ਸੇਵਾ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

## ਪੰਜਾਬ ਯੂਨੀਵਰਸਿਟੀ ਗੋਲੀਬਾਰੀ ਕਾਂਡ: ਪੁਲਿਸ ਮੁਕਾਬਲੇ ਤੋਂ ਬਾਅਦ ਮੁੱਖ ਸ਼ੂਟਰ ਜੱਸ ਪਨੈਚ ਕਾਬੂ

ਚੰਡੀਗੜ੍ਹ/ਫਤਿਹਗੜ੍ਹ ਸਾਹਿਬ-ਚੰਡੀਗੜ੍ਹ ਪੁਲਿਸ ਅਤੇ ਪੰਜਾਬ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਦੌਰਾਨ ਪੰਜਾਬ ਯੂਨੀਵਰਸਿਟੀ ਵਿੱਚ ਹੋਈ ਗੋਲੀਬਾਰੀ ਦੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਗ੍ਰਿਫ਼ਤਾਰੀ ਇੱਕ ਨਾਟਕੀ ਪੁਲਿਸ ਮੁਕਾਬਲੇ ਤੋਂ ਬਾਅਦ ਹੋਈ, ਜਿਸ ਵਿੱਚ ਮੁਲਜ਼ਮ ਜ਼ਖ਼ਮੀ ਹੋ ਗਿਆ। ਗ੍ਰਿਫ਼ਤਾਰ ਕੀਤੇ ਗਏ ਸ਼ੂਟਰ ਦੀ ਪਛਾਣ ਜਸਪ੍ਰੀਤ ਸਿੰਘ ਉਰਫ਼ ਜੱਸ ਪਨੈਚ ਵਜੋਂ ਹੋਈ ਹੈ, ਜੋ ਫਤਿਹਗੜ੍ਹ ਸਾਹਿਬ ਦੇ ਪਿੰਡ ਖੇੜੀ ਨੌਧ ਸਿੰਘ ਦਾ ਰਹਿਣ ਵਾਲਾ ਹੈ। 17 ਮਾਰਚ 2026 ਨੂੰ ਪੰਜਾਬ ਯੂਨੀਵਰਸਿਟੀ ਕੈਂਪਸ ਵਿੱਚ ਸੋਪੂ ਜਥੇਬੰਦੀ ਦੇ ਸੂਬਾ ਪ੍ਰਧਾਨ ਜਸ਼ਨ ਜਵੰਦਾ 'ਤੇ ਗੋਲੀਆਂ ਚਲਾਈਆਂ ਗਈਆਂ ਸਨ। ਚੰਡੀਗੜ੍ਹ ਪੁਲਿਸ, ਐਂਟੀ ਗੈਂਗਸਟਰ ਟਾਸਕ ਫੋਰਸ ਪੰਜਾਬ ਅਤੇ ਫਤਿਹਗੜ੍ਹ ਸਾਹਿਬ ਪੁਲਿਸ ਨੇ ਮਿਲ ਕੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ।

ਕਿਵੇਂ ਹੋਇਆ ਪੁਲਿਸ ਮੁਕਾਬਲਾ ?-ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਮੁਲਜ਼ਮ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਥਾਣਾ ਅਮਲੋਹ ਅਧੀਨ ਪੈਂਦੇ ਪਿੰਡ ਨੂਰਪੁਰ ਵਿੱਚ ਲੁਕਿਆ ਹੋਇਆ ਹੈ। ਜਦੋਂ ਪੁਲਿਸ ਟੀਮਾਂ ਨੇ ਉਸ ਨੂੰ ਘੇਰਿਆ, ਤਾਂ ਜੱਸ ਪਨੈਚ ਨੇ ਆਤਮ-ਸਮਰਪਣ ਕਰਨ ਦੀ ਬਜਾਏ ਪੁਲਿਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਪੁਲਿਸ ਨੇ ਵੀ ਗੋਲੀਆਂ ਚਲਾਈਆਂ, ਜਿਸ ਕਾਰਨ ਮੁਲਜ਼ਮ ਜ਼ਖ਼ਮੀ ਹੋ ਗਿਆ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ।

ਬਰਾਮਦਗੀ ਅਤੇ ਕਾਨੂੰਨੀ ਕਾਰਵਾਈ-ਪੁਲਿਸ ਨੇ ਮੌਕੇ ਤੋਂ ਵਾਰਦਾਤ ਵਿੱਚ ਵਰਤਿਆ ਇਕ .32 ਬੋਰ ਪਿਸਤੌਲ ਅਤੇ ਇਕ ਹੁੰਡਈ ਕਰੇਟਾ ਕਾਰ ਬਰਾਮਦ ਕੀਤੀ ਹੈ। ਸਥਾਨਕ ਪੁਲਿਸ ਨੇ ਮੁਲਜ਼ਮ ਖਿਲਾਫ ਇਰਾਦਾ ਕਤਲ ਅਤੇ ਅਸਲਾ ਐਕਟ ਦੀਆਂ ਸੰਗੀਨ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕਰ ਲਈ ਹੈ।

# ਜੰਗ ਦੀ ਮਾਰ : ਵਿਸ਼ਵ ਦੀ ਆਰਥਿਕਤਾ ਤਬਾਹੀ ਵਲ, ਭੁੱਖਮਰੀ, ਸਿਹਤ ਸੰਕਟ ਗਹਿਰਾਇਆ

**✪ ਕਾਰਪੋਰੇਟ ਤੇ ਮੁਨਾਫ਼ਾਖੋਰੀ ਦਾ ਘਿਨਾਉਣਾ ਸੱਚ ਕੀ ਹੈ ਤੇ ✪ ਵਿਸ਼ਵ ਭੋਜਨ ਪ੍ਰੋਗਰਾਮ ਦੀ ਰਿਪੋਰਟ ਅਨੁਸਾਰ 2026 ਦੇ ਅੱਧ ਤੱਕ 4.5 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਨੇ ✪ ਵਿਸ਼ਵ 'ਤੇ ਮੰਡਰਾ ਰਿਹਾ ਹੈ ਮਨੁੱਖੀ ਇਤਿਹਾਸ ਦਾ ਸਭ ਤੋਂ ਵੱਡਾ ਊਰਜਾ ਸੰਕਟ: ਰੂਸ ਦੀ ਚੇਤਾਵਨੀ ✪ ਕੀ ਈਰਾਨ ਤੇ ਅਮਰੀਕਾ ਵਿਚਾਲੇ ਸਮਝੌਤਾ ਸਿਰੇ ਚੜ ਸਕੇਗਾ ?**

### ਨਿਊਜ਼ ਵਿਸ਼ਲੇਸ਼ਣ

2026 ਵਿੱਚ ਅਮਰੀਕਾ-ਇਜ਼ਰਾਈਲ ਅਤੇ ਈਰਾਨ ਦਰਮਿਆਨ ਵਧਦੇ ਤਣਾਅ ਨੇ ਵਿਸ਼ਵ ਨੂੰ ਇੱਕ ਅਜਿਹੀ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਮਨੁੱਖੀ ਜਾਨਾਂ ਦੀ ਕੀਮਤ ਤੇਲ ਦੇ ਬੈਰਲਾਂ ਅਤੇ ਕਾਰਪੋਰੇਟ ਮੁਨਾਫ਼ਿਆਂ ਦੇ ਸਾਹਮਣੇ ਦਮ ਤੋੜਦੀ ਨਜ਼ਰ ਆ ਰਹੀ ਹੈ। ਇਹ ਸਿਰਫ਼ ਦੋ ਦੇਸ਼ਾਂ ਦੀ ਜੰਗ ਨਹੀਂ, ਸਗੋਂ ਮਨੁੱਖੀ ਇਤਿਹਾਸ ਦੇ ਸਭ ਤੋਂ ਵੱਡੇ 'ਊਰਜਾ ਅਤੇ ਭੋਜਨ ਸੰਕਟ' ਦਾ ਆਗਾਜ਼ ਹੈ। ਵਿਸ਼ਵ ਭੋਜਨ ਪ੍ਰੋਗਰਾਮ ਦੀ ਤਾਜ਼ਾ ਰਿਪੋਰਟ ਰੂਹ ਕੰਬਾਊ ਹੈ। ਹੋਰਮੁਜ਼ ਦੀ ਜਲਡਮਰੂ ਦੇ ਪ੍ਰਭਾਵੀ ਤੌਰ 'ਤੇ ਬੰਦ ਹੋਣ ਨਾਲ ਸਿਰਫ਼ ਤੇਲ ਹੀ ਨਹੀਂ, ਸਗੋਂ ਦੱਖਣੀ-ਪੂਰਬੀ ਏਸ਼ੀਆ ਤੋਂ ਆਉਣ ਵਾਲੇ ਜੀਵਨ-ਰੱਖਿਅਕ ਅਨਾਜ (ਚੌਲ, ਮੱਕੀ, ਸੋਇਆਬੀਨ) ਦੀ ਸਪਲਾਈ ਲੀਹੋਂ ਲੱਥ ਗਈ ਹੈ। 2026 ਦੇ ਅੱਧ ਤੱਕ 4.5 ਕਰੋੜ ਹੋਰ ਲੋਕ ਭਿਆਨਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ। ਦਵਾਈਆਂ ਦੀ ਕਿੱਲਤ ਅਤੇ ਸਪਲਾਈ ਚੇਨ ਟੁੱਟਣ ਕਾਰਨ ਗਰੀਬ ਮੁਲਕਾਂ ਵਿੱਚ ਸਿਹਤ ਢਾਂਚਾ ਵੈਂਟੀਲੇਟਰ 'ਤੇ ਹੈ।

ਰੂਸੀ ਰਾਸ਼ਟਰਪਤੀ ਪੁਤਿਨ ਦੇ ਦੂਤ ਕਿਰਿਲ ਦਮਿਤਰੀਵ ਨੇ ਚੇਤਾਵਨੀ ਦਿੱਤੀ ਹੈ ਕਿ ਕੱਚਾ ਤੇਲ ਐਮ 150 ਤੋਂ ਐਮ 200 ਪ੍ਰਤੀ ਬੈਰਲ ਤੱਕ ਜਾ ਸਕਦਾ ਹੈ। ਰੂਸੀ ਰਾਸ਼ਟਰਪਤੀ ਪੁਤਿਨ ਨੇ ਇਸ ਸਥਿਤੀ ਦੀ ਤੁਲਨਾ 2020 ਦੇ ਕੋਵਿਡ ਦੌਰ ਨਾਲ ਕੀਤੀ ਹੈ। ਕਈ ਦੇਸ਼ਾਂ ਵਿੱਚ 'ਵਰਕ ਫਰਾਮ ਹੋਮ' ਅਤੇ ਬਿਜਲੀ ਦੀ ਰਾਸ਼ਨਿੰਗ ਸ਼ੁਰੂ ਹੋ ਚੁੱਕੀ ਹੈ, ਜਿਸ ਨੂੰ 'ਊਰਜਾ ਲੌਕਡਾਊਨ' ਕਿਹਾ ਜਾ ਰਿਹਾ ਹੈ।

ਹੋਰਮੁਜ਼ ਦਾ 'ਟੋਲ ਬੂਥ' ਅਤੇ ਭੂ-ਰਾਜਨੀਤੀ-ਈਰਾਨ ਨੇ ਰਣਨੀਤਕ ਚਾਲ ਚੱਲਦਿਆਂ ਹੋਰਮੁਜ਼ ਦੀ ਖਾੜੀ 'ਤੇ 'ਵੈਟਿੰਗ ਸਿਸਟਮ' (ਗੈਰ-ਰਸਮੀ ਟੈਕਸ) ਲਗਾ ਦਿੱਤਾ ਹੈ। ਈਰਾਨ ਨੇ ਭਾਰਤ, ਚੀਨ, ਰੂਸ, ਇਰਾਕ ਅਤੇ ਪਾਕਿਸਤਾਨ ਦੇ ਜਹਾਜ਼ਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਹੈ, ਜਦਕਿ ਪੱਛਮੀ ਦੇਸ਼ਾਂ ਲਈ ਰਸਤਾ ਬੰਦ ਹੈ। ਹਾਲਾਂਕਿ ਯੂਐਨਓ ਦੇ 'ਲਾਅ ਆਫ ਦ ਸੀ' ਮੁਤਾਬਕ ਇਹ ਗੈਰ-ਕਾਨੂੰਨੀ ਹੈ, ਪਰ ਈਰਾਨ ਇਸ ਨੂੰ ਆਪਣੀ ਸੁਰੱਖਿਆ ਫੀਸ ਦੱਸ ਰਿਹਾ ਹੈ।

ਕਾਰਪੋਰੇਟ ਤੇ ਮੁਨਾਫ਼ਾਖੋਰੀ ਦਾ ਘਿਨਾਉਣਾ ਸੱਚ-ਜਿੱਥੇ ਆਮ ਜਨਤਾ ਮਹਿੰਗਾਈ ਨਾਲ ਪਿਸ ਰਹੀ ਹੈ, ਉੱਥੇ ਹੀ ਵੱਡੀਆਂ ਊਰਜਾ ਅਤੇ ਖਾਦ ਕੰਪਨੀਆਂ ਇਸ ਅਨਿਸ਼ਚਿਤਤਾ ਦਾ ਫਾਇਦਾ ਉਠਾ ਕੇ ਅਰਬਾਂ ਰੁਪਏ ਕਮਾ ਰਹੀਆਂ ਹਨ। ਤੇਲ ਦੀਆਂ ਕੀਮਤਾਂ ਵਿੱਚ ਨਕਲੀ ਉਛਾਲ ਲਿਆ ਕੇ ਸਟਾਕ ਮਾਰਕੀਟ ਵਿੱਚ ਖੇਡ ਖੇਡੀ ਜਾ ਰਹੀ ਹੈ, ਜਿਸ ਨੂੰ ਕਈ ਮਾਹਿਰਾਂ ਨੇ "ਆਰਥਿਕ ਅੱਤਵਾਦ" ਦਾ ਨਾਮ ਦਿੱਤਾ ਹੈ।

ਭਾਰਤ ਲਈ ਚੁਣੌਤੀਆਂ ਅਤੇ ਸਬਕ-ਭਾਰਤ ਆਪਣਾ 60 ਫੀਸਦੀ ਤੇਲ ਮੱਧ ਪੂਰਬ ਤੋਂ ਮੰਗਵਾਉਂਦਾ ਹੈ। ਜੇਕਰ ਹਾਰਮੁਜ਼ ਦਾ ਰਸਤਾ ਦੋ-ਤਿੰਨ ਮਹੀਨੇ ਹੋਰ ਬੰਦ ਰਹਿੰਦਾ ਹੈ, ਤਾਂ ਵਿਸ਼ਵ ਮੰਦੀ ਤੈਅ ਹੈ।ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੋਰਮੁਜ਼ ਦੇ ਰਸਤੇ ਰੋਜ਼ਾਨਾ ਲਗਭਗ 100 ਜਹਾਜ਼ ਲੰਘਦੇ ਸਨ, ਪਰ ਹੁਣ ਇਹ ਗਿਣਤੀ ਘਟ ਕੇ ਇਕਾਈ (ਸਿੰਗਲ ਡਿਜਿਟ) ਤੱਕ ਰਹਿ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਸੰਕਟ ਦੇ ਦਬਾਅ ਹੇਠ ਵਾਸ਼ਿੰਗਟਨ ਨੇ ਰੂਸੀ ਤੇਲ 'ਤੇ ਲਗਾਈਆਂ ਪਾਬੰਦੀਆਂ ਵਿੱਚ ਕੁਝ ਢਿੱਲ ਦਿੱਤੀ ਹੈ। ਯੂਰਪੀ ਸੰਘ ਨੇ ਵੀ ਰੂਸੀ ਤੇਲ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਯੋਜਨਾ ਨੂੰ ਫਿਲਹਾਲ 'ਠੰਢੇ ਬਸਤੇ' ਵਿੱਚ ਪਾ ਦਿੱਤਾ ਹੈ। ਇਸ ਦੌਰਾਨ, ਰੂਸੀ ਦੂਤ ਨੇ ਸੰਕੇਤ ਦਿੱਤਾ ਹੈ ਕਿ ਰੂਸੀ ਅਤੇ ਅਮਰੀਕੀ ਪ੍ਰਤੀਨਿਧੀਆਂ ਵਿਚਕਾਰ ਜਲਦੀ ਹੀ ਇੱਕ ਅਹਿਮ ਮੀਟਿੰਗ ਹੋ ਸਕਦੀ ਹੈ, ਜੋ ਕਿ ਦੋਵਾਂ ਦੇਸ਼ਾਂ ਦੇ ਤਣਾਅਪੂਰਨ ਸਬੰਧਾਂ ਵਿੱਚ ਇੱਕ ਵੱਡੀ ਤਬਦੀਲੀ ਦਾ ਇਸ਼ਾਰਾ ਹੋ ਸਕਦਾ ਹੈ।

ਈਰਾਨ ਸੰਕਟ ਨੇ ਹੁਣ ਭਾਰਤ ਦੇ ਘਰੇਲੂ ਬਾਜ਼ਾਰ ਵਿੱਚ ਮਹਿੰਗਾਈ ਦਾ ਖਤਰਾ ਵਧਾ ਦਿੱਤਾ ਹੈ। ਉਦਯੋਗ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਅਪ੍ਰੈਲ ਮਹੀਨੇ ਤੋਂ ਪਲਾਸਟਿਕ ਨਾਲ ਬਣੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ 50 ਤੋਂ 60 ਫੀਸਦੀ ਤੱਕ ਦਾ ਭਾਰੀ ਵਾਧਾ ਹੋ ਸਕਦਾ ਹੈ।

ਅਖਿਲ ਭਾਰਤੀ ਪਲਾਸਟਿਕ ਨਿਰਮਾਤਾ ਸੰਘ ਅਨੁਸਾਰ ਇਸ ਮਹਿੰਗਾਈ ਦਾ ਅਸਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ', ਪੈਕਿੰਗ ਤੇ ਸਭ ਤੋਂ ਪਹਿਲਾਂ ਦਿਖਾਈ ਦੇਵੇਗਾ। ਸਿਰਫ਼ ਖਾਣ-ਪੀਣ ਦੀਆਂ ਚੀਜ਼ਾਂ ਹੀ ਨਹੀਂ, ਸਗੋਂ ਪਹਿਨਣ ਵਾਲੇ ਕੱਪੜੇ ਵੀ ਮਹਿੰਗੇ ਹੋਣਗੇ।

ਉਦਯੋਗ ਮਾਹਿਰਾਂ ਦਾ ਮੰਨਣਾ ਹੈ ਕਿ "ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਮਾਲ ਦੀਆਂ ਕੀਮਤਾਂ ਸਭ ਲਈ ਬਰਾਬਰ ਵਧ ਰਹੀਆਂ ਹਨ, ਇਸ ਲਈ ਦਰਾਮਦ (ਇੰਪੋਰਟ) 'ਤੇ ਬਹੁਤਾ ਫਰਕ ਨਹੀਂ ਪਵੇਗਾ। ਹਾਲਾਂਕਿ, ਘਰੇਲੂ ਬਾਜ਼ਾਰ ਵਿੱਚ ਇਸ ਦਾ ਬੋਝ ਸਿੱਧਾ ਉਪਭੋਗਤਾਵਾਂ 'ਤੇ ਪਾਇਆ ਜਾਵੇਗਾ, ਜਿਸ ਨਾਲ ਮਹਿੰਗਾਈ ਹੋਰ ਵਧੇਗੀ।

ਤੇਲ ਅਤੇ ਗੈਸ ਦੀਆਂ ਵਧਦੀਆਂ ਕੀਮਤਾਂ ਨੇ ਖੇਤੀ ਦੀ ਲਾਗਤ ਵਧਾ ਦਿੱਤੀ ਹੈ, ਜਿਸ ਨਾਲ ਕਿਸਾਨਾਂ ਦੇ ਮੁਨਾਫ਼ੇ ਵਿੱਚ ਵੱਡੀ ਗਿਰਾਵਟ ਆਉਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਜੇ.ਐੱਨ.ਯੂ. ਦੇ ਐਸੋਸੀਏਟ ਪ੍ਰੋਫੈਸਰ ਹਿਮਾਂਸ਼ੂ ਅਨੁਸਾਰ, ਖਾੜੀ ਦੇਸ਼ਾਂ ਵਿੱਚ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਆਇਆ ਹੈ। ਡੀਜ਼ਲ ਮਹਿੰਗਾ ਹੋਣ ਨਾਲ ਟਰੈਕਟਰ ਅਤੇ ਮਸ਼ੀਨਰੀ ਦੀਆਂ ਕੀਮਤਾਂ ਵਧਣਗੀਆਂ। ਖੇਤਾਂ ਦੀ ਵਾਹੀ ਅਤੇ ਹੋਰ ਕੰਮਾਂ ਦੀ ਲਾਗਤ ਵਧੇਗੀ। ਡੀਜ਼ਲ ਇੰਜਣਾਂ ਰਾਹੀਂ ਕੀਤੀ ਜਾਣ ਵਾਲੀ ਸਿੰਚਾਈ ਹੁਣ ਕਿਸਾਨਾਂ ਦੀ ਜੇਬ 'ਤੇ ਭਾਰੀ ਪਵੇਗੀ। ਫ਼ਸਲਾਂ ਨੂੰ ਮੰਡੀਆਂ ਤੱਕ ਪਹੁੰਚਾਉਣ ਦਾ ਖਰਚਾ ਵੀ ਵਧ ਜਾਵੇਗਾ। ਭਾਰਤ ਆਪਣੀ ਯੂਰੀਆ ਅਤੇ ਹੋਰ ਕੰਪਲੈਕਸ ਖਾਦਾਂ ਦੀ ਲੋੜ ਲਈ ਸਾਊਦੀ ਅਰਬ, ਓਮਾਨ ਅਤੇ ਕਤਰ ਵਰਗੇ ਦੇਸ਼ਾਂ 'ਤੇ ਨਿਰਭਰ ਹੈ। ਜੰਗ ਕਾਰਨ ਸਮੁੰਦਰੀ ਰਸਤਿਆਂ ਵਿੱਚ ਪੈਦਾ ਹੋਈ ਰੁਕਾਵਟ ਖਾਦਾਂ ਦੀ ਦਰਾਮਦ ਨੂੰ ਪ੍ਰਭਾਵਿਤ ਕਰ ਸਕਦੀ ਹੈ। ਖਾਦ ਬਣਾਉਣ ਲਈ ਵਰਤੀ ਜਾਣ ਵਾਲੀ ਗੈਸ ਅਤੇ ਨੈਫ਼ਥਾ ਦੀਆਂ ਕੀਮਤਾਂ ਵਧਣ ਨਾਲ ਬਾਜ਼ਾਰ ਵਿੱਚ ਖਾਦਾਂ ਦੇ ਰੇਟ ਵਧਣ ਦਾ ਪੂਰਾ ਖ਼ਤਰਾ ਹੈ। ਪੱਛਮੀ ਏਸ਼ੀਆ ਭਾਰਤੀ ਬਾਸਮਤੀ ਚੌਲ ਅਤੇ ਮਸਾਲਿਆਂ ਦਾ ਸਭ ਤੋਂ ਵੱਡਾ ਖਰੀਦਦਾਰ ਹੈ। ਜੰਗ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਮੰਗ ਘਟਣ ਨਾਲ ਭਾਰਤੀ ਕਿਸਾਨਾਂ ਦੇ ਐਕਸਪੋਰਟ ਨੂੰ ਵੱਡਾ ਝਟਕਾ ਲੱਗ ਸਕਦਾ ਹੈ, ਜਿਸ ਨਾਲ ਘਰੇਲੂ ਬਾਜ਼ਾਰ ਵਿੱਚ ਫ਼ਸਲਾਂ ਦੇ ਭਾਅ ਡਿੱਗਣ ਦਾ ਡਰ ਹੈ।

ਭਾਰਤ ਖਾਣ ਵਾਲੇ ਤੇਲ ਅਤੇ ਦਾਲਾਂ ਦਾ ਵੱਡਾ ਹਿੱਸਾ ਬਾਹਰੋਂ ਮੰਗਵਾਉਂਦਾ ਹੈ। ਊਰਜਾ ਸੰਕਟ ਕਾਰਨ ਇਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਦਖ਼ਲ ਦੇ ਕੇ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਏ ਅਤੇ ਕਿਸਾਨਾਂ ਨੂੰ ਵਧਦੀ ਲਾਗਤ ਤੋਂ ਬਚਾਉਣ ਲਈ ਵਿਸ਼ੇਸ਼ ਰਾਹਤ ਪੈਕੇਜ ਜਾਂ ਸਬਸਿਡੀ ਦਾ ਐਲਾਨ ਕਰੇ। ਇਹ ਸਭ ਤੋਂ ਹੈਰਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਜੰਗ ਦੇ ਸਮੇਂ ਜਦੋਂ ਆਮ ਜਨਤਾ ਪਿਸ ਰਹੀ ਹੈ, ਉਦੋਂ ਵੱਡੀਆਂ ਖੇਤੀਬਾੜੀ ਕੰਪਨੀਆਂ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ। ਆਧੁਨਿਕ ਖੇਤੀ ਪੂਰੀ ਤਰ੍ਹਾਂ ਸਿੰਥੈਟਿਕ ਖਾਦਾਂ 'ਤੇ ਨਿਰਭਰ ਹੈ, ਜੋ ਕੁਦਰਤੀ ਗੈਸ (ਫਾਸਿਲ ਫਿਊਲ) ਤੋਂ ਬਣਦੀਆਂ ਹਨ।

ਖਾਦ ਉਤਪਾਦਨ ਵਿੱਚ ਵਰਤੀ ਜਾਣ ਵਾਲੀ ਨਾਈਟ੍ਰੋਜਨ ਅਤੇ ਫਾਸਫੇਟ ਲਈ ਲੋੜੀਂਦਾ ਸਲਫਰ ਇਸੇ ਖੇਤਰ (ਇਰਾਨ ਅਤੇ ਆਸ-ਪਾਸ) ਤੋਂ ਆਉਂਦਾ ਹੈ।

ਇਹ ਕੰਪਨੀਆਂ ਜੰਗ ਨੂੰ ਇੱਕ 'ਮਾਰਕੀਟਿੰਗ ਮੌਕੇ' ਵਜੋਂ ਵਰਤ ਰਹੀਆਂ ਹਨ। ਇਸ ਸਾਰੇ ਘਟਨਾਕ੍ਰਮ ਲਈ ਸਿਰਫ਼ ਹਥਿਆਰਬੰਦ ਫੌਜਾਂ ਹੀ ਨਹੀਂ, ਸਗੋਂ ਉਹ ਕਾਰਪੋਰੇਟ ਲਾਬੀ ਵੀ ਜ਼ਿੰਮੇਵਾਰ ਹੈ ਜੋ ਜੰਗ ਨੂੰ ਇੱਕ 'ਮੁਨਾਫ਼ੇ ਦੇ ਮੌਕੇ' ਵਜੋਂ ਵੇਖਦੀ ਹੈ। ਜੇਕਰ ਪਾਕਿਸਤਾਨ ਦੀ ਵਿਚੋਲਗੀ ਜਾਂ ਕੌਮਾਂਤਰੀ ਦਬਾਅ ਕੰਮ ਨਹੀਂ ਆਉਂਦਾ, ਤਾਂ 2026 ਮਨੁੱਖਤਾ ਲਈ ਇੱਕ ਅਜਿਹਾ ਕਾਲਾ ਅਧਿਆਇ ਬਣ ਜਾਵੇਗਾ ਜਿਸ ਦੀ ਭਰਪਾਈ ਦਹਾਕਿਆਂ ਤੱਕ ਨਹੀਂ ਹੋ ਸਕੇਗੀ।

**ਬਾਕੀ ਹਿਸਾ ਸਫਾ 21 ਤੇ ਪੜ੍ਹੋ** →



## ਭਾਰਤ ਵਿੱਚ ਤੇਲ ਅਤੇ ਗੈਸ ਦਾ ਭੰਡਾਰ ਪੂਰੀ ਤਰ੍ਹਾਂ ਸੁਰੱਖਿਅਤ, ਅਫਵਾਹਾਂ ਤੋਂ ਬਚਣ ਦੀ ਅਪੀਲ: ਮੋਦੀ ਸਰਕਾਰ

ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਅਤੇ ਯੁੱਧ ਦੇ ਹਾਲਾਤਾਂ ਦਰਮਿਆਨ ਭਾਰਤ ਸਰਕਾਰ ਨੇ ਦੇਸ਼ ਵਾਸੀਆਂ ਨੂੰ ਤੇਲ ਅਤੇ ਐਲ. ਪੀ. ਜੀ ਦੀ ਸਪਲਾਈ ਬਾਰੇ ਵੱਡੀ ਰਾਹਤ ਦਿੱਤੀ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਕੋਲ ਲੋੜੀਂਦਾ ਤੇਲ ਭੰਡਾਰ ਮੌਜੂਦ ਹੈ ਅਤੇ ਤੇਲ ਦੀ ਕਮੀ ਬਾਰੇ ਫੈਲਾਈਆਂ ਜਾ ਰਹੀਆਂ ਖ਼ਬਰਾਂ ਮਹਿਜ਼ ਝੂਠੀਆਂ' ਹਨ।ਦੇਸ਼ ਕੋਲ ਅਗਲੇ ਦੋ ਮਹੀਨਿਆਂ ਲਈ ਕੱਚੇ ਤੇਲ ਅਤੇ ਬਾਲਣ ਦਾ ਲੋੜੀਂਦਾ ਸਟਾਕ ਮੌਜੂਦ ਹੈ। ਸਰਕਾਰ ਨੇ 8 ਲੱਖ ਟਨ ਐਲ.ਪੀ.ਜੀ. ਕਾਰਗੋ ਸੁਰੱਖਿਅਤ ਕਰ ਲਿਆ ਹੈ, ਜੋ ਪੂਰੇ ਇੱਕ ਮਹੀਨੇ ਦੀ ਸਪਲਾਈ ਲਈ ਕਾਫੀ ਹੈ।

20 ਸਫ਼ੇ ਦੀ ਬਾਕੀ

ਪੰਜਾਬ ਵਿਸ਼ਵ ਸੰਕਟ ਦਾ ਸਾਹਮਣਾ ਕਿਵੇਂ ਕਰੇ ?-ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਕਾਰਨ ਪੈਦਾ ਹੋਏ ਐੱਲਪੀਜੀ ਸੰਕਟ ਨੇ ਪੰਜਾਬ ਦੇ ਉਦਯੋਗਿਕ ਗੜ੍ਹ ਲੁਧਿਆਣਾ ਦੇ ਲੋਹਾ ਉਦਯੋਗ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਸਪਲਾਈ ਵਿੱਚ ਆਏ ਵਿਘਨ ਕਾਰਨ ਕਈ ਫੈਕਟਰੀਆਂ ਆਪਣਾ ਉਤਪਾਦਨ ਘਟਾਉਣ ਲਈ ਮਜਬੂਰ ਹਨ, ਜਿਸ ਦਾ ਸਿੱਧਾ ਅਸਰ ਆਰਥਿਕਤਾ ਅਤੇ ਮਜ਼ਦੂਰਾਂ ਦੀ ਰੋਜ਼ੀ-ਰੋਟੀ 'ਤੇ ਪੈ ਰਿਹਾ ਹੈ। ਲੋਹਾ ਉਦਯੋਗ ਵਿੱਚ ਐੱਲਪੀਜੀ ਦੀ ਵਰਤੋਂ ਸਿਰਫ਼ ਬਾਲਣ ਵਜੋਂ ਨਹੀਂ, ਸਗੋਂ ਲੋਹੇ ਦੀ ਗੁਣਵੱਤਾ ਸੁਧਾਰਨ ਲਈ ਕੀਤੀ ਜਾਂਦੀ ਹੈ। ਲੁਧਿਆਣਾ ਤੋਂ ਤਿਆਰ ਹੋਇਆ ਲੋਹਾ ਦੇਸ਼ ਦੀਆਂ ਨਾਮਵਰ ਟਰੈਕਟਰ ਕੰਪਨੀਆਂ ਨੂੰ ਜਾਂਦਾ ਹੈ। ਹੀਟ ਟ੍ਰੀਟਮੈਂਟ ਰੁਕਣ ਕਾਰਨ ਸਪਲਾਈ ਚੇਨ ਪ੍ਰਭਾਵਿਤ ਹੋ ਗਈ ਹੈ। ਜੇਕਰ ਸੰਕਟ ਜਾਰੀ ਰਿਹਾ, ਤਾਂ ਫੈਕਟਰੀ ਮਾਲਕ ਮਜ਼ਦੂਰਾਂ ਨੂੰ ਛੁੱਟੀ 'ਤੇ ਭੇਜਣ ਲਈ ਮਜਬੂਰ ਹੋਣਗੇ। ਪੰਜਾਬ ਦੇ ਦੋ ਸਭ ਤੋਂ ਮਹੱਤਵਪੂਰਨ ਉਦਯੋਗਾਂ- ਸਾਈਕਲ ਅਤੇ ਹੌਜ਼ਰੀ (ਕੱਪੜਾ) - 'ਤੇ ਇਸ ਦੇ ਡੂੰਘੇ ਪ੍ਰਭਾਵ ਪੈ ਸਕਦੇ ਹਨ। ਸਾਈਕਲ ਬਣਾਉਣ ਲਈ ਸਟੀਲ, ਟਾਇਰ (ਰਬੜ) ਅਤੇ ਪਲਾਸਟਿਕ ਦੇ ਪਾਰਟਸ ਦੀ ਲੋੜ ਹੁੰਦੀ ਹੈ। ਊਰਜਾ ਸੰਕਟ ਕਾਰਨ ਸਟੀਲ ਮਹਿੰਗਾ ਹੋ ਗਿਆ ਹੈ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਧਣ ਨਾਲ ਟਾਇਰਾਂ ਅਤੇ ਪਲਾਸਟਿਕ ਦੇ ਹੈਂਡਲ-ਗਰਿੱਪਸ ਦੀ ਲਾਗਤ 20-30% ਤੱਕ ਵਧ ਸਕਦੀ ਹੈ। ਸਾਈਕਲਾਂ 'ਤੇ ਕੀਤੇ ਜਾਣ ਵਾਲੇ ਪੇਂਟ ਅਤੇ ਰਸਾਇਣਕ ਕੋਟਿੰਗ ਵਿੱਚ ਪੈਟਰੋਲੀਅਮ ਅਧਾਰਿਤ ਉਤਪਾਦ ਵਰਤੇ ਜਾਂਦੇ ਹਨ, ਜਿਨ੍ਹਾਂ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। ਪੰਜਾਬ ਤੋਂ ਵੱਡੀ ਗਿਣਤੀ ਵਿੱਚ ਸਾਈਕਲ ਅਤੇ ਉਨ੍ਹਾਂ ਦੇ ਪਾਰਟਸ ਅਫ਼ਰੀਕੀ ਅਤੇ ਯੂਰਪੀ ਦੇਸ਼ਾਂ ਨੂੰ ਭੇਜੇ ਜਾਂਦੇ ਹਨ। ਸਮੁੰਦਰੀ ਰਸਤਿਆਂ (ਹੋਰਮੁਜ਼ ਦੀ ਜਲਸੰਧੀ) ਵਿੱਚ ਤਣਾਅ ਕਾਰਨ ਜਹਾਜ਼ਾਂ ਦਾ ਕਿਰਾਇਆ ਵਧਣ ਨਾਲ ਭਾਰਤੀ ਸਾਈਕਲ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਮਹਿੰਗੇ ਹੋ ਜਾਣਗੇ।

ਲੁਧਿਆਣਾ ਦਾ ਹੌਜ਼ਰੀ ਉਦਯੋਗ ਪਹਿਲਾਂ ਹੀ ਕੱਚੇ ਮਾਲ ਦੀਆਂ ਵਧਦੀਆਂ ਕੀਮਤਾਂ ਨਾਲ ਜੂਝ ਰਿਹਾ ਹੈ। ਜ਼ਿਆਦਾਤਰ ਹੌਜ਼ਰੀ ਉਤਪਾਦਾਂ ਵਿੱਚ ਪੋਲੀਏਸਟਰ ਜਾਂ ਨਾਈਲੋਨ ਮਿਕਸ ਹੁੰਦਾ ਹੈ, ਜੋ ਪੈਟਰੋਲੀਅਮ ਤੋਂ ਬਣਦਾ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਧਾਗੇ ਦੀ ਕੀਮਤ ਵਿੱਚ ਸਿੱਧਾ ਵਾਧਾ ਹੋਇਆ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਪਲਾਸਟਿਕ ਪੈਕੇਜਿੰਗ ਮਹਿੰਗੀ ਹੋਣ ਨਾਲ ਹੌਜ਼ਰੀ ਦੇ ਹਰ ਇੱਕ ਪੀਸ (ਜਿਵੇਂ ਟੀ-ਸ਼ਰਟ ਜਾਂ ਸਵੈਟਰ) ਦੀ ਲਾਗਤ 5 ਤੋਂ 10 ਰੁਪਏ ਵਧ ਸਕਦੀ ਹੈ। ਕਈ ਰੰਗਾਈ ਦੇ ਕੇ ਯੂਨਿਟਾਂ ਵਿੱਚ ਬਾਲਣ ਵਜੋਂ ਗੈਸ ਜਾਂ ਤੇਲ ਦੀ ਵਰਤੋਂ ਹੁੰਦੀ ਹੈ। ਉੱਥੇ ਉਤਪਾਦਨ ਖਰਚਾ ਵਧਣ ਨਾਲ ਕੱਪੜਿਆਂ ਦੀਆਂ ਕੀਮਤਾਂ ਵਿੱਚ ਅਪ੍ਰੈਲ ਤੋਂ ਵੱਡਾ ਵਾਧਾ ਦੇਖਣ ਨੂੰ ਮਿਲੇਗਾ

ਪੰਜਾਬ ਨੂੰ ਖੁਰਾਕ ਸੰਕਟ ਤੋਂ ਬਚਾਉਣ ਦਾ ਇੱਕੋ-ਇੱਕ ਰਸਤਾ ਸਥਾਨਕ ਖੇਤੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਹੈ। ਵੱਡੀਆਂ ਕੰਪਨੀਆਂ 'ਤੇ ਨਿਰਭਰਤਾ ਘਟਾ ਕੇ ਛੋਟੇ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ। ?ਪੰਜਾਬ ਦੇ ਕਿਸਾਨਾਂ ਨੂੰ ਸਿੰਥੈਟਿਕ ਖਾਦਾਂ ਦੇ ਬਦਲ ਵਜੋਂ ਹਰੀ ਖਾਦ, ਰੂੜੀ ਦੀ ਖਾਦ ਅਤੇ ਜੈਵਿਕ ਖੇਤੀ ਵੱਲ ਤੇਜ਼ੀ ਨਾਲ ਵਧਣਾ ਪਵੇਗਾ। ਜੇਕਰ ਜੰਗ ਕਾਰਨ ਖਾਦਾਂ ਦੀ ਸਪਲਾਈ ਰੁਕਦੀ ਹੈ, ਤਾਂ ਸਿਰਫ਼ ਉਹੀ ਕਿਸਾਨ ਬਚਣਗੇ ਜੋ ਕੁਦਰਤੀ ਖੇਤੀ ਨਾਲ ਜੁੜੇ ਹਨ। ਭੋਜਨ ਪ੍ਰਣਾਲੀ ਵਿੱਚ 'ਸਰਕੂਲਰਿਟੀ' ਲਿਆਉਣਾ ਤਾਂ ਜੋ ਸਪਲਾਈ ਚੇਨ ਜੰਗ ਵਰਗੇ ਬਾਹਰੀ ਝਟਕਿਆਂ ਨੂੰ ਸਹਿ ਸਕੇ। ਪੰਜਾਬ ਮੁੱਖ ਤੌਰ 'ਤੇ ਕਣਕ ਅਤੇ ਝੋਨੇ ਦੇ ਚੱਕਰ ਵਿੱਚ ਫਸਿਆ ਹੋਇਆ ਹੈ। ਜੰਗ ਕਾਰਨ ਗਲੋਬਲ ਸਪਲਾਈ ਚੇਨ ਟੁੱਟਣ ਨਾਲ ਤੇਲ-ਬੀਜ ਅਤੇ ਦਾਲਾਂ ਦੀ ਭਾਰੀ ਕਿੱਲਤ ਹੋ ਸਕਦੀ ਹੈ।

ਪੰਜਾਬ ਨੂੰ ਖਾਣ ਵਾਲੇ ਤੇਲ (ਜਿਵੇਂ ਸਰ੍ਹੋਂ, ਸੂਰਜਮੁਖੀ) ਅਤੇ ਦਾਲਾਂ ਦੀ ਖੇਤੀ ਵਧਾਉਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੀਆਂ ਲੋੜਾਂ ਲਈ ਬਾਹਰੀ ਮੁਲਕਾਂ ਜਾਂ 'ਬਿੱਗ ਐਗਰੀਕਲਚਰ' ਕੰਪਨੀਆਂ ਦੇ ਮੁਨਾਫ਼ੇ ਦੇ ਸ਼ਿਕਾਰ ਨਾ ਹੋਈਏ।

ਖੇਤੀਬਾੜੀ ਵਿੱਚ ਸੌਰ ਊਰਜਾ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਖੇਤੀ-ਬਾੜੀ ਦੇ ਸੰਦ ਸੂਰਜੀ ਊਰਜਾ ਨਾਲ ਚੱਲਣਗੇ, ਤਾਂ ਜੰਗ ਕਾਰਨ ਵਧੀਆਂ ਤੇਲ ਦੀਆਂ ਕੀਮਤਾਂ ਕਿਸਾਨ ਦੀ ਜੇਬ 'ਤੇ ਬੋਝ ਨਹੀਂ ਪਾਉਣਗੀਆਂ। ਕਿਸਾਨਾਂ ਨੂੰ ਆਪਣੇ ਦੇਸੀ ਅਤੇ ਰਵਾਇਤੀ ਬੀਜਾਂ ਨੂੰ ਸਾਂਭਣ ਦੀ ਲੋੜ ਹੈ। ਬੀਜਾਂ ਲਈ ਕਿਸੇ ਕੰਪਨੀ ਦਾ ਮੂੰਹ ਤੱਕਣ ਦੀ ਬਜਾਏ 'ਬੀਜ ਬੈਂਕ' ਪਿੰਡ ਪੱਧਰ 'ਤੇ ਹੋਣੇ ਚਾਹੀਦੇ ਹਨ।

ਪੰਜਾਬ ਦੀ ਖੇਤੀਬਾੜੀ ਸਮਝ ਹੁਣ ਸਿਰਫ਼ 'ਝਾੜ' ਵਧਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ 'ਸਵੈ-ਨਿਰਭਰਤਾ' ਅਤੇ 'ਸੁਰੱਖਿਆ' 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਜੰਗ ਇਹ ਸਿਖਾਉਂਦੀ ਹੈ ਕਿ ਜੋ ਕੌਮ ਆਪਣੇ ਭੋਜਨ ਅਤੇ ਊਰਜਾ ਲਈ ਦੂਜਿਆਂ 'ਤੇ ਨਿਰਭਰ ਹੈ, ਉਹ ਸਭ ਤੋਂ ਪਹਿਲਾਂ ਹਾਰਦੀ ਹੈ।

ਭਾਰਤ ਕੋਲ ਸੰਕਟ ਤੋਂ ਬਚਣ ਦੇ ਰਾਹ-ਆਰਥਿਕ ਮਾਹਿਰਾਂ ਅਨੁਸਾਰ ਭਾਰਤ ਆਪਣਾ 60 ਫੀਸਦੀ ਤੇਲ ਮੱਧ ਪੂਰਬ ਤੋਂ ਮੰਗਵਾਉਂਦਾ ਹੈ। ਜੇਕਰ ਹਾਰਮੁਜ਼ ਦਾ ਰਸਤਾ ਦੋ-ਤਿੰਨ ਮਹੀਨੇ ਹੋਰ ਬੰਦ ਰਹਿੰਦਾ ਹੈ, ਤਾਂ ਵਿਸ਼ਵ ਮੰਦੀ ਤੈਅ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਹੁਣ ਆਪਣੇ ਰਣਨੀਤਕ ਤੇਲ ਭੰਡਾਰ ਵਧਾਉਣੇ ਹੋਣਗੇ। ਨਵਿਆਉਣਯੋਗ ਊਰਜਾ ਦੀ ਰਫ਼ਤਾਰ ਤੇਜ਼ ਕਰਨੀ ਪਵੇਗੀ। ਰੂਸ ਅਤੇ ਮੱਧ ਏਸ਼ੀਆ ਤੋਂ ਤੇਲ ਦੀ ਦਰਾਮਦ ਵਿੱਚ ਵਿਭਿੰਨਤਾ ਲਿਆਉਣੀ ਹੋਵੇਗੀ। ਇਹ ਜੰਗ ਸਿਰਫ਼ ਦੋ ਦੇਸ਼ਾਂ ਦੀ ਸਰਹੱਦ ਦੀ ਲੜਾਈ ਨਹੀਂ ਹੈ, ਸਗੋਂ ਇਹ 'ਕਾਰਪੋਰੇਟ ਲਾਲਚ' ਅਤੇ 'ਮਨੁੱਖੀ ਹੋਂਦ' ਵਿਚਕਾਰਲੀ ਜੰਗ ਹੈ। ਇਹਨਾਂ ਜੰਗਾਂ ਦਾ ਕੋਈ ਅੰਤ ਨਹੀਂ ਹੈ। ਜੰਗ ਦਾ ਕੋਈ ਸਪੱਸ਼ਟ ਜੇਤੂ ਨਹੀਂ ਹੋਵੇਗਾ, ਪਰ ਇਸ ਦੀ ਕੀਮਤ ਪੂਰੀ ਦੁਨੀਆ ਨੂੰ ਚੁਕਾਉਣੀ ਪੈ ਰਹੀ ਹੈ। ਜੇਕਰ ਕੂਟਨੀਤੀ ਸਫਲ ਨਾ ਹੋਈ, ਤਾਂ ਵਿਕਾਸ ਦਰ ਵਿੱਚ 1-2 ਫੀਸਦੀ ਦੀ ਗਿਰਾਵਟ ਅਤੇ ਮਹਿੰਗਾਈ ਦਾ ਅਜਿਹਾ ਦੌਰ ਆਵੇਗਾ ਜਿਸ ਤੋਂ ਉਭਰਨ ਵਿੱਚ ਸਾਲਾਂ ਲੱਗ ਜਾਣਗੇ।

### ਈਰਾਨ ਦਾ ਅਮਰੀਕਾ ਨੂੰ 'ਗੁੱਡਵਿਲ ਗਿਫਟ'

# ਹੋਰਮੁਜ਼ ਦੀ ਜਲਸੰਧੀ ਤੋਂ ਲੰਘਣ ਦਿੱਤੇ ਪਾਕਿਸਤਾਨੀ ਝੰਡੇ ਵਾਲੇ 10 ਤੇਲ ਟੈਂਕਰ

ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਹੈਰਾਨੀਜਨਕ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਈਰਾਨ ਨੇ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਗੱਲਬਾਤ ਦੌਰਾਨ ਨਰਮੀ ਦਿਖਾਉਂਦੇ ਹੋਏ ਇੱਕ ਵੱਡਾ ਕਦਮ ਚੁੱਕਿਆ ਹੈ। ਈਰਾਨ ਨੇ 'ਗੁੱਡਵਿਲ ਗਿਫਟ' (ਸਦਭਾਵਨਾ ਤੋਹਫ਼ੇ) ਵਜੋਂ ਰਣਨੀਤਕ ਤੌਰ 'ਤੇ ਮਹੱਤਵਪੂਰਨ ਹੋਰਮੁਜ਼ ਦੀ ਜਲਸੰਧੀ ਰਾਹੀਂ 10 ਤੇਲ ਟੈਂਕਰਾਂ ਨੂੰ ਲੰਘਣ ਦੀ ਇਜਾਜ਼ਤ ਦੇ ਦਿੱਤੀ ਹੈ। ਵ੍ਹਾਈਟ ਹਾਊਸ ਵਿੱਚ ਕੈਬਨਿਟ ਮੀਟਿੰਗ ਦੌਰਾਨ ਰਾਸ਼ਟਰਪਤੀ ਟਰੰਪ ਨੇ ਦੱਸਿਆ ਕਿ ਇਹ ਕਾਰਵਾਈ ਈਰਾਨ ਵੱਲੋਂ ਗੱਲਬਾਤ ਪ੍ਰਤੀ ਦਿਖਾਈ ਗਈ ਗੰਭੀਰਤਾ ਦਾ ਪ੍ਰਮਾਣ ਹੈ।

ਟਰੰਪ ਅਨੁਸਾਰ ਪਹਿਲਾਂ ਸਿਰਫ਼ 8 ਟੈਂਕਰਾਂ ਨੂੰ ਲੰਘਣ ਦੇਣ ਦੀ ਗੱਲ ਹੋਈ ਸੀ, ਪਰ ਬਾਅਦ ਵਿੱਚ ਇਹ ਗਿਣਤੀ ਵਧਾ ਕੇ 10 ਕਰ ਦਿੱਤੀ ਗਈ। ਇਨ੍ਹਾਂ ਵਿੱਚੋਂ ਕੁਝ ਟੈਂਕਰਾਂ 'ਤੇ ਪਾਕਿਸਤਾਨੀ ਝੰਡੇ ਲੱਗੇ ਹੋਏ ਸਨ, ਜੋ ਇਸ ਪੂਰੀ ਪ੍ਰਕਿਰਿਆ ਵਿੱਚ ਪਾਕਿਸਤਾਨ ਦੀ ਲੋਜਿਸਟਿਕ ਭੂਮਿਕਾ ਵੱਲ ਇਸ਼ਾਰਾ ਕਰਦੇ ਹਨ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਖ਼ਬਰਾਂ ਵਿੱਚ 8 ਵੱਡੇ ਤੇਲ ਦੇ ਜਹਾਜ਼ਾਂ ਨੂੰ ਹੋਰਮੁਜ਼ ਦੇ ਰਸਤਿਓਂ ਸੁਰੱਖਿਅਤ ਗੁਜ਼ਰਦੇ ਦੇਖਿਆ, ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਈਰਾਨ ਸੱਚਮੁੱਚ ਸਹਿਯੋਗ ਕਰਨ ਲਈ ਗੰਭੀਰ ਹੈ।

ਮਾਹਿਰਾਂ ਮੁਤਾਬਕ ਈਰਾਨ ਦਾ ਇਹ ਕਦਮ ਆਉਣ ਵਾਲੇ ਸਮੇਂ ਵਿੱਚ ਕਈ ਵੱਡੇ ਬਦਲਾਅ ਲਿਆ ਸਕਦਾ ਹੈ। ਇਸ ਨਾਲ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਵਿੱਚ ਸੁਧਾਰ ਹੋਵੇਗਾ। ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਘਟਣ ਨਾਲ ਖੇਤਰੀ ਸ਼ਾਂਤੀ ਦੀ ਉਮੀਦ ਵਧੀ ਹੈ। ਇਹ ਪਹਿਲਕਦਮੀ ਦੋਵਾਂ ਦੇਸ਼ਾਂ ਵਿਚਾਲੇ ਕਿਸੇ ਵੱਡੇ ਅਤੇ ਸਥਾਈ ਸਮਝੌਤੇ ਦਾ ਰਾਹ ਪੱਧਰਾ ਕਰ ਸਕਦੀ ਹੈ। ਇਥੇ ਜ਼ਿਕਰਯੋਗ ਹੈ ਕਿ ਮੱਧ ਪੂਰਬ ਵਿੱਚ ਪਿਛਲੇ ਕਈ ਦਿਨਾਂ ਤੋਂ ਜਾਰੀ ਭਿਆਨਕ ਜੰਗ ਅਤੇ ਤਣਾਅ ਦਰਮਿਆਨ ਵਿਸ਼ਵ ਭਰ ਲਈ ਇੱਕ ਵੱਡੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਵੱਲੋਂ ਈਰਾਨ ਦੇ ਊਰਜਾ ਟਿਕਾਣਿਆਂ 'ਤੇ ਕੀਤੇ ਜਾਣ ਵਾਲੇ ਸੰਭਾਵੀ ਹਮਲਿਆਂ ਨੂੰ 10 ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਵਿਦੇਸ਼ੀ ਮਾਮਲਿਆਂ ਦੇ ਮਾਹਿਰਾਂ ਅਨੁਸਾਰ ਇਹ 10 ਦਿਨ ਦੋਵਾਂ ਦੇਸ਼ਾਂ ਲਈ ਕਿਸੇ ਸਥਾਈ ਸਮਝੌਤੇ 'ਤੇ ਪਹੁੰਚਣ ਲਈ ਬਹੁਤ ਅਹਿਮ ਹੋਣਗੇ।

# ਈਰਾਨ-ਅਮਰੀਕਾ ਜੰਗ: ਸਿਰਫ਼ ਤੇਲ ਤੇ ਡਰੋਨ ਹੀ ਨਹੀਂ, ਇਨ੍ਹਾਂ 4 ਕਾਰਨਾਂ ਕਰਕੇ ਗੋਡੇ ਨਹੀਂ ਟੇਕ ਰਿਹਾ ਈਰਾਨ

ਵਾਸ਼ਿੰਗਟਨ/ਤੇਹਰਾਨ-ਅਮਰੀਕਾ ਅਤੇ ਇਜ਼ਰਾਈਲ ਵਰਗੀਆਂ ਮਹਾਂਸ਼ਕਤੀਆਂ ਨਾਲ ਜੰਗ ਦੇ ਚੌਥੇ ਹਫ਼ਤੇ ਵਿੱਚ ਪਹੁੰਚਣ ਦੇ ਬਾਵਜੂਦ ਈਰਾਨ ਨੇ ਅਜੇ ਤੱਕ ਹਾਰ ਨਹੀਂ ਮੰਨੀ ਹੈ। ਜਿੱਥੇ ਦੁਨੀਆ ਇਹ ਮੰਨ ਰਹੀ ਸੀ ਕਿ ਈਰਾਨੀ ਫੌਜ ਇੰਨੀ ਵੱਡੀ ਸਾਂਝੀ ਤਾਕਤ ਅੱਗੇ ਟਿਕ ਨਹੀਂ ਸਕੇਗੀ, ਉੱਥੇ ਮਾਹਿਰਾਂ ਦਾ ਮੰਨਣਾ ਹੈ ਕਿ ਈਰਾਨ ਦੀ ਮਜ਼ਬੂਤੀ ਦੇ ਪਿੱਛੇ ਸਿਰਫ਼ ਹਥਿਆਰ



ਨਹੀਂ, ਸਗੋਂ ਡੂੰਘੇ ਕੂਟਨੀਤਕ ਕਾਰਨ ਹਨ। ਤੇਲ ਬਾਜ਼ਾਰ ਵਿੱਚ ਕੀਮਤਾਂ 150 ਡਾਲਰ ਪ੍ਰਤੀ ਬੈਰਲ ਤੱਕ ਪਹੁੰਚਣ ਦਾ ਖ਼ਤਰਾ ਮੰਡਰਾ ਰਿਹਾ ਹੈ। ਈਰਾਨ ਕੋਲ 'ਹੋਰਮੁਜ਼ ਦੀ ਜਲਸੰਧੀ' ਨੂੰ ਰੋਕਣ ਦੀ ਸਮਰੱਥਾ ਹੈ, ਜਿੱਥੋਂ ਦੁਨੀਆ ਦਾ 20% ਤੇਲ ਅਤੇ ਭਾਰਤ ਦੀ 85-90% ਐਲ.ਪੀ.ਜੀ ਗੁਜ਼ਰਦੀ ਹੈ। ਜੇਕਰ ਇਹ ਰਸਤਾ ਬੰਦ ਹੁੰਦਾ ਹੈ, ਤਾਂ ਅਮਰੀਕਾ ਅਤੇ ਯੂਰਪ ਦੀਆਂ ਅਰਥਵਿਵਸਥਾਵਾਂ ਹਿੱਲ ਜਾਣਗੀਆਂ, ਜਿਸ ਕਾਰਨ ਅਮਰੀਕੀ ਸਰਕਾਰ ਕੋਈ ਵੱਡਾ ਜੋਖਮ ਲੈਣ ਤੋਂ ਡਰ ਰਹੀ ਹੈ। ਈਰਾਨ ਨੇ ਦਿਖਾ ਦਿੱਤਾ ਹੈ ਕਿ ਮਹਿੰਗੀਆਂ ਮਿਜ਼ਾਈਲਾਂ ਦੇ ਮੁਕਾਬਲੇ ਸਸਤੇ ਡਰੋਨ ਜੰਗ ਦਾ ਨਕਸ਼ਾ ਬਦਲ ਸਕਦੇ ਹਨ। ਇੱਕ ਡਰੋਨ ਦੀ ਕੀਮਤ 15,000 ਤੋਂ 30,000 ਡਾਲਰ ਹੈ, ਜਦਕਿ ਇਸ ਨੂੰ ਡੇਗਣ ਵਾਲੀ ਮਿਜ਼ਾਈਲ 20 ਤੋਂ 40 ਲੱਖ ਡਾਲਰ ਦੀ ਹੁੰਦੀ ਹੈ। ਇਨ੍ਹਾਂ ਡਰੋਨਾਂ ਰਾਹੀਂ ਈਰਾਨ ਨੇ ਦੁਬਈ ਵਰਗੇ ਵਪਾਰਕ ਕੇਂਦਰਾਂ ਦੀ ਸੁਰੱਖਿਆ ਨੂੰ ਵੀ ਚੁਣੌਤੀ ਦਿੱਤੀ ਹੈ। ਈਰਾਨ ਦੀ ਵਿਵਸਥਾ ਸਿਰਫ਼ ਰਾਜਨੀਤਕ ਨਹੀਂ, ਸਗੋਂ ਸਮਾਜਿਕ ਤੌਰ 'ਤੇ ਵੀ ਬਹੁਤ ਮਜ਼ਬੂਤ ਹੈ।

ਈਰਾਨ ਕੋਲ 'ਰਿਵੋਲਿਊਸ਼ਨਰੀ ਗਾਰਡਜ਼' ਅਤੇ 'ਬਸੀਜ' (ਵਲੰਟੀਅਰ ਫੋਰਸ) ਵਰਗੇ ਸੰਗਠਨ ਹਨ ਜੋ ਹਰ ਸ਼ਹਿਰ ਅਤੇ ਕਸਬੇ ਵਿੱਚ ਫੈਲੇ ਹੋਏ ਹਨ। ਇਹ ਢਾਂਚਾ ਇਹ ਯਕੀਨੀ ਬਣਾਉਂਦਾ ਹੈ ਕਿ ਜੇਕਰ ਮੌਜੂਦਾ ਨੇਤਾ ਮਾਰੇ ਵੀ ਜਾਣ, ਤਾਂ ਨਵੀਂ ਲੀਡਰਸ਼ਿਪ ਤੁਰੰਤ ਕਮਾਨ ਸੰਭਾਲ ਲਵੇਗੀ। ਈਰਾਨ ਦੀ ਮਜ਼ਬੂਤੀ ਦਾ ਸਭ ਤੋਂ ਵੱਡਾ ਰੂਹਾਨੀ ਕਾਰਨ ਸ਼ੀਆ ਮੱਤ ਵਿੱਚ 'ਸ਼ਹਾਦਤ' ਦੀ ਅਹਿਮੀਅਤ ਹੈ। ਕਰਬਲਾ ਦੀ ਜੰਗ ਅਤੇ ਹਜ਼ਰਤ ਇਮਾਮ ਹੁਸੈਨ ਦੀ ਕੁਰਬਾਨੀ ਈਰਾਨੀ ਸਮਾਜ ਦੇ ਮਨਾਂ ਵਿੱਚ ਡੂੰਘੀ ਵਸੀ ਹੋਈ ਹੈ। ਭਾਰੀ ਬੰਬਾਰੀ ਜਾਂ ਨੇਤਾਵਾਂ ਦੀ ਹੱਤਿਆ ਈਰਾਨ ਨੂੰ ਆਤਮ-ਸਮਰਪਣ ਲਈ ਮਜਬੂਰ ਨਹੀਂ ਕਰ ਸਕਦੀ, ਕਿਉਂਕਿ ਉਨ੍ਹਾਂ ਦੀ ਸੰਸਕ੍ਰਿਤੀ ਵਿੱਚ ''ਜ਼ਿੰਦਗੀ ਦੇ ਮੁਕਾਬਲੇ ਹੱਕ ਲਈ ਜਾਨ ਦੇਣ'' ਨੂੰ ਮਹਿਮਾ ਦਿੱਤੀ ਜਾਂਦੀ ਹੈ। ਲੰਬੀ ਜੰਗ ਅਮਰੀਕਾ ਅਤੇ ਵਿਸ਼ਵ ਅਰਥਵਿਵਸਥਾ ਲਈ ਘਾਤਕ ਹੋ ਸਕਦੀ ਹੈ, ਇਸ ਲਈ ਕਿਸੇ ਸਥਾਈ ਸਮਝੌਤੇ ਦੀ ਉਮੀਦ ਵਧੇਰੇ ਨਜ਼ਰ ਆ ਰਹੀ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੈਨੇਡਾ ਵਿੱਚ ਨਵਾਂ ਨ.ਫ਼ਰਤ ਵਿਰੋਧੀ ਕਾਨੂੰਨ (Bill C-9) ਪਾਸ

## ✪ ਪਾਬੰਦੀਸ਼ੁਦਾ ਸੰਗਠਨਾਂ ਦੇ ਚਿੰਨ੍ਹਾਂ ’ਤੇ ਲੱਗੇਗੀ ਰੋਕ ✪ ਕੀ ਸਿੱਖ ਜਥੇਬੰਦੀਆਂ ਅਤੇ ਖ਼ਾਲਿਸਤਾਨੀ ਚਿੰਨ੍ਹਾਂ ’ਤੇ ਪਵੇਗਾ ਅਸਰ ? ✪ ਕੀ ਇਹ ਬਿਲ ਭਾਰਤ ਨੂੰ ਖੁਸ਼ ਕਰਨ ਦੀ ਤਿਆਰੀ ਹੈ ? ✪ ਕੀ ਹੁਣ ਕੈਨੇਡਾ ’ਚ ਧਰਮ ਦੇ ਨਾਂ ’ਤੇ ਬੋਲਣਾ ਹੋਵੇਗਾ ਗੁਨਾਹ ? ਨਵੇਂ ਬਿੱਲ ਨੇ ਖੋਹੀ ਧਾਰਮਿਕ ਛੋਟ !

ਕੈਨੇਡਾ ਦੀ ਹਾਊਸ ਆਫ ਕਾਮਨਜ਼ ਨੇ ਇੱਕ ਵਿਵਾਦਗ੍ਰਸਤ ਬਿੱਲ ਨੂੰ ਤੀਜੀ ਰੀਡਿੰਗ ਵਿੱਚ 186 ਤੋਂ 137 ਵੋਟਾਂ ਨਾਲ ਪਾਸ ਕਰ ਦਿੱਤਾ ਹੈ। ਇਸ ਬਿੱਲ ਦਾ ਨਾਂ ਹੈ ਬਿੱਲ ਸੀ-9 ਜਾਂ ‘ਕੰਬੈਟਿੰਗ ਹੇਟ ਐਕਟ’ । ਲਿਬਰਲ ਸਰਕਾਰ ਅਤੇ ਬਲਾਕ ਕਿਊਬੇਕੋਇਸ ਨੇ ਇਸ ਨੂੰ ਸਮਰਥਨ ਦਿੱਤਾ, ਜਦਕਿ ਕੰਜ਼ਰਵੇਟਿਵ ਪਾਰਟੀ, ਨਿਊ ਡੈਮੋਕ੍ਰੈਟਿਕ ਪਾਰਟੀ ਅਤੇ ਗ੍ਰੀਨ ਪਾਰਟੀ ਨੇ ਵਿਰੋਧ ਕੀਤਾ। ਹੁਣ ਇਹ ਬਿੱਲ ਸੈਨੇਟ ਵਿੱਚ ਜਾ ਰਿਹਾ ਹੈ, ਜਿੱਥੇ ਇਸ ਦੀ ਅਗਲੀ ਸਮੀਖਿਆ ਹੋਵੇਗੀ ਅਤੇ ਇਸ ਨੂੰ ਕਾਨੂੰਨ ਬਣਨ ਤੋਂ ਪਹਿਲਾਂ ਹੋਰ ਬਦਲਾਅ ਵੀ ਹੋ ਸਕਦੇ ਹਨ। ਇਸ ਬਿੱਲ ਨੂੰ ਲੈ ਕੇ ਕੈਨੇਡਾ ਵਿੱਚ ਤੇਜ਼ ਬਹਿਸ ਛਿੜੀ ਹੋਈ ਹੈ। ਇੱਕ ਪਾਸੇ ਇਸ ਨੂੰ ਨ.ਫ਼ਰਤ ਭਰੇ ਅਪਰਾਧਾਂ ਖਿਲਾ.ਫ਼ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਖਾਲਿਸਤਾਨੀ ਚਿੰਨ੍ਹਾਂ ਅਤੇ ਐਕਸਟ੍ਰੀਮਿਸਟ ਗਰੁੱਪਾਂ ਦੇ ਪ੍ਰਤੀਕਾਂ ਦੇ ਜਨਤਕ ਪ੍ਰਦਰਸ਼ਨ ਨੂੰ ਰੋਕਣ ਲਈ। ਦੂਜੇ ਪਾਸੇ ਇਸ ਨੂੰ ਧਾਰਮਿਕ ਆਜ਼ਾਦੀ ਅਤੇ ਵਿਚਾਰਾਂ ਦੀ ਆਜ਼ਾਦੀ ਉੱਤੇ ਹਮਲਾ ਕਿਹਾ ਜਾ ਰਿਹਾ ਹੈ, ਖਾਸ ਕਰਕੇ ਈਸਾਈ ਭਾਈਚਾਰੇ ਵੱਲੋਂ ਬਾਈਬਲ ਦੇ ਹਵਾਲੇ ਦੇਣ ਵਾਲੀ ਆਜ਼ਾਦੀ ਉੱਤੇ।

ਬਿੱਲ ਸੀ-9 ਨੂੰ ਸਤੰਬਰ 2025 ਵਿੱਚ ਨਿਆਂ ਮੰਤਰੀ ਸੀਨ ਫਰੇਜ਼ਰ ਨੇ ਪੇਸ਼ ਕੀਤਾ ਸੀ। ਇਸ ਦਾ ਉਦੇਸ਼ ਕੈਨੇਡਾ ਦੇ ਕ੍ਰਿਮੀਨਲ ਕੋਡ ਵਿੱਚ ਸੋਧ ਕਰਕੇ ਨ.ਫ਼ਰਤ ਨਾਲ ਜੁੜੇ ਅਪਰਾਧਾਂ ਨੂੰ ਰੋਕਣਾ ਹੈ। ਅਧਿਕਾਰਤ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਇਸ ਬਿੱਲ ਨਾਲ ਚਾਰ ਨਵੀਆਂ ਅਪਰਾਧਿਕ ਧਾਰਾਵਾਂ ਬਣਾਈਆਂ ਗਈਆਂ ਹਨ:

* ਜੇਕਰ ਕੋਈ ਵਿਅਕਤੀ ਧਾਰਮਿਕ ਸਥਾਨ, ਸਕੂਲ, ਕਮਿਊਨਿਟੀ ਸੈਂਟਰ ਜਾਂ ਕਿਸੇ ਵੀ ਇੱਕ ਭਾਈਚਾਰੇ ਦੇ ਵਰਤੋਂ ਵਾਲੀ ਥਾਂ ਉੱਤੇ ਪਹੁੰਚਣ ਵਾਲਿਆਂ ਨੂੰ ਡਰਾਵੇ ਤਾਂ ਇਹ ਅਪਰਾਧ ਮੰਨਿਆ ਜਾਵੇਗਾ। ਇਸ ਲਈ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸੇ ਤਰ੍ਹਾਂ ਥਾਵਾਂ ਉੱਤੇ ਪਹੁੰਚਣ ਵਾਲਿਆਂ ਦਾ ਰਾਹ ਰੋਕਣਾ ਵੀ ਅਪਰਾਧ ਹੋਵੇਗਾ। ਕਿਸੇ ਗਰੁੱਪ ਜਾਂ ਕੌਮ ਨੂੰ ਘਿਰਣਾ ਜਾਂ ਨ.ਫ਼ਰਤ ਨਾਲ ਵੇਖਣਾ ਅਪਰਾਧ ਮੰਨਿਆ ਜਾਵੇਗਾ।

* ਇਸ ਕਨੂੰਨ ਤਹਿਤ ਜਨਤਕ ਥਾਵਾਂ ਉੱਤੇ ਉਨ੍ਹਾਂ ਚਿੰਨ੍ਹਾਂ ਜਾਂ ਪ੍ਰਤੀਕਾਂ ਦਾ ਪ੍ਰਦਰਸ਼ਨ ਅਪਰਾਧ ਮੰਨਿਆ ਜਾਵੇਗਾ ਜੋ ਟੈਰਰਿਸਟ ਆਰਗੇਨਾਈਜ਼ੇਸ਼ਨਾਂ ਨਾਲ ਜੁੜੇ ਹੋਣ ਅਤੇ ਇਸ ਨਾਲ ਨ.ਫ਼ਰਤ ਫੈਲਾਉਣ ਦਾ ਇਰਾਦਾ ਹੋਵੇ। ਇਸ ਵਿੱਚ ਬੈਨਡ ਖਾਲਿਸਤਾਨੀ ਗਰੁੱਪਾਂ ਦੇ ਚਿੰਨ੍ਹ, ਜਿਵੇਂ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ, ਸਿੱਖ ਯੂਥ ਫੈਡਰੇਸ਼ਨ, ਨਾਜ਼ੀ ਹੈਕਨਕ੍ਰਾਊਜ਼ (ਸਵਾਸਤਿਕਾ ਦਾ ਨਾਜ਼ੀ ਰੂਪ), ਐੱਸਐੱਸ ਬੋਲਟਸ ਆਦਿ ਦੇ ਝੰਡੇ ਅਤੇ ਪ੍ਰਤੀਕ ਸ਼ਾਮਲ ਹਨ। ਹਾਲਾਂਕਿ ਸਿੱਖ ਧਰਮ ਦੇ ਪਵਿੱਤਰ ਚਿੰਨ੍ਹ (ਜਿਵੇਂ ਖੰਡਾ) ਇਸ ਦੇ ਘੇਰੇ ਵਿੱਚ ਨਹੀਂ ਆਉਂਦੇ।




ਇਸ ਧਾਰਾ ਵਿੱਚ ਇੱਕ ਮਹੱਤਵਪੂਰਨ ਗੱਲ ਇਹ ਹੈ ਕਿ ਸਿਰ.ਫ਼ ਕਿਸੇ ਚਿੰਨ੍ਹ ਦਾ ਤੁਹਾਡੇ ਕੋਲ ਹੋਣਾ ਤੁਹਾਨੂੰ ਮੁਜਰਮ ਨਹੀਂ ਬਣਾਉਂਦਾ। ਇਸ ਲਈ ‘ਜਾਣ ਬੁਝਕੇ ਨ.ਫ਼ਰਤ ਫੈਲਾਉਣਾ ਦਾ ਇਰਾਦਾ ਸਾਬਤ ਹੋਣਾ ਲਾਜ਼ਮੀ ਹੈ। ਸਿੱਖਿਆ, ਇਤਿਹਾਸ ਜਾਂ ਧਾਰਮਿਕ ਉਦੇਸ਼ ਲਈ ਵਰਤਣ ਉੱਤੇ ਛੋਟ ਹੋ ਸਕਦੀ ਹੈ। ਜੇਕਰ ਕੋਈਇਤਿਹਾਸਕਾਰ ਕਿਸੇ ਕਿਤਾਬ ਵਿੱਚ ਉਹ ਚਿੰਨ੍ਹ ਦਿਖਾਉਂਦਾ ਹੈ, ਜਾਂ ਕੋਈ ਅਜਾਇਬ ਘਰ ਵਿੱਚ ਇਤਿਹਾਸ ਦੱਸਣ ਲਈ ਉਸ ਦੀ ਵਰਤੋਂ ਕਰਦਾ ਹੈ, ਤਾਂ ਉਹ ਅਪਰਾਧ ਨਹੀਂ ਮੰਨਿਆ ਜਾਵੇਗਾ। ਇਸ ਧਾਰਾ ਦਾ ਮਤਲਬ ਹੈ ਕਿ ਅਦਾਲਤ ਵਿੱਚ ਪੁਲਿਸ ਵਲੋਂ ਇਹ ਸਾਬਤ ਕਰਨਾ ਪਵੇਗਾ ਕਿ ਤੁਹਾਡਾ ਇਰਾਦਾ ਨ.ਫ਼ਰਤ ਫੈਲਾਉਣ ਦਾ ਸੀ। ਇਸ ਤੋਂ ਇਲਾਵਾ ਬਿੱਲ ਨਾਲ ਹੇਟ ਪ੍ਰੋਪਗੈਂਡਾ ਉੱਤੇ ਚਾਰਜ ਲਗਾਉਣ ਲਈ ਅਟਾਰਨੀ ਜਨਰਲ ਦੀ ਇਜਾਜ਼ਤ ਵਾਲੀ ਪੁਰਾਣੀ ਲੋੜ ਵੀ ਖਤਮ ਕਰ ਦਿੱਤੀ ਗਈ ਹੈ। ਇਸ ਨਾਲ ਪੁਲਿਸ ਅਤੇ ਅਦਾਲਤਾਂ ਨੂੰ ਤੇਜ਼ੀ ਨਾਲ ਕਾਰਵਾਈ ਕਰਨ ਵਿੱਚ ਆਸਾਨੀ ਹੋਵੇਗੀ।

ਕੈਨੇਡਾ ਦੇ ਕਾਨੂੰਨ ਵਿੱਚ ਇੱਕ ਧਾਰਾ ਸੀ (319-3-ਬ), ਜੋ 1970 ਤੋਂ ਚੱਲ ਰਹੀ ਸੀ। ਇਹ ਧਾਰਾ ਧਾਰਮਿਕ ਲੋਕਾਂ ਲਈ ਇੱਕ ਸੁਰੱਖਿਆ ਕਵਚ ਸੀ। ਜੇਕਰ ਕੋਈ ਵਿਅਕਤੀ ਆਪਣੀ ਕਿਸੇ ਧਾਰਮਿਕ ਕਿਤਾਬ ਜਾਂ ਸਿਧਾਂਤ ਦਾ ਹਵਾਲਾ ਦੇ ਕੇ ਕੋਈ ਅਜਿਹੀ ਗੱਲ ਕਹਿੰਦਾ ਸੀ ਜੋ ਕਿਸੇ ਨੂੰ ਚੁਭਦੀ ਹੋਵੇ, ਤਾਂ ਉਸ ਉੱਤੇ ‘ਨ.ਫ਼ਰਤੀ ਭਾਸ਼ਣ’ ਦਾ ਕੇਸ ਨਹੀਂ ਸੀ ਬਣ ਸਕਦਾ। ਅਦਾਲਤ ਮੰਨਦੀ ਸੀ ਕਿ ਇਹ ਵਿਅਕਤੀ ਸਿਰ.ਫ਼ ਆਪਣੇ ਧਰਮ ਦਾ ਪ੍ਰਚਾਰ ਕਰ ਰਿਹਾ ਹੈ, ਨ.ਫ਼ਰਤ ਨਹੀਂ ਫੈਲਾ ਰਿਹਾ। ਲਿਬਰਲ ਸਰਕਾਰ ਨੇ ਵੋਟਾਂ ਦੀ ਖੇਡ ਵਿੱਚ ‘ਬਲਾਕ ਕਿਊਬੇਕੋਇਸ’ ਪਾਰਟੀ ਦੀ ਸ਼ਰਤ ਮੰਨ ਲਈ ਅਤੇ ਇਸ ਢਾਲ ਨੂੰ ਹੀ ਖ਼ਤਮ ਕਰ ਦਿੱਤਾ। ਹੁਣ ਜੇਕਰ ਕੋਈ ਪ੍ਰਚਾਰਕ ਆਪਣੇ ਧਾਰਮਿਕ ਗ੍ਰੰਥਾਂ ਦੀ ਕੋਈ ਅਜਿਹੀ ਗੱਲ ਲੋਕਾਂ ਵਿੱਚ ਸਾਂਝੀ ਕਰਦਾ ਹੈ ਜਿਸ ਨੂੰ ਕੋਈ ਹੋਰ ਸਮੂਹ (ਜਿਵੇਂ ਕਿ ਸਮਲਿੰਗੀ ਜਾਂ ਕੋਈ ਖਾਸ ਨਸਲ) ਆਪਣੇ ਵਿਰੁੱਧ ‘ਨ.ਫ਼ਰਤ’ ਮੰਨ ਲਵੇ, ਤਾਂ ਉਸ ਪ੍ਰਚਾਰਕ ’ਤੇ ਸਿੱਧਾ ਕੇਸ ਚੱਲ ਸਕਦਾ ਹੈ। ਹੁਣ ਅਦਾਲਤ ਇਹ ਨਹੀਂ ਕਹੇਗੀ ਕਿ “ਇਹ ਤਾਂ ਧਾਰਮਿਕ ਕਿਤਾਬ ਵਿੱਚ ਲਿਖਿਆ ਹੈ,” ਸਗੋਂ ਉਹ ਇਹ ਦੇਖੇਗੀ ਕਿ ਕੀ ਇਸ ਗੱਲ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਬਲਾਕ ਕਿਊਬੇਕੋਇਸ ਪਾਰਟੀ ਦਾ ਮੰਨਣਾ ਸੀ ਕਿ ਕਈ ਕੱਟੜਪੰਥੀ ਲੋਕ ਧਰਮ ਦਾ ਬਹਾਨਾ ਬਣਾ ਕੇ ਦੂਜਿਆਂ ਵਿਰੁੱਧ ਜ਼ਹਿਰ ਉਗਲਦੇ ਹਨ। ਉਨ੍ਹਾਂ ਮੁਤਾਬਕ ਇਹ ਧਾਰਾ ਹੋਮੋਫੋਬੀਆ (ਸਮਲਿੰਗੀਆਂ ਵਿਰੁੱਧ ਨ.ਫ਼ਰਤ), ਰੇਸਿਜ਼ਮ (ਨਸਲਵਾਦ) ਅਤੇ ਐਂਟੀਸੈਮੀਟਿਜ਼ਮ (ਯਹੂਦੀ ਵਿਰੋਧ) ਫੈਲਾਉਣ ਵਾਲਿਆਂ ਲਈ ਇੱਕ ਲੁਕਵੀਂ ਢਾਲ ਬਣ ਗਈ ਸੀ। ਇਸ ਲਈ ਉਨ੍ਹਾਂ ਨੇ ਇਸ ਢਾਲ ਨੂੰ ਹੀ ਤੋੜ ਦਿੱਤਾ। ਨਿਆਂ ਮੰਤਰੀ ਸੀਨ ਫਰੇਜ਼ਰ ਨੇ ਕਿਹਾ, “ਇਹ ਬਿੱਲ ਨ.ਫ਼ਰਤੀ ਵਿਵਹਾਰ ਨੂੰ ਟਾਰਗੇਟ ਕਰਦਾ ਹੈ, ਨਾ ਕਿ ਧਾਰਮਿਕ ਆਜ਼ਾਦੀ ਨੂੰ। ਅਸੀਂ ਚੰਗੀ ਨੀਅਤ ਵਾਲੀ ਧਾਰਮਿਕ ਚਰਚਾ ਨੂੰ ਸੁਰੱਖਿਅਤ ਰੱਖਾਂਗੇ।”

ਪਰ ਵਿਰੋਧੀਆਂ ਨੇ ਇਸ ਨੂੰ “ਧਾਰਮਿਕ ਆਜ਼ਾਦੀ ਉੱਤੇ ਹਮਲਾ” ਕਿਹਾ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਨਾਲ ਧਾਰਮਿਕ ਗ੍ਰੰਥਾਂ ਦੀਆਂ ਕੁਝ ਗੱਲਾਂ ਨੂੰ ਵੀ ‘ਨ.ਫ਼ਰਤ ਭਰਿਆ’ ਕਹਿ ਕੇ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਈਸਾਈ ਅਤੇ ਧਾਰਮਿਕ ਭਾਈਚਾਰਾ ਵਿਰੋਧੀ ਈਵੈਂਜਲੀਕਲ ਫੈਲੋਸ਼ਿਪ ਆਫ ਕੈਨੇਡਾ, ਕੈਥੋਲਿਕ ਰਜਿਸਟਰ ਅਤੇ ਚਰਚ ਆਫ ਜੀਸਸ ਕ੍ਰਾਈਸਟ ਆਫ ਲੈਟਰ ਡੇ ਸੇਂਟਸ ਵਰਗੀਆਂ ਗਰੁੱਪਾਂ ਚਿੰਤਤ ਹਨ। ਉਨ੍ਹਾਂ ਕਿਹਾ ਕਿ ਧਾਰਮਿਕ ਛੋਟ ਖਤਮ ਹੋਣ ਨਾਲ ਬਾਈਬਲ ਉੱਤੇ ਆਧਾਰਿਤ ਭਾਸ਼ਣ - ਖਾਸ ਕਰਕੇ ਸਮਲਿੰਗਤਾ, ਲਿੰਗ ਅਤੇ ਨੈਤਿਕਤਾ ਬਾਰੇ - ਨ.ਫ਼ਰਤ ਵਜੋਂ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਇਸ ਨਾਲ ਧਰਮੀ ਲੋਕਾਂ ਉੱਤੇ ਚਾਰਜ ਲੱਗਣ ਦਾ ਖਤਰਾ ਵਧ ਜਾਵੇਗਾ। ਇੱਕ ਈਸਾਈ ਆਗੂ ਨੇ ਕਿਹਾ, “ਇਹ ਚੰਗੀ ਨੀਅਤ ਵਾਲੀ ਧਾਰਮਿਕ ਚਰਚਾ ਨੂੰ ਅਪਰਾਧ ਬਣਾ ਸਕਦਾ ਹੈ।”

ਇੰਡੋ-ਕੈਨੇਡੀਅਨ ਅਤੇ ਯਹੂਦੀ ਭਾਈਚਾਰਾ ਇਸ ਬਿੱਲ ਨੂੰ ਵੱਡੀ ਜਿੱਤ ਵਜੋਂ ਵੇਖ ਰਹੇ ਹਨ। ਹਿੰਦੂ ਕੈਨੇਡੀਅਨ ਫਾਊਂਡੇਸ਼ਨ ਅਤੇ ਸੀਆਈਜੇਏ (ਯਹੂਦੀ ਗਰੁੱਪ) ਨੇ ਇਸ ਨੂੰ ਤਾਜ਼ਾ ਕਦਮ ਮੰਨਿਆ। ਉਨ੍ਹਾਂ ਕਿਹਾ ਕਿ ਇਸ ਨਾਲ ਐਂਟੀ-ਹਿੰਦੂਫੋਬੀਆ ਅਤੇ ਐਂਟੀਸੈਮੀਟਿਜ਼ਮ ਵਧਣ ਤੋਂ ਰੋਕਿਆ ਜਾ ਸਕੇਗਾ। ਇੰਡੋ-ਕੈਨੇਡੀਅਨ ਗਰੁੱਪਾਂ ਨੇ ਲੰਬੇ ਸਮੇਂ ਤੋਂ ਖਾਲਿਸਤਾਨੀ ਤੱਤਾਂ ਵੱਲੋਂ ਗੁਰਦੁਆਰਿਆਂ, ਮੰਦਰਾਂ ਅਤੇ ਯਹੂਦੀ ਸਥਾਨਾਂ ਉੱਤੇ ਹਮਲਿਆਂ ਅਤੇ ਨ.ਫ਼ਰਤੀ ਰੈਲੀਆਂ ਦੀ ਸ਼ਿਕਾਇਤ ਕੀਤੀ ਸੀ। ਜਦ ਕਿ ਖਾਲਿਸਤਾਨੀ ਧਿਰਾਂ ਦਾ ਮੰਨਣਾ ਸੀ ਕਿ ਇਹ ਭਾਰਤੀ ਏਜੰਸੀਆਂ ਦਾ ਕੰਮ ਹੈ ਜੋ ਅਜਿਹੇ ਅਪਰਾਧ ਕਰਕੇ ਖਾਲਿਸਤਾਨੀਆਂ ਨੂੰ ਬਦਨਾਮ ਕਰਦੇ ਹਨ।

ਖਾਲਿਸਤਾਨੀ ਤੱਤਾਂ ਨਾਲ ਜੁੜੇ ਲੋਕ ਇਸ ਨੂੰ ਆਪਣੇ ਉੱਤੇ ਟਾਰਗੇਟ ਮੰਨ ਰਹੇ ਹਨ। ਸਿਵਲ ਲਿਬਰਟੀਜ਼ ਗਰੁੱਪਾਂ ਨੇ ਚਿਤਾਵਨੀ ਦਿੱਤੀ ਕਿ ਇਸ ਨਾਲ ਧਰਨੇ ਅਤੇ ਧਰਮ ਸਬੰਧੀ ਚਰਚਾ ਰੁਕ ਸਕਦੀ ਹੈ। ਕੰਜ਼ਰਵੇਟਿਵ ਜਸਟਿਸ ਕ੍ਰਿਟਿਕ ਲੈਰੀ ਬਰਾਕ ਨੇ ਇਸ ਨੂੰ “ਧਾਰਮਿਕ ਆਜ਼ਾਦੀ ਉੱਤੇ ਹਮਲਾ” ਕਿਹਾ।

ਸਰਕਾਰ ਦਾ ਅਧਿਕਾਰਤ ਪੱਖ ਇਹ ਹੈ ਕਿ ਇਹ ਬਿੱਲ “ਕਮਿਊਨਿਟੀ ਸੇਫਟੀ” ਲਈ ਲਿਆਂਦਾ ਗਿਆ ਹੈ। ਕੈਨੇਡਾ ਵਿੱਚ ਪਿਛਲੇ ਕੁਝ ਸਮੇਂ ਤੋਂ ਨ.ਫ਼ਰਤ ਭਰੇ ਅਪਰਾਧਾਂ ਵਿੱਚ ਭਾਰੀ ਵਾਧਾ ਹੋਇਆ ਹੈ।ਸਰਕਾਰ ਚਾਹੁੰਦੀ ਹੈ ਕਿ ਸਕੂਲਾਂ, ਧਾਰਮਿਕ ਸਥਾਨਾਂ ਅਤੇ ਕਮਿਊਨਿਟੀ ਸੈਂਟਰਾਂ ਦੇ ਬਾਹਰ ਹੁੰਦੇ ਪ੍ਰਦਰਸ਼ਨਾਂ ਦੌਰਾਨ ਡਰ ਜਾਂ ਨ.ਫ਼ਰਤ ਦਾ ਮਾਹੌਲ ਨਾ ਬਣੇ। ਕੈਨੇਡਾ ’ਤੇ ਅਕਸਰ ਇਹ ਦੋਸ਼ ਲੱਗਦੇ ਰਹੇ ਹਨ ਕਿ ਉਹ ਆਪਣੀ ਧਰਤੀ ’ਤੇ ਕੱਟੜਪੰਥੀ ਤੱਤਾਂ ਨੂੰ ਖੁੱਲ੍ਹ ਦਿੰਦਾ ਹੈ। ਇਸ ਕਾਨੂੰਨ ਰਾਹੀਂ ਸਰਕਾਰ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਕੱਟੜਵਾਦ ਵਿਰੁੱਧ ਸ.ਖ਼ਤ ਹੈ। ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਪਿਛਲੇ ਸਮੇਂ ਵਿੱਚ ਕਾ.ਫ਼ੀ ਤਣਾਅਪੂਰਨ ਰਹੇ ਹਨ। ਭਾਰਤ ਨੇ ਵਾਰ-ਵਾਰ ਕੈਨੇਡਾ ਨੂੰ ਖ਼ਾਲਿਸਤਾਨ ਪੱਖੀ ਗਤੀਵਿਧੀਆਂ ’ਤੇ ਰੋਕ ਲਾਉਣ ਲਈ ਕਿਹਾ ਸੀ। ਇਸ ਬਿੱਲ ਦਾ ਪਾਸ ਹੋਣਾ ਭਾਰਤ ਦੀਆਂ ਕੁਝ ਚਿੰਤਾਵਾਂ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਵਜੋਂ ਦੇਖਿਆ ਜਾ ਸਕਦਾ ਹੈ।

ਸੈਨੇਟ ਵਿੱਚ ਬਿੱਲ ਉੱਤੇ ਹੋਰ ਬਹਿਸ ਹੋਵੇਗੀ। ਉੱਥੇ ਬਦਲਾਅ ਹੋ ਸਕਦੇ ਹਨ। ਜੇਕਰ ਲਾਗੂ ਹੋਇਆ ਤਾਂ ਇਸ ਉੱਤੇ ਚਾਰਟਰ ਚੈਲਿੰਜ ਵੀ ਹੋ ਸਕਦਾ ਹੈ। ਇਸ ਨਾਲ ਕੈਨੇਡਾ ਵਿੱਚ ਨ.ਫ਼ਰਤ ਵਿਰੋਧੀ ਕਾਨੂੰਨ ਮਜ਼ਬੂਤ ਹੋਣਗੇ, ਪਰ ਧਰਮੀ ਆਜ਼ਾਦੀ ਦੀ ਬਹਿਸ ਲੰਬੀ ਚੱਲੇਗੀ। ਹਾਲੀਆ ਪ੍ਰਸਤਾਵਾਂ (ਜਿਵੇਂ Bill C-36) ਦਾ ਮਕਸਦ ਇਹ ਹੈ ਕਿ ਡਿਜ਼ੀਟਲ ਅਤੇ ਜਨਤਕ ਮੰਚਾਂ ‘ਤੇ ਨ.ਫ਼ਰਤ ਭਰੀ ਸਮੱਗਰੀ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ। ਹਾਲਾਂਕਿ,“ਹੇਟ ਸਿੰਬਲ” ਅਤੇ “ਇਰਾਦੇ” ਦੀ ਪਰਿਭਾਸ਼ਾ ਨੂੰ ਲੈ ਕੇ ਅਜੇ ਵੀ ਕਾਨੂੰਨੀ ਅਤੇ ਸਮਾਜਕ ਪੱਧਰ ’ਤੇ ਸਪਸ਼ਟਤਾ ਦੀ ਲੋੜ ਹੈ।

# ਕੈਨੇਡਾ ਵਿੱਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਨੇ ਸੰਵਿਧਾਨਕ ਬਹਿਸ ਛੇੜੀ

## ਸਿੱਖ ਅਧਿਆਪਕ ਅੰਮ੍ਰਿਤ ਕੌਰ ਵੱਲੋਂ ਬਿਲ 21 ਨੂੰ ਚੁਣੌਤੀ ✪ ਸਿੱਖਾਂ ਸਣੇ ਘੱਟ ਗਿਣਤੀ ਭਾਈਚਾਰਿਆਂ 'ਤੇ ਵਿਤਕਰੇ ਦਾ ਖ਼ਤਰਾ

ਨਿਊਜ਼ ਸਟੋਰੀ

ਕੈਨੇਡਾ ਦੀ ਸੁਪਰੀਮ ਕੋਰਟ ਵਿੱਚ ਇਸ ਹਫ਼ਤੇ ਸ਼ੁਰੂ ਹੋਈ ਚਾਰ ਦਿਨਾਂ ਦੀ ਇਤਿਹਾਸਕ ਸੁਣਵਾਈ ਨੇ ਦੇਸ਼ ਭਰ ਵਿੱਚ ਧਾਰਮਿਕ ਆਜ਼ਾਦੀ, ਰਾਜ ਧਰਮ ਨਿਰਪੱਖਤਾ ਅਤੇ ਸੰਵਿਧਾਨਕ ਅਧਿਕਾਰਾਂ ਦੀ ਬਹਿਸ ਨੂੰ ਨਵੀਂ ਉਚਾਈ ਤੱਕ ਪਹੁੰਚਾ ਦਿੱਤਾ ਹੈ। ਇਸ ਵਿਵਾਦ ਦਾ ਕੇਂਦਰ ਹੈ ਕਿਊਬੈਕ ਦਾ ਬਿਲ 21, ਜਿਸ ਨੇ ਸਰਕਾਰੀ ਨੌਕਰੀਆਂ ਵਿੱਚ ਧਾਰਮਿਕ ਚਿੰਨ੍ਹਾਂ - ਜਿਵੇਂ ਸਿੱਖਾਂ ਦੀ ਦਸਤਾਰ ਅਤੇ ਕਿਰਪਾਨ, ਮੁਸਲਿਮ ਔਰਤਾਂ ਦਾ ਹਿਜਾਬ, ਯਹੂਦੀਆਂ ਦੀ ਕਿੱਪਾਹ ਅਤੇ ਈਸਾਈਆਂ ਦਾ ਕਰਾਸ - 'ਤੇ ਪਾਬੰਦੀ ਲਗਾਈ ਹੈ। ਇੱਕ ਸਿੱਖ ਅਧਿਆਪਕਾ ਅੰਮ੍ਰਿਤ ਕੌਰ ਵੱਲੋਂ ਇਸ ਬਿਲ ਨੂੰ ਚੁਣੌਤੀ ਦੇਣ ਨਾਲ ਮਾਮਲਾ ਹੁਣ ਲੋਕਤੰਤਰੀ ਸੰਤੁਲਨ ਦੀ ਕਸੌਟੀ ਬਣ ਗਿਆ ਹੈ। ਸਿੱਖ ਜਥੇਬੰਦੀਆਂ, ਖਾਸ ਕਰਕੇ ਵਰਲਡ ਸਿੱਖ ਆਰਗਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐਸਓ), ਨੇ ਇਸ ਬਿਲ ਨੂੰ "ਧਰਮ ਅਤੇ ਪਛਾਣ ਉੱਤੇ ਸਿੱਧਾ ਹਮਲਾ" ਦੱਸਿਆ ਹੈ। ਉਨ੍ਹਾਂ ਦਾ ਪੱਖ ਇਹ ਹੈ ਕਿ ਦਸਤਾਰ ਅਤੇ ਕਿਰਪਾਨ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਅਨਿੱਖੜਵੇਂ ਹਿੱਸੇ ਹਨ ਅਤੇ ਇਨ੍ਹਾਂ ਨੂੰ ਹਟਾਉਣਾ ਧਰਮ ਨੂੰ ਤਿਆਗਣ ਵਰਗਾ ਹੈ। ਇਸ ਬਹਿਸ ਨੇ ਨਾ ਸਿਰਫ਼ ਸਿੱਖ ਭਾਈਚਾਰੇ ਨੂੰ ਪ੍ਰਭਾਵਿਤ ਕੀਤਾ ਹੈ, ਬਲਕਿ ਮੁਸਲਿਮ, ਯਹੂਦੀ ਅਤੇ ਹੋਰ ਘੱਟ ਗਿਣਤੀ ਸਮੂਹਾਂ ਨੂੰ ਵੀ ਚਿੰਤਤ ਕਰ ਦਿੱਤਾ ਹੈ। ਕਾਨੂੰਨੀ ਮਾਹਿਰਾਂ ਅਨੁਸਾਰ ਇਸ ਫ਼ੈਸਲੇ ਦਾ ਅਸਰ ਸਿਰਫ਼ ਕਿਊਬੈਕ ਤੱਕ ਸੀਮਤ ਨਹੀਂ ਰਹੇਗਾ ਬਲਕਿ ਪੂਰੇ ਕੈਨੇਡਾ ਵਿੱਚ ਧਾਰਮਿਕ ਪ੍ਰਗਟਾਵੇ ਅਤੇ ਸਰਕਾਰੀ ਅਧਿਕਾਰਾਂ ਦੀ ਹੱਦ ਤੈਅ ਕਰੇਗਾ।

ਬਿਲ 21 ਕੀ ਹੈ ਅਤੇ ਇਸ ਨੇ ਕਿਉਂ ਵਿਵਾਦ ਖੜ੍ਹਾ ਕੀਤਾ?-ਬਿਲ 21, ਜਿਸ ਨੂੰ ਰਸਮੀ ਤੌਰ 'ਤੇ "ਐਨ ਐਕਟ ਰਿਸਪੈਕਟਿੰਗ ਲਾਈਸਿਟੀ ਆਫ਼ ਦਿ ਸਟੇਟ" ਕਿਹਾ ਜਾਂਦਾ ਹੈ, 2019 ਵਿੱਚ ਕਿਊਬੈਕ ਦੀ ਸੱਤਾਧਾਰੀ ਗਠਜੋੜ ਅਵੇਨੀਰ ਕਿਊਬੈਕ (ਸੀਏਕਿਊ) ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ। ਇਸ ਕਾਨੂੰਨ ਤਹਿਤ ਜੱਜਾਂ, ਪੁਲਿਸ ਅਧਿਕਾਰੀਆਂ, ਅਧਿਆਪਕਾਂ, ਸਕੂਲ ਪ੍ਰਿੰਸੀਪਲਾਂ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਕੰਮ ਦੌਰਾਨ ਧਾਰਮਿਕ ਚਿੰਨ੍ਹ ਪਹਿਨਣ ਤੋਂ ਰੋਕਿਆ ਗਿਆ ਹੈ। ਫਰਾਂਸ ਵਾਂਗ ਕਿਊਬੈਕ ਵਿੱਚ ਲੈਸਿਤੇ (ਧਰਮ ਨਿਰਪੱਖਤਾ) ਰਾਜ ਦੀ ਪਛਾਣ ਦਾ ਕੇਂਦਰੀ ਹਿੱਸਾ ਹੈ। ਇਸ ਦੇ ਸਮਰਥਕਾਂ ਅਨੁਸਾਰ ਇਹ ਸਟੇਟ ਅਤੇ ਚਰਚ ਵਿਚਾਲੇ ਵੱਖਰੀਆਂ ਲੀਹਾਂ ਖਿੱਚਣ ਵੱਲ ਇੱਕ ਠੀਕ ਕਦਮ ਹੈ।

ਪਰ ਵਿਰੋਧੀ ਇਸ ਨੂੰ ਵਿਤਕਰੇ ਵਾਲਾ ਅਤੇ ਘੱਟ ਗਿਣਤੀਆਂ ਵਿਰੋਧੀ ਮੰਨਦੇ ਹਨ। ਇਸ ਕਾਨੂੰਨ ਵਿੱਚ ਖਾਸ ਤੌਰ 'ਤੇ ਮੁਸਲਿਮ ਔਰਤਾਂ ਦਾ ਹਿਜਾਬ, ਸਿੱਖਾਂ ਦੀ ਦਸਤਾਰ ਅਤੇ ਕਿਰਪਾਨ ਨਿਸ਼ਾਨਾ ਬਣ ਰਿਹਾ ਹੈ। ਇਸ ਨੂੰ ਅਦਾਲਤੀ ਚੁਣੌਤੀਆਂ ਤੋਂ ਬਚਾਉਣ ਲਈ ਸਰਕਾਰ ਨੇ ਕੈਨੇਡਾ ਸੰਵਿਧਾਨ ਦੀ ਧਾਰਾ 33 - ਨੌਟਵਿਥਸਟੈਂਡਿੰਗ ਕਲੌਜ਼ - ਦਾ ਸਹਾਰਾ ਲਿਆ। ਇਹ ਕਲੌਜ਼ ਸਰਕਾਰਾਂ ਨੂੰ ਧਰਮ ਦੀ ਆਜ਼ਾਦੀ, ਬਿਆਨਬਾਜ਼ੀ ਅਤੇ ਸਮਾਨਤਾ ਦੇ ਅਧਿਕਾਰਾਂ ਨੂੰ ਅਣਗੌਲਿਆਂ ਕਰਨ ਦੀ ਆਗਿਆ ਦਿੰਦਾ ਹੈ। ਇਹ ਪੰਜ ਸਾਲ ਲਈ ਲਾਗੂ ਹੁੰਦਾ ਹੈ ਅਤੇ ਮੁੜ ਲਾਗੂ ਕੀਤਾ ਜਾ ਸਕਦਾ ਹੈ। ਕੈਨੇਡੀਅਨ ਕਾਂਸਟਿਟਿਊਸ਼ਨ ਫਾਊਂਡੇਸ਼ਨ ਦੀ ਐਗਜ਼ਿਕਿਊਟਿਵ ਡਾਇਰੈਕਟਰ ਕ੍ਰਿਸਟੀਨ ਵੈਨ ਗੇਨ ਨੇ ਇਸ ਮਾਮਲੇ ਨੂੰ "ਇੱਕ ਪੀੜ੍ਹੀ ਵਿੱਚ ਸਭ ਤੋਂ ਮਹੱਤਵਪੂਰਨ ਸੰਵਿਧਾਨਕ ਮਾਮਲਾ" ਦੱਸਿਆ। ਉਨ੍ਹਾਂ ਅਨੁਸਾਰ ਇਸ ਫ਼ੈਸਲੇ ਨਾਲ ਰਾਸ਼ਟਰੀ ਏਕਤਾ ਅਤੇ ਅਦਾਲਤਾਂ ਤੇ ਚੁਣੇ ਗਏ ਨੁਮਾਇੰਦਿਆਂ ਵਿਚਕਾਰ ਸੰਤੁਲਨ ਦੀ ਪਰਖ ਹੋਵੇਗੀ।

ਸਿੱਖ ਅਧਿਆਪਕਾ ਅੰਮ੍ਰਿਤ ਕੌਰ ਦੀ ਲੜਾਈ-ਇਸ ਵਿਵਾਦ ਦਾ ਇੱਕ ਮੁੱਖ ਚਿਹਰਾ ਹੈ ਅੰਮ੍ਰਿਤ ਕੌਰ, ਇੱਕ ਸਿੱਖ ਅਧਿਆਪਕਾ ਜੋ ਕਿਊਬੈਕ ਵਿੱਚ ਪਲੀ-ਵੱਡੀ ਹੋਈ ਸੀ। 2021 ਵਿੱਚ ਉਨ੍ਹਾਂ ਨੇ ਆਨਲਾਈਨ ਲਿਖਿਆ ਸੀ ਕਿ ਬਿਲ 21 ਨੇ ਉਨ੍ਹਾਂ ਦੇ ਭਵਿੱਖ ਨੂੰ "ਚਕਨਾਚੂਰ" ਕਰ ਦਿੱਤਾ। ਉਨ੍ਹਾਂ ਨੂੰ ਆਪਣੇ ਧਰਮੀ ਚਿੰਨ੍ਹ - ਦਸਤਾਰ ਅਤੇ ਕਿਰਪਾਨ - ਨੂੰ ਹਟਾਉਣ ਲਈ ਮਜਬੂਰ ਕੀਤਾ ਗਿਆ, ਜਿਸ ਕਰਕੇ ਉਹ ਆਪਣੇ ਸੂਬੇ ਤੋਂ ਬ੍ਰਿਟਿਸ਼ ਕੋਲੰਬੀਆ ਚਲੀ ਗਈਆਂ। ਉਨ੍ਹਾਂ ਦੇ ਵਕੀਲਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਇਹ ਚਿੰਨ੍ਹ "ਉਨ੍ਹਾਂ ਦੀ ਨਿੱਜੀ ਪਛਾਣ" ਹਨ ਅਤੇ ਇਨ੍ਹਾਂ ਨੂੰ ਹਟਾਉਣਾ ਉਨ੍ਹਾਂ ਨੂੰ "ਆਪਣੇ ਆਪ ਨੂੰ ਤਿਆਗਣ" ਵਰਗਾ ਹੈ।

ਅੰਮ੍ਰਿਤ ਕੌਰ ਇਸ ਮਾਮਲੇ ਵਿੱਚ ਅਪੀਲ ਕਰਨ ਵਾਲੀਆਂ 13 ਧਿਰਾਂ ਵਿੱਚੋਂ ਇੱਕ ਹਨ। ਉਨ੍ਹਾਂ ਨੇ ਕਿਹਾ ਕਿ ਇਸ ਕਾਨੂੰਨ ਨੇ ਉਨ੍ਹਾਂ ਨੂੰ "ਧਾਰਮਿਕ ਸ਼ੋਸ਼ਣ" ਦਾ ਸਾਹਮਣਾ ਕਰਨ ਲਈ ਮਜਬੂਰ ਕੀਤਾ ਅਤੇ ਉਹ ਆਪਣੇ ਘਰ ਤੋਂ "ਸ਼ਰਨਾਰਥੀ ਵਾਂਗ" ਭੱਜਣ ਲਈ ਮਜਬੂਰ ਹੋਈ ਹੈ। ਇਸ ਨਾਲ ਸਿੱਖ ਭਾਈਚਾਰੇ ਵਿੱਚ ਗੁੱਸਾ ਵਧਿਆ ਹੈ। ਸਿੱਖ ਧਰਮ ਵਿੱਚ ਦਸਤਾਰ ਇੱਕ ਆਨਰ ਅਤੇ ਬਰਾਬਰੀ ਦਾ ਪ੍ਰਤੀਕ ਹੈ ਜਦਕਿ ਕਿਰਪਾਨ ਇਨਸਾਫ਼ ਅਤੇ ਰੱਖਿਆ ਦਾ ਪ੍ਰਤੀਕ ਹੈ। ਇਨ੍ਹਾਂ ਨੂੰ ਬਿਨਾਂ ਵਜ੍ਹਾ ਹਟਾਉਣਾ ਧਰਮ ਨੂੰ ਖਤਮ ਕਰਨ ਵਰਗਾ ਹੈ।

ਸਿੱਖ ਜਥੇਬੰਦੀਆਂ ਦਾ ਪੱਖ-ਵਰਲਡ ਸਿੱਖ ਆਰਗਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐਸਓ) ਇਸ ਮਾਮਲੇ ਵਿੱਚ ਮੁੱਖ ਚੁਣੌਤੀਕਰਤਾ ਹੈ। ਉਨ੍ਹਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਬਿਲ 21 ਨਾ ਸਿਰਫ਼ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਦੀ ਉਲੰਘਣਾ ਕਰਦਾ ਹੈ ਬਲਕਿ ਉਨ੍ਹਾਂ ਅਧਿਕਾਰਾਂ ਨੂੰ ਵੀ ਖਤਰਾ ਹੈ ਜੋ ਕੈਨੇਡਾ ਦੀ ਫੈਡਰੇਸ਼ਨ ਤੋਂ ਪਹਿਲਾਂ ਵੀ ਮੌਜੂਦ ਸਨ। ਡਬਲਯੂਐਸਓ ਦੇ ਬੁਲਾਰੇ ਨੇ ਕਿਹਾ, "ਸਿੱਖ ਭਾਈਚਾਰਾ ਕੈਨੇਡਾ ਦਾ ਅਨਿੱਖੜਵਾ ਹਿੱਸਾ ਹੈ ਅਤੇ ਉਸ ਦੀਆਂ ਧਾਰਮਿਕ ਆਜ਼ਾਦੀਆਂ ਨੂੰ ਰਾਜ ਧਰਮ ਨਿਰਪੱਖਤਾ ਦੇ ਨਾਂ 'ਤੇ ਖ਼ਤਮ ਨਹੀਂ, ਕੀਤਾ ਜਾ ਸਕਦਾ। ਇਹ ਬਿਲ ਸਿੱਖਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਕਿਉਂਕਿ ਦਸਤਾਰ ਅਤੇ



ਕਿਰਪਾਨ ਉਨ੍ਹਾਂ ਦੀ ਨਿੱਜੀ ਅਤੇ ਧਾਰਮਿਕ ਪਛਾਣ ਹਨ।"

ਹੋਰ ਸਿੱਖ ਜਥੇਬੰਦੀਆਂ ਜਿਵੇਂ ਸਿੱਖ ਕਾਲੀਜ ਆਫ਼ ਕੈਨੇਡਾ ਅਤੇ ਕੈਨੇਡੀਅਨ ਸਿੱਖ ਐਸੋਸੀਏਸ਼ਨ ਨੇ ਵੀ ਇਸ ਬਿਲ ਦਾ ਵਿਰੋਧ ਕੀਤਾ ਹੈ। ਡਬਲਯੂਐਸਓ ਨੇ ਕਿਹਾ ਕਿ ਇਹ ਬਿਲ "ਮਲਟੀਕਲਚਰਲਿਜ਼ਮ ਅਤੇ ਇਨਕਲੂਜ਼ਨ" ਦੀਆਂ ਕੈਨੇਡੀਅਨ ਕਦਰਾਂ ਨੂੰ ਚੁਣੌਤੀ ਦਿੰਦਾ ਹੈ। ਉਨ੍ਹਾਂ ਨੇ ਅਪੀਲ ਕੀਤੀ ਕਿ ਸੁਪਰੀਮ ਕੋਰਟ ਨੌਟਵਿਥਸਟੈਂਡਿੰਗ ਕਲੌਜ਼ ਦੀ ਵਰਤੋਂ 'ਤੇ ਸੀਮਾਵਾਂ ਲਗਾਵੇ ਤਾਂ ਜੋ ਇਸ ਨੂੰ "ਬਲੈਂਕ ਚੈੱਕ" ਵਜੋਂ ਨਾ ਵਰਤਿਆ ਜਾ ਸਕੇ।

ਹੋਰ ਭਾਈਚਾਰਿਆਂ 'ਤੇ ਪ੍ਰਭਾਵ-ਸਿੱਖਾਂ ਤੋਂ ਇਲਾਵਾ ਇਸ ਬਿਲ ਨਾਲ ਮੁਸਲਿਮ ਭਾਈਚਾਰਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਯਾਰਕ ਯੂਨੀਵਰਸਿਟੀ ਦੀ ਰਿਸਰਚਰ ਡਾ. ਨਾਦੀਆ ਹਸਨ ਨੇ 400 ਤੋਂ ਵੱਧ ਮੁਸਲਿਮ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਪਾਇਆ ਕਿ 73 ਫੀਸਦ ਨੇ ਨੌਕਰੀ ਲੱਭਣ ਵਿੱਚ ਮੁਸੀਬਤ ਮਹਿਸੂਸ ਕੀਤੀ ਅਤੇ ਲਗਭਗ ਇਸੇ ਗਿਣਤੀ ਨੇ ਸੂਬਾ ਛੱਡਣ ਬਾਰੇ ਸੋਚਿਆ। ਇਸ਼ਰਾਕ ਨੌਰੈਲ ਹਕ, ਇੱਕ ਮੁਸਲਿਮ ਅਧਿਆਪਕਾ ਜੋ ਹਿਜਾਬ ਪਹਿਨਦੀ ਹੈ, ਨੇ ਵੀ ਚੁਣੌਤੀ ਵਿੱਚ ਸ਼ਾਮਲ ਹੋ ਕੇ ਕਿਹਾ ਕਿ ਇਸ ਨੇ ਉਨ੍ਹਾਂ ਦੇ ਮਾਣ ਅਤੇ ਅਧਿਕਾਰਾਂ ਨੂੰ ਠੇਸ ਪਹੁੰਚਾਈ ਹੈ।

ਯਹੂਦੀ ਭਾਈਚਾਰਾ ਵੀ ਚਿੰਤਤ ਹੈ, ਕਿਉਂਕਿ ਉਨ੍ਹਾਂ ਦੀ ਕਿੱਪਾਹ ਵੀ ਇਸ ਬਿਲ ਤਹਿਤ ਰੋਕੀ ਜਾ ਸਕਦੀ ਹੈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ (ਸੀ ਸੀ ਐੱਲ ਏ) ਨੇ ਇਸ ਨੂੰ "ਬਹੁਤ ਹੈਰਾਨ ਕਰਨ ਵਾਲਾ" ਦੱਸਿਆ ਅਤੇ ਲਿਖਿਆ ਕਿ ਇਸ ਕਲੌਜ਼ ਦੀ ਵਰਤੋਂ ਗਰਭਪਾਤ 'ਤੇ ਪਾਬੰਦੀ ਲਗਾਉਣ ਜਾਂ ਰਾਜਨੀਤਕ ਭਾਸ਼ਣ ਨੂੰ ਅਪਰਾਧ ਬਣਾਉਣ ਲਈ ਵੀ ਹੋ ਸਕਦੀ ਹੈ। ਇਸ ਨਾਲ ਰਾਸ਼ਟਰੀ ਏਕਤਾ ਨੂੰ ਖ਼ਤਰਾ ਹੈ ਕਿਉਂਕਿ ਘੱਟ ਗਿਣਤੀਆਂ ਆਪਣੇ ਆਪ ਨੂੰ ਅਣਜਾਣ ਮਹਿਸੂਸ ਕਰਨ ਲੱਗੀਆਂ ਹਨ।

ਸੰਵਿਧਾਨਕ ਬਹਿਸ ਅਤੇ ਨੌਟਵਿਥਸਟੈਂਡਿੰਗ ਕਲੌਜ਼-ਇਸ ਬਿਲ ਨੇ ਕੈਨੇਡਾ ਦੇ ਸੰਵਿਧਾਨਕ ਢਾਂਚੇ ਨੂੰ ਚੁਣੌਤੀ ਦਿੱਤੀ ਹੈ। 1982 ਵਿੱਚ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਬਣਾਉਣ ਵੇਲੇ ਇਹ ਕਲੌਜ਼ ਸੂਬਿਆਂ ਨੂੰ ਇੱਕੋ ਮੰਚ 'ਤੇ ਲਿਆਉਣ ਲਈ ਸ਼ਾਮਲ ਕੀਤਾ ਗਿਆ ਸੀ। ਇਸ ਦਾ ਉਦੇਸ਼ ਸੰਸਦੀ ਪ੍ਰਭੂਸੱਤਾ ਨੂੰ ਬਚਾਉਣਾ ਸੀ ਤਾਂ ਜੋ ਅਦਾਲਤਾਂ ਲੋਕਤੰਤਰੀ ਤੌਰ 'ਤੇ ਚੁਣੇ ਗਏ ਵਿਧਾਇਕਾਂ ਤੋਂ ਵੱਧ ਤਾਕਤਵਾਨ ਨਾ ਬਣ ਜਾਣ। ਪਰ ਹੁਣ ਇਸ ਦੀ ਵਰਤੋਂ ਵਧ ਰਹੀ ਹੈ - ਓਨਟਾਰੀਓ, ਅਲਬਰਟਾ ਅਤੇ ਸਸਕੇਚਵਾਨ ਵੀ ਇਸ ਨੂੰ ਵਰਤ ਰਹੇ ਹਨ।

ਫੈਡਰਲ ਨਿਆਂ ਮੰਤਰੀ ਸਿਆਨ ਫ੍ਰੇਜ਼ਰ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਭਵਿੱਖ ਵਿੱਚ ਇਸ ਕਲੌਜ਼ ਦੀ ਵਰਤੋਂ ਤੈਅ ਹੋਵੇਗੀ। ਫੈਡਰਲ ਸਰਕਾਰ ਨੇ ਦਲੀਲ ਦਿੱਤੀ ਕਿ ਇਸ ਨੂੰ "ਚਾਰਟਰ ਅਧਿਕਾਰਾਂ ਨੂੰ ਵਿਗਾੜਨ ਲਈ" ਨਹੀਂ ਵਰਤਿਆ ਜਾ ਸਕਦਾ। ਪਰ ਪੰਜ ਸੂਬਿਆਂ - ਸਸਕੇਚਵਾਨ, ਅਲਬਰਟਾ, ਓਨਟਾਰੀਓ, ਕਿਊਬੈਕ ਤੇ ਨੋਵਾ ਸਕੋਸ਼ੀਆ - ਨੇ ਇਸ ਨੂੰ "ਫੈਡਰਲਿਜ਼ਮ 'ਤੇ ਹਮਲਾ" ਦੱਸਿਆ। ਕਿਊਬੈਕ ਸਰਕਾਰ ਦਾ ਪੱਖ ਹੈ ਕਿ ਇਹ ਬਿਲ ਰਾਜ ਧਰਮ ਨਿਰਪੱਖਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਂਝੀ ਨਾਗਰਿਕ ਪਛਾਣ ਬਣਾਉਂਦਾ ਹੈ। ਉਨ੍ਹਾਂ ਅਨੁਸਾਰ ਇਸ ਕਲੌਜ਼ ਦੀ ਵਰਤੋਂ ਪੂਰੀ ਤਰ੍ਹਾਂ ਸਹੀ ਹੈ ਅਤੇ ਅਦਾਲਤਾਂ ਇਸ ਵਿੱਚ ਦਖ਼ਲ ਨਹੀਂ ਦੇ ਸਕਦੀਆਂ।

ਇਸ ਬਹਿਸ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹੱਤਤਾ-ਇਹ ਮਾਮਲਾ ਕੈਨੇਡਾ ਦੀ ਮਲਟੀਕਲਚਰਲ ਪਛਾਣ ਨੂੰ ਚੁਣੌਤੀ ਦਿੰਦਾ ਹੈ। ਇਸ ਨਾਲ ਧਾਰਮਿਕ ਘੱਟ ਗਿਣਤੀਆਂ ਲਈ ਨੌਕਰੀਆਂ -ਮਿਲਣ ਦੀਆਂ ਸੰਭਾਵਨਾਵਾਂ ਘੱਟ ਹੋ ਰਹੀਆਂ ਹਨ। ਅੰਤਰਰਾਸ਼ਟਰੀ ਕਮਿਸ਼ਨ ਆਫ਼ ਜੁਰਿਸਟਸ ਕੈਨੇਡਾ ਅਤੇ ਯੂਨੀਵਰਸਿਟੀ ਆਫ਼ ਓਟਵਾ ਦੇ ਪ੍ਰੋਫੈਸਰ ਐਰੋਲ ਮੇਂਡਸ ਨੇ ਚੇਤਾਵਨੀ ਦਿੱਤੀ ਕਿ ਇਸ ਕਲੌਜ਼ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ।

ਸੁਣਵਾਈ ਵਿੱਚ 50 ਤੋਂ ਵੱਧ ਧਿਰਾਂ ਸ਼ਾਮਲ ਹਨ ਜਿਨ੍ਹਾਂ ਵਿੱਚ ਫੈਡਰਲ ਸਰਕਾਰ ਵੀ ਸ਼ਾਮਲ ਹੈ। ਇਸ ਫ਼ੈਸਲੇ ਨਾਲ ਭਵਿੱਖ ਵਿੱਚ ਹੋਰ ਸੂਬਿਆਂ ਵਿੱਚ ਵੀ ਅਜਿਹੇ ਬਿਲ ਆ ਸਕਦੇ ਹਨ ਜਾਂ ਇਸ ਨੂੰ ਰੋਕਿਆ ਜਾ ਸਕਦਾ ਹੈ। ਇਹ ਬਹਿਸ ਕੈਨੇਡਾ ਨੂੰ ਇਹ ਤੈਅ ਕਰਨ ਲਈ ਮਜਬੂਰ ਕਰ ਰਹੀ ਹੈ ਕਿ ਉਹ ਧਰਮ ਨਿਰਪੱਖਤਾ ਅਤੇ ਧਾਰਮਿਕ ਆਜ਼ਾਦੀ ਵਿਚਾਲੇ ਸੰਤੁਲਨ ਕਿਵੇਂ ਬਣਾਵੇ।

ਸਿੱਖ ਭਾਈਚਾਰਾ ਇਸ ਲੜਾਈ ਵਿੱਚ ਇੱਕਜੁੱਟ ਹੈ। ਉਨ੍ਹਾਂ ਨੇ ਰੈਲੀਆਂ ਅਤੇ ਪਟੀਸ਼ਨਾਂ ਰਾਹੀਂ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਅੰਮ੍ਰਿਤ ਕੌਰ ਵਰਗੀਆਂ ਔਰਤਾਂ ਇਸ ਲੜਾਈ ਦੀਆਂ ਪ੍ਰਤੀਕ ਬਣ ਗਈਆਂ ਹਨ। ਉਨ੍ਹਾਂ ਨੇ ਕਿਹਾ, "ਮੈਂ ਆਪਣੀ ਪਛਾਣ ਤਿਆਗ ਕੇ ਅਧਿਆਪਕ ਨਹੀਂ ਬਣ ਸਕਦੀ। ਇਹ ਮੇਰਾ ਧਰਮ ਹੈ।"

ਮਲਟੀਕਲਚਰਲ ਦੇਸ਼ ਹੈ ਜਿੱਥੇ 2 ਲੱਖ ਤੋਂ ਵੱਧ ਸਿੱਖ ਵਸਦੇ ਹਨ। ਇਸ ਬਿਲ ਨੇ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਸੀਸੀਐੱਲਏ ਨੇ ਲਿਖਿਆ, "ਕੀ ਅਸੀਂ ਅਜਿਹਾ ਕੈਨੇਡਾ ਚਾਹੁੰਦੇ ਹਾਂ ਜਿੱਥੇ ਅਦਾਲਤਾਂ ਚੁੱਪ ਰਹਿਣ ਲਈ ਮਜਬੂਰ ਹੋਣ?"

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਅਪ੍ਰੈਲ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਸਮੇਂ ਦੌਰਾਨ ਆਰਥਿਕ ਹਾਲਾਤਾਂ ਵਿੱਚ ਸੁਧਾਰ ਆਵੇਗਾ। ਆਮਦਨ ਵਿੱਚ ਵਾਧੇ ਦੇ ਨਾਲ-ਨਾਲ ਖਰਚਾ ਵੀ ਜ਼ਿਆਦਾ ਹੋਵੇਗਾ। ਘਰੇਲੂ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਇਸ ਦੌਰਾਨ ਸਿਹਤ ਢਿੱਲੀ ਰਹਿ ਸਕਦੀ ਹੈ। ਸਾਂਝੇਦਾਰੀ ਦੇ ਕੰਮ ਵਿੱਚ ਸੋਚ ਸਮਝ ਕੇ ਨਿਵੇਸ਼ ਕਰਨ ਦੀ ਲੋੜ ਹੈ, ਨਹੀਂ ਤਾਂ ਨੁਕਸਾਨ ਹੋ ਸਕਦੈ। ਰੋਜ਼ਾਨਾ ਹੱਥ ਜੋੜ ਕੇ ਹਮੇਸ਼ਾ ਅਰਦਾਸ ਕਰੋ ਕਿ ਪ੍ਰਮਾਤਮਾਂ ਕਿਤੇ ਵੀ ਰੱਖੀਂ, ਪਰ ਰੱਖੀਂ ਹਮੇਸ਼ਾ ਆਪਣੀ ਛਤਰ ਛਾਇਆ ਹੇਠ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਵਪਾਰ ਵਿੱਚ ਉੱਨਤੀ ਦੇ ਖਾਸ ਮੌਕੇ ਮਿਲਣਗੇ। ਕੁਝ ਰੁਕੇ ਹੋਏ ਕੰਮ ਖਾਸ ਲੋਕਾਂ ਦੀ ਮਦਦ ਨਾਲ ਪੂਰਾ ਹੋਣ ਦੇ ਯੋਗ ਹਨ, ਪਰ ਉਲਝਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਧਾਰਮਿਕ ਰੁਝਾਨ ਵਧੇਗਾ। ਇਸ ਸਮੇਂ ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਵੇਗਾ। ਇਸ ਲਈ ਸਾਵਧਾਨੀ ਨਾਲ ਚੱਲਣ ਦੀ ਲੋੜ ਹੈ। ਵਿਦਿਆਰਥੀ ਵਰਗ ਨੂੰ ਵਧੇਰੇ ਮਿਹਨਤ ਦੀ ਲੋੜ ਹੈ। ਗੁਰੂ ਘਰ ਪਰਿਵਾਰ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰਨੀ, ਕਮਾਈ ਵਿੱਚ ਬਰਕਤ ਹੋਵੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਇਸ ਸਮੇਂ ਵਧੇਰੇ ਲਾਭ ਨਾਲ ਖੁਸ਼ੀ ਮਿਲੇਗੀ, ਕੁਝ ਵਿਗੜੇ ਕੰਮ ਬਣਨਗੇ। ਧਨ ਲਾਭ, ਤਰੱਕੀ ਅਤੇ ਭਵਿੱਖ ਵਿੱਚ ਕੁਝ ਤਬਦੀਲੀ ਦਾ ਯੋਗ ਹੈ। ਧਾਰਮਿਕ ਕੰਮਾਂ ਵੱਲ ਰੁਝਾਨ ਰਹੇਗਾ। ਪਰਿਵਾਰ ਵਿੱਚ ਸ਼ੁੱਭ ਅਤੇ ਧਾਰਮਿਕ ਕੰਮਾਂ 'ਤੇ ਖਰਚ ਵਾਧੂ ਹੋਵੇਗਾ। ਸੰਤਾਨ ਸਬੰਧੀ ਪ੍ਰੇਸ਼ਾਨੀ ਬਣੀ ਰਹੇਗੀ। ਇਸ ਸਮੇਂ ਖਰਚ ਵੀ ਜ਼ਿਆਦਾ ਹੋਣਗੇ। ਘਰੇਲੂ ਕੰਮਾਂ 'ਤੇ ਫਜ਼ੂਲ ਖਰਚ ਅਤੇ ਫਜ਼ੂਲ ਦੀ ਗੱਲਬਾਤ ਤੋਂ ਪ੍ਰੇਸ਼ਾਨੀ ਵਧੇਗੀ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਵਪਾਰ ਵਿੱਚ ਤਰੱਕੀ ਦੇ ਰਸਤੇ ਖੁੱਲ੍ਹਣਗੇ। ਮਾਤਾ-ਪਿਤਾ ਨੂੰ ਸੰਤਾਨ ਸਬੰਧੀ ਚਿੰਤਾ ਰਹੇਗੀ। ਮਨੋਰੰਜਨ ਆਦਿ ਕੰਮਾਂ 'ਤੇ ਫਜ਼ੂਲ ਹੀ ਧਨ ਬਰਬਾਦ ਹੋਵੇਗਾ। ਰੁਕੇ ਹੋਏ ਕੰਮਾਂ ਨੂੰ ਪੂਰਾ ਕਰਨ ਦਾ ਮੌਕਾ ਮਿਲੇਗਾ। ਸਮਾਜ ਵਿੱਚ ਇੱਜ਼ਤ ਬਣਾਏ ਰੱਖਣ ਲਈ ਉੱਚ-ਪੱਧਰੀ ਅਫਸਰਾਂ ਨਾਲ ਮੇਲ ਫਾਇਦੇਮੰਦ ਹੋਵੇਗਾ। ਵਿਦਿਆਰਥੀ ਵਰਗ ਨੂੰ ਸਮੇਂ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ। ਔਰਤਾਂ ਦਾ ਜ਼ਿਆਦਾ ਸਮਾਂ ਸਮਾਜਿਕ ਕੰਮਾਂ ਵਿੱਚ ਬੀਤੇਗਾ। ਆਪਣੇ ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂਬਾਤਾਂ ਜਰੂਰ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਨਵੇਂ ਲੋਕਾਂ ਨਾਲ ਮੇਲ ਮਿਲਾਪ ਹੋਵੇਗਾ, ਪਰ ਧੋਖਾ ਮਿਲਣ ਦੀ ਸੰਭਾਵਨਾ ਵੀ ਬਣੀ ਰਹੇਗੀ, ਸਾਵਧਾਨ ਰਹੋ। ਆਮਦਨ ਤੋਂ ਖਰਚ ਜ਼ਿਆਦਾ ਹੋਵੇਗਾ। ਗੁੱਸਾ ਜ਼ਿਆਦਾ ਹੋਣ ਕਾਰਨ ਪ੍ਰੇਸ਼ਾਨੀ ਜ਼ਿਆਦਾ ਰਹੇਗੀ। ਅਚਾਨਕ ਦੁਸ਼ਮਨ ਸਰਗਰਮ ਹੋਣਗੇ। ਵਿਦਿਆਰਥੀ ਵਰਗ ਨੂੰ ਉਲਝਣਾਂ ਅਤੇ ਬੇਸਮਝੀ ਕਰਕੇ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ। ਘਰੇਲੂ ਜੀਵਨ ਵਿੱਚ ਵੀ ਤਣਾਅ ਹੋਣ ਦੇ ਯੋਗ ਹਨ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਕੋਲੋਂ ਸਲਾਹ ਨਾ ਲਵੋ, ਨੁਕਸਾਨ ਹੋ ਸਕਦਾ ਹੈ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਕਮਾਈ ਘੱਟ ਅਤੇ ਖਰਚਾ ਜ਼ਿਆਦਾ ਹੋਵੇਗਾ। ਕਾਰੋਬਾਰੀ ਅਤੇ ਘਰੇਲੂ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਧਨ ਲਾਭ ਦੇ ਮੌਕੇ ਵੀ ਮਿਲਣਗੇ। ਕਿਸੇ ਸੱਜਣ-ਮਿੱਤਰ ਨਾਲ ਮੇਲ ਹੋਵੇਗਾ। ਪਰ ਵਿਦਿਆਰਥੀਆਂ ਨੂੰ ਵਧੇਰੇ ਭੱਜ-ਦੌੜ, ਮਾਨਸਿਕ ਪ੍ਰੇਸ਼ਾਨੀ, ਗੁਪਤ ਚਿੰਤਾ ਅਤੇ ਕੈਰੀਅਰ ਸਬੰਧੀ ਪ੍ਰੇਸ਼ਾਨੀ ਰਹੇਗੀ। ਸਾਂਝੇਦਾਰੀ ਦੇ ਕੰਮ ਵਿੱਚ ਫਾਇਦਾ ਹੋ ਸਕਦਾ ਹੈ, ਪਰ ਸਾਵਧਾਨ ਰਹਿਣ ਦੀ ਲੋੜ ਹੈ। ਗਰੀਬ ਪਰਿਵਾਰ ਦੇ ਬੱਚੇ ਨੂੰ ਪੰਜਾਬੀ ਜਾਂ ਧਾਰਮਿਕ ਪੁਸਤਕਾਂ ਲੈ ਕੇ ਦਿਉ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਆਰਥਿਕ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਸੋਚੀ ਹੋਈ ਯੋਜਨਾ ਵਿੱਚ ਰੁਕਾਵਟ ਆਵੇਗੀ। ਯਾਤਰਾ ਵਿੱਚ ਚੋਟ ਆਦਿ ਲੱਗਣ ਦਾ ਡਰ ਰਹੇਗਾ। ਮੁਸ਼ਕਿਲ ਹਾਲਾਤਾਂ ਦੇ ਬਾਵਜੂਦ ਧਨ ਸਬੰਧੀ ਕੁਝ ਸਾਧਨ ਬਣਦੇ ਰਹਿਣਗੇ। ਪਰਿਵਾਰ ਵਿੱਚ ਮੱਤਭੇਦ ਹੋਵੇਗਾ, ਪਰ ਪਰਿਵਾਰਕ ਮਦਦ ਵੀ ਮਿਲੇਗੀ। ਲੈਣ-ਦੇਣ ਦੇ ਕੰਮਾਂ ਵਿੱਚ ਚੌਕੰਨੇ ਰਹਿਣ ਦੀ ਲੋੜ ਹੈ। ਵਿਦਿਆਰਥੀ ਵਰਗ ਨੂੰ ਵਧੇਰੇ ਮਿਹਨਤ ਦੀ ਲੋੜ ਰਹੇਗੀ। ਹਮੇਸ਼ਾ ਚੰਗੇ ਕਰਮ ਕਰੋ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਦਿਮਾਗੀ ਤਣਾਅ ਅਤੇ ਗੁੱਸਾ ਜ਼ਿਆਦਾ ਆਵੇਗਾ। ਕਾਰਜ-ਵਪਾਰ ਵਿੱਚ ਰੁਕਾਵਟਾਂ ਅਤੇ ਉਲਝਣਾਂ ਪੈਦਾ ਹੋਣਗੀਆਂ। ਨਿਕਟ ਸਬੰਧੀ ਤੋਂ ਧੋਖਾ ਮਿਲਣ ਦੇ ਸੰਕੇਤ ਹਨ, ਸੁਚੇਤ ਰਹਿਣ ਦੀ ਲੋੜ ਹੈ। ਪਤੀ ਜਾਂ ਪਤਨੀ ਵਿੱਚ ਮਨ-ਮੁਟਾਵ ਰਹਿਣ ਨਾਲ ਮਨ ਅਸ਼ਾਂਤ ਰਹੇਗਾ। ਸਿਹਤ ਸਬੰਧੀ ਖਾਸ ਸਾਵਧਾਨੀ ਵਰਤਣ ਦੀ ਲੋੜ ਹੈ। ਸਵਾਰੀ ਦੀ ਖਰੀਦ 'ਤੇ ਵੀ ਖਰਚਾ ਹੋ ਸਕਦਾ ਹੈ। ਆਪਣੇ ਕੰਮ 'ਤੇ ਜਾਂ ਬਾਹਰ, ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਇਸ ਸਮੇਂ ਦੌਰਾਨ ਵਿਘਨ-ਰੁਕਾਵਟਾਂ ਦੇ ਬਾਵਜੂਦ ਧਨ ਪ੍ਰਾਪਤੀ ਦੇ ਮੌਕੇ ਮਿਲਣਗੇ। ਕਿਸੇ ਨਿਕਟ ਸਹਿਯੋਗੀ ਦੀ ਮਦਦ ਨਾਲ ਵਿਗੜਿਆ ਹੋਇਆ ਕੰਮ ਬਣੇਗਾ। ਧਰਮ-ਕਰਮ ਵੱਲ ਰੁਝਾਨ ਵਧੇਗਾ। ਸ਼ੁੱਭ ਕਾਰਜਾਂ 'ਤੇ ਖਰਚ ਹੋਵੇਗਾ। ਮਹੀਨੇ ਦੇ ਅਖੀਰ ਵਿੱਚ ਕਿਸੇ ਸੱਜਣ-ਮਿੱਤਰ ਨਾਲ ਮਨ-ਮੁਟਾਅ ਰਹਿ ਸਕਦਾ ਹੈ। ਪਰਿਵਾਰ ਵਿੱਚ ਵੀ ਵਿਚਾਰਾਂ ਦੇ ਵੱਖਰੇਵੇਂ ਕਾਰਨ ਮਾਨਸਿਕ ਪ੍ਰੇਸ਼ਾਨੀ ਰਹੇਗੀ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਪਰਿਵਾਰ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਘਰੇਲੂ ਅਤੇ ਆਰਥਿਕ ਹਾਲਾਤ ਵਿੱਚ ਕੁਝ ਗੜਬੜੀ ਕਰਕੇ ਗੁਜ਼ਾਰੇਯੋਗ ਧਨ ਲਾਭ ਹੋਵੇਗਾ। ਮਾਤਾ-ਪਿਤਾ ਵੱਲੋਂ ਲਾਭ ਹੋਵੇਗਾ। ਸਿਹਤ ਕੁਝ ਢਿੱਲੀ ਰਹੇਗੀ। ਫਜ਼ੂਲ ਖਰਚੀ ਜ਼ਿਆਦਾ ਹੋਵੇਗੀ। ਜ਼ਮੀਨ-ਜਾਇਦਾਦ ਦਾ ਲੈਣ-ਦੇਣ ਧਿਆਨ ਨਾਲ ਕਰਨ ਦੀ ਲੋੜ ਹੈ। ਦੋਸਤਾਂ ਮਿੱਤਰਾਂ ਦੀ ਮਦਦ ਨਾਲ ਕੋਈ ਵਿਗੜਿਆ ਕੰਮ ਠੀਕ ਹੋਣ ਦੇ ਯੋਗ ਹਨ। ਆਪਣੇ ਤੋਂ ਵੱਡਿਆਂ ਦਾ ਹਮੇਸ਼ਾ ਮਾਣ-ਸਤਿਕਾਰ ਕਰੋ ਅਤੇ ਛੋਟਿਆਂ ਨੂੰ ਪਿਆਰ ਦੇਣ ਨਾਲ ਵਿਗੜੇ ਰਿਸ਼ਤੇ ਵੀ ਸੰਵਰ ਸਕਦੇ ਹਨ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਇਸ ਸਮੇਂ ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਵੇਗਾ। ਵਿਅਰਥ ਦੀ ਭੱਜ-ਦੌੜ ਅਤੇ ਫਜ਼ੂਲ ਖਰਚੀ ਵਧੇਗੀ। ਸਿਹਤ ਢਿੱਲੀ ਰਹੇਗੀ। ਧਨ ਹਾਨੀ ਅਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਸੰਤਾਨ ਪੱਖ ਤੋਂ ਕਸ਼ਟ ਅਤੇ ਚਿੰਤਾ ਰਹੇਗੀ। ਮਨ ਅਸ਼ਾਂਤ ਰਹੇਗਾ। ਸਾਂਝੇਦਾਰੀ ਦੇ ਕੰਮ ਵਿੱਚ ਲਾਭ ਮਿਲ ਸਕਦਾ ਹੈ, ਪਰ ਦੋਵਾਂ ਪੱਖਾਂ ਤੋਂ ਮਿਹਨਤ ਕਰਨ ਦੀ ਲੋੜ ਹੈ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ, ਇਸ ਨਾਲ ਮਾਨਸਿਕ ਪ੍ਰੇਸ਼ਾਨੀਆਂ ਦੂਰ ਹੋਣਗੀਆਂ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਉਤਸ਼ਾਹ ਅਤੇ ਹਿੰਮਤ ਸ਼ਕਤੀ ਵਿੱਚ ਵਾਧਾ ਹੋਵੇਗਾ। ਕੁਝ ਵਿਗੜੇ ਕੰਮ ਬਣਨਗੇ। ਕਿਸੇ ਉੱਚ ਅਧਿਕਾਰੀ ਨਾਲ ਸੰਪਰਕ ਅਤੇ ਮੇਲ-ਜੋਲ ਵਧੇਗਾ। ਖਰਚੇ ਦੇ ਵਾਧੇ ਦੇ ਕਾਰਨ ਮਾਨਸਿਕ ਪ੍ਰੇਸ਼ਾਨੀ ਰਹੇਗੀ। ਧੀਰਜ ਨਾਲ ਅਤੇ ਮਿਹਨਤ ਕਰਨ ਨਾਲ ਹਾਲਾਤ ਵਿੱਚ ਸੁਧਾਰ ਹੋਵੇਗਾ। ਮਹੀਨੇ ਦੇ ਅਖੀਰ ਵਿੱਚ ਕਿਸੇ ਸ਼ੁੱਭ ਕੰਮ 'ਤੇ ਖਰਚ ਹੋਵੇਗਾ। ਨਵੇਂ ਲੋਕਾਂ ਨਾਲ ਮੇਲ-ਜੋਲ ਵਧੇਗਾ। ਇਸ ਸਮੇਂ ਦੌਰਾਨ ਕੋਈ ਸ਼ੁੱਭ ਕੰਮ ਹੋਣ ਦੇ ਸੰਕੇਤ ਹਨ। ਅੱਧਾ ਦਿਨ ਬਿਨਾਂ ਕਿਸੇ ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੋ, ਮਨ ਅੰਦਰ ਸਿਰਫ਼ ਪ੍ਰਮਾਤਮਾ ਦਾ ਸਿਮਰਨ ਕਰੋ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com



## 13 ਸਾਲ ਕੋਮਾ ਵਿੱਚ ਰਹਿਣ ਵਾਲੇ ਹਰੀਸ਼ ਰਾਣਾ ਦਾ ਦੇਹਾਂਤ, ਇੱਛਾ ਮੌਤ ਦਾ ਦੇਸ਼ 'ਚ ਪਹਿਲਾ ਮਾਮਲਾ

ਨਵੀਂ ਦਿੱਲੀ : ਪਿਛਲੇ 13 ਸਾਲਾਂ ਤੋਂ ਕੋਮਾ ਵਿੱਚ ਚੱਲ ਰਹੇ ਹਰੀਸ਼ ਰਾਣਾ ਦਾ ਦਿੱਲੀ ਦੇ ਏਮਜ਼ ਹਸਪਤਾਲ ਵਿੱਚ ਦੇਹਾਂਤ ਹੋ ਗਿਆ, ਉਹ ਭਾਰਤ ਵਿੱਚ ਪੈਸਿਵ ਯੂਥਨੇਸ਼ੀਆ (ਇੱਛਾ ਮੌਤ) ਦੀ ਇਜਾਜ਼ਤ ਪ੍ਰਾਪਤ ਕਰਨ ਵਾਲੇ ਪਹਿਲੇ ਵਿਅਕਤੀ ਸਨ। ਸੁਪਰੀਮ ਕੋਰਟ ਨੇ 11 ਮਾਰਚ ਨੂੰ ਉਨ੍ਹਾਂ ਦੇ ਮਾਮਲੇ ਵਿੱਚ ਅਹਿਮ ਫੈਸਲਾ ਸੁਣਾਉਂਦੇ ਹੋਏ ਇੱਛਾ ਮੌਤ ਦੀ ਮਨਜ਼ੂਰੀ ਦਿੱਤੀ ਸੀ।14 ਮਾਰਚ ਨੂੰ ਉਨ੍ਹਾਂ ਨੂੰ ਏਮਜ਼ ਵਿੱਚ ਭਰਤੀ ਕੀਤਾ ਗਿਆ, ਜਿੱਥੇ ਡਾਕਟਰਾਂ ਦੀ ਨਿਗਰਾਨੀ ਹੇਠ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ।

15 ਮਾਰਚ ਨੂੰ ਉਨ੍ਹਾਂ ਦੀ ਖ਼ੁਰਾਕ ਬੰਦ ਕਰ ਦਿੱਤੀ ਗਈ ਅਤੇ 17 ਮਾਰਚ ਤੋਂ ਪਾਣੀ ਵੀ ਰੋਕ ਦਿੱਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਨੂੰ ਦਰਦ ਘਟਾਉਣ ਲਈ ਦਵਾਈਆਂ ਦਿੱਤੀਆਂ ਜਾ ਰਹੀਆਂ ਸਨ। ਲਗਭਗ 10 ਦਿਨ ਤੱਕ ਬਿਨਾਂ ਖਾਣ-ਪੀਣ ਦੇ ਰਹਿਣ ਤੋਂ ਬਾਅਦ, ਉਨ੍ਹਾਂ ਨੇ ਆਖਿਰਕਾਰ ਦਮ ਤੋੜ ਦਿੱਤਾ।

# ਭਾਰਤੀ ਸੰਵਿਧਾਨ ਵਿੱਚ ਕਿਸੇ ਵੀ ਧਰਮ ਨੂੰ ਰਾਜ-ਧਰਮ ਦੀ ਸਰਪ੍ਰਸਤੀ ਨਹੀਂ ਦਿੱਤੀ ਗਈ 'ਵੰਦੇ ਮਾਤਰਮ' ਦਾ ਨਾਹਰਾ ਲਾਉਣਾ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ ...

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**14 ਮਾਰਚ 2026 ਨੂੰ ਅਮਿਤ ਸ਼ਾਹ ਨੇ ਭਾਜਪਾ ਦਾ ਫ਼ਿਰਕੂ ਚਿਹਰਾ ਨੰਗਾ ਕਰਦਿਆਂ ਹੋਇਆਂ ਪੰਜਾਬ ਵਿੱਚ ਕੀਤੀ ਰੈਲੀ ਨੂੰ ਸੰਬੋਧਨ ਕਰਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਹੀ ਇੱਥੋਂ ਕੀਤੀ ਕਿ 'ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ..।' ਇਸ ਤੋਂ ਪਹਿਲਾਂ ਨਰਿੰਦਰ ਮੋਦੀ ਪੱਗ ਬੰਨ੍ਹ ਕੇ ਭਾਸ਼ਣ ਦੀ ਅਰੰਭਤਾ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਤੋਂ ਅਰੰਭ ਕਰਦਾ ਸੀ, ਪਰ ਅਮਿਤ ਸ਼ਾਹ ਨੇ ਪੰਜਾਬ ਵਿੱਚ ਰਹਿੰਦੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਸੁਨੇਹਾ ਦਿੱਤਾ ਹੈ 'ਅਗਰ ਇਸ ਦੇਸ਼ ਮੇਂ ਰਹਿਨਾ ਹੋਗਾ, ਵੰਦੇ ਮਾਤਰਮ ਕਹਿਨਾ ਹੋਗਾ..।'**

ਭਾਰਤੀ ਸੰਵਿਧਾਨ ਵਿੱਚ ਕਿਸੇ ਵੀ ਧਰਮ ਨੂੰ ਰਾਜ-ਧਰਮ ਦੀ ਸਰਪ੍ਰਸਤੀ ਨਹੀਂ ਦਿੱਤੀ ਗਈ। ਸੰਵਿਧਾਨ ਵਿੱਚ ਹਰ ਧਰਮ ਨੂੰ ਵੱਧਣ-ਫੁਲਣ ਦੀ ਅਜ਼ਾਦੀ ਦਿੱਤੀ ਗਈ ਹੈ ਪਰ ਨਰਿੰਦਰ ਮੋਦੀ ਨੇ ਆਰ. ਐਸ. ਐਸ.-ਭਾਜਪਾ ਦੇ ਏਜੰਡੇ ਅਨੁਸਾਰ ਭਾਰਤੀ ਸੰਵਿਧਾਨ ਦੇ ਬਿਲਕੁਲ ਉਲਟ ਬਿਰਤਾਂਤ ਸਿਰਜਿਆ ਹੈ । ਸਭ ਤੋਂ ਪਹਿਲਾਂ ਭਾਰਤੀ ਪਾਰਲੀਮੈਂਟ ਦਾ ਨੀਂਹ-ਪੱਥਰ ਬ੍ਰਾਹਮਣਾਂ ਤੋਂ ਹਵਨ ਕਰਵਾ ਕੇ ਹਿੰਦੂ ਰਹੁ-ਰੀਤਾਂ ਅਨੁਸਾਰ ਰੱਖਿਆ। ਜਦਕਿ ਭਾਰਤੀ ਸੰਵਿਧਾਨ ਵਿੱਚ ਕਿਸੇ ਵੀ ਧਰਮ ਨੂੰ ਰਾਜ-ਧਰਮ ਦੀ ਸਰਪ੍ਰਸਤੀ ਨਹੀਂ ਹੈ।

ਭਾਰਤ ਦੀ ਨਵੀਂ ਬਣੀ ਪਾਰਲੀਮੈਂਟ ਦੇ ਉਦਘਾਟਨ ਸਮੇਂ ਬ੍ਰਾਹਮਣਾਂ ਨੇ ਭਾਰਤੀ ਲੋਕਤੰਤਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰ ਦੇ ਨਵੇਂ ਪੇਸ਼ਵਾ ਵਜੋਂ ਤਾਜ਼ਪੋਸ਼ੀ ਕਰ ਕੇ ਉਸ ਨੂੰ ਰਾਜ ਦੰਡ ਦੀ ਸੰਗੋਲ ਭੇਟ ਕੀਤੀ ਅਤੇ ਨਰਿੰਦਰ ਮੋਦੀ ਦੇ ਲੋਕ ਸਭਾ ਦੇ ਸਪੀਕਰ ਨੇ ਉਹ ਸੰਗੋਲ ਸਪੀਕਰ ਦੀ ਸੀਟ ਦੇ ਨਾਲ਼ ਸਥਾਪਤ ਕਰ ਦਿੱਤੀ। ਸਮੱਸਿਆ ਸੰਗੋਲ ਦੀ ਨਹੀਂ, ਸਗੋਂ ਲੋਕਤੰਤਰ ਦੇ ਮੰਦਿਰ ਵਿੱਚ ਉਸ ਦੀ ਸਥਾਪਨਾ ਨਾਲ਼ ਹੈ, ਜਿਸ ਰਾਹੀਂ ਭਾਰਤੀ ਲੋਕਤੰਤਰ ਨੂੰ ਰਾਜਾ-ਸ਼ਾਹੀ ਵਿੱਚ ਬਦਲਿਆ ਜਾ ਰਿਹਾ ਹੈ ਅਤੇ ਅਜਿਹਾ ਇੱਕ ਵਿਅਕਤੀ ਲਈ ਹੋ ਰਿਹਾ ਹੈ, ਇਸ ਦੇ ਦੂਰਗਾਮੀ ਨਤੀਜੇ ਨਿਕਲਣਗੇ।

(ਪੰਜਾਬ ਟਾਈਮਜ਼ ਅੰਕ 2981, 2982 ਦੀ ਖ਼ਬਰ)

ਗੁਰੂ ਨਾਨਕ ਸਾਹਿਬ ਤੇ ਉਹਨਾਂ ਦੇ ਬਾਕੀ ਨੌਂ ਸਰੂਪਾਂ ਨੇ ਆਪਣੇ ਜਿਗਰ ਦਾ ਖ਼ੂਨ ਪਾ ਕੇ ਹਲੇਮੀ ਰਾਜ (ਖ਼ਾਲਸਾ ਰਾਜ) ਦੀ ਸਥਾਪਤੀ ਲਈ 'ਰਬਾਬ ਤੋਂ ਨਗਾਰੇ' ਤਕ ਦਾ ਧਰਮ ਯੁੱਧ ਲੜਿਆ, ਨਾ ਕਿ ਹਿੰਦੂ ਰਾਸ਼ਟਰ ਬਣਾਉਣ ਲਈ। ਹਥਲਾ ਲੇਖ ਲਿਖਣ ਦੀ ਲੋੜ ਇਸ ਕਰਕੇ ਪਈ ਕਿਉਂਕਿ ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਰਾਜ ਨਾਥ ਸਿੰਘ ਨੇ ਕਿਹਾ: "ਗੁਰੂ ਗੋਬਿੰਦ ਸਿੰਘ ਦੇਸ਼ ਦੀ ਸੰਸਕ੍ਰਿਤੀ ਦੇ ਰਾਖੇ ਸਨ ਤੇ ਉਹਨਾਂ ਭਾਰਤੀ ਸੱਭਿਆਚਾਰ ਦੀ ਅਹਿਮੀਅਤ ਨੂੰ ਸਮਝਦੇ ਹੋਏ ਸਾਂਝੀ ਸੰਸਕ੍ਰਿਤੀ ਨੂੰ ਬਚਾਉਣ ਲਈ ਸਰਬੰਸ ਵਾਰਿਆ ਤੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਜੇ ਅੱਜ ਹਿੰਦੂ ਧਰਮ ਸ਼ੁੱਧ ਰੂਪ ਵਿੱਚ ਵਿਖਾਈ ਦਿੰਦਾ ਹੈ ਤਾਂ ਇਹ ਸਿੱਖ ਪੰਥ ਦੇ ਕਾਰਨ ਹੀ ਹੈ...।"

ਇਸੇ ਤਰ੍ਹਾਂ ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ ਨੇ ਕਿਹਾ: "ਗੁਰੂ ਗੋਬਿੰਦ ਸਿੰਘ ਨੂੰ ਦੇਸ਼ ਆਦਰਸ਼ਕ ਵਜੋਂ ਜਾਣਦਾ ਹੈ ਕਿਉਂਕਿ ਉਹਨਾਂ ਨੇ ਰਾਸ਼ਟਰ (ਭਾਰਤ ਦੇਸ਼) ਦੀ ਰੱਖਿਆ ਕੀਤੀ ਹੈ ਅਤੇ ਗੁਰੂ ਨਾਨਕ ਦੇਵ ਜੀ ਤੋਂ ਚੱਲੀ ਪ੍ਰੰਪਰਾ ਨੂੰ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਨੇ ਸ਼ਹੀਦੀਆਂ ਦੇ ਕੇ ਅਤੇ ਦਸਮ ਪਾਤਸ਼ਾਹ ਨੇ ਸਰਬੰਸ ਵਾਰ ਕੇ ਰਾਸ਼ਟਰ ਨੂੰ ਸੁਰੱਖਿਅਤ ਰੱਖਿਆ ਹੈ....।"

ਇਸੇ ਤਰ੍ਹਾਂ ਨਰਿੰਦਰ ਮੋਦੀ ਨੇ 'ਵੀਰ ਬਾਲ ਦਿਵਸ' ਸਮੇਂ ਬੋਲਦਿਆਂ ਜੋ ਕਿਹਾ ਉਸ ਦਾਸ ਹੂ-ਬਹੂ ਅੰਗ੍ਰੇਜ਼ੀ ਵਿੱਚ ਲਿਖ ਰਿਹਾ ਹੈ:

"The Sikh Guru Tradition is not just a tradition of faith and spirituality. It is also a source of inspiration for the idea of Ek Bharat shres thaa. When he (Guru Gobind Singh) was a child a great sacrifice was needed to protect the nation. He told his father- There was no personality greater than you, so you make this sacrifice. When he became a father, he did not hesitate to sacrifice his sons for the cause of the nation with the samw promptnss. When his sons were sacrified he looked at his people and said "cwr mUey qo ikAw hUAw jIvq kel hzwr" that is, so what if my four sons have died? Several thousand of my country men are my sons."

"ਭਾਵ ਗੁਰੂ ਗੋਬਿੰਦ ਸਿੰਘ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਿਹਾ ਰਾਸ਼ਟਰ ਧਰਮ ਦੀ ਰੱਖਿਆ ਲਈ ਬਲੀਦਾਨ ਦੇਣ ਲਈ ਤੁਹਾਡੇ ਤੋਂ ਵੱਡਾ ਹੋਰ ਕੌਣ ਹੋ ਸਕਦਾ ਹੈ, ਤੁਸੀਂ ਧਰਮ ਰਾਸ਼ਟਰ ਲਈ ਬਲੀਦਾਨ ਦੇਵੋ, ਇਸੇ ਤਰ੍ਹਾਂ ਉਹਨਾਂ ਨੇ ਰਾਸ਼ਟਰ ਧਰਮ ਦੀ ਰੱਖਿਆ ਲਈ ਆਪਣੇ ਬੇਟਿਆਂ ਦਾ ਬਲੀਦਾਨ ਦੇ ਕੇ ਆਖਿਆ ਕਿ ਮੇਰੇ ਚਾਰ ਬੇਟੇ ਮਰ ਗਏ ਤਾਂ ਕੀ ਹੋਇਆ, ਸਾਰੇ ਦੇਸ਼ ਵਾਸੀ ਮੇਰੇ ਬੇਟੇ ਹਨ।"

(ਨੋਟ- ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨਾਦੀ ਸੰਤਾਨ ਖ਼ਾਲਸੇ ਵੱਲ ਇਸ਼ਾਰਾ ਕਰਕੇ ਕਿਹਾ ਸੀ 'ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ'। ਓਦੋਂ ਅਜੋਕੇ ਭਾਰਤ ਦੇਸ਼ ਦਾ ਕੋਈ ਵਜੂਦ ਹੀ ਨਹੀਂ ਸੀ)

"ਆਸ ਕਰਦਾ ਹਾਂ ਕਿ ਪਾਠਕਜਨ ਸਮਝ ਗਏ ਹੋਣਗੇ ਕਿ ਇਹ ਲੇਖ ਗੁਰੂ ਨਾਨਕ ਸਾਹਿਬ ਤੇ ਉਹਨਾਂ ਦੇ ਨੌਂ ਸਰੂਪਾਂ ਨੇ ਆਪਣੇ ਜਿਗਰ ਦਾ ਖ਼ੂਨ ਪਾ ਕੇ ਹਲੇਮੀ ਰਾਜ (ਖ਼ਾਲਸਾ ਰਾਜ) ਦੀ ਸਥਾਪਤੀ ਲਈ 'ਰਬਾਬ ਤੋਂ ਨਗਾਰੇ' ਤਕ ਦਾ ਧਰਮ ਯੁੱਧ ਲੜਿਆ, ਨਾ ਕਿ ਕਿਸੇ ਵਿਸ਼ੇਸ਼ ਰਾਸ਼ਟਰ ਲਈ। ਇਹ ਕਿਉਂ ਲਿਖਣਾ ਪਿਆ? ਗੁਰੂ ਨਾਨਕ ਦਰਸ਼ਨ ਦਾ ਪਾਸਾਰ ਭਗਤੀ ਤੇ ਸ਼ਕਤੀ ਦਾ ਸੁਮੇਲ 'ਮੀਰੀ-ਪੀਰੀ' ਤੇ 'ਰਬਾਬ ਤੋਂ ਨਗਾਰੇ' ਤਕ ਮੌਜੂਦ ਹੈ। ਗੁਰੂ ਨਾਨਕ ਸਾਹਿਬ ਦੇ ਦਰਸ਼ਨ ਦੀ ਸਿਖ਼ਰ 1699 ਈ: ਦੀ ਵੈਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਨਾਲ਼ ਪ੍ਰਗਟ ਹੋਈ। ਜਿਸ ਦਾ ਵਿਰੋਧ ਸਵਰਨ-ਜਾਤੀ ਹਿੰਦੂ ਪਹਾੜੀ ਰਾਜਿਆਂ ਦੇ ਰੂਪ ਵਿੱਚ ਬ੍ਰਾਹਮਣਵਾਦ ਵੱਲੋਂ ਕੀਤਾ ਗਿਆ, ਜੋ ਨਿਰੰਤਰ ਹੁਣ ਤਕ ਜਾਰੀ ਹੈ। ਹਿੰਦੂਵਾਦੀ ਤਾਕਤਾਂ ਨੇ 'ਆਦਿ ਧਰਮ' ਨੂੰ 'ਸਨਾਤਨ ਧਰਮ' ਦਾ ਨਾਂ ਦੇ ਕੇ ਬ੍ਰਾਹਮਣਵਾਦ ਦਾ ਨਵੀਨੀਕਰਨ ਕੀਤਾ ਹੈ। ਹਿੰਦੂਵਾਦ ਭਾਰਤੀ ਰਾਸ਼ਟਰਵਾਦ ਦੀ ਚਾਲਕ ਸ਼ਕਤੀ ਹੈ, ਜਿਸ ਦਾ ਆਧਾਰ ਬ੍ਰਾਹਮਣਵਾਦ ਹੈ।"

(ਹਵਾਲਾ ਪੁਸਤਕ : 'ਬ੍ਰਾਹਮਣਵਾਦ ਅਤੇ ਹਿੰਦੂਵਾਦ : ਵਰਣ, ਜਾਤ, ਧਰਮ ਅਤੇ ਰਾਸ਼ਟਰਵਾਦ' ਲੇਖਕ ਗੁਰਮੀਤ ਸਿੰਘ ਸਿੱਧੂ)

ਇਸ ਕਰਕੇ ਹੀ ਹਿੰਦੂ ਰਾਸ਼ਟਰਵਾਦ ਦਾ ਪੈਰੋਕਾਰ ਬਾਗੇਸ਼ਵਰ ਧਾਮ ਦਾ ਬਾਬਾ ਧੀਰੇਂਦਰ ਸ਼ਾਸਤਰੀ ਵੀ ਬੜੇ ਜੋਸ਼ ਵਿੱਚ ਆ ਕੇ ਕਹਿੰਦਾ ਹੈ: "ਅਸੀਂ ਨੌਵੇਂ ਗੁਰੂ ਤੇਗ ਬਹਾਦਰ ਜੀ ਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਗਾਉਂਦੇ ਹਾਂ, ਇਹ ਸਾਡੇ ਸਨਾਤਨ ਧਰਮ ਦੇ ਆਦਰਸ਼ ਹਨ। ਹੁਣ ਤਾਂ ਬਾਬਾ ਹਰਨਾਮ ਸਿੰਘ ਧੁੰਮਾ ਦੀ ਹਾਜ਼ਰੀ ਵਿੱਚ ਬਾਗੇਸ਼ਵਰ ਧਾਮ ਦੇ ਸਾਧ ਨੇ ਇੱਥੋਂ ਤੱਕ ਕਹਿ ਦਿੱਤਾ ਕਿ 'ਹੁਣ ਤਾਂ ਤਨਾਤਨੀ ਵਾਲ਼ੇ ਵੀ ਸਨਾਤਨੀ ਹੋ ਗਏ ਹਨ....।" ਪਰ ਹੈਰਾਨੀ ਤੇ ਅਫ਼ਸੋਸ ਨਾਲ਼ ਸਾਨੂੰ ਲਿਖਣਾ ਪੈ ਰਿਹਾ ਹੈ ਕਿ ਇਸ ਗੱਲ ਦਾ ਬਾਬਾ ਧੁੰਮਾ ਨੇ ਕੋਈ ਪ੍ਰਤੀਕਰਮ ਨਹੀਂ ਦਿੱਤਾ।

ਹਿੰਦੂ ਰਾਸ਼ਟਰਵਾਦ ਦੇ ਪੈਰੋਕਾਰ ਬਾਬੇ ਨੂੰ ਇਹ ਨਹੀਂ ਪਤਾ ਕਿ "ਗੁਰੂ ਤੇਗ ਬਹਾਦਰ ਸਾਹਿਬ ਸਿੱਖ ਕੌਮ ਦੇ ਨੌਵੇਂ ਬਾਦਸ਼ਾਹ ਅਤੇ ਪਾਤਸ਼ਾਹ ਸਨ।" (ਹਵਾਲਾ, ਮਹਾਨ ਕੋਸ਼ : ਭਾਈ ਕਾਨ੍ਹ ਸਿੰਘ ਨਾਭਾ)

"ਗੁਰੂ ਤੇਗ ਬਹਾਦਰ ਸਾਹਿਬ ਦਾ ਸਮਾਂ 1664 ਈ: ਤੋਂ ਲੈ ਕੇ 1675 ਈ: ਤਕ ਦਾ ਹੈ। ਆਪ ਜੀ ਦੇ ਸਮੇਂ ਤਕ ਸਿੱਖ ਧਰਮ ਆਪਣਾ ਅੱਠ ਪੀੜ੍ਹੀਆਂ ਦਾ ਵਿਕਾਸ ਤਹਿ ਕਰ ਚੁੱਕਿਆ ਸੀ। ਹਲੇਮੀ ਰਾਜ ਦੀ ਪਿੱਠ ਭੂਮੀ ਦੇ ਤੌਰ 'ਤੇ ਸਿੱਖ ਕੌਮ (ਸਿੱਖ ਪੰਥ) ਦੇ ਪਾਸ ਆਪਣਾ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ), ਆਪਣਾ ਕੇਂਦਰੀ ਧਾਰਮਿਕ ਅਸਥਾਨ (ਸ੍ਰੀ ਦਰਬਾਰ ਸਾਹਿਬ) ਅਤੇ ਸਿੱਖ ਪੰਥ ਦੇ ਆਤਮ ਨਿਰਣੇ ਦਾ ਪ੍ਰਤੀਕ (ਸ੍ਰੀ ਅਕਾਲ ਤਖ਼ਤ ਸਾਹਿਬ) ਪ੍ਰਮੁੱਖ ਸੰਸਥਾਵਾਂ ਸਥਾਪਤ ਹੋ ਚੁੱਕੀਆਂ ਸਨ।"

(ਹਵਾਲਾ: ਪੰਜਾਬ ਦਾ ਇਤਿਹਾਸ ਜਿਲਦ ਪੰਜਵੀਂ, ਗੁਰੂ ਕਾਲ 1469 ਤੋਂ 1708 ਤਕ ਲੇਖਕ ਡਾ. ਗੁਰਦਿਆਲ ਸਿੰਘ)

ਗੁਰੂ ਗੋਬਿੰਦ ਸਿੰਘ ਜੀ ਦਾ ਵੀ ਸਨਾਤਨ ਧਰਮ ਨਾਲ਼ ਕੋਈ ਸਰੋਕਾਰ ਨਹੀਂ ਸੀ। ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਹਲੇਮੀ ਰਾਜ ਦੇ ਮਿਸ਼ਨ ਨੂੰ ਸੰਪੂਰਨਤਾ ਦੇਣ ਲਈ 1699 ਈ: ਦੀ ਵੈਸਾਖੀ ਨੂੰ 'ਸੀਸ ਭੇਟ ਕੌਤਕ' ਵਰਤਾ ਕੇ ਖ਼ਾਲਸਾ ਪ੍ਰਗਟ ਕੀਤਾ ਅਤੇ ਵਿਸ਼ਵ ਦੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਇਸ ਅਲੌਕਿਕ ਘਟਨਾ ਨਾਲ ਅਨੰਦਪੁਰ ਸਾਹਿਬ ਵਿੱਚ ਖ਼ਾਲਸਾਈ ਗਣਤੰਤਰ ਸਥਾਪਤ ਹੋ ਗਿਆ ਸੀ, ਜਿਸ ਨੂੰ ਸਨਾਤਨੀ ਹਿੰਦੂ ਪਹਾੜੀ ਰਾਜੇ ਸਹਿਣ ਨਹੀਂ ਸੀ ਕਰ ਸਕੇ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ਼ ਕਈ ਲੜਾਈਆਂ ਲੜੀਆਂ, ਪਰ ਹਰ ਵਾਰੀ ਸਨਾਤਨੀ ਹਿੰਦੂ ਰਾਜਿਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਵਿਚਾਰਨਯੋਗ ਤੱਥ ਇਹ ਹੈ ਕਿ ਹਿੰਦੂ ਰਾਸ਼ਟਰ ਦਾ ਪੈਰੋਕਾਰ ਬਾਬਾ ਧੀਰੇਂਦਰ ਸ਼ਾਸਤਰੀ ਕਿਸ ਅਧਾਰ 'ਤੇ ਆਖ ਰਿਹਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਸਨਤਾਨ ਧਰਮ ਦੇ ਆਦਰਸ਼ ਸਨ। ਧੀਰੇਂਦਰ ਸ਼ਾਸਤਰੀ ਨੂੰ ਆਪਣੇ ਬੋਲੇ ਹੋਏ ਝੂਠ 'ਤੇ ਸ਼ਰਮ ਆਉਣੀ ਚਾਹੀਦੀ ਹੈ ਕਿਉਂਕਿ ਅੱਜ ਨਹੀਂ ਤਾਂ ਕੱਲ੍ਹ ਗੁਰੂ ਸਾਹਬਾਨ ਬਾਰੇ ਕੀਤੇ ਝੂਠੇ ਪ੍ਰਾਪੇਗੰਡੇ ਦਾ ਪਰਦਾਫਾਸ਼ ਹੋ ਕੇ ਰਹਿਣਾ ਹੈ, ਕਿਉਂਕਿ ਝੂਠੇ ਪ੍ਰਾਪੇਗੰਡੇ ਦੀਆਂ ਬਾਹਵਾਂ ਬਹੁਤ ਹੁੰਦੀਆਂ ਹਨ ਪਰ ਪੈਰ ਨਹੀਂ ਹੁੰਦੇ।

"ਜਗਤ ਗੁਰੂ, ਗੁਰੂ ਨਾਨਕ ਸਾਹਿਬ ਨੂੰ ਇੱਕ ਨਵੇਂ ਮਨੁੱਖ (ਗੁਰਮੁੱਖ) ਇੱਕ ਨਵੇਂ ਜਾਤ-ਪਾਤ ਰਹਿਤ ਸਮਾਜ (ਪੰਥ) ਤੇ ਇੱਕ ਨਵੇਂ ਰਾਸ਼ਟਰ (ਖ਼ਾਲਸਾ ਤੰਤ੍ਰ) ਦਾ ਤਸੱਵਰ ਪੇਸ਼ ਕੀਤਾ। ਇਸ ਨਵੇਂ ਰਾਸ਼ਟਰ ਨੂੰ ਗੁਰੂ ਅਰਜਨ ਪਾਤਸ਼ਾਹ ਨੇ 'ਹਲੇਮੀ ਰਾਜ' ਦਾ ਨਾਂ ਦਿੱਤਾ ਹੈ ਤੇ ਆਪਣੇ ਇਸ ਹਲੇਮੀ ਰਾਜ ਦਾ ਇਲਾਹੀ ਮੈਨੀਫੈਸਟੋ ਇਹਨਾਂ ਸ਼ਬਦਾਂ ਵਿੱਚ ਪ੍ਰਸਤੁਤ ਕੀਤਾ ਹੈ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥

(ਗੁਰੂ ਗ੍ਰੰਥ ਸਾਹਿਬ, ਅੰਗ 74)

ਭਾਵ ਰਾਜਨੀਤੀ ਉਹੋ ਹੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੋ ਸਕਦੀ ਹੈ, ਜਿਹੜੀ ਮਨੁੱਖ ਦੇ ਖੇੜੇ-ਖ਼ੁਸ਼ੀਆਂ ਦੇ ਹੱਕ ਨੂੰ ਨਿਰਸੰਕੋਚ ਤਸਲੀਮ ਕਰੇ ਅਤੇ ਹਰ ਮਨੁੱਖ ਦੇ ਆਪਣੀ ਜ਼ਮੀਰ ਅਨੁਸਾਰ ਜਿਉਣ ਦੇ ਹੱਕ ਨੂੰ ਸਪਸ਼ਟ ਮੰਨੇ। ਹਰ ਮਨੁੱਖ ਦੇ ਸਵੈਮਾਣ ਅਤੇ ਅਣਖ਼ ਨਾਲ਼ ਜਿਉਣ ਦੇ ਹੱਕਾਂ ਦੀ ਰਾਖੀ ਕਰਨਾ ਰਾਜਨੀਤੀ ਦਾ ਪਹਿਲਾ ਫ਼ਰਜ਼ ਹੈ। ਸੰਸਾਰ ਦੀਆਂ ਬਾਦਸ਼ਾਹੀਆਂ ਸੱਚਾ ਪਾਤਸ਼ਾਹ ਆਪ ਸਿਰਜਦਾ ਹੈ। ਅਤੇ ਇਹਨਾਂ ਨੂੰ ਕੇਵਲ ਓਦੋਂ ਤਕ ਕਾਇਮ ਰੱਖਦਾ ਹੈ ਜਦੋਂ ਤਕ ਉਹ ਆਪਣੀ ਸ਼ਕਤੀ ਨੂੰ ਉਸ ਦੇ ਆਸ਼ੇ ਅਨੁਸਾਰ ਵਰਤਦੀਆਂ ਹਨ। ਜੇ ਉਹ ਅਨਿਆਕਾਰੀ ਜਾਂ ਫ਼ਿਕਰਦਾਰਾਨਾ ਹੋ ਜਾਣ ਤਾਂ ਸਿਰਜਣ ਵਾਲ਼ਾ ਉਹਨਾਂ ਨੂੰ ਬਲ਼ਹੀਣ ਕਰ ਕੇ

ਬਾਕੀ ਹਿਸਾ 26 ਸਫ਼ੇ ਤੇ ਪੜ੍ਹੋ

### 25 ਸਫ਼ੇ ਦੀ ਬਾਕੀ

ਰਾਜ ਕਰਨ ਦੇ ਅਧਿਕਾਰ ਤੋਂ ਵਾਂਝਾ ਕਰ ਦਿੰਦਾ ਹੈ:

ਜਿਸ ਨੋ ਆਪਿ ਖੁਆਏ ਕਰਤਾ
ਖੁਸਿ ਲਏ ਚੰਗਿਆਈ ॥

(ਗੁਰੂ ਗ੍ਰੰਥ ਸਾਹਿਬ, ਅੰਗ 417)

ਜਦੋਂ ਐਸੀਆਂ ਅਲਾਮਤਾਂ ਪ੍ਰਗਟ ਹੋ ਜਾਣ ਤਾਂ ਹਰ ਧਰਮੀ ਮਨੁੱਖ, ਪ੍ਰਮਾਤਮਾ ਦਾ ਭੈਅ ਰੱਖਣ ਵਾਲ਼ੇ ਇਨਸਾਨ ਦਾ ਫ਼ਰਜ਼ ਬਣਦਾ ਹੈ ਕਿ ਉਹ ਅਜਿਹੀ ਰਾਜਸੀ ਸ਼ਕਤੀ (ਬਾਦਸ਼ਾਹਤ) ਦਾ ਤਖ਼ਤਾ ਉਲ਼ਟਾਉਣ ਲਈ ਟਿਲ ਲਾ ਦੇਵੇ ਜੋ ਪ੍ਰਮਾਤਮਾ ਦੇ ਰਾਹ ਨੂੰ ਵਿਸਾਰ ਚੁੱਕੀ ਹੈ ਤੇ ਫ਼ਲਸਰੂਪ ਰਾਜ ਕਰਨ ਦਾ ਅਧਿਕਾਰ ਗੁਆ ਚੁੱਕੀ ਹੈ।"

(ਹਵਾਲਾ ਪੁਸਤਕ 'ਸਿੰਘ ਨਾਦ' ਲੇਖਕ ਸ: ਗੁਰਤੇਜ ਸਿੰਘ)

"ਗੁਰੂ ਨਾਨਕ ਸਾਹਿਬ ਨੇ ਇੱਕ ਅਜਿਹਾ ਪ੍ਰਤੀਕਰਮ ਪੈਦਾ ਕੀਤਾ, ਜਿਸ ਨੂੰ ਬਾਕੀ ਦੇ ਨੌਂ ਗੁਰੂਆਂ ਅਤੇ ਸਿੱਖ ਪੰਥ ਨੇ ਨਿਪੁੰਨ ਬਣਾ ਕੇ ਅਮਲ ਵਿੱਚ ਲਿਆਂਦਾ। ਇਸ ਵਿੱਚ ਉਹ ਸਾਰੇ ਬੁਨਿਆਦੀ ਵਿਚਾਰ ਸਨ, ਜਿਹੜੇ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਵਿੱਚ ਉਪਜੇ ਸਨ। ਵਿਦੇਸ਼ੀ ਹਮਲੇ ਦਾ (ਬਾਬਰ ਦੇ ਹਮਲੇ ਦਾ) ਜੋ ਪਹਿਲਾ ਤੇ ਕੁਦਰਤੀ ਪ੍ਰਤੀਕਰਮ ਸੀ, ਉਸ ਦਾ ਮੁਕਾਬਲਾ 'ਬਾਬਰ ਤੂੰ ਜਾਬਰ ਹੈਂ' ਆਖ ਕੇ ਡਟਵਾਂ ਮੁਕਾਬਲਾ ਕਰਨ ਦਾ ਐਲਾਨ ਕੀਤਾ। (ਰਾਜੇ ਸੀਹ ਮੁਕਦਮ ਕੁਤੇ) ਇਹ ਗੱਲ ਹਿੰਦੂਆਂ ਵਿੱਚੋਂ ਬਿਲਕੁਲ ਖ਼ਤਮ ਹੋ ਚੁੱਕੀ ਸੀ। 'ਬਾਬਰ ਬਾਣੀ' ਵਿੱਚ ਗੁਰੂ ਨਾਨਕ ਸਾਹਿਬ ਨੇ ਘੱਟ ਤੋਂ ਘੱਟ ਸ਼ਬਦਾਂ ਵਿੱਚ ਨਵੇਂ ਖ਼ਿਆਲ ਪੇਸ਼ ਕੀਤੇ, ਜਿਹੜੇ ਕਿ ਕਿਸੇ ਵੀ ਸਥਿਤੀ ਪ੍ਰਤੀ ਮਨੁੱਖ ਦੇ ਪ੍ਰਤੀਕਰਮ ਦੀ ਬੁਨਿਆਦ ਹੋਣੇ ਚਾਹੀਦੇ ਹਨ। ਪਹਿਲਾ ਵਿਚਾਰ ਇਹ ਹੈ ਕਿ ਜਿੰਨਾ ਚਿਰ ਤਕ ਬੁਰਿਆਈ ਦਾ ਟਾਕਰਾ ਨਾ ਕੀਤਾ ਜਾਵੇ ਉਹ ਵੱਧਦੀ ਹੀ ਜਾਂਦੀ ਹੈ ਤੇ ਆਪਣੇ ਆਪ ਵਿੱਚ ਖ਼ਤਮ ਨਹੀਂ ਹੁੰਦੀ। ਇਸ ਲਈ ਬੁਰਿਆਈ ਦਾ ਮਨੁੱਖੀ ਯਤਨਾਂ ਨਾ਼ਲ ਮੁਕਾਬਲਾ ਕਰਨਾ ਚਾਹੀਦਾ ਹੈ ਅਤੇ ਪ੍ਰਮਾਤਮਾ ਦੀ ਸਹਾਇਤਾ ਨਾ਼ਲ ਉਸ ਦਾ ਵਿਨਾਸ਼ ਕਰ ਦੇਣਾ ਚਾਹੀਦਾ ਹੈ, ਪਰ ਜਿੰਨਾ ਚਿਰ ਸਰਬ-ਸ਼ਕਤੀਮਾਨ ਪ੍ਰਮਾਤਮਾ ਆਪ ਨਦਰ ਕਰ ਕੇ ਉਸ ਦਾ ਵਿਨਾਸ਼ ਨਹੀਂ ਕਰਦਾ, ਓਨਾ ਚਿਰ ਬੁਰਿਆਈ ਨੂੰ ਇਕੱਲਿਆਂ ਨਹੀਂ ਰਹਿਣ ਦੇਣਾ ਚਾਹੀਦਾ ਅਤੇ ਸਿਰ ਤਲ਼ੀ 'ਤੇ ਰੱਖ ਕੇ ਉਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ।"

(ਹਵਾਲਾ ਪੁਸਤਕ 'ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ', ਲੇਖਕ ਸਿਰਦਾਰ ਕਪੂਰ ਸਿੰਘ)

ਅੰਤ ਵਿੱਚ ਇਹਨਾਂ ਸ਼ਬਦਾਂ ਨਾ਼ਲ ਸਮਾਪਤੀ ਕਰਦਾ ਹਾਂ, ਦੇਸ਼ ਸਮੁੱਚੀ ਧਰਤੀ ਦੇ ਇੱਕ ਟੁਕੜੇ ਨੂੰ ਕਹਿੰਦੇ ਹਨ। ਜਿਸ ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ 35ਵੀਂ ਪਉੜੀ ਵਿੱਚ 'ਬੇਅੰਤ ਧਰਤੀਆਂ' ਤੇ 'ਅੰਤ ਨਾ ਅੰਤ' ਦਾ ਜ਼ਿਕਰ ਕੀਤਾ ਹੋਵੇ, ਉਸ ਗੁਰੂ ਨਾਨਕ ਸਾਹਿਬ ਤੇ ਉਸ ਦੇ ਬਾਕੀ ਨੌਂ ਸਰੂਪਾਂ ਨੂੰ ਕਿਸੇ ਇੱਕ ਦੇਸ਼ ਦੀਆਂ ਹੱਦਾਂ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ :

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥**
**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥**
**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥**
**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥**
**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥**
**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**
**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥**
**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥**

(ਗੁਰੂ ਗ੍ਰੰਥ ਸਾਹਿਬ, ਅੰਗ 7)

ਉਕਤ ਹਵਾਲਿਆਂ ਨਾ਼ਲ ਅਸੀਂ ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ, ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਿੱਖ ਗੁਰੂ ਸਾਹਿਬਾਨ ਬਾਰੇ ਕੀਤੀਆਂ ਟਿੱਪਣੀਆਂ ਨੂੰ ਮੁੱਢੋਂ ਰੱਦ ਕਰਦੇ ਹਾਂ। ਗੁਰੂ ਨਾਨਕ ਸਾਹਿਬ ਦਾ ਸਿਰਜਿਆ ਮਨੁੱਖ 'ਗੁਰਮੁਖ' ਵਿਸ਼ਵ ਵਿਆਪੀ ਨਾਗਰਿਕਤਾ ਹੈ, ਸਿੱਖ ਧਰਮ ਦੇ ਅਕਾਲ ਹੁਕਮ ਸਰਬ ਸਾਂਝੀਵਾਲਤਾ ਦਾ ਇਹ ਗੁਰਮੁਖ ਹੀ ਵਿਸ਼ਵੀਕਰਨ ਦੀ ਕਲਪਨਾ ਵਿਚਲਾ ਉਹ ਧਰਮੀ ਨਾਗਰਿਕ ਹੈ ਜੋ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥' (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 97) ਵਾ਼ਲੀ ਅਨੇਕਤਾ ਵਿੱਚ ਏਕਤਾ ਦੇ ਸੱਭਿਆਚਾਰ ਅਤੇ ਸਰਬ ਕਲਿਆਣਕਾਰੀ ਆਰਥਿਕਤਾ ਦੀ ਸਰਬ ਵਿਸ਼ਵੀਕਰਨ ਵਾ਼ਲੀ ਸੰਸਾਰੀ ਨਾਗਰਿਕਤਾ ਦਾ ਮੁੱਢ ਹੈ।

"ਸਿੱਖੀ ਦੀ ਵਚਨਬੱਧਤਾ ਕੇਵਲ ਇੱਕ ਖਿੱਤੇ ਤਕ ਸੀਮਿਤ ਨਹੀਂ, ਇਹ ਕੁੱਲ ਜਗਤ ਲਈ ਹੈ। ਏਨੀ ਵੱਡੀ ਵਚਨਬੱਧਤਾ ਅਤੇ ਸਿਰਜਨਾਤਮਕ ਜ਼ਿੰਮੇਵਾਰੀ ਗੁਰੂ ਸਾਹਿਬਾਨ ਨੇ ਸਿੱਖ ਪੰਥ ਨੂੰ ਦਿੱਤੀ ਹੈ।"

(ਪੁਸਤਕ 'ਸਿੱਖ ਦ੍ਰਿਸ਼ਟੀ ਦਾ ਗੌਰਵ' ਸੰਪਾਦਕ ਅਜਮੇਰ ਸਿੰਘ, ਲੇਖਕ ਗੁਰਭਗਤ ਸਿੰਘ) ।

14 ਮਾਰਚ 2026 ਨੂੰ ਅਮਿਤ ਸ਼ਾਹ ਨੇ ਭਾਜਪਾ ਦਾ ਫ਼ਿਰਕੂ ਚਿਹਰਾ ਨੰਗਾ ਕਰਦਿਆਂ ਹੋਇਆਂ ਪੰਜਾਬ ਵਿੱਚ ਕੀਤੀ ਰੈਲੀ ਨੂੰ ਸੰਬੋਧਨ ਕਰਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਹੀ ਇੱਥੋਂ ਕੀਤੀ ਕਿ 'ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ..।' ਇਸ ਤੋਂ ਪਹਿਲਾਂ ਨਰਿੰਦਰ ਮੋਦੀ ਪੱਗ ਬੰਨ੍ਹ ਕੇ ਭਾਸ਼ਣ ਦੀ ਅਰੰਭਤਾ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਤੋਂ ਅਰੰਭ ਕਰਦਾ ਸੀ, ਪਰ ਅਮਿਤ ਸ਼ਾਹ ਨੇ ਪੰਜਾਬ ਵਿੱਚ ਰਹਿੰਦੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਸੁਨੇਹਾ ਦਿੱਤਾ ਹੈ 'ਅਗਰ ਇਸ ਦੇਸ਼ ਮੇਂ ਰਹਿਨਾ ਹੋਗਾ, ਵੰਦੇ ਮਾਤਰਮ ਕਹਿਨਾ ਹੋਗਾ..।'

ਅਮਿਤ ਸ਼ਾਹ ਨੇ ਹੋਰ ਬਿਆਨ ਦਿੰਦਿਆਂ ਕਿਹਾ ਕਿ "ਉਹ ਧਰਮ ਪਰਿਵਰਤਨ ਨੂੰ ਰੋਕਣਗੇ..।" ਪਰ ਜਿਹੜੀ ਭਾਜਪਾ ਸਰਕਾਰ ਹਿੰਦੂ ਰਾਸ਼ਟਰ ਬਣਾਉਣ ਲਈ ਇੱਕ-ਭਾਸ਼ਾ, ਇੱਕ-ਧਰਮ, ਇੱਕ-ਦੇਸ਼ ਦੀ ਕਨੂੰਨੀ ਪ੍ਰਕਿਰਿਆ ਅਨੁਸਾਰ ਘੱਟ ਗਿਣਤੀਆਂ ਦਾ ਧਰਮ ਪਰਿਵਰਤਨ ਕਰ ਰਹੀ ਹੈ, ਉਹ ਦੂਜਿਆਂ ਦਾ ਧਰਮ ਪਰਿਵਰਤਨ ਕਿਵੇਂ ਰੋਕੇਗੀ ?

ਅਦਿੱਤਿਆ ਨਾਥ ਯੋਗੀ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ "ਭਾਰਤੀ ਸੰਵਿਧਾਨ ਲਿਖਣ ਵਾ਼ਲੇ ਗ਼ੁਨਾਹਗਾਰ ਹਨ ਕਿਉਂਕਿ ਮਨੂੰ ਸਿਮ੍ਰਤੀ ਦਾ ਵਿਧਾਨ ਹੀ ਈਸ਼ਵਰੀ ਵਿਧਾਨ ਹੈ ... ।" ਇਹ ਪੱਥਰ 'ਤੇ ਲਕੀਰ ਹੈ ਕਿ ਪੰਜਾਬ ਦੀ ਧਰਤੀ ਉੱਤੇ 'ਵੰਦੇ ਮਾਤਰਮ' ਦਾ ਨਾਹਰਾ ਪੰਥ ਤੇ ਪੰਜਾਬ ਨੂੰ ਤਬਾਹ ਕਰਨ ਲਈ ਲਾਇਆ ਜਾ ਰਿਹਾ ਹੈ।


# ਨਸਲਵਾਦ ਖਿਲਾਫ਼ ਮਾਰਚ 'ਚ ਇੰਡਿਅਨ ਵਰਕਰਜ਼ ਐਸੋਸੀਏਸ਼ਨ ਦੀ ਵੱਡੀ ਸ਼ਮੂਲੀਅਤ




ਲੈਸਟਰ ਤੋ ਸੀਤਲ ਸਿੰਘ ਗਿੱਲ ਦੀ ਅਗਵਾਈ ਵਿਚ ਰੈਲੀ ਵਿਚ ਸ਼ਾਮਿਲ ਹੋਏ ਇੰਡੀਅਨ ਵਰਕਰਜ ਦੇ ਆਗੂ!

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਮੈਂਬਰਾਂ ਨੇ ਸੈਂਟਰਲ ਲੰਡਨ ਵਿੱਚ ਹੋਈ ਵੱਡੀ ਨਸਲਵਾਦ ਵਿਰੋਧੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮਾਰਚ ਵਿੱਚ ਲੈਸਟਰ, ਬਰਮਿੰਘਮ, ਈਸਟ ਲੰਡਨ ਅਤੇ ਵੈਸਟ ਲੰਡਨ ਸਮੇਤ ਕਈ ਸ਼ਾਖਾਵਾਂ ਦੇ ਮੈਂਬਰ Together Alliance ਦੇ ਬੈਨਰ ਹੇਠ ਸ਼ਾਮਲ ਹੋਏ ਅਤੇ ਟਰੇਡ ਯੂਨੀਅਨਾਂ, ਕਮਿਊਨਿਟੀ ਸੰਸਥਾਵਾਂ ਤੇ ਸਮਾਜਿਕ ਗਰੁੱਪਾਂ ਦੇ ਲੱਖਾਂ ਲੋਕਾਂ ਨਾਲ ਇਕੱਠੇ ਕਦਮ ਮਿਲਾਏ। ਰੈਲੀ ਵਿੱਚ ਸ਼ਾਮਲ ਲੋਕਾਂ ਨੇ ਨਸਲਵਾਦ, ਫਾਸੀਵਾਦ ਅਤੇ ਬ੍ਰਿਟੇਨ ਦੀ ਰਾਜਨੀਤੀ ਵਿੱਚ ਵਧ ਰਹੀਆਂ ਫਾਰ ਰਾਈਟ ਤਾਕਤਾਂ ਦੇ ਖਿਲਾਫ਼ ਇਕਜੁਟ ਹੋ ਕੇ ਆਵਾਜ਼ ਬੁਲੰਦ ਕੀਤੀ।ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਬਰਾਬਰੀ, ਇਨਸਾਫ਼, ਅਮਨ ਅਤੇ ਇਕਜੁਟਤਾ ਦੇ ਹੱਕ ਵਿੱਚ ਆਪਣਾ ਸਮਰਥਨ ਜਤਾਇਆ।

ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਸਲਵਾਦ ਦੇ ਖਿਲਾਫ਼ ਲੜਾਈ ਅਤੇ ਮਜ਼ਦੂਰਾਂ, ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਹੱਕਾਂ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਸੰਸਥਾ ਨੇ ਕਿਹਾ ਕਿ ਆਪਣੀ ਸਥਾਪਨਾ ਤੋਂ ਹੀ ਇਹ ਬਰਾਬਰੀ, ਮਜ਼ਦੂਰ ਹੱਕਾਂ, ਨਸਲਵਾਦ ਵਿਰੋਧ ਅਤੇ ਸਮਾਜਿਕ ਨਿਆਂ ਲਈ ਸਰਗਰਮ ਰਹੀ ਹੈ।ਸੰਸਥਾ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਇੰਡਿਅਨ ਵਰਕਰਜ਼ ਐਸੋਸੀਏਸ਼ਨ ਨਸਲਵਾਦ, ਫਾਸੀਵਾਦ ਅਤੇ ਨਫ਼ਰਤ ਦੀ ਰਾਜਨੀਤੀ ਦੇ ਖਿਲਾਫ਼ ਡਟ ਕੇ ਖੜੀ ਹੈ। ਉਨ੍ਹਾਂ ਕਿਹਾ ਕਿ ਲੈਸਟਰ, ਬਰਮਿੰਘਮ, ਅਤੇ ਹੋਰ ਸ਼ਹਿਰਾਂ ਤੋਂ ਮੈਂਬਰ ਵੱਡੀ ਗਿਣਤੀ ਵਿੱਚ ਮਾਰਚ ਵਿੱਚ ਸ਼ਾਮਲ ਹੋਏ ਤਾਂ ਜੋ ਇਹ ਸਪਸ਼ਟ ਕੀਤਾ ਜਾ ਸਕੇ ਕਿ ਕਮਿਊਨਿਟੀਆਂ ਨੂੰ ਵੰਡਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਬ੍ਰਿਟੇਨ ਦੇ ਨਿਰਮਾਣ ਵਿੱਚ ਵੱਖ-ਵੱਖ ਸੱਭਿਆਚਾਰਾਂ ਅਤੇ ਭਾਈਚਾਰਿਆਂ ਦੇ ਲੋਕਾਂ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਪ੍ਰਵਾਸੀਆਂ ਨੇ ਨੈਸ਼ਨਲ ਹੈਲਥ ਸਰਵਿਸ ਸਮੇਤ ਕਈ ਖੇਤਰਾਂ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਫਾਰ ਰਾਈਟ ਤਾਕਤਾਂ ਵੱਲੋਂ ਸਮਾਜ ਵਿੱਚ ਡਰ ਅਤੇ ਨਫ਼ਰਤ ਫੈਲਾਉਣ ਦੀ ਹਰ ਕੋਸ਼ਿਸ਼ ਦਾ ਡਟ ਕੇ ਮੁਕਾਬਲਾ ਕੀਤਾ ਜਾਵੇਗਾ।ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਕਿਹਾ ਕਿ ਮਜ਼ਦੂਰਾਂ ਅਤੇ ਕਮਿਊਨਿਟੀਆਂ ਦੀ ਇਕਜੁਟਤਾ ਹੀ ਨਫ਼ਰਤ ਅਤੇ ਵੰਡ ਦੀ ਰਾਜਨੀਤੀ ਦਾ ਸਭ ਤੋਂ ਮਜ਼ਬੂਤ ਜਵਾਬ ਹੈ। ਸੰਸਥਾ ਨੇ ਟਰੇਡ ਯੂਨੀਅਨਾਂ ਅਤੇ ਕਮਿਊਨਿਟੀ ਗਰੁੱਪਾਂ ਨੂੰ ਅਪੀਲ ਕੀਤੀ ਕਿ ਉਹ ਨਸਲਵਾਦ ਦੇ ਖਿਲਾਫ਼ ਇਕੱਠੇ ਕੰਮ ਕਰਨ ਅਤੇ ਹਰ ਵਿਅਕਤੀ ਦੇ ਹੱਕਾਂ ਅਤੇ ਇਜ਼ਤ ਦੀ ਰੱਖਿਆ ਯਕੀਨੀ ਬਣਾਉਣ।ਸੰਸਥਾ ਨੇ ਦੁਨੀਆਂ ਵਿੱਚ ਵਧ ਰਹੀਆਂ ਜੰਗਾਂ ਅਤੇ ਟਕਰਾਵਾਂ ਬਾਰੇ ਵੀ ਚਿੰਤਾ ਜਤਾਉਂਦਿਆਂ ਕਿਹਾ ਕਿ ਨਸਲਵਾਦ, ਵੰਡ ਅਤੇ ਜੰਗ ਅਕਸਰ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਅਮਨ ਅਤੇ ਇਕਜੁਟਤਾ ਲਈ ਸਾਂਝੀ ਕੋਸ਼ਿਸ਼ਾਂ ਦੀ ਲੋੜ ਹੈ।



ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਵਿਖੇ ਡਾ. ਮੁਹਿੰਦਰ ਸਿੰਘ ਰਾਏ ਵੱਲੋਂ ਅੰਗਰੇਜ਼ੀ ਭਾਸ਼ਾ ਵਿੱਚ ਲਿਖੀ ਕਿਤਾਬ 'ਮਾਹਾਂਰਾਜਾ ਰਣਜੀਤ ਸਿੰਘ ' ਲੋਕ ਅਰਪਣ ਕੀਤੀ ਗਈ। ਇਹ ਕਿਤਾਬ ਦੀ ਪਬਲੀਕੇਸ਼ਨ ਸਿੰਘ ਬਰਦਰਜ ਅੰਮ੍ਰਿਤਸਰ ਵਲੋਂ ਕੀਤੀ ਗਈ ਹੈ।ਕਿਤਾਬ ਦੇ ਲੋਕ ਅਰਪਣ ਸਮੇਂ ਹਾਜ਼ਰ ਕੁਝ ਸ਼ਖ਼ਸੀਅਤਾਂ ਦੇ ਨਾਮ ਇਸ ਤਰ੍ਹਾਂ ਹਨ। ਸਾਬਕਾ ਵਾਈਸ ਚਾਂਸਲਰ ਡਾ. ਐਸ ਪੀ ਸਿੰਘ, ਪ੍ਰੋਫੈਸਰ ਗੁਰਭਜਨ ਸਿੰਘ ਗਿੱਲ, ਡਾ. ਅਨੁਰਾਗ ਸਿੰਘ, ਪ੍ਰਿੰਸੀਪਲ ਰਜਿੰਦਰ ਕੌਰ ਮਲਹੋਤਰਾ, ਡਾ. ਮਨਦੀਪ ਕੌਰ ਰੰਧਾਵਾ, ਪ੍ਰੋਫੈਸਰ ਸ਼ਰਨਜੀਤ ਕੌਰ, ਡਾ. ਗੁਰਪ੍ਰੀਤ ਸਿੰਘ, ਸਰਦਾਰ ਹਰਚਰਨ ਸਿੰਘ ਨਰੂਲਾ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**679. ਪਤਿ ਕਿੱਦਾਂ/ਕਿਹਦੀ ਲੇਖੇ 'ਚ ਪੈਂਦੀ ਹੈ?**

ਸਦਾ-ਥਿਰ ਰਹਿਣ ਵਾ਼ਲੇ ਪਰਮਾਤਮਾ ਦੇ ਨਾਮ ਵਿਚ ਜੁੜਿਆਂ ਹੀ (ਪ੍ਰਭੂ ਦੇ ਦਰ ਤੇ) ਇੱਜ਼ਤ ਮਿਲਦੀ ਹੈ, ਤੇ ਕਰਤਾਰ ਦਾ ਨਾਮ ਉਸ ਦੀ ਮਿਹਰ ਨਾਲ ਮਿਲਦਾ ਹੈ । ਹੇ ਨਾਨਕ! ਜੇ ਪਰਮਾਤਮਾ ਦਾ ਨਾਮ ਹਿਰਦੇ ਵਿਚ ਦਿਨ ਰਾਤ ਵਸਦਾ ਰਹੇ ਤਾਂ ਪਰਮਾਤਮਾ ਦੀ ਮਿਹਰ ਨਾ਼ਲ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਂਦਾ ਹੈ । "ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥ ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥4॥1॥31॥ ਅੰਗ 358" । ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਵੋਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇਕ-ਰੂਪ ਹੋ ਜਾਵੋਗੇ, ਤਾਂ ਫਿਰ ਪ੍ਰਭੂ ਦੀ ਹਜ਼ੂਰੀ ਵਿਚ ਇੱਜ਼ਤ ਕਬੂਲ ਹੋਵੇਗੀ, ਪ੍ਰਭੂ ਦੇ ਮਹਿਲ ਵਿਚ ਥਾਂ ਪ੍ਰਾਪਤ ਕਰੋਗੇ, ਖਸਮ-ਪ੍ਰਭੂ ਨੂੰ ਚੰਗੇ ਲੱਗੋਗੇ ਤੇ ਪ੍ਰਭੂ ਨਾਲ ਰੰਗ ਰਲੀਆਂ ਮਾਣੋਗੇ । "ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ ਅੰਗ 579" । ਪ੍ਰਭੂ ਆਪ ਹੀ ਗੁਰਮੁਖ ਹੈ, ਆਪ ਹੀ (ਆਪਣੇ ਨਾਮ ਦੀ ਦਾਤਿ) ਦਿੰਦਾ ਹੈ, ਆਪ ਹੀ ਕਰ ਕਰ ਕੇ ਵੇਖਦਾ ਹੈ (ਭਾਵ ਕੀਤੇ ਦੀ ਸੰਭਾਲ ਕਰਦਾ ਹੈ) । ਹੇ ਨਾਨਕ! ਉਹ ਬੰਦੇ ਪਰਵਾਨ ਹੁੰਦੇ ਹਨ, ਜਿਨ੍ਹਾਂ ਦੀ ਇੱਜ਼ਤ ਉਹ ਲੇਖੇ 'ਚ ਪਾ ਲੈਂਦਾ ਹੈ; ਭਾਵ ਕਬੂਲ ਕਰ ਲੈਂਦਾ ਹੈ । "ਆਪੇ ਗੁਰਮੁਖਿ ਆਪੇ ਦੇਵੈ ਆਪੇ ਕਰਿ ਕਰਿ ਵੇਖੈ ॥ ਨਾਨਕ ਸੇ ਜਨ ਥਾਇ ਪਏ ਹੈ ਜਿਨ ਕੀ ਪਤਿ ਪਾਵੈ ਲੇਖੈ ॥8॥3॥ ਅੰਗ 1234" ।

**680. ਪਤਿ ਕਿੱਦਾਂ/ਕਿਹਦੀ ਲੇਖੇ 'ਚ ਨਹੀਂ ਪੈਂਦੀ?**

ਜੇ ਕੋਈ ਮਨੁੱਖ ਪੀਰ ਅਖਵਾਣ ਲੱਗ ਪਏ, ਸਾਰਾ ਸੰਸਾਰ ਆ ਕੇ ਉਸ ਦਾ ਦਰਸ਼ਨ ਕਰੇ, ਉਸ ਦੀ ਪੂਜਾ ਹੋਣ ਲੱਗ ਪਏ, ਜੇ ਉਹ ਪੁੱਗਿਆ ਹੋਇਆ (ਕਰਾਮਾਤੀ) ਸਿਧ ਗਿਣਿਆ ਜਾਣ ਲੱਗ ਪਏ, ਵੱਡੇ ਨਾਮਣੇ ਵਾਲਾ ਸਦਾਣ ਲੱਗ ਪਏ, ਪਰ ਜੇ ਉਸ ਦੀ ਇੱਜ਼ਤ ਪ੍ਰਭੂ ਦੇ ਦਰ ਤੇ ਕਬੂਲ ਨਹੀਂ ਪੈਂਦੀ ਤਾਂ (ਦੁਨੀਆ ਵਿਚ ਹੋਈ) ਉਸਦੀ ਸਾਰੀ ਪੂਜਾ ਖ਼ੁਆਰ ਹੀ ਕਰਦੀ ਹੈ । ਭਾਵ ਪ੍ਰਭੂ ਦੇ ਦਰ ਤੇ ਇੱਜ਼ਤ ਦੁਨੀਆਂ 'ਚ ਨਿਮਾਣੇ ਰਹਿ ਕੇ ਭਗਤੀ ਭਾਵ ਨਾਲ ਮਿਲਦੀ ਹੈ । "ਪੂਜ ਲਗੈ ਪੀਰ ਆਖੀਐ ਸਭੁ ਮਿਲੈ ਸੰਸਾਰੁ ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥ ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥2॥ ਅੰਗ 17" । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਅਪਣੇ ਆਪ ਨੂੰ ਜੇ ਕੋਈ ਭਲਾ ਕਹਾਵੇ, ਉਹ ਭਲਾ ਤਾਂ ਹੀ ਜਾਣਿਆ ਜਾਏਗਾ ਜੇਕਰ ਉਸਦੀ ਪਤਿ ਪ੍ਰਭੂ ਦੇ ਦਰ ਤੇ ਕਬੂਲ ਪੈਂਦੀ ਹੈ । "ਆਪਹੁ ਜੇ ਕੋ ਭਲਾ ਕਹਾਏ ॥ ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥1॥ ਅੰਗ 83" । ਜੇ ਤੇਰੀਆਂ ਫ਼ੌਜਾਂ ਲੱਖਾਂ ਦੀ ਗਿਣਤੀ ਵਿਚ ਹੋਣ, ਉਹਨਾਂ ਵਿਚ ਲੱਖਾਂ ਬੰਦੇ ਵਾਜੇ ਵਜਾਣ ਵਾਲੇ ਹੋਣ, ਲੱਖਾਂ ਨੇਜ਼ਾ-ਬਰਦਾਰ ਹੋਣ, ਲੱਖਾਂ ਹੀ ਆਦਮੀ ਉੱਠ ਕੇ ਨਿੱਤ ਤੈਨੂੰ ਸਲਾਮ ਕਰਦੇ ਹੋਣ, ਜੇ ਲੱਖਾਂ ਬੰਦਿਆਂ ਉਤੇ ਤੇਰੀ ਹਕੂਮਤ ਹੋਵੇ, ਲੱਖਾਂ ਬੰਦੇ ਉੱਠ ਕੇ ਤੈਨੂੰ ਸਲਾਮ ਕਰਦੇ ਹੋਣ, ਜੇ ਤੇਰੀ ਇਹ ਇੱਜ਼ਤ ਪਰਮਾਤਮਾ ਦੀ ਹਜ਼ੂਰੀ ਵਿਚ ਕਬੂਲ ਨ ਪਏ, ਤਾਂ ਤੇਰੇ ਸਾਰੇ ਕੰਮ ਵਿਅਰਥ ਗਏ । "ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥ ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ॥1॥ ਅੰਗ 358" । ਜੇ ਲੱਖਾਂ ਰੁਪਏ ਖੱਟੇ ਜਾਣ, ਲੱਖਾਂ ਜੋੜੇ ਜਾਣ, ਲੱਖਾਂ ਖ਼ਰਚੇ ਜਾਣ, ਲੱਖਾਂ ਹੀ ਆਉਣ, ਤੇ ਲੱਖਾਂ ਹੀ ਚਲੇ ਜਾਣ, ਪਰ ਜੇ ਪ੍ਰਭੂ ਦੀ ਨਜ਼ਰ ਵਿਚ ਇਹ ਇੱਜ਼ਤ ਪਰਵਾਨ ਨਾ ਹੋਵੇ, ਤਾਂ ਕਿੱਥੇ ਜਾਓਗੇ? "ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ॥ ਜਾਂ ਪਤਿ ਲੇਖੈ ਨਾ ਪਵੈ ਤਾਂ ਜੀਅ ਕਿਥੈ ਫਿਰਿ ਪਾਹਿ ॥2॥ ਅੰਗ 358" । ਲੱਖਾਂ ਵਾਰੀ ਸ਼ਾਸਤ੍ਰਾਂ ਦੀ ਵਿਆਖਿਆ ਕੀਤੀ ਜਾਏ, ਵਿਦਵਾਨ ਲੋਕ ਲੱਖਾਂ ਵਾਰੀ ਪੁਰਾਨ ਪੜ੍ਹਨ (ਤੇ ਦੁਨੀਆਂ ਵਿਚ ਆਪਣੀ ਵਿੱਦਿਆ ਦੇ ਕਾਰਨ ਇੱਜ਼ਤ ਹਾਸਿਲ ਕਰਨ), ਤਾਂ ਭੀ ਜੇ ਇਹ ਇੱਜ਼ਤ ਪ੍ਰਭੂ ਦੇ ਦਰ ਤੇ ਕਬੂਲ ਨ ਹੋਵੇ ਤਾਂ ਇਹ ਸਾਰੇ ਪੜ੍ਹਨੇ ਪੜ੍ਹਾਨੇ ਵਿਅਰਥ ਗਏ । "ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ॥3॥ ਅੰਗ 358" ।

**681. ਚੰਗੇ ਕੌਣ ਹਨ? ਪੂਰੇ ਕੌਣ ਹਨ?**

ਜਿਹਨਾਂ ਦੀ ਇੱਜ਼ਤ ਪ੍ਰਭੂ ਦਰਗਾਹ ਵਿਚ ਕਬੂਲ ਹੁੰਦੀ ਹੈ, ਉਹ ਵਿਰਲੇ ਹੀ ਚੰਗੇ ਹਨ ਅਤੇ ਉਹ ਹੀ ਪੂਰਨ ਪੁਰਸ਼ ਹੁੰਦੇ ਹਨ । "ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥3॥ ਅੰਗ 469" । ਅਤੇ "ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਅੰਗ 1012" ।

**682. ਆਸ਼ਿਕ (ਪ੍ਰਭੂ ਦੇ ਪ੍ਰੇਮੀ) ਕੌਣ ਹਨ?**

ਇਹ ਕਾਹਦੀ ਆਸ਼ਕੀ ਹੋਈ ਜੇ ਆਪਣੇ ਪਿਆਰੇ (ਪ੍ਰਭੂ) ਤੋਂ ਬਿਨਾ ਕਿਸੇ ਹੋਰ ਵਿਚ ਚਿੱਤ ਜੋੜ ਲਏ । ਹੇ ਨਾਨਕ! ਉਹੀ ਮਨੁੱਖ ਸੱਚਾ ਆਸ਼ਕ ਕਿਹਾ ਜਾ ਸਕਦਾ ਹੈ ਜੋ ਹਰ ਵੇਲੇ (ਆਪਣੇ ਹੀ ਪ੍ਰੀਤਮ ਦੀ ਯਾਦ ਵਿਚ) ਲੀਨ ਰਹੇ । (ਆਪਣੇ ਪਿਆਰੇ ਪ੍ਰਭੂ ਵਲੋਂ ਹੋਏ) ਕਿਸੇ ਚੰਗੇ (ਕੰਮ) ਨੂੰ ਤੱਕ ਕੇ ਆਖੇ ਕਿ ਇਹ ਚੰਗਾ ਕੰਮ ਹੈ, ਪਰ ਮਾੜੇ ਕੰਮ ਨੂੰ ਵੇਖ ਕੇ ਆਖੇ ਕਿ ਇਹ ਮਾੜਾ ਕੰਮ ਹੈ (ਭਾਵ, ਆਪਣੇ ਵਲੋਂ ਆਏ ਕਿਸੇ ਸੁਖ ਨੂੰ ਤਾਂ ਹੱਸ ਕੇ ਕਬੂਲ ਕਰੇ, ਪਰ ਦੁੱਖ ਨੂੰ ਵੇਖ ਕੇ ਘਾਬਰ ਜਾਏ) ਉਹ ਮਨੁੱਖ ਭੀ, ਹੇ ਨਾਨਕ! ਸੱਚਾ ਆਸ਼ਕ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਲੇਖੇ ਗਿਣ ਗਿਣ ਕੇ ਪਿਆਰ ਦੀ ਸਾਂਝ ਬਣਾਉਂਦਾ ਹੈ । "ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥ ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥ ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥1॥ ਅੰਗ 474" ।

ਚਲਦਾ...

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

| | | |
|---|---|---|
| 6 MONTHS ---- | £105 | ☐ |
| 1 YEAR ---- | £205 | ☐ |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................

ADDRESS...................................................................

.....................................POST CODE...........................

TEL.........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

ਗੁਰਦਆਰਾ ਰਾਮਗੜ੍ਹੀਆ ਸਭਾ ਡਰਬੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ

**ਕੰਮ** – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

**ਤਜ਼ਰਬਾ ਅਤੇ ਸ਼ਰਤਾਂ:** ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

**ਤਨਖਾਹ:** ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 24 ਅਪ੍ਰੈਲ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

**VACANCY for Tier-5 Religious Worker**

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 24th APRIL 2026***

*For further information please contact* Ranjit singh Seehra

RAMGARHIA SABHA DERBY

278 ST. THOMAS ROAD, DERBY, DE23 8SY (U.K.)

For more information please contact : Ranjit singh Seehra 07729755864
Email: ranjitseehra2@gmail.com

# ਸਿੱਖ ਦੇ ਪਹਿਰਾਵੇ ਦਾ ਅਹਿਮ ਅੰਗ ਦਸਤਾਰ

**(13 ਅਪ੍ਰੈਲ) ਦਸਤਾਰ ਦਿਵਸ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਅੱਜ ਸਿੱਖ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਦਸਤਾਰ ਧਾਰੀ ਲੋਕ ਸਮੁੱਚੇ ਵਿਸ਼ਵ ਵਿੱਚ ਫੈਲੇ ਹੋਏ ਹਨ। ਅਸਲ ਵਿੱਚ ਵਿਸ਼ਵ ਦੇ ਛੋਟੇ-ਵੱਡੇ ਧਰਮਾਂ ਵਿੱਚੋਂ ਸਿੱਖ ਧਰਮ ਸੰਸਾਰ ਦਾ ਵਿਲੱਖਣ ਅਤੇ ਵੱਖਰੀ ਪਹਿਚਾਣ ਰੱਖਣ ਵਾਲਾ ਧਰਮ ਹੈ। ਸਿੱਖ ਦੇ ਪਹਿਰਾਵੇ ਵਿੱਚ ਦਸਤਾਰ ਦਾ ਵਿਸ਼ੇਸ਼ ਸਥਾਨ ਹੈ। ਅੱਜ ਜਦੋਂ ਸਿੱਖ ਧਰਮ ਵਿਸ਼ਵ ਵਿਆਪੀ ਹੋ ਚੁੱਕਾ ਹੈ ਤਾਂ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਚੁਣੌਤੀਆਂ ਵਿੱਚੋਂ ਸਾਡੀ ਦਸਤਾਰ ਲਈ ਪੈਦਾ ਹੋ ਰਹੀਆਂ ਸਮੱਸਿਆਵਾਂ ਕਰਕੇ ਸਮੁੱਚੀ ਦੁਨੀਆਂ ਦੇ ਮੀਡੀਆ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਸਮੇਂ-ਸਮੇਂ ਖ਼ਬਰਾਂ ਛੱਪਦੀਆਂ ਰਹਿੰਦੀਆਂ ਹਨ, ਭਾਵੇਂ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਦੂਸਰੇ ਧਰਮਾਂ ਦੇ ਲੋਕ ਵੀ ਦਸਤਾਰ ਜਾਂ ਪਗੜੀ ਧਾਰਨ ਕਰਕੇ ਆਪਣੀ ਵੱਖਰੀ ਪਹਿਚਾਣ ਕਰਕੇ ਜਾਣੇ ਜਾਂਦੇ ਹਨ। ਗੁਰੂ ਕਾਲ ਵਿੱਚ ਸਾਰੇ ਗੁਰੂ ਸਾਹਿਬਾਨ ਅਤੇ ਗੁਰੂ ਨਾਨਕ ਲੇਵਾ ਸਿੱਖ ਦਸਤਾਰ ਧਾਰਨ ਕਰਦੇ ਸਨ। ਸਰਬੰਸਦਾਨੀ ਪਿਤਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵੈਸਾਖੀ ਦੇ ਪਾਵਨ ਅਵਸਰ 'ਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦੀ ਵਿਲੱਖਣ ਘਟਨਾ ਸਮੇਂ ਦਸਤਾਰ ਨੂੰ ਸਿੱਖਾਂ ਦੇ ਅਤਿ ਜ਼ਰੂਰੀ ਪਹਿਰਾਵੇ ਦਾ ਅੰਗ ਬਣਾ ਦਿੱਤਾ। ਦਸਤਾਰ ਹੀ ਹੈ, ਜਿਹੜੀ ਪੰਜਾਂ ਕਕਾਰਾਂ ਵਿੱਚੋਂ ਕੇਸਾਂ ਦੀ ਸੰਭਾਲ ਲਈ ਪਹਿਨਣ ਵਾਲੇ ਬਸਤਰਾਂ ਵਿੱਚ ਅਹਿਮ ਸਥਾਨ ਰੱਖਦੀ ਹੈ। ਇਸ ਦਸਤਾਰ ਤੋਂ ਬਿਨਾਂ ਸਿੱਖ ਦਾ ਸਰੂਪ ਕਿਆਸਿਆ ਵੀ ਨਹੀਂ ਜਾ ਸਕਦਾ।

ਸੌਣ ਸਮੇਂ ਜਾਂ ਅਰਾਮ ਕਰਨ ਸਮੇਂ ਛੋਟੀ ਦਸਤਾਰ ਸਜਾਉਣਾ ਸਿੱਖ ਲਈ ਲਾਜ਼ਮੀ ਹੈ, ਜਿਸ ਨੂੰ ਕੇਸਕੀ ਦਾ ਨਾਂਅ ਦਿੱਤਾ ਗਿਆ ਹੈ। ਆਮ ਤੌਰ 'ਤੇ ਅੰਮ੍ਰਿਤਧਾਰੀ ਸਿੱਖ ਦਸਤਾਰ ਦੇ ਹੇਠਾਂ ਕੇਸਕੀ ਸਜਾਉਂਦੇ ਹਨ। ਭਾਵੇਂ ਇਸ ਖਿੱਤੇ ਦੇ ਕੁਝ ਦੇਸ਼ਾਂ ਵਿੱਚ ਸਿਰ ਨੂੰ ਢੱਕਣ ਲਈ ਮੁੱਢ-ਕਦੀਮ ਤੋਂ ਪਗੜੀ ਦੀ ਵਰਤੋਂ ਹੁੰਦੀ ਆਈ ਹੈ। ਪਰ ਆਰੀਆ ਸੱਭਿਅਤਾ ਦੇ ਲੋਕਾਂ ਵਿੱਚ ਪਗੜੀ ਬੰਨਣ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਪੰਜਾਬ ਦੀ ਸੱਭਿਅਤਾ ਵਿੱਚ ਦਸਤਾਰ ਧਾਰਨ ਕਰਨੀ ਸਾਡੇ ਸਮਾਜ ਅਤੇ ਸੱਭਿਆਚਾਰ ਦਾ ਹਿੱਸਾ ਰਿਹਾ ਹੈ। ਹਰ ਧਰਮ ਤੇ ਜਾਤ ਦੇ ਲੋਕ ਦਸਤਾਰ ਸਜਾਉਂਦੇ ਰਹੇ ਹਨ।

ਸਾਡੀ ਪੰਜਾਬੀ ਭਾਸ਼ਾ ਦੇ ਮੁਹਾਵਰਿਆਂ, ਲੋਕ-ਅਖਾਣਾਂ ਅਤੇ ਵਿਰਾਸਤੀ ਲੋਕ ਗੀਤਾਂ, ਸ਼ੈਲੀਆਂ ਵਿੱਚ ਦਸਤਾਰ, ਪੱਗ, ਪਗੜੀ ਦੀ ਅਹਿਮੀਅਤ ਵੀ ਓਨੀ ਹੀ ਪੁਰਾਣੀ ਹੈ, ਜਿੰਨੀ ਸਾਡੀ ਭਾਸ਼ਾ ਅਤੇ ਮਾਂ-ਬੋਲੀ ਦੇ ਜਨਮ ਦੀ ਗਾਥਾ। ਜਦੋਂ ਅੰਗ੍ਰੇਜ਼ਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ਤਾਂ ਅੰਗ੍ਰੇਜ਼ੀ ਸੱਭਿਆਚਾਰ ਨੇ ਦਸਤਾਰ ਨੂੰ ਕੇਵਲ ਸਿੱਖ ਸਮਾਜ ਤੱਕ ਹੀ ਸੀਮਤ ਕਰ ਦਿੱਤਾ। ਅਸੀਂ ਅੱਜ ਵੀ ਦੇਖਦੇ ਹਾਂ ਕਿ ਹਿੰਦੂ ਸਮਾਜ ਵਿੱਚ ਖ਼ੁਸ਼ੀ ਜਾਂ ਗ਼ਮੀ ਦੇ ਸਮਾਗਮਾਂ ਵਿੱਚ ਪਗੜੀ ਬੰਨ੍ਹਣ ਦਾ ਰਿਵਾਜ਼ ਵੀ ਬਾ-ਦਸਤੂਰ ਚੱਲ ਰਿਹਾ ਹੈ। ਕਿਸੇ ਬਜ਼ੁਰਗ ਦੀ ਮੌਤ ਤੋਂ ਪਿੱਛੋਂ ਉਸ ਦੇ ਪੁੱਤਰ ਨੂੰ ਦਸਤਾਰ ਜਾਂ ਪਗੜੀ ਸਮਾਜਿਕ ਜ਼ਿੰਮੇਵਾਰੀ ਨੂੰ ਸੰਭਾਲਣ ਦੇ ਚਿੰਨ ਵਜੋਂ ਦਿੱਤੀ ਜਾਂਦੀ ਹੈ।

ਦੂਜੇ ਵੱਡੇ ਸੰਸਾਰ ਯੁੱਧ (1939 ਤੋਂ 1944) ਸਮੇਂ ਅੰਗ੍ਰੇਜ਼ਾਂ ਦੇ ਅਧੀਨ ਲੜ ਰਹੇ ਸਿੱਖ ਫੌਜੀਆਂ ਨੂੰ ਲੋਹ-ਟੋਪ ਪਾਉਣ ਦੇ ਆਦੇਸ਼ ਅੰਗ੍ਰੇਜ਼ੀ ਹਕੂਮਤ ਵੱਲੋਂ ਦਿੱਤੇ ਗਏ ਸਨ। ਵੱਡੀ ਗਿਣਤੀ ਵਿੱਚ ਜਾਨੀ ਨੁਕ-ਸਾਨ ਨੂੰ ਘੱਟ ਕਰਨ ਦੇ ਡਰ ਵਜੋਂ ਅਜਿਹਾ ਲਾਜ਼ਮੀ ਕੀਤਾ ਗਿਆ ਸੀ। ਭਾਰਤ ਵਿੱਚ ਰਾਜ ਕਰ ਰਹੀ ਬਰਤਾਨਵੀ ਸਰਕਾਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਅਸੀਂ ਏਨਾ ਜਾਨੀ ਨੁਕਸਾਨ ਹੋਣ 'ਤੇ ਸਿੱਖ ਫੌਜੀਆਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਦੇਣ ਦਾ ਬੋਝ ਨਹੀਂ ਚੁੱਕ ਸਕਦੇ। ਪਰ ਇਸ ਤੋਂ ਉਲਟ ਸਾਡੇ ਸਾਰੇ ਸਿੱਖ ਫੌਜੀ ਜਵਾਨਾਂ ਅਤੇ ਅਫ਼ਸਰਾਂ ਨੇ ਇਸ ਗੱਲ ਨੂੰ ਪ੍ਰਵਾਨ ਕਰ ਲਿਆ ਕਿ ਜਦੋਂ ਕਿਸੇ ਦਸਤਾਰ ਧਾਰੀ ਜਵਾਨ ਦੀ ਮੌਤ ਸਿਰ ਵਿੱਚ ਗੋਲੀ ਲੱਗਣ ਨਾਲ ਹੋਵੇਗੀ ਤਾਂ ਉਸ ਦੀ ਵਿਧਵਾ ਤੇ ਪਰਿਵਾਰਕ ਪੈਨਸ਼ਨ ਨਹੀਂ ਲਈ ਜਾਵੇਗੀ। ਸਮੁੱਚਾ ਦੂਜਾ ਵਿਸ਼ਵ ਯੁੱਧ ਬਿਨਾਂ ਲੋਹ-ਟੋਪ ਪਹਿਨਣ ਤੋਂ ਦਸਤਾਰਾਂ ਸਜਾ ਕੇ ਲੜਿਆ। ਸਿੱਖੀ ਸਿਦਕ ਲਈ ਦਸਤਾਰ ਦੀ ਅਹਿਮੀਅਤ ਤੇ ਪਹਿਚਾਣ ਦੀ ਖ਼ਾਤਰ ਜ਼ਿੰਦਗੀ ਦਾ ਬਲੀਦਾਨ ਤੇ ਸ਼ਹਾਦਤ ਦਾ ਜਾਮ ਪੀਣ ਨੂੰ ਪਹਿਲ ਦਿੱਤੀ। ਪਰਿਵਾਰਾਂ ਦੀ ਆਰਥਿਕ ਤੰਗੀ ਨੂੰ ਤਾਂ ਜਰ ਲਵਾਂਗੇ, ਪਰ ਦਸਤਾਰ



ਨੂੰ ਆਂਚ ਨਹੀਂ ਲੱਗਣ ਦੇਣੀ। ਸਾਡੇ ਸਿੱਖ ਜਵਾਨ ਇਹ ਭਲੀ ਭਾਂਤ ਇਸ ਗੱਲ ਨੂੰ ਸਮਝਦੇ ਸਨ ਕਿ ਵਿਸ਼ਵ ਭਰ ਦੇ ਦੇਸ਼ਾਂ ਵਿੱਚ ਸਾਡੀ ਪਹਿਚਾਣ ਦਸਤਾਰ ਕਰਕੇ ਹੀ ਬਣਦੀ ਹੈ।

ਡਾ: ਰਤਨ ਸਿੰਘ ਜੱਗੀ ਸਿੱਖ ਵਿਸ਼ਵ ਕੋਸ਼ ਵਿੱਚ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹੁਣ ਤੱਕ ਹੋਏ ਦੋਵਾਂ ਵਿਸ਼ਵ ਯੁੱਧਾਂ ਦੌਰਾਨ 83055 ਦਸਤਾਰ ਧਾਰੀ ਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਦੋਵਾਂ ਲੜਾਈਆਂ ਦੌਰਾਨ ਅੰਗ੍ਰੇਜ਼ੀ ਹਕੂਮਤ ਨੇ ਜੰਗ ਦੀ ਭੱਠੀ ਵਿੱਚ ਬਾਲਣ ਵਜੋਂ ਦਸਤਾਰਧਾਰੀ ਫੌਜੀਆਂ ਦੀ ਅਹੂਤੀ ਦਿੱਤੀ। ਦੋਵਾਂ ਵਿਸ਼ਵ ਯੁੱਧਾਂ ਦੌਰਾਨ 1,09,045 ਸਿੱਖ ਜਵਾਨ ਜ਼ਖ਼ਮੀ ਹੋਏ ਸਨ। ਸਾਡੇ ਪੁਰਖਿਆਂ ਦੀ ਇਹ ਗਾਥਾ ਦਸਤਾਰ ਪਹਿਨਣ ਵਾਲੇ ਸਿੱਖਾਂ ਲਈ ਮਾਣ ਵਾਲੀ ਗੱਲ ਨਹੀਂ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਿਕ ਵਰਤਮਾਨ ਸਮੇਂ ਵਿੱਚ ਖ਼ਾਲਸਾ ਸਾਜਨਾ ਦਿਵਸ ਨੂੰ ਸਿੱਖ ਦਸਤਾਰ ਦਿਵਸ ਵਜੋਂ ਮਨਾਉਣਾ ਦਸਤਾਰ ਸਿੱਖ ਦੇ ਪਹਿਰਾਵੇ ਦੇ ਅਹਿਮ ਅੰਗ ਦਾ ਸੁਨੇਹਾ ਦਿੰਦਾ ਹੈ। ਅਸੀਂ ਰੋਜ਼ਾਨਾ ਪੜ੍ਹਦੇ ਸੁਣਦੇ ਹਾਂ, ਸਾਡੇ ਪ੍ਰਵਾਸੀ ਭਾਰਤੀ ਸਿੱਖ ਵੀਰਾਂ ਨੂੰ ਅੱਜ ਵੀ ਦਸਤਾਰ ਸਿੱਖੀ ਦੇ ਵੱਕਾਰ ਦਾ ਮਸਲਾ ਬਣ ਜਾਂਦਾ ਹੈ। ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖਾਂ ਨੂੰ ਦਸਤਾਰ ਸਜਾ ਕੇ ਨੌਕਰੀ ਜਾਂ ਹੋਰ ਕਾਰੋਬਾਰ ਕਰਨ ਦੀ ਇਜਾਜ਼ਤ ਮਿਲੀ ਹੋਈ ਹੈ। ਪਰ ਦਸਤਾਰ ਲਈ ਸੰਘਰਸ਼ ਅਜੇ ਵੀ ਜਾਰੀ ਹੈ।

ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖ ਭੈਣਾਂ-ਵੀਰਾਂ ਨੂੰ ਦੋਪਹੀਆ ਸਵਾਰੀ ਨੂੰ ਚਲਾਉਣ ਸਮੇਂ ਲੋਹ-ਟੋਪ ਪਹਿਨਣ ਤੋਂ ਛੋਟ ਮਿਲੀ ਹੋਈ ਹੈ। ਪਰ ਇਸ ਚੱਲ ਰਹੇ ਸੰਘਰਸ਼ ਦੌਰਾਨ ਦਸਤਾਰ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਕੇ ਹਰ ਸਿੱਖ ਨੂੰ ਆਪਣੇ ਫਰਜ਼ਾਂ ਤੇ ਕਰਤਵਾਂ ਨੂੰ ਸਮਝਣਾ ਪਵੇਗਾ। ਸਿੱਖ ਦਸਤਾਰ ਦਿਵਸ ਸਮੇਂ ਸੁੰਦਰ ਦਸਤਾਰ-ਦੁਮਾਲਾ ਮੁਕਾਬਲੇ ਕਰਵਾ ਰਹੀਆਂ ਸੰਸਥਾਵਾਂ, ਸਭਾ, ਸੁਸਾਇਟੀਆਂ ਨੂੰ ਹੋਰ ਵਧੇਰੇ ਉਤਸ਼ਾਹ ਤੇ ਲਗਨ ਨਾਲ ਦਸਤਾਰ ਦੀ ਪਹਿਚਾਣ ਲਈ ਗਹਿਰ ਗੰਭੀਰ ਯਤਨ ਕਰਨੇ ਪੈਣਗੇ।

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।**

**07966 388 388**

# ਭਾਈ ਨਿੱਝਰ ਕਤਲ ਮਾਮਲੇ ਦੀ ਅਗਲੀ ਸੁਣਵਾਈ ਕੈਨੇਡੀਅਨ ਸੁਪਰੀਮ ਕੋਰਟ ਅੰਦਰ 7 ਅਪ੍ਰੈਲ ਤੋਂ ਹੋਵੇਗੀ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਪੰਥ ਦੀ ਆਜ਼ਾਦੀ ਦੇ ਲਈ ਚਲ ਰਹੇ ਮੌਜੂਦਾ ਸੰਘਰਸ਼ ਵਿਚ ਸ਼ਹੀਦ ਹੋਏ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਦੀ ਸੁਣਵਾਈ ਕੈਨੇਡਾ ਦੀ ਸੁਪਰੀਮ ਅਦਾਲਤ ਵਿਚ 7 ਅਪ੍ਰੈਲ ਤੋਂ ਲਗਾਤਾਰ ਕੀਤੀ ਜਾਏਗੀ। ਇਸ ਬਾਰੇ ਮਾਮਲੇ ਦੀ ਜਾਣਕਾਰੀ ਦੇਂਦਿਆ ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ ਅਤੇ ਮੈਂਬਰ ਭਾਈ ਨਰਿੰਦਰ ਸਿੰਘ ਰੰਧਾਵਾ ਨੇ ਦਸਿਆ ਕਿ ਇਸ ਮਾਰਚ ਦੇ ਮਹੀਨੇ ਦੌਰਾਨ ਵੀ ਅਦਾਲਤ ਅੰਦਰ ਲਗਾਤਾਰ ਸੁਣਵਾਈ ਕੀਤੀ ਗਈ ਸੀ 'ਤੇ ਅਪ੍ਰੈਲ ਦੇ ਮਹੀਨੇ ਵਿਚ 7 ਅਪ੍ਰੈਲ ਤੋਂ ਅਗਲੀ ਸੁਣਵਾਈ ਸ਼ੁਰੂ ਹੋਣੀ ਹੈ ਜੋ ਕਿ ਪੂਰਾ ਮਹੀਨਾ ਚਲਣ ਦੀ ਉੱਮੀਦ ਹੈ। ਉਨ੍ਹਾਂ ਦਸਿਆ ਇਸ ਮਾਮਲੇ ਵਿਚ ਵਕੀਲਾਂ ਵਲੋਂ ਸਬੂਤਾਂ ਨੂੰ ਰੋਕਣ ਦੀ ਕੋਸ਼ਿਸ਼ਾਂ ਕਰਦਿਆਂ ਅਦਾਲਤ ਅੰਦਰ ਅਪੀਲ ਲਗਾਈ ਗਈ ਹੈ ਜੋ ਕੀ ਸਿੱਖਾਂ ਨਾਲ ਵੱਡਾ ਧ੍ਰੋਹ ਹੈ ਕਿਉਂਕਿ ਕੈਨੇਡਾ ਦੇ ਸਾਬਕਾ ਪੀਐਮ ਟਰੂਡੋ ਨੇ ਕੈਨੇਡੀਅਨ ਸੰਸਦ ਵਿਚ ਵੀ ਭਾਈ ਨਿੱਝਰ ਦੇ ਕਤਲ ਵਿਚ ਭਾਰਤੀ ਕਰੰਦਿਆਂ ਦੇ ਹੱਥ ਹੋਣ ਦੇ ਪੁਖ਼ਤਾ ਸਬੂਤਾਂ ਬਾਰੇ ਕਿਹਾ ਸੀ ਤੇ ਬੀਤੇ ਦਿਨਾਂ ਵਿਚ ਵੱਖ ਵੱਖ ਅਖ਼ਬਾਰਾਂ ਨੇ ਵੀ ਇਸ ਬਾਰੇ ਭਾਰਤੀ ਰਾਜਦੂਤ ਅਤੇ ਇਕ ਮੁਲਜ਼ਮ ਦੇ ਸ਼ਕੀ ਕਿਰਦਾਰ ਬਾਰੇ ਗੱਲ ਚੁਕੀ ਸੀ ਅਤੇ ਇਸ ਦੇ ਨਾਲ ਹੀ ਕੈਨੇਡਾ ਦੀ ਏਜੰਸੀ ਦੇ ਅਫਸਰਾਂ ਨੇ ਵੀ ਪੁਖਤਾ ਸਬੂਤਾਂ ਬਾਰੇ ਗੱਲ ਕਹੀ ਹੈ। ਉਨ੍ਹਾਂ ਕਿਹਾ ਕੈਨੇਡਾ ਦੀ ਸਰਕਾਰ ਭਾਈ ਨਿੱਝਰ ਦੇ ਡੁੱਲ੍ਹੇ ਹੋਏ ਖੂਨ ਨੂੰ ਇੰਨਸਾਫ ਨਾ ਦੇਕੇ ਭਾਰਤ ਨਾਲ ਵਿਆਪਾਰ ਨੂੰ ਮਹੱਤਤਾ ਦੇ ਰਹੀ ਜੋ ਕਿ ਨਾਸਹਿਣਯੋਗ ਹੈ। ਉਨ੍ਹਾਂ ਕਿਹਾ ਕੈਨੇਡਾ ਪੁਲਿਸ ਵਲੋਂ ਸਿੱਖਾਂ ਨੂੰ ਜਾਨੀ ਨੁਕਸਾਨ ਹੋਣ ਦੇ ਖ਼ਤਰੇ ਬਾਰੇ ਵਾਰ ਵਾਰ ਆਪਣੀ ਸੁਰੱਖਿਆ ਪੁਖਤਾ ਕਰਣ ਲਈ ਚੇਤਾਵਨੀਆਂ ਜਾਰੀ ਕੀਤੀ ਜਾ ਰਹੀਆਂ ਹਨ ਜਿਸ ਨਾਲ ਸਾਬਿਤ ਹੁੰਦਾ ਹੈ ਕਿ ਭਾਰਤ ਵਲੋਂ ਕੈਨੇਡਾ ਵਿਚ ਵਿਚਰ ਰਹੇ ਆਜ਼ਾਦੀਪਸੰਦ ਸਿੱਖਾਂ ਦਾ ਨੁਕਸਾਨ ਕੀਤਾ ਜਾ ਸਕਦਾ ਹੈ। ਇਸ ਲਈ ਅਸੀਂ ਅਦਾਲਤ ਨੂੰ ਅਪੀਲ ਕਰਦੇ ਹਾਂ ਕਿ ਭਾਈ ਨਿੱਝਰ ਕਤਲ ਮਾਮਲੇ ਵਿਚ ਅਦਾਲਤ ਅੰਦਰ ਦਿੱਤੇ ਜਾ ਰਹੇ ਸਬੂਤਾਂ ਨੂੰ ਉਜਾਗਰ ਕੀਤਾ ਜਾਏ ਜਿਸ ਨਾਲ ਭਾਰਤ ਦੀ ਦਹਿਸ਼ਤਗਰਦੀ ਦਾ ਚੇਹਰਾ ਨੰਗਾ ਹੋ ਸਕੇ। ਅੰਤ ਵਿਚ ਉਨ੍ਹਾਂ ਨੇ ਕੈਨੇਡੀਅਨ ਸਿੱਖ ਪੰਜਾਬੀ ਪਰਿਵਾਰਾਂ ਨੂੰ ਭਾਈ ਨਿੱਝਰ ਦੇ ਮਾਮਲੇ ਦੀ ਸੁਣਵਾਈ ਦੌਰਾਨ ਭਾਰੀ ਗਿਣਤੀ ਅੰਦਰ ਅਦਾਲਤ ਦੇ ਅੰਦਰ ਅਤੇ ਬਾਹਰ ਹਾਜ਼ਰੀ ਭਰਣ ਦੀ ਅਪੀਲ ਕੀਤੀ।

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੂ ਬੈਠਾ ਅਮਰੁ ਸਰੂਪ ਹੋਇ

**ਕਿਸ਼ਤ–31**


'ਜੀ! ਇਹ ਤਾਂ ਠੀਕ ਹੈ ਕਿ ਕਿਸੇ ਵੀ ਭਾਖਾ ਵਿਚ ਮਲੀਣ ਨਹੀਂ ਹੁੰਦੀ ਪਰ, ਸਥਾਪਤ ਦੇਵਨਾਗਰੀ ਤਿਆਗ ਕੇ ਨਵੀਂ ਪੈੜ ਪਾਉਣ ਦੀ ਕੀਹ ਲੋੜ ਸੀ'? ਪੰਡਿਤ ਜੀ ਨੇ ਪੁੱਛਿਆ। ਪਾਤਸ਼ਾਹ ਕਹਿਣ ਲੱਗੇ,

'ਜਿਵੇਂ ਅਸੀਂ ਪਹਿਲੇ ਕਿਹਾ ਹੈ ਕਿ ਗੁਰੂ-ਬਾਬਾ ਜੀ ਆਪਣੀ ਵਿਚਾਰਧਾਰਾ ਸਭਨਾਂ ਤੱਕ ਪੁਚਾਉਣੀ ਚਾਹੁੰਦੇ ਸਨ ਪਰ, ਦੇਵਨਾਗਰੀ ਭਾਵ ਸੰਸਕ੍ਰਿਤ ਨੂੰ ਦੇਵ-ਬਾਣੀ ਕਰ ਕੇ ਮੰਨਿਆ ਜਾਂਦਾ ਹੈ ਜਿਸ ਨੂੰ ਸਮਝਣ-ਸਮਝਾਉਣ ਦਾ ਅਧਿਕਾਰੀ ਮੁਖ ਰੂਪ ਵਿਚ ਇਕ ਵਰਗ ਹੈ, ਬਾਕੀਆਂ ਵਿਚੋਂ ਕੁਝ ਨੂੰ ਤਾਂ ਸੁਨਣ-ਸਮਝਣ ਦਾ ਅਧਿਕਾਰ ਹੀ ਨਹੀਂ। ਜੇ ਕਿਸੇ ਨੂੰ ਸੁਨਣ-ਸਮਝਣ ਦਾ ਅਧਿਕਾਰ ਹੈ ਤਾਂ ਅਗੇ ਸਮਝਾਉਣ ਦਾ ਅਧਿਕਾਰ ਨਹੀਂ। ਫਿਰ ਸੰਸਕ੍ਰਿਤ ਲੋਕ-ਬੋਲੀ ਨਹੀਂ ਕੇਵਲ ਧਰਮ-ਪੁਸਤਕਾਂ ਤੱਕ ਹੀ ਸੀਮਤ ਹੈ ਜਿਸ ਕਰ ਕੇ ਇਸ ਨੂੰ ਪੜ੍ਹਣ-ਲਿਖਣ ਲਈ ਵੀ ਵਿਸ਼ੇਸ਼ ਯਤਨ ਕਰਨੇ ਪੈਂਦੇ ਹਨ। ਗੁਰੂ-ਬਾਬਾ ਜੀ ਨੇ ਇਹ ਸਭ ਵਿਚਾਰ ਕੇ ਲੋਕ-ਬੋਲੀ ਅਰ ਗੁਰਮੁਖੀ ਨੂੰ ਅਪਣਾਇਆ ਜਿਸ ਨੂੰ ਬੋਲਣ ਅਰ ਪੜ੍ਹਣ ਦੇ ਸਾਰੇ ਹੀ ਅਧਿਕਾਰੀ ਹਨ ਚਾਹੇ ਕੋਈ ਕਿਸੇ ਵਰਨ ਦਾ ਹੈ, ਰਾਜਾ ਜਾਂ ਰੰਕ ਹੈ, ਪੜ੍ਹਿਆ ਜਾਂ ਅਨਪੜ੍ਹ ਅਰ ਇਸੇ ਮਾਰਗ ਨੂੰ ਅੱਗੇ ਤੋਰਨ ਦੀ ਸਾਨੂੰ ਆਗਿਆ ਹੋਈ ਹੈ। ਬਰੋਸਾਇਂ ਲਾਖਹੁਂ ਗੁਰਬਾਣੀ।(ਗੁਰਬਾਣੀ ਤੋਂ ਲੱਖਾਂ ਲੋਕ ਲਾਭ ਲੈਂਦੇ ਹਨ)

ਊਚ ਨੀਚ ਕੈ ਏਕ ਸਮਾਨੀ।(ਉਚਾਂ ਅਤੇ ਨੀਚਾਂ ਲਈ ਜੋ ਇਕ ਸਮਾਨ ਹੈ)
ਪ੍ਰੇਮ ਠਾਨਿ ਜੋ ਪਠਹਿ ਬਿਚਾਰਹਿਂ।
(ਜੋ ਪ੍ਰੇਮ ਸਹਿਤ ਪੜ੍ਹਦੇ ਵਿਚਾਰਦੇ ਅਰ)
ਬਹੁਰ ਕਮਾਵਹਿਂ ਹੁਇ ਨਿਸਤਾਰਹਿ'।32॥
(ਕਮਾਉਂਦੇ ਹਨ, ਜੀਵਨ ਸਫ਼ਲ ਕਰਦੇ ਹਨ)

'ਪੰਡਿਤ ਜੀ! ਇਸ ਯਤਨ ਨੂੰ ਅਸੀਂ ਇਉਂ ਸਮਝ ਸਕਦੇ ਹਾਂ ਜਿਵੇਂ ਖੇਤੀ ਸਿੰਜਨ ਦੇ ਦੋ ਢੰਗ ਹੋਣ: ਪਹਿਲਾ ਖੂਹ ਨਾਲ ਦੂਜਾ ਮੀਂਹ ਨਾਲ। ਖੂਹ ਨਾਲ ਕੇਵਲ ਨੇੜਲੇ ਅਤੇ ਕੁਝ ਖੇਤਾਂ ਨੂੰ ਹੀ ਸਿੰਜਿਆ ਜਾ ਸਕਦਾ ਹੈ ਦੂਰ ਵਾਲਿਆਂ ਜਾਂ ਸਾਰਿਆਂ ਨੂੰ ਨਹੀਂ ਪਰ, ਮੀਂਹ ਨਾਲ ਦੂਰ ਨੇੜੇ, ਉੱਚੇ ਨੀਵੇਂ ਸਭ ਖੇਤਾਂ ਨੂੰ ਸਿੰਜਿਆ ਜਾ ਸਕਦਾ ਹੈ। ਇਸੇ ਤਰਹ ਦੇਵ-ਭਾਖਾ ਅਰ ਲੋਕ-ਭਾਖਾ ਦਾ ਫ਼ਰਕ ਹੈ। ਗੁਰੂ ਪਾਤਸ਼ਾਹ ਜੀ ਨੇ ਮੀਂਹ ਵਾਂਗ ਬਰਸ ਕੇ ਸਭਨਾਂ ਨੂੰ ਧਰਮ ਨਾਲ ਪ੍ਰਫੁੱਲਤ ਕਰਨਾ ਚਾਹਿਆ ਹੈ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਧਰਮ ਦਾ ਧਾਰਨੀ ਹੋਣ ਦਾ ਹਰ ਮਨੁੱਖ ਅਧਿਕਾਰੀ ਹੈ, ਏਥੇ ਵਰਨ-ਵੰਡ ਪ੍ਰਵਾਣ ਨਹੀਂ ਕੀਤੀ ਗਈ ਅਰ ਹਰ ਮਨੁੱਖ-ਮਾਤਰ ਨੂੰ ਸਮਾਨ ਜਾਣ ਕੇ ਉਸ ਨੂੰ ਸੰਗਤ ਅਤੇ ਪੰਗਤ ਵਿਚ ਬੈਠ ਕੇ ਸਤਸੰਗ ਕਰਨ ਅਰ ਭੋਜਣ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ'।

ਸ੍ਰੀ ਸਤਿਗੁਰ ਕੋ ਸਬਦ ਸੁਖਾਰੋ।
ਸਰਬ ਜਾਤਿ ਕੋ ਹੈ ਅਧਿਕਾਰੋ।
ਸਰਬ ਕਾਲ ਅਰ ਸਗਰੇ ਦੇਸ਼।



**ਗੁਰਦੁਆਰਾ ਬਾਉਲੀ ਸਾਹਿਬ, ਪਿਹੋਵਾ ਜਿਥੇ ਗੁਰੂ ਨਾਨਕ ਸਾਹਿਬ ਜੀ ਨੇ ਚਰਨ ਪਾਏ ਉਪਰੰਤ ਕੁਰਖੇਤਰ ਨੂੰ ਜਾਂਦੇ ਗੁਰੂ ਅਮਰਦਾਸ ਜੀ ਨੇ ਠਹਿਰ ਕੇ ਜਗਿਆਸੂਆਂ ਨੂੰ ਸਿੱਧੇ ਰਾਹ ਪਾਇਆ।**

ਲਘੁ ਬਿਸਾਲ ਸਭਿ ਹਤਹਿਂ ਕਲੇਸ਼॥25॥
ਧਨੀ ਨਿਰਧਨੀ ਸਭਿ ਲੇ ਪਾਇ।
ਉਠਤਿ ਬੈਠਤਿ ਹਰਿ ਗੁਨ ਗਾਇ।
ਬਿਨਾ ਸੌਚ ਕੈ ਕਰਹਿ ਸਨਾਨ।
ਕਰਹਿਂ ਭਜਨ ਪਾਵਹਿਂ ਕਲਿਆਨ।26॥
ਨੀਚ ਉਚ ਸਭਿ ਕੋ ਇਕਿ ਸਾਰ।
ਤਿਸਿ ਪਰ ਸੁਨਿ ਦ੍ਰਿਸ਼ਟਾਂਤ ਉਦਾਰ।
..27॥46॥ ਰਾਸ 1

ਕੋਲ ਬੈਠੇ ਭਾਈ ਬਲਵੰਡ ਅਰ ਸੱਤੇ ਨੂੰ ਹਜ਼ੂਰ ਨੇ ਪਾਵਣ ਸ਼ਬਦ ਗਾਇਣ ਕਰਨ ਲਈ ਕਿਹਾ।

ਜੈਸੀ ਧਰਤੀ ਊਪਰ ਮੇਘੁਲਾ ਬਰਸਤੁ ਹੈ
ਕਿਆ ਧਰਤੀ ਮਧੇ ਪਾਣੀ ਨਾਹੀ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ
ਬਿਨੁ ਪਗਾ ਵਰਸਤ ਫਿਰਾਹੀ॥1॥
ਬਾਬਾ ਤੂੰ ਐਸੇ ਭਰਮੁ ਚੁਕਾਹੀ॥
ਜੋ ਕਿਛੁ ਕਰਤੁ ਸੋਈ ਕੋਈ ਹੈ ਰੇ
ਤੈਸੇ ਜਾਇ ਸਮਾਹੀ॥1॥ ਰਹਾਉ॥
ਇਸਤਰੀ ਪੁਰਖ ਹੋਇਕੈ
ਕਿਆ ਓਇ ਕਰਮ ਕਮਾਹੀ॥
ਨਾਨਾ ਰੂਪ ਸਦਾ ਹਹਿ ਤੇਰੇ
ਤੁਝ ਹੀ ਮਾਹਿ ਸਮਾਹੀ॥2॥
ਇਤਨੇ ਜਨਮ ਭੂਲਿ ਪਰੇ ਸੇ
ਜਾ ਪਾਇਆ ਤਾ ਭੂਲੇ ਨਾਹੀ॥
ਜਾਕਾ ਕਾਰਜੁ ਸੋਈ ਪਰ ਜਾਣੈ
ਜੇ ਗੁਰ ਕੈ ਸਬਦਿ ਸਮਾਹੀ॥3॥
ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ॥
ਨਾਨਕ ਤਤੁ ਤਤ ਸਿਉ ਮਿਲਿਆ
ਪੁਨਰਪਿ ਜਨਮਿ ਨ ਆਹੀ॥4॥1॥15॥35॥
ਗੁ.ਗ੍ਰੰ.ਸਾ. ਪੰਨਾ 162

ਸਾਡੇ ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਉਪਰੋਕਤ ਸ਼ਬਦ ਇਸ ਮੌਕੇ ਉਚਾਰਣ ਕੀਤਾ।

ਇੰਨੀ ਵਿਚਾਰ ਕਰ ਕੇ ਪੰਡਿਤਾਂ ਨੂੰ ਸੋਝੀ ਹੋ ਗਈ ਕਿ ਸਾਡੀ ਚਾਲ ਅਰ ਗੁਰਮਤਿ ਚਾਲ ਵਿਚ ਅੰਤਰ ਹੈ ਜਿਸ ਕਰ ਕੇ ਲੋਕ ਇਨ੍ਹਾਂ ਵੱਲ ਹੁਮ-ਹੁਮਾ ਕੇ ਆ ਰਹੇ ਹਨ।

ਇਸ ਪ੍ਰਕਾਰ ਕੁਛ ਚਰਚਾ ਭਈ।
(ਇਸ ਤਰਹ ਕੁਝ ਵਿਚਾਰ)
ਸੁਨਿ ਕੇਤਕ ਕੀ ਦੁਰਮਤਿ ਗਈ।
(ਸੁਣ ਕੇ ਕਈਆਂ ਦੇ ਸ਼ੰਕੇ ਦੂਰ ਹੋਏ)
ਬੰਦਨ ਕਰਿ ਸੰਬਹੁਨ ਸਰਾਹੇ।(ਸਾਹਿਬ ਜੀ ਨੂੰ ਵਡਿਆਉਂਦਿਆਂ ਸਭਨਾਂ ਮੱਥਾ ਟੇਕਿਆ)
ਗਏ ਆਪਨੇ ਥਾਨਨ ਮਾਂਹੇ।33॥46॥
ਰਾਸ 1 (ਅਤੇ ਆਪਣੇ ਡੇਰੇ ਚਲੇ ਗਏ)

ਏਥੇ ਭੱਟ ਜਾਲਪ ਜੀ ਦਾ ਕਹਿਣਾ ਸਾਡੇ ਚੇਤੇ ਕਰਨ ਯੋਗ ਹੈ:

ਤੈ ਪਢਿਅਉ ਇਕੁ ਮਨਿ ਧਰਿਅਉ
ਇਕੁ ਕਰਿ ਇਕੁ ਪਛਾਣਿਓ॥
ਨਯਣਿ ਬਯਣਿ ਮੁਹਿ ਇਕੁ ਇਕੁ
ਦੁਹ ਠਾਂਇ ਨ ਜਾਣਿਓ॥
ਸੁਪਨਿ ਇਕੁ ਪਰਤਖਿ ਇਕੁ
ਇਕਸ ਮਹਿ ਲੀਣਉ॥
**ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥**
ਇਕਹੁ ਜਿ ਲਾਖੁ ਲਖਹੁ ਅਲਖੁ ਹੈ
ਇਕੁ ਇਕੁ ਕਰਿ ਵਰਨਿਅਉ॥
ਗੁਰ ਅਮਰਦਾਸ ਜਾਲਪੁ ਭਣੈ
ਤੂ ਇਕੁ ਲੋੜਹਿ ਇਕੁ ਮੰਨਿਅਉ॥3॥12॥
ਗੁ.ਗ੍ਰੰ.ਸਾ. ਪੰਨਾ 1394

ਅਗਲੇ ਦਿਨ ਸੂਰਜ ਗ੍ਰਹਿਣ ਸੀ। ਸਭਨਾਂ ਨੇ ਸੁਰਸਤੀ ਵਿਚ ਇਸ਼ਨਾਨ ਕੀਤਾ ਅਰ ਲੋੜਵੰਦਾਂ ਦੀ ਯਥਾ-ਸ਼ਕਤਿ ਸੇਵਾ ਕੀਤੀ। ਇਸ ਤੋਂ ਅਗਲੇ ਦਿਨ ਪਾਤਸ਼ਾਹ ਜੀ ਨੇ ਥਾਨੇਸਰ ਤੋਂ ਹਰਿਦੁਆਰ ਲਈ ਚਾਲੇ ਪਾਏ। ਸਮਾਂ ਪਾ ਕੇ ਜਿਥੇ ਗੁਰੂ ਪਾਤਸ਼ਾਹ ਜੀ ਠਹਿਰੇ ਸਨ, ਸ਼ਰਧਾਲੂਆਂ ਨੇ ਸੁੰਦਰ ਇਮਾਰਤ ਵਾਲਾ ਗੁਰਦੁਆਰਾ ਤਾਮੀਰ ਕੀਤਾ। ਇਥੇ ਸਤਵੇਂ ਅਤੇ ਅਠਵੇਂ ਪਾਤਸ਼ਾਹ ਜੀ ਦੇ ਆਉਣ ਦਾ ਇਤਿਹਾਸ ਮਿਲਦਾ ਹੈ। ਇਥੇ ਪਹਿਲੇ ਪਾਤਸ਼ਾਹ ਜੀ ਦਾ ਪ੍ਰਸਿੱਧ ਸਥਾਨ ਗੁਰਦੁਆਰਾ ਪਹਿਲੀ ਪਾਤਸ਼ਾਹੀ ਸਿੱਧ ਵੱਟੀ ਵੀ ਮੌਜੂਦ ਹੈ ਜਿਥੇ ਬਿਰਾਜ ਕੇ ਆਪ ਜੀ ਨੇ ਨਾਨੂੰ ਅਤੇ ਹੋਰ ਪੰਡਤਾਂ ਨਾਲ ਗਿਆਨ-ਚਰਚਾ ਕਰਦਿਆਂ 'ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ'॥ ਸ਼ਬਦ ਉਚਾਰਣ ਕੀਤੇ। ਇਥੇ ਨੇੜੇ ਹੀ ਛੇਵੀਂ ਪਾਤਸ਼ਾਹੀ ਅਰ ਨੌਂਵੀਂ ਪਾਤਸ਼ਾਹੀ ਜੀ ਦੇ ਵੀ ਯਾਦਗਾਰੀ ਪਵਿੱਤਰ ਸਥਾਨ ਹਨ।

## ਦੁਤੀਆ ਜਮੁਨ ਗਏ

ਥਾਨੇਸਰ ਤੋਂ ਚਲਦੇ-ਚਲਦੇ ਪਿਪਲੀ ਅਤੇ ਕਰਨਾਲ ਹੁੰਦੇ ਪਾਤਸ਼ਾਹ ਜੀ ਤਕਰੀਬਨ 30 ਮੀਲ ਦੀ ਦੂਰੀ 'ਤੇ ਬਿਦੌਲੀ ਦੇ ਕੋਲ ਯਮੁਨਾ ਕਿਨਾਰੇ ਪਹੁੰਚ ਕੇ ਪੜਾਅ ਕੀਤਾ ਇਥੋਂ ਬੇੜੀਆਂ ਦਾ ਪੁਲ ਪਾਰ ਕਰਨਾ ਸੀ। ਸਤਿਗੁਰੂ ਜੀ ਇਥੇ ਪੂਰਾ ਇਕ ਦਿਨ ਠਹਿਰੇ। ਨਾਲ ਚੱਲਣ ਵਾਲੀ ਸੰਗਤ ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਸੀ। ਹਜ਼ੂਰ ਪਹਿਲਾਂ ਵੀ ਰੁਕਦਿਆਂ ਹੋਇਆਂ ਚੱਲ ਰਹੇ ਸਨ ਅਰ ਹਰ ਪੜਾਅ 'ਤੇ ਦੀਵਾਨ ਸਜ ਰਹੇ ਸਨ। ਇਸੇ ਪ੍ਰਕਾਰ ਜਦੋਂ ਕਿਨਾਰੇ 'ਤੇ ਦੀਵਾਨ ਸਜਿਆ ਤਾਂ ਹੋਰ ਹੀ ਕੌਤਕ ਵਾਪਰਿਆ ਕਿ ਘਾਟ ਪਾਰ ਕਰਾਉਣ 'ਤੇ ਬੈਠੇ ਮਹਿਸੂਲੀਏ ਵੀ ਗੁਰੂ ਕੀ ਮਹਿਮਾ ਸੁਣ ਕੇ ਆਏ। ਸਤਸੰਗ ਹੁੰਦਾ ਅਤੇ ਫਿਰ ਪੰਗਤਾਂ ਵਿਚ ਸਰਬ-ਸਾਂਝਾ ਲੰਗਰ ਵਰਤਦਾ ਵੇਖ ਕੇ ਉਨ੍ਹਾਂ ਦੇ ਮਨਾਂ 'ਤੇ ਬਹੁਤ ਅਸਰ ਪਿਆ। ਪ੍ਰਭਾਵਿਤ ਹੋਏ ਸਵੇਰ ਦੇ ਦੀਵਾਨ ਵਿਚ ਸਤਿਕਾਰ-ਭੇਟਾ ਲੈ ਕੇ ਹਾਜ਼ਰ ਹੋਏ ਅਰ ਗੁਰਸਿੱਖਾਂ ਨਾਲ ਵਿਚਾਰ-ਵਟਾਂਦਰਾ ਵੀ ਹੋਇਆ। ਫਿਰ ਸ਼ਾਮ ਅਤੇ ਸਵੇਰ ਦੇ ਦੀਵਾਨਾਂ ਦੀ ਹਾਜ਼ਰੀ ਉਪਰੰਤ ਉਨ੍ਹਾਂ ਫ਼ੈਸਲਾ ਕੀਤਾ ਕਿ ਉਹ ਗੁਰੂ ਕੀਆਂ ਸੰਗਤਾਂ ਪਾਸੋਂ ਕੋਈ ਮਹਿਸੂਲ ਆਦਿ ਨਹੀਂ ਵਸੂਲਣਗੇ। ਉਨ੍ਹਾਂ ਨੇ ਆਪਣਾ ਇਹ ਫ਼ੈਸਲਾ ਗੁਰੂ ਸਾਹਿਬ ਨਾਲ ਵੀ ਸਾਂਝਾ ਕੀਤਾ ਤਾਂ ਹਜ਼ੂਰ ਨੇ ਕਿਹਾ ਕਿ ਜੇ ਤੁਸਾਂ ਕੁਝ ਲੈਣਾ ਹੈ ਤਾਂ ਸਾਨੂੰ ਦੱਸ ਦਿਉ, ਨਹੀਂ ਤਾਂ ਸਾਡੇ ਲੰਘ ਜਾਣ ਬਾਦ ਸੰਗਤ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ,

'ਜੀ! ਤੁਹਾਡੀ ਸੰਗਤ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ'। ਹਜ਼ੂਰ ਨੇ ਕਿਹਾ,

'ਭਲਾ'।

ਹੁਤੇ ਜਾਗਾਤੀ ਸੇ ਚਲਿ ਆਏ।
ਦਰਸ਼ਨ ਕਰਿ ਉਰ ਮਹਿਂ ਹਰਖਾਏ।..18॥
'ਸਤਿਗੁਰ! ਕਰੁਣਾ ਦ੍ਰਿਸ਼ਟਿ ਨਿਹਾਰਹੁ।
ਨਿਜ ਸੰਗੀ ਲੇ ਸੰਗਿ ਸਿਧਾਰਹੁ।
ਤਿਨ ਤੇ ਹਮ ਕੁਛ ਲੇਵਹਿਂ ਨਾਹੀਂ।
**ਤ੍ਰਾਸ ਆਪ ਕੋ ਧਰਿ ਉਰ ਮਾਂਹੀ'**॥19॥49॥


ਮਹਿਸੂਲੀਆਂ ਨੇ ਇਹ ਵਿਚਾਰਿਆ ਕਿ ਜੋ ਵੀ ਗੁਰੂ ਸਾਹਿਬ ਦਾ ਨਾਂ ਲਏਗਾ, ਉਸ ਨੂੰ ਰੋਕਿਆ ਨਹੀਂ ਜਾਵੇਗਾ। ਹੁਣ ਗੁਰੂ ਕੀ ਕਲਾ ਇਹ ਵਾਪਰੀ ਕਿ ਜਿੰਨੀ ਵੀ ਸੰਗਤ ਜੁੜੀ ਹੋਈ ਗੰਗਾ ਸ਼ਨਾਨ ਲਈ ਤਿਆਰ ਹੋਈ, ਸਾਰੀ ਹੀ 'ਧੰਨ ਗੁਰੂ ਅਮਰਦਾਸ!' 'ਧੰਨ ਗੁਰੂ ਅਮਰਦਾਸ!!' ਜਪਦੀ ਯਮੁਨਾ ਤੋਂ ਪਾਰ ਹੋ ਗਈ। ਇਹ ਕੌਤਕ ਸੰਗਤ ਵਿਚ ਚੱਲ ਰਹੇ ਧੰਨ (ਗੁਰੂ) ਰਾਮਦਾਸ ਜੀ ਵੀ ਵੇਖਦੇ ਵਿਸਮਾਦ ਹੋ ਰਹੇ ਸਨ ਕਿ ਬਾਦਸ਼ਾਹ ਅਕਬਰ ਦੀ ਸਰਕਾਰ ਵਿਚ ਹਿੰਦੂ ਤੀਰਥ ਯਾਤਰੀਆਂ 'ਤੇ ਜਜ਼ੀਆ ਲਾਗੂ ਹੋਣ ਦੇ ਬਾਵਜੂਦ ਗੁਰੂ! ਗੁਰੂ!! ਜਪਣ ਵਾਲਿਆਂ ਨੂੰ ਕਿਸੇ ਨੇ ਨਹੀਂ ਰੋਕਿਆ। ਆਪ ਜੀ ਨੇ ਬਾਦ ਵਿਚ ਇਸ ਸਭ ਦਾ ਜ਼ਿਕਰ ਆਪਣੀ ਪਵਿੱਤਰ ਬਾਣੀ ਵਿਚ ਇਉਂ ਕੀਤਾ:

ਚਲਦਾ.....

ਲੜੀਵਾਰ ਨਾਵਲ
ਲੇਖਕ
ਗੁਰਨਾਮ ਬਾਵਾ
ਮ +91 83073 6430



# ਬੰਦੂਕ ਤੋਂ ਕਲਮ ਤੱਕ




## ਭਾਗ 1

ਭਰ ਸਰਦੀਆਂ ਦੀ ਰਾਤ, ਜਲੰਧਰ ਸ਼ਹਿਰ ਦੇ ਮੁਹੱਲਾ ਗਣੇਸ਼ ਨਗਰ ਦੀ ਇਕ ਗਲੀ ਦੇ ਕੋਨੇ 'ਤੇ ਬਣੇ ਮਕਾਨ ਦੇ ਇਕ ਕਮਰੇ ਅੰਦਰ ਜਗ ਰਹੇ ਬਲਬ ਦੀ ਰੌਸ਼ਨੀ, ਰੌਸ਼ਨਦਾਨ ਰਾਹੀਂ ਬਾਹਰ ਨਿਕਲ ਕੇ, ਗਲੀ ਦੇ ਹਨੇਰੇ ਨੂੰ ਚੀਰਦੀ ਹੋਈ ਚਾਨਣ ਬਿਖੇਰ ਰਹੀ ਸੀ।

ਕਮਰੇ ਅੰਦਰ ਕੰਵਲ ਮੇਜ਼ ਉੱਤੇ ਕਾਪੀ ਰੱਖ ਕੇ ਕੁਝ ਲਿਖਣ ਵਿੱਚ ਮਸਰੂਫ਼ ਸੀ। ਥੋੜ੍ਹੀ ਦੇਰ ਬਾਅਦ ਉਸ ਨੇ ਕਾਪੀ ਇੰਝ ਬੰਦ ਕੀਤੀ, ਜਿਵੇਂ ਜੋ ਕੁਝ ਉਸ ਨੇ ਲਿਖਣਾ ਸੀ, ਉਹ ਸਭ ਕੁਝ ਲਿਖ ਚੁੱਕਾ ਹੋਵੇ। ਫਿਰ ਉਸ ਨੇ ਉਹ ਕਾਪੀ ਮੇਜ਼ ਉੱਤੇ ਪਹਿਲਾਂ ਤੋਂ ਪਈਆਂ ਦੋ ਹੋਰ ਕਾਪੀਆਂ ਉੱਤੇ ਰੱਖ ਦਿੱਤੀ। ਕੋਲ ਰੌਸ਼ਨੀ ਲਈ ਜਗ ਰਹੇ ਟੇਬਲ ਲੈਂਪ ਨੂੰ ਵੀ ਬੰਦ ਕਰ ਦਿੱਤਾ।

ਹੁਣ ਉਹ ਕੁਰਸੀ ਤੋਂ ਉੱਠਿਆ ਤੇ ਕੋਲ ਪਈ ਮੰਜੀ 'ਤੇ ਆ ਲੇਟ ਗਿਆ। ਰਜਾਈ ਮੂੰਹ 'ਤੇ ਲੈਣ ਤੋਂ ਪਹਿਲਾਂ ਉਸ ਨੇ ਸਾਹਮਣੇ ਕੰਧ 'ਤੇ ਟੰਗੀ ਘੜੀ ਵੱਲ ਦੇਖਿਆ ਰਾਤ ਦੇ ਦੋ ਵੱਜ ਚੁੱਕੇ ਸਨ। ਉਹ ਜਗ ਰਿਹਾ ਬਲਬ ਵੀ ਬੰਦ ਕਰਨਾ ਭੁੱਲ ਗਿਆ ਸੀ। ਉਹ ਇੰਝ ਬੇਫਿਕਰ ਹੋ ਕੇ ਸੌਂ ਗਿਆ ਜਿਵੇਂ ਉਸ ਦੇ ਮੋਢਿਆਂ ਤੋਂ ਕੋਈ ਮਣਾਂ ਮੂੰਹੀ ਭਾਰ ਲਹਿ ਗਿਆ ਹੋਵੇ।

ਸਵੇਰੇ ਬੰਦ ਬੂਹੇ ਨੂੰ ਬਾਹਰੋਂ ਕਿਸੇ ਦੇ ਖੜਕਾਉਣ 'ਤੇ ਉਸ ਦੀ ਜਾਗ ਖੁੱਲ੍ਹੀ। ਉਸ ਨੇ ਫਿਰ ਅੱਖਾਂ ਮਲਦਿਆਂ ਕੰਧ 'ਤੇ ਟੰਗੀ ਘੜੀ ਵੱਲ ਦੇਖਿਆ ਸਵੇਰ ਦੇ ਗਿਆਰਾਂ ਵੱਜ ਚੁੱਕੇ ਸਨ। ਬੂਹਾ ਦੁਬਾਰਾ ਖੜਕਿਆ ਤਾਂ ਉਹ ਰਜਾਈ ਵਿੱਚੋਂ ਬਾਹਰ ਨਿਕਲ ਕੇ ਪੈਰਾਂ ਵਿੱਚ ਚੱਪਲਾਂ ਪਾਉਂਦਾ ਹੋਇਆ ਆਵਾਜ਼ ਮਾਰ ਕੇ ਪੁੱਛਦਾ ਹੈ, ਕੌਣ ਹੈ ਭਾਈ?

ਅੱਗੋਂ ਜਵਾਬ ਆਇਆ, ਬੂਹਾ ਖੋਲ੍ਹ ਮੈਂ ਹਰੀਸ਼ ਹਾਂ।

ਕੰਵਲ ਨੇ ਬੂਹਾ ਖੋਲ੍ਹਿਆ ਤਾਂ ਹਰੀਸ਼ ਨੇ ਉਸ ਦੀਆਂ ਅੱਖਾਂ ਵੱਲ ਦੇਖ ਕੇ ਕਿਹਾ, ਲੱਗਦੈ ਰਾਤ ਦੇਰ ਨਾਲ ਸੁੱਤਾ ਸੀ?

ਅੰਦਰ ਆ ਜਾ, ਕਿ ਬਾਹਰੋਂ ਹੀ ਵਾਪਿਸ ਜਾਣ ਦੀ ਸਲਾਹ ਹੈ? ਕੰਵਲ ਨੇ ਐਨਾਂ ਕਹਿ ਕੇ ਉਸ ਨੂੰ ਅੰਦਰ ਬੁਲਾ ਲਿਆ।

ਹਰੀਸ਼ ਚੁੱਪ-ਚਾਪ ਕੰਵਲ ਦੇ ਪਿੱਛੇ-ਪਿੱਛੇ ਕਮਰੇ ਵਿੱਚ ਆ ਗਿਆ। ਮੰਜੀ ਉੱਤੇ ਬੈਠਦਿਆਂ ਉਸ ਨੇ ਬੂਟ ਲਾਹ ਕੇ ਰਜਾਈ ਵਿੱਚ ਚੌਂਕੜੀ ਮਾਰ ਲਈ।

ਕੰਵਲ ਨੇ ਤੌਲੀਆ ਚੁੱਕਿਆ ਤੇ ਬਰਾਂਡੇ ਵਿੱਚ ਬਣੇ ਗੁਸਲਖਾਨੇ ਵੱਲ ਚਲਾ ਗਿਆ। ਮੂੰਹ-ਹੱਥ ਧੋ ਕੇ ਜਦੋਂ ਵਾਪਿਸ ਕਮਰੇ ਵਿੱਚ ਆਇਆ ਤਾਂ ਮੇਜ਼ ਉੱਤੇ ਰੱਖੇ ਗੈਸ-ਚੁੱਲ੍ਹੇ ਕੋਲ ਖੜ੍ਹਾ ਹੋ ਕੇ ਬੋਲਿਆ, ਹਰੀਸ਼ ਜੇ ਚਾਹ ਪੀਣੀ ਹੈ ਤਾਂ ਦੁੱਧ ਦਾ ਪੈਕਟ ਲੈ ਆ।

ਹਰੀਸ਼ ਬਿਨਾਂ ਕੁਝ ਕਹੇ ਤੁਰ ਪਿਆ। ਥੋੜ੍ਹੀ ਦੇਰ ਬਾਅਦ ਵਾਪਿਸ ਆਇਆ ਤਾਂ ਉਸ ਦੇ ਹੱਥ ਵਿੱਚ ਦੁੱਧ ਦੇ ਪੈਕਟ ਨਾਲ ਇਕ ਬ੍ਰੈਡ ਤੇ ਮੱਖਣ ਦੀ ਟਿੱਕੀ ਵੀ ਸੀ।

ਕੰਵਲ ਨੇ ਚਾਹ ਬਣਾ ਲਈ। ਨਾਲ ਹੀ ਬ੍ਰੈਡ ਦੇ ਕੁਝ ਪੀਸ ਗਰਮ ਕਰਕੇ ਹਰੀਸ਼ ਅੱਗੇ ਰੱਖ ਦਿੱਤੇ। ਖਾਣ-ਪੀਣ ਤੋਂ ਵਿਹਲੇ ਹੋ ਕੇ ਉਸ ਨੇ ਮੇਜ਼ 'ਤੇ ਪਈਆਂ ਤਿੰਨੋਂ ਕਾਪੀਆਂ ਚੁੱਕ ਕੇ ਹਰੀਸ਼ ਦੇ ਹੱਥ ਵਿੱਚ ਫੜਾਉਂਦਿਆਂ ਕਿਹਾ, ਆਹ ਫੜ, ਡਾਇਰੀ ਮੈਂ ਲਿਖ ਲਈ ਹੈ। ਹੁਣ ਆਪ ਹੀ ਪੜ੍ਹ ਕੇ ਵੇਖ ਲਵੀਂ।

ਕਾਪੀਆਂ ਫੜਦਿਆਂ ਹਰੀਸ਼ ਦੇ ਚਿਹਰੇ 'ਤੇ ਖੇੜਾ ਆ ਗਿਆ। ਉਹ ਮੁਸਕਰਾਇਆ ਤੇ ਬੋਲਿਆ, ਬੱਲੇ ਲੇਖਕ ਸਾਹਿਬ! ਮੈਂ ਤੈਨੂੰ ਕਿਹਾ ਸੀ ਨਾ, ਤੂੰ ਇਹ ਕੰਮ ਸਿਰੇ ਚੜ੍ਹਾ ਲਵੇਂਗਾ।

ਕੰਵਲ ਵੀ ਹੌਲੇ ਜਿਹੇ ਮੁਸਕਰਾਇਆ ਤੇ ਬੋਲਿਆ, ਐਵੇਂ ਨਾ ਫੂਕ ਛਕਾਈ ਜਾ।

ਕੰਵਲ ਹੋਰ ਗੱਲਾਂ ਕਰਨ ਦੇ ਮੂਡ ਵਿੱਚ ਨਹੀਂ ਸੀ। ਉਸ ਦੇ ਮਨ ਵਿੱਚ ਸਿਰਫ਼ ਐਨਾ ਸੀ ਕਿ ਹਰੀਸ਼ ਜਲਦੀ ਤੁਰ ਜਾਵੇ ਤਾਂ ਆਪ ਹੋਰ ਸੌਂ ਸਕੇ। ਹਰੀਸ਼ ਨੇ ਵੀ ਉਸ ਦੀ ਇਹ ਗੱਲ ਉਸ ਦੇ ਚਿਹਰੇ ਤੋਂ ਪੜ੍ਹ ਲਈ ਸੀ।

ਇਸ ਲਈ ਹਰੀਸ਼ ਵੀ ਚੁੱਪ-ਚਾਪ ਕਮਰੇ ਵਿੱਚੋਂ ਬਾਹਰ ਹੋ ਗਿਆ। ਤੁਰਦਿਆਂ ਸਿਰਫ਼ ਐਨਾ ਆਖ ਗਿਆ, ਕੱਲ੍ਹ ਸਵੇਰੇ ਸਮੇਂ ਨਾਲ ਤਿਆਰ ਰਹੀਂ।

ਕੰਵਲ ਨੇ ਬੂਹੇ 'ਤੇ ਖੜ੍ਹ ਕੇ ਸਿਰਫ਼ ਐਨਾ ਹੀ ਕਿਹਾ, ਠੀਕ ਹੈ।

ਫਿਰ ਬੂਹਾ ਬੰਦ ਕਰਕੇ, ਪਹਿਲਾਂ ਰਾਤ ਦਾ ਜਗ ਰਿਹਾ ਬੱਲਬ ਬੁਝਾਇਆ ਤੇ ਫਿਰ ਰਜਾਈ ਵਿੱਚ ਵੜ ਕੇ ਸੌਂ ਗਿਆ।

## ਭਾਗ 2

ਸਵੇਰ ਦੀ ਹਵਾ ਵਿੱਚ ਹਲਕੀ-ਹਲਕੀ ਠੰਡ ਰਚੀ ਹੋਈ ਸੀ। ਗਲੀ ਦੇ ਦਰਖ਼ਤਾਂ ਤੋਂ ਝੜ ਰਹੇ ਪੱਤੇ, ਪੰਛੀਆਂ ਦੀ ਚਹਿਕ ਨਾਲ ਮਿਲ ਕੇ ਇਕ ਨਵੀਂ ਤਾਜ਼ਗੀ ਪੈਦਾ ਕਰ ਰਹੇ ਸਨ। ਰਾਮ ਲਾਲ ਸਵੇਰ ਦੀ ਸੈਰ ਮੁਕਾ ਕੇ ਘਰ ਆਇਆ। ਪਸੀਨੇ ਨਾਲ ਭਰਿਆ ਚਿਹਰਾ ਤੇ ਸਾਹਾਂ ਵਿੱਚ ਤਾਜ਼ਗੀ ਦੇ ਬਾਵਜੂਦ ਉਸ ਦੇ ਚਿਹਰੇ 'ਤੇ ਰੋਜ਼ਾਨਾ ਦੀ ਥਕਾਵਟ ਦੀਆਂ ਲਕੀਰਾਂ ਸਪੱਸ਼ਟ ਸਨ।

ਘਰ ਦੇ ਵਿਹੜੇ ਵਿੱਚ, ਜਿੱਥੇ ਇਕ ਛੋਟੀ ਜਿਹੀ ਬਗੀਚੀ ਸੀ, ਉਸ ਬਗੀਚੀ ਵਿੱਚ ਆਪਣੀ ਪੁਰਾਣੀ ਕੁਰਸੀ 'ਤੇ ਬੈਠ ਗਿਆ। ਸਾਹਮਣੇ ਪਈ ਮੇਜ਼ ਉੱਪਰੋਂ ਉਸ ਨੇ ਹਿੰਦੀ ਦਾ ਅਖ਼ਬਾਰ ਚੁੱਕਿਆ ਤੇ ਹੌਲੀ-ਹੌਲੀ ਸੁਰਖੀਆਂ 'ਤੇ ਨਜ਼ਰ ਮਾਰਨ ਲੱਗ ਪਿਆ।

ਉਸੇ ਵੇਲੇ ਉਸ ਦੀ ਘਰਵਾਲੀ ਸੀਮਾ ਟਰੇਅ ਵਿੱਚ ਚਾਹ ਵਾਲੀ ਕੇਤਲੀ ਅਤੇ ਦੋ ਖ਼ਾਲੀ ਕੱਪ ਰੱਖ ਕੇ ਆ ਗਈ। ਚੁੱਪ-ਚਾਪ ਉਸ ਨੇ ਟਰੇਅ ਮੇਜ਼ ਉੱਪਰ ਰੱਖੀ ਅਤੇ ਰਾਮ ਲਾਲ ਦੇ ਸਾਹਮਣੇ ਖ਼ਾਲੀ ਕੁਰਸੀ 'ਤੇ ਬੈਠ ਗਈ।

ਸੀਮਾ ਨੇ ਕੇਤਲੀ ਵਿੱਚੋਂ ਗਰਮ ਚਾਹ ਕੱਪਾਂ ਵਿੱਚ ਪਾਈ। ਇਕ ਕੱਪ ਰਾਮ ਲਾਲ ਨੂੰ ਫੜਾਉਂਦਿਆਂ ਹੌਲੀ ਜਿਹੇ ਮੁਸਕਰਾ ਕੇ ਕਿਹਾ, ਆਹ ਲਓ ਜੀ.....ਪਹਿਲਾਂ ਚਾਹ ਪੀਓ।

ਰਾਮ ਲਾਲ ਨੇ ਅਖ਼ਬਾਰ ਇਕ ਪਾਸੇ ਰੱਖ ਦਿੱਤਾ ਤੇ ਚਾਹ ਦਾ ਕੱਪ ਹੱਥ ਵਿੱਚ ਫੜ ਲਿਆ। ਜਦ ਉਸ ਨੇ ਖ਼ਾਲੀ ਕੱਪ ਮੇਜ਼ ਉੱਪਰ ਰੱਖਿਆ ਤਾਂ ਗੰਭੀਰ ਲਹਿਜ਼ੇ ਵਿੱਚ ਕਿਹਾ, ਸੀਮਾ! ਮੈਂ ਅੱਜ ਜਲਦੀ ਫੈਕਟਰੀ ਜਾਣਾ ਹੈ। ਮੈਨੂੰ ਨਾਸ਼ਤਾ ਜਲਦੀ ਬਣਾ ਦੇਵੀਂ।

ਇਹ ਕਹਿ ਕੇ ਰਾਮ ਲਾਲ ਉੱਠਿਆ ਤੇ ਨਹਾਉਣ ਲਈ ਅੰਦਰ ਚਲਾ ਗਿਆ।

ਰਾਮ ਲਾਲ ਦੇ ਜਾਣ ਮਗਰੋਂ ਸੀਮਾ ਨੇ ਟਰੇਅ ਚੁੱਕੀ ਤੇ ਅੰਦਰ ਜਾਣ ਲਈ ਉੱਠੀ ਹੀ ਸੀ ਕਿ ਉਸ ਦੀ ਨਿਗ੍ਹਾ ਮੇਜ਼ ਉੱਪਰ ਪਏ ਅਖ਼ਬਾਰ 'ਤੇ ਟਿੱਕ ਗਈ। ਪਹਿਲੇ ਸਫ਼ੇ ਉੱਤੇ ਇਕ ਵੱਡੀ ਖ਼ਬਰ ਦੀ ਸੁਰਖੀ ਛਪੀ ਹੋਈ ਸੀ, ਜਲੰਧਰ ਪੁਲਸ ਕੋ ਮਿਲੀ ਬਹੁਤ ਬੜੀ ਕਾਮਯਾਬੀ- ਪਾਂਚ ਸਾਲ ਸੇ ਭਗੋੜੇ ਆਤੰਕਵਾਦੀ ਕਮਲਜੀਤ ਸਿੰਘ ਉਰਫ ਕਮਲ ਕੋ ਕੀਆ ਗ੍ਰਿਫ਼ਤਾਰ।

ਸੁਰਖੀ ਹੇਠਾਂ ਛਪੀ ਫੋਟੋ ਨੇ ਉਸ ਦੇ ਕਦਮ ਰੋਕ ਲਏ। ਸੀਮਾ ਨੇ ਟਰੇਅ ਮੇਜ਼ 'ਤੇ ਹੀ ਰੱਖ ਦਿੱਤੀ ਅਤੇ ਕੰਬਦੀਆਂ ਉਂਗਲਾਂ ਨਾਲ ਅਖ਼ਬਾਰ ਚੁੱਕ ਲਿਆ। ਫੋਟੋ ਨੂੰ ਧਿਆਨ ਨਾਲ ਤੱਕਦਿਆਂ ਉਸ ਦੇ ਹੱਥ ਕੰਬਣ ਲੱਗੇ। ਅਚਾਨਕ ਉਸ ਦੇ ਬੁੱਲ੍ਹਾਂ ਤੋਂ ਹੌਲੀ ਪਰ ਹੈਰਾਨੀ ਭਰੇ ਸ਼ਬਦ ਨਿਕਲੇ, ਆਹ... ਤਾਂ ਸੋਨੂੰ ਹੈ!!!

ਸੀਮਾ ਨੇ ਬੜੀ ਮੁਸ਼ਕਿਲ ਨਾਲ ਨਾਸ਼ਤਾ ਤਿਆਰ ਕੀਤਾ। ਉਸ ਦਾ ਮਨ ਰਸੋਈ ਵਿੱਚ ਨਹੀਂ, ਕਿਤੇ ਹੋਰ ਭਟਕ ਰਿਹਾ ਸੀ। ਚੁੱਲ੍ਹੇ ਦੀ ਅੱਗ ਜਿਵੇਂ ਉਸ ਦੇ ਅੰਦਰ ਦੀ ਬੇਚੈਨੀ ਨੂੰ ਹੋਰ ਭੜਕਾ ਰਹੀ ਸੀ। ਉਹ ਚੁੱਪ-ਚਾਪ ਰਾਮ ਲਾਲ ਦੇ ਘਰੋਂ ਬਾਹਰ ਚਲੇ ਜਾਣ ਦੀ ਉਡੀਕ ਕਰ ਰਹੀ ਸੀ।

ਰਾਮ ਲਾਲ ਜਿਹੜਾ ਜਲੰਧਰ ਦੀ ਇਕ ਫੈਕਟਰੀ ਵਿੱਚ ਮੈਨੇਜਰ ਸੀ, ਹਮੇਸ਼ਾ ਵਾਂਗ ਚੁੱਪ-ਚਾਪ ਨਾਸ਼ਤਾ ਕਰ ਰਿਹਾ ਸੀ। ਸੀਮਾ ਲਈ ਇਹ ਪਲ ਸਾਲ ਵਾਂਗ ਲੰਘ ਰਹੇ ਸਨ। ਉਸ ਦੀਆਂ ਅੱਖਾਂ ਅਖ਼ਬਾਰ ਵੱਲ ਜਾ ਰਹੀਆਂ ਸਨ, ਉਹ ਫਟਾਫਟ ਸਾਰੀ ਖ਼ਬਰ ਨੂੰ ਵਿਸਥਾਰ ਨਾਲ ਪੜ੍ਹਨਾ ਚਾਹੁੰਦੀ ਸੀ, ਪਰ ਰਾਮ ਲਾਲ ਦੀ ਮੌਜੂਦਗੀ ਉਸ ਨੂੰ ਰੋਕ ਰਹੀ ਸੀ।

ਨਾਸ਼ਤਾ ਮੁਕਾ ਰਾਮ ਲਾਲ ਬਿਨਾਂ ਉਸ ਵੱਲ ਦੇਖੇ, ਦਰਵਾਜ਼ੇ ਵਿੱਚੋਂ ਬਾਹਰ ਨਿਕਲਦਾ ਕਹਿ ਗਿਆ, ਚੰਗਾ, ਮੈਂ ਚੱਲਦਾ ਹਾਂ, ਸ਼ਾਮ ਨੂੰ ਦੇਰ ਨਾਲ ਆਵਾਂਗਾ।

ਕਾਰ ਦੇ ਇੰਜਣ ਦੀ ਆਵਾਜ਼ ਹੌਲੀ-ਹੌਲੀ ਦੂਰ ਹੋ ਗਈ ਤੇ ਘਰ ਦੇ ਵਿਹੜੇ ਵਿੱਚ ਸਿਰਫ਼ ਖਾਮੋਸ਼ੀ ਹੀ ਬਚ ਗਈ।

ਉਸ ਦੇ ਜਾਣ ਮਗਰੋਂ ਸੀਮਾ ਨੇ ਤੁਰੰਤ ਅਖ਼ਬਾਰ ਚੁੱਕਿਆ। ਸੋਫੇ 'ਤੇ ਬੈਠ ਕੇ ਉਸ ਨੇ ਕੰਬਦੇ ਹੱਥਾਂ ਨਾਲ ਦੁਬਾਰਾ ਖ਼ਬਰ ਪੜ੍ਹਨੀ ਸ਼ੁਰੂ ਕੀਤੀ। ਫੋਟੋ 'ਤੇ ਨਜ਼ਰ ਪਈ ਤਾਂ ਉਸ ਦਾ ਸਾਹ ਰੁੱਕ ਗਿਆ। ਸਰੀਰ ਨੇ ਜਿਵੇਂ ਕੋਈ ਝਟਕਾ ਖਾਧਾ ਹੋਵੇ। ਹੁਣ ਕੋਈ ਸ਼ੱਕ ਨਹੀਂ ਸੀ, ਇਹ ਸੋਨੂੰ ਹੀ ਸੀ....

ਖ਼ਬਰ ਦਾ ਵਿਸਥਾਰ ਇੰਝ ਸੀ... ਕੱਲ੍ਹ ਰਾਤ ਪਾਂਚ ਸਾਲ ਸੇ ਭਗੋੜੇ ਦੁਆਬਾ ਜ਼ੋਨ ਕੇ ਏਰੀਆ ਕਮਾਂਡਰ ਕਮਲਜੀਤ ਸਿੰਘ ਉਰਫ ਕੰਵਲ ਨਾਮੀ ਆਤੰਕਵਾਦੀ ਕੋ ਪੁਲਸ ਨੇ ਗੁਪਤਾ ਸੂਚਨਾ ਕੇ ਆਧਾਰ ਪਰ ਰਾਮਾ ਮੰਡੀ ਚੌਕ ਪਰ ਨਾਕਾ ਲਗਾ ਕਰ ਗ੍ਰਿਫ਼ਤਾਰ ਕੀਆ, ਉਸ ਸੇ ਏਕ ਪਿਸਟਲ ਔਰ ਕੁਸ਼ ਜ਼ਿੰਦਾ ਕਾਰਤੂਸ ਭੀ ਤਲਾਸ਼ੀ ਲੈਣੇ ਪਰ ਬਰਾਮਦ ਕੀਏ, ਆਜ ਉਸ ਕੋ ਅਦਾਲਤ ਮੇਂ ਪੇਸ਼ ਕਰ ਪੁਲਸ ਰਿਮਾਂਡ ਲੀਆ ਜਾਏਗਾ।

ਸਾਰੀ ਖ਼ਬਰ ਪੜ੍ਹ ਕੇ ਸੀਮਾ ਦੇ ਹੱਥ ਕੰਬਣ ਲੱਗੇ। ਉਸ ਨੇ ਦੋਵੇਂ ਹੱਥ ਮੂੰਹ 'ਤੇ ਰੱਖ ਲਏ ਤੇ ਰੋਣ ਲੱਗ ਪਈ। ਦਿਲ ਵਿੱਚ ਇਕ ਹੀ ਸੁਰ ਗੂੰਜ ਰਿਹਾ ਸੀ, ਨਹੀਂ...ਇਹ ਗਲਤ ਹੈ। ਇਹ ਮੇਰਾ ਸੋਨੂੰ ਹੈ....ਮੇਰਾ ਸੋਨੂੰ!

ਉਸ ਦਾ ਮਨ ਕਰਦਾ ਸੀ ਕਿ ਤੁਰੰਤ ਥਾਣੇ ਦੌੜ ਜਾਵੇ ਤੇ ਪੁਲਸ ਦੇ ਸਾਹਮਣੇ ਖੜ੍ਹ ਕੇ ਚੀਕੇ, ਤੁਸੀਂ ਗਲਤ ਇਨਸਾਨ ਨੂੰ ਫੜ ਲਿਆ ਹੈ। ਜਿਸ ਨੂੰ ਤੁਸੀਂ ਕਾਤਲ ਕਹਿ ਰਹੇ ਹੋ, ਉਹ ਮੇਰਾ ਸੋਨੂੰ ਹੈ।

ਪਰ ਪੈਰ ਜਿਵੇਂ ਜਕੜੇ ਗਏ ਸਨ, ਸਾਹ ਰੁਕਦਾ ਜਾ ਰਿਹਾ ਸੀ। ਪੂਰਾ ਦਿਨ ਉਸ ਦੀ ਬੇਚੈਨੀ ਵੱਧਦੀ ਰਹੀ। ਹਰ ਪਲ ਕੰਵਲ ਦੀ ਫੋਟੋ ਉਸ ਦੀਆਂ ਅੱਖਾਂ ਸਾਹਮਣੇ ਘੁੰਮਦੀ ਰਹੀ, ਕਦੇ ਅਖ਼ਬਾਰ ਦੇ ਸਫ਼ੇ 'ਤੇ, ਕਦੇ ਉਸ ਦੇ ਮਨ ਦੇ ਕੈਨਵਸ 'ਤੇ।

ਦੁਪਹਿਰ ਵੇਲੇ ਕੰਮ ਵਾਲੀ ਆਈ ਤਾਂ ਸੀਮਾ ਨੇ ਆਪਣੇ ਆਪ ਨੂੰ ਜ਼ਬਰਦਸਤੀ ਸੰਭਾਲਿਆ। ਘਰ ਦੇ ਕੰਮ ਵਿੱਚ ਰੁੱਝ ਕੇ ਉਸ ਨੇ ਹਾਲਾਤ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ। ਪਰ ਉਸ ਦੇ ਅੰਦਰ ਦੀਆਂ ਅਵਾਜ਼ਾਂ ਚੁੱਪ ਨਹੀਂ ਹੋ ਰਹੀਆਂ ਸਨ।

ਅਖੀਰ ਉਸ ਨੇ ਕੰਬਦੇ ਹੱਥਾਂ ਨਾਲ ਅਖ਼ਬਾਰ ਦਾ ਉਹ ਪੰਨਾ ਪਾੜਿਆ, ਮਰੋੜਿਆ ਤੇ ਕੂੜਾ ਸੁੱਟਣ ਵਾਲੇ ਲਿਫਾਫੇ ਵਿੱਚ ਧੱਕ ਦਿੱਤਾ। ਜਿਵੇਂ ਕਾਗਜ਼ ਦੇ ਨਾਲ-ਨਾਲ ਉਹ ਆਪਣੇ ਜਜ਼ਬਾਤ ਵੀ ਲੁਕੋ ਰਹੀ ਹੋਵੇ... ਪਰ ਉਸ ਦਾ ਦਿਲ ਜਾਣਦਾ ਸੀ-ਸੱਚ ਲਿਫ਼ਾਫ਼ਿਆਂ ਵਿੱਚ ਕਦੇ ਬੰਦ ਨਹੀਂ ਹੁੰਦਾ।


ਚਲਦਾ......

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਡਰੱਗ ਦਾ ਮਸਲਾ ਸਰਕਾਰ ਪੂਰਾ ਜੋਰ ਲਾ ਰਹੀ ਹੈ, ਪਰ ਇਹ ਕੋਈ ਭੀ ਪਾਰਟੀ ਸੱਤਾ ਵਿੱਚ ਆਵੇ, ਖ਼ਤਮ ਨਹੀਂ ਕਰ ਸਕਦੀ

ਹੁਣ ਦੀ ਸਰਕਾਰ ਬੁਨਿਆਦੀ ਮਸਲੇ ਜਿਵੇਂ ਬੇਰੁਜ਼ਗਾਰੀ ਡਰੱਗ ਦਾ ਮਸਲਾ, ਖੇਤ ਸੰਕਟ, ਲਾਡ ਐਂਡ ਆਰਡ, ਰਿਸ਼ਵਤਖੋਰੀ, ਅਫ਼ਸਰਸ਼ਾਹੀ 'ਤੇ ਸਰਕਾਰ ਦਾ ਦਬਾਅ – ਆਮ ਪਾਰਟੀ ਦੇ ਸਾਰੇ ਨੇਤਾ ਇਹੋ ਗੱਲ ਕਰੀ ਜਾਂਦੇ ਹਨ ਵੱਸ ਪਰ ਜਨਤਾ ਦੀ ਸੇਵਾ ਕਰ ਰਹੀ ਸੇਵਾਦਾਰ ਹਨ ਜਨਤਾ ਦਾ ਆਮ ਆਦਮੀ ਇਸਤਰੀ ਕਿਸੇ ਨਾ ਕਿਸੇ ਗੱਲ ਤੋਂ ਦੁਖੀ ਹੈ। ਆਮ ਪਾਰਟੀ ਜੋ ਮਰਜ਼ੀ ਚੰਗਾ ਕਰੇ, ਫਿਰ ਭੀ ਵਿਰੋਧੀ ਧਿਰ ਉਸ ਵਿੱਚ ਨੁਕਸ ਕੱਢ ਦੇਂਦੀ ਹੈ। ਸਿਰਫ਼ ਆਮ ਪਾਰਟੀ ਦੀ ਗੱਲ ਨਹੀਂ ਹਰ ਸਿਆਸੀ ਪਾਰਟੀ ਭਾਵੇਂ ਕਾਂਗਰਸ ਹੈ ਅਕਾਲੀ ਪਾਰਟੀ ਹੈ ਬੀ.ਜੇ.ਪੀ. ਹੈ। ਸਾਰੇ ਆਪਣੇ ਤਰੀਕੇ ਨਾਲ ਕੰਮ ਕਰ ਰਹੇ ਹਨ, ਕਰਦੇ ਰਹਿਣਾ ਹੈ। ਪਰ ਆਮ ਜਨਤਾ ਕਿਸੇ ਨਾ ਕਿਸੇ ਪਾਸੇ ਤੋਂ ਨਰਾਜ਼ ਹੋਣੀ ਹੀ ਹੈ। ਕਾਰਣ ਹੁਣ ਭੀ ਸਰਕਾਰ ਕਰਦੀ ਹੈ ਬੇਰੁਜ਼ਗਾਰੀ ਦੂਰ ਕਰਨ ਲਈ ਜੋ ਹੋ ਸਕਦਾ ਹੈ ਕਰ ਰਹੀ ਹੈ ਪਰ ਇਹ ਇਤਨਾ ਵੱਡਾ ਮਸਲਾ ਹੈ ਸਾਰਿਆਂ ਨੂੰ ਰੋਜ਼ਗਾਰ ਦੇਣਾ ਮੁਸ਼ਕਿਲ ਹੈ। ਇਤਨਾ ਜ਼ਿਆਦਾ ਕੰਮ ਸਰਕਾਰ ਦੇ ਵੱਸ ਦਾ ਰੋਗ ਨਹੀਂ, ਵਿਰੋਧੀ ਧਿਰ ਇਸ ਬਾਰੇ ਟਿੱਪਣੀ ਜਰੂਰ ਕਰਦੀ ਹੈ ਹੱਲ ਉਨ੍ਹਾਂ ਪਾਸ ਭੀ ਨਹੀਂ, ਸਿਰਫ਼ ਨਾਅਰੇਬਾਜ਼ੀ ਜਰੂਰ ਹੈ ਪੰਜਾਬ ਬਚਾਉ ਵਗੈਰਾ। ਡਰੱਗ ਦਾ ਮਸਲਾ ਸਰਕਾਰ ਪੂਰਾ ਜੋਰ ਲਾ ਰਹੀ ਹੈ, ਪਰ ਇਹ ਕੋਈ ਭੀ ਪਾਰਟੀ ਸੱਤਾ ਵਿੱਚ ਆਵੇ ਇਹ ਖ਼ਤਮ ਨਹੀਂ ਕਰ ਸਕਦਾ। ਸਿਰਫ਼ ਪੰਜਾਬ ਨਹੀਂ, ਭਾਰਤ ਨਹੀਂ, ਇਸ ਦੀ ਮਾਰ ਹੇਠ ਦੁਨੀਆਂ ਦਾ ਹਰ ਮੁਲਕ ਹੈ। ਜੋ ਹੋ ਸਕਦਾ ਹੈ ਕਰ ਰਹੇ ਹਨ, ਪਰ ਨਸ਼ਾ ਖ਼ਤਮ ਨਹੀਂ ਕਰ ਸਕਦੇ। ਖੇਤੀ ਸੰਕਟ ਪੰਜਾਬ ਵਿੱਚ ਜੋ ਯੂ ਐਸ ਏ. ਨਾਲ ਸਮਝੋਤਾ ਹੋਇਆ ਹੈ ਸਰਕਾਰ ਪਾਸ ਪੂਰਾ ਵੇਰਵਾ ਨਹੀਂ ਆਇਆ, ਅਸਲ ਵਿੱਚ ਕੀ ਹੋਵੇਗਾ, ਉਸ ਦਾ ਫਾਇਦਾ ਜਾਂ ਨੁਕਸਾਨ ਤਾਂ ਬਾਅਦ ਵਿੱਚ ਪਤਾ ਲੱਗ ਸਕਦਾ ਹੈ, ਵਿਰੋਧੀ ਧਿਰ ਕੋਲ ਕੋਈ ਸੁਝਾਅ ਨਹੀਂ, ਰੌਲਾ ਰੱਪਾ ਪਾਈ ਜਾਂਦੇ ਹਨ। ਅਸਲ ਕਾਪੀ ਲੈ ਕੇ ਮੇਜ਼ 'ਤੇ ਬੈਠ ਕੇ ਇਸ ਬਾਰੇ ਬਹਿਸ ਕਰਨੀ ਚਾਹੀਦੀ ਹੈ, ਜੋ ਨੁਕਸ ਹੈ ਦੂਰ ਹੋ ਸਕਦੇ ਹਨ। ਪਰ ਕਰੇ ਕੌਣ। ਲੀਡਰ ਤਾਂ ਆਪ ਕਹਿ ਰਹੇ ਹਨ ਸਾਨੂੰ ਪੂਰਾ ਪਤਾ ਨਹੀਂ ਦੱਸੋ ਫਿਰ ਆਮ ਜਨਤਾ ਕੀ ਕਰੇ, ਪੈਸੇ ਦੇ ਕੇ ਇਕੱਠ ਕਰਨ ਜਿਤਨੇ ਮਰਜੀ ਲੋਕ ਇਕੱਠੇ ਕਰ ਲਵੋ। ਸਿਰਫ਼ ਪੈਸੇ ਦਾ ਖੇਲ ਹੈ। ਉਸ ਇਕੱਠ ਦਾ ਨਤੀਜਾ ਮਗਰੋਂ ਨਿਕਲਦਾ ਹੈ। ਪਰ ਦੇਖੋ ਐਵੇਂ ਵਿਅਰਥ ਪੈਸਾ ਕਿਤਨਾ ਖਰਚ ਹੁੰਦਾ ਹੈ। ਅਗਰ ਹੁਣ ਦੀ ਆਮ ਪਾਰਟੀ ਨੇ ਭੀ ਪਹਿਲੀ ਇਲੈਕਸ਼ਨ ਵਿੱਚ ਜੋ ਕਾਂਗਰਸ ਪਾਰਟੀ ਨੇ ਕੀਤਾ ਸੀ 14-15 ਸੀਟਾਂ ਜਿਸ ਵਿੱਚ ਉਮੀਦਵਾਰ ਪੱਕੇ ਐਮ· ਐਲ· ਏ. ਬਣ ਸਕਦੇ ਸਨ ਟਿਕਟ ਨਹੀ ਦਿੱਤੀ, ਕਿਤਨੀਆਂ ਘੱਟ ਸੀਟਾਂ ਮਿਲੀਆਂ, ਮਿਸਾਲ ਜਿਵੇਂ ਅੰਗਦ ਸਿੰਘ ਨੂੰ ਨਵਾਂ ਸ਼ਹਿਰ ਤੋਂ ਕਾਂਗਰਸ ਨੇ ਟਿਕਟ ਨਹੀਂ ਦਿੱਤੀ, ਇਕ ਐਮ· ਐਲ· ਏ. ਦੀ ਗਿਣਤੀ ਕਾਂਗਰਸ ਕੋਲ ਘੱਟ ਗਈ, ਲਿਖਣ ਤੋਂ ਭਾਵ ਜਿਹੜੇ ਮਸਲੇ ਹਨ ਉਨ੍ਹਾਂ ਬਾਰੇ ਮੌਕੇ ਦੀ ਸਰਕਾਰ ਨੂੰ ਫਿਕਰ ਨਹੀਂ, ਨਾ ਹੀ ਵਿਰੋਧੀ ਧਿਰ ਇਸ ਪਾਸੇ ਜ਼ਿਆਦਾ ਆਪਣਾ ਅਤੇ ਸਰਕਾਰ ਦਾ ਧਿਆਨ ਲਿਆਉਂਦੇ ਹਨ, ਉਨ੍ਹਾਂ ਦੇ ਸੁਝਾਅ ਨਹੀ ਦਿੰਦੇ ਕਿ ਇਸ ਤਰ੍ਹਾਂ ਨਾਲ ਇਸ ਦਾ ਹੱਲ ਹੋ ਸਕਦਾ ਹੈ, ਐਵੇਂ ਹੋਰ ਕਈ ਮਸਲੇ ਜਿਹੜੇ ਜਰੂਰੀ ਨਹੀਂ ਉਸ ਦੀ ਬਹਿਸ ਕਰਦੇ ਰਹਿੰਦੇ ਹਨ, ਇਸ ਨਾਲ ਸਿਰਫ਼ ਸਰਕਾਰੀ ਪੈਸੇ ਦਾ ਨੁਕਸਾਨ ਹੀ ਨਹੀਂ ਹੁੰਦਾ ਨਾਲ ਜਨਤਾ ਦੇ ਆਉਣ ਵਾਲੇ ਜੀਵਨ 'ਤੇ ਭੀ ਅਸਰ ਪੈਂਦਾ ਹੈ। ਗਲਤੀ ਮੁਆਫ਼। –ਕੇ ਜੋਗੀ



## ਰੂਸ ਇਕ ਅਪ੍ਰੈਲ ਤੋਂ 31 ਜੁਲਾਈ ਤੱਕ ਪੈਟਰੋਲ ਨਹੀਂ ਵੇਚੇਗਾ

**ਮਾਸਕੋ :** ਰੂਸ ਨੇ 1 ਅਪ੍ਰੈਲ ਤੋਂ 31 ਜੁਲਾਈ ਤੱਕ ਪੈਟਰੋਲ ਦੀ ਨਿਰਯਾਤ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ । ਉਪ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਨੋਵਾਕ ਨੇ ਊਰਜਾ ਮੰਤਰਾਲੇ ਨੂੰ ਇਸ ਪ੍ਰਸਤਾਵ ਦਾ ਖਰੜਾ ਤਿਆਰ ਕਰਨ ਦਾ ਹੁਕਮ ਦਿੱਤਾ ਹੈ । ਰੂਸ ਦੇ ਅਨੁਸਾਰ ਇਹ ਫੈਸਲਾ ਘਰੇਲੂ ਸਪਲਾਈ ਨੂੰ ਬਣਾਈ ਰੱਖਣ ਅਤੇ ਕੀਮਤਾਂ ਨੂੰ ਕੰਟਰੋਲ ਵਿੱਚ ਰੱਖਣ ਲਈ ਲਿਆ ਹੈ। ਨੋਵਾਕ ਨੇ ਕਿਹਾ ਕਿ ਮੱਧ ਪੂਰਬ ਵਿੱਚ ਇਜ਼ਰਾਈਲ ਅਤੇ ਇਰਾਨ ਵਿਚਕਾਰ ਚੱਲ ਰਹੇ ਟਕਰਾਅ ਨੇ ਵਿਸ਼ਵ ਤੇਲ ਅਤੇ ਪੈਟਰੋਲੀਅਮ ਉਤਪਾਦਨ ਬਾਜ਼ਾਰਾਂ ਵਿੱਚ ਅਸਥਿਰਤਾ ਵਧਾ ਦਿੱਤੀ ਹੈ। ਇਸ ਨਾਲ ਕੀਮਤਾਂ ਵਿੱਚ ਅਸਥਿਰਤਾ ਆਈ ਹੈ। ਰੂਸ ਰੋਜ਼ਾਨਾ 120,000 ਤੋਂ 170,000 ਬੈਰਲ ਪੈਟਰੋਲ ਦਾ ਨਿਰਯਾਤ ਕਰਦਾ ਹੈ । ਨਿਰਯਾਤ ਦੀ ਮੁਅੱਤਲੀ ਦਾ ਚੀਨ, ਤੁਰਕੀ, ਬ੍ਰਾਜ਼ੀਲ, ਅਫਰੀਕਾ ਦੇ ਦੇਸ਼ਾਂ ਅਤੇ ਸਿੰਗਾਪੁਰ ਵਰਗੇ ਦੇਸ਼ਾਂ 'ਤੇ ਅਸਰ ਪੈ ਸਕਦਾ ਹੈ। ਇਹ ਦੇਸ਼ ਰੂਸੀ ਪੈਟਰੋਲੀਅਮ ਉਤਪਾਦਾਂ ਦੇ ਮੁੱਖ ਖਰੀਦਦਾਰ ਹਨ । ਭਾਰਤ 'ਤੇ ਪ੍ਰਭਾਵ ਘੱਟ ਹੋਣ ਦੀ ਉਮੀਦ ਹੈ, ਕਿਉਂਕਿ ਇਹ ਮੁੱਖ ਤੌਰ 'ਤੇ ਰਿਫਾਇੰਡ ਪੈਟਰੋਲ ਦੀ ਬਜਾਏ ਕੱਚਾ ਤੇਲ ਖਰੀਦਦਾ ਹੈ।

ਖ਼ਬਰਦਾਰ ਖ਼ਬਰਦਾਰ ਖ਼ਬਰਦਾਰ

## ਕਦੇ ਵੀ ਸ਼ੱਕੀ ਫ਼ੂਨ 'ਤੇ ਗੱਲਬਾਤ ਨਾ ਕਰੋ

ਪਿਆਰੇ ਸੰਪਾਦਕ ਜੀ,

ਗੁਰ ਫ਼ਤਿਹ ਪ੍ਰਵਾਨ ਹੋਵੇ ਜੀ,

ਪਿਛਲੇ ਪੰਦਰਾਂ ਵੀਹ ਸਾਲਾਂ ਵਿਚ ਇਨਫਰਮੇਸ਼ਨ ਟੈਕਨਾਲੋਜੀ ਨੇ ਏਨੀ ਤਰੱਕੀ ਕੀਤੀ ਹੈ ਜੋ ਪਿਛਲੇ ਕਈ ਦਹਾਕਿਆਂ 'ਚ ਵੀ ਨਹੀਂ ਸੀ ਹੋਈ। ਜਿੱਥੇ ਇਸ ਨੇ ਬਹੁਤ ਸਹੂਲਤਾਂ ਪੈਦਾ ਕੀਤੀਆਂ ਹਨ ਉੱਥੇ ਸਮਾਜ ਵਿਚ ਬਹੁਤ ਵਿਗਾੜ ਵੀ ਪੈਦਾ ਕੀਤੇ ਹਨ। ਇਸ ਪੱਤਰ ਰਾਹੀਂ ਦਾਸ ਸਿਰਫ਼ ਇਕ ਵਿਗਾੜ ਦੀ ਗੱਲ ਕਰੇਗਾ, ਉਹ ਹੈ ਧੋਖਾਧੜੀ (ਫ਼ਰਾਡ)। ਯੂ.ਕੇ. ਵਿਚ ਹੀ ਹਰੇਕ ਸਾਲ ਲੋਕਾਂ ਨਾਲ ਕਰੋੜਾਂ ਅਰਬਾਂ ਦੀ ਠੱਗੀ ਹੁੰਦੀ ਹੈ। ਇਨ੍ਹਾਂ ਠੱਗੀਆਂ ਦੇ ਬਹੁਤ ਰੂਪ ਹਨ। ਗੱਲ ਕਰਨੀ ਹੈ ਸਿਰਫ਼ ਉਸ ਠੱਗੀ ਦੀ ਜੋ ਨਕਲੀ ਰਿਸ਼ਤੇਦਾਰ ਜਾਂ ਦੋਸਤ-ਮਿੱਤਰ ਬਣ ਕੇ ਕੀਤੀ ਜਾਂਦੀ ਹੈ। ਜਦੋਂ ਦੀ ਏ. ਆਈ. (ਬਨਾਵਟੀ ਬੁੱਧੀ), ਮਾਰਕੀਟ 'ਚ ਆਈ ਹੈ, ਇਸ ਨੇ ਕਈ ਪ੍ਰਕਾਰ ਦੀ ਠੱਗੀ ਨੂੰ ਜਨਮ ਦਿਤਾ ਹੈ। ਸਾਡੇ ਇਕ ਦੋਸਤ ਨੂੰ ਫ਼ੂਨ ਆਇਆ ਜਿਸ ਵਿਚ ਉਹਦੇ ਇਕ ਰਿਸ਼ਤੇਦਾਰ ਦਾ ਦੋਸਤ ਰੋ ਰੋ ਕੇ ਕਹਿ ਰਿਹਾ ਸੀ ਕਿ ਉਹ ਕਿਸੇ ਮੁਸੀਬਤ 'ਚ ਫ਼ਸ ਗਿਆ ਸੀ ਤੇ ਪੁਲਿਸ ਸਟੇਸ਼ਨ 'ਚ ਬੈਠਾ ਸੀ। ਉਸ ਨੇ ਸਾਡੇ ਦੋਸਤ ਨੂੰ ਕਿਹਾ ਕਿ ਉਸ ਦਾ ਵਕੀਲ ਉਸ ਨੂੰ ਕੁਝ ਨਹੀਂ ਦੱਸ ਰਿਹਾ ਬਸ ਉਹ ਵਕੀਲ ਤੋਂ ਪਤਾ ਕਰ ਦੇਵੇ ਕਿ ਉਹਦੇ ਕੇਸ ਦਾ ਕੀ ਬਣ ਰਿਹਾ ਸੀ। ਉਸ ਨੇ ਵਕੀਲ ਦਾ ਨੰਬਰ ਦਿਤਾ। ਸਾਡੇ ਦੋਸਤ ਨੇ ਜਦੋਂ ਵਕੀਲ ਨੂੰ ਫ਼ੂਨ ਕੀਤਾ ਤਾਂ ਵਕੀਲ ਨੇ ਗੱਜ ਕੇ ਫ਼ਤਿਹ ਬੁਲਾਈ ਤੇ ਗੱਲਾਂ ਗੱਲਾਂ 'ਚ ਸਾਡੇ ਦੋਸਤ 'ਤੇ ਆਪਣੀ ਧਾਰਮਕਤਾ ਦਾ ਪੂਰਾ ਅਸਰ ਪਾਇਆ। ਵਕੀਲ ਤਿੰਨ ਹਜ਼ਾਰ ਪੌਂਡ ਮੰਗ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਇਹ ਪੈਸੇ ਜ਼ੁਰਮਾਨੇ ਵਜੋਂ ਤਾਰਨੇ ਹਨ। ਜਦੋਂ ਵਕੀਲ ਨੂੰ ਪੁੱਛਿਆ ਗਿਆ ਕਿ ਜੁਰਮਾਨਾ ਕਿਸ ਨੇ ਕੀਤਾ ਹੈ ਤਾਂ ਉਸ ਨੇ ਕਿਹਾ ਕਿ ਪੁਲਿਸ ਨੇ। ਮੇਰੇ ਦੋਸਤ ਨੇ ਚੈਲੇਂਜ ਕੀਤਾ ਕਿ ਪੁਲਸ ਕਿਸੇ ਨੂੰ ਜ਼ੁਰਮਾਨਾ ਨਹੀਂ ਕਰ ਸਕਦੀ ਤਾਂ ਉਹ ਬਣਾਉਟੀ ਵਕੀਲ ਗੁਰੂ ਸਾਹਿਬਾਂ ਦੀਆਂ ਤੇ ਆਪਣੇ ਬੱਚਿਆਂ ਦੀਆਂ ਝੂਠੀ-ਆਂ ਕਸਮਾਂ ਖਾਣ ਲੱਗ ਪਿਆ ਤੇ ਕਹਿਣ ਲੱਗਾ ਕਿ ਉਸ ਨੇ ਗੰਢ-ਤੁੱਪ ਕਰ ਕੇ 'ਮੁੰਡੇ' ਨੂੰ ਛੁਡਵਾਉਣ ਦਾ ਇੰਤਜ਼ਾਮ ਕਰ ਲਿਆ ਹੈ ਤੇ ਉਹ ਸਾਡੇ ਦੋਸਤ ਨੂੰ ਮਜਬੂਰ ਕਰਨ ਲੱਗ ਪਿਆ ਉਹ ਹੁਣੇ ਹੀ ਵੈਸਟਰਨ ਯੂਨੀਅਨ ਜਾ ਕੇ ਪੈਸੇ ਜਮ੍ਹਾਂ ਕਰਵਾਵੇ ਨਹੀਂ ਤਾਂ 'ਮੁੰਡੇ' ਖਿਲਾਫ਼ ਫ਼ਾਈਲ ਤਿਆਰ ਹੋ ਜਾਣੀ ਹੈ ਤੇ ਉਹ ਲੰਬੇ ਸਮੇਂ ਲਈ ਜੇਲ੍ਹ ਜਾ ਸਕਦਾ ਹੈ। ਉਸ ਨੇ ਪੈਸੇ ਜਮ੍ਹਾਂ ਕਰਵਾਉਣ ਲਈ ਇੰਡੀਆਂ ਦੀ ਇਕ ਬੈਂਕ ਦਾ ਐਡਰੈਸ ਦਿਤਾ। ਉਧਰੋਂ ਉਸ 'ਮੁੰਡੇ' ਦਾ ਵਾਰ ਵਾਰ ਫ਼ੂਨ ਆ ਰਿਹਾ ਸੀ ਰੋਂਦੇ ਦਾ ਤੇ ਚੀਕਾਂ ਮਾਰਦੇ ਦਾ ਕਿ ਉਸ ਨੂੰ ਜਲਦੀ ਛੁਡਾਇਆ ਜਾਵੇ। ਉਹ ਵੀ ਪੈਸੇ ਜਮ੍ਹਾਂ ਕਰਵਾਉਣ ਲਈ ਪਰੇਸ਼ਰ ਪਾ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਬਾਹਰ ਆਉਣ ਬਾਅਦ ਸਭ ਤੋਂ ਪਹਿਲਾਂ ਉਹ ਉਹਦੇ ਪੈਸੇ ਵਾਪਸ ਕਰੇਗਾ। ਉਸ ਨੇ ਇਹ ਵੀ ਦੱਸਿਆ ਕਿ ਬੈਂਕ ਵਿਚ ਉਸ ਦੇ ਸਾਢੇ ਸਤਾਰਾਂ ਹਜ਼ਾਰ ਪੌਂਡ ਪਏ ਹਨ। ਬਣਾਉਟੀ ਵਕੀਲ ਵੀ ਇਹੀ ਕਹਿ ਰਿਹਾ ਸੀ ਉਸ ਦੇ ਕਲਾਇੰਟ ਕੋਲ ਸਾਢੇ ਸਤਾਰਾਂ ਹਜ਼ਾਰਾਂ ਪੌਂਡ ਹਨ। ਜਦੋਂ ਮੇਰੇ ਦੋਸਤ ਨੇ ਪੁੱਛਿਆ ਕਿ ਉਹਨਾਂ ਪੈਸਿਆਂ 'ਚੋਂ ਜ਼ੁਰਮਾਨਾ ਕਿਉਂ ਨਹੀਂ ਤਾਰਿਆ ਜਾ ਸਕਦਾ? ਤਾਂ ਵਕੀਲ ਦਾ ਜਵਾਬ ਸੀ ਕਿ ਉਹ ਪੈਸੇ ਅਦਾਲਤ ਨੇ ਫ਼ਰੀਜ਼ ਕੀਤੇ ਹੋਏ ਹਨ।

ਖ਼ੈਰ, ਸਾਢੇ ਦਸ ਵਜੇ ਤੋਂ ਤਿੰਨ ਵਜੇ ਤੱਕ ਇਹ 'ਡਰਾਮਾ' ਚਲਦਾ ਰਿਹਾ। ਇਸ ਸਮੇਂ ਦੌਰਾਨ ਵਕੀਲ ਅਤੇ 'ਮੁੰਡੇ' ਦੀਆਂ ਸੈਂਕੜੇ ਕਾਲਾਂ ਆਈਆਂ। ਸਾਡਾ ਦੋਸਤ ਏਨੇ ਦਬਾਉ 'ਚ ਆ ਗਿਆ ਕਿ ਉਸ ਨੇ ਪੈਸੇ ਜਮ੍ਹਾਂ ਕਰਵਾਉਣ ਦਾ ਫ਼ੈਸਲਾ ਕਰ ਲਿਆ ਤੇ ਉਸ ਨੇ ਵੈਸਟਰਨ ਯੂਨੀਅਨ ਜਾ ਕੇ ਪੈਸੇ ਜਮ੍ਹਾਂ ਕਰਵਾ ਦਿਤੇ। ਪੈਸੇ ਜਮ੍ਹਾਂ ਕਰਵਾ ਕੇ ਉਸ ਨੇ ਰਸੀਦ ਦਾ ਸਕਰੀਨ ਸ਼ਾਟ ਵੀ 'ਮੁੰਡੇ' ਨੂੰ ਭੇਜ ਦਿਤਾ। ਦੁਕਾਨ 'ਚੋਂ ਬਾਹਰ ਨਿਕਲ ਕੇ ਉਸ ਨੇ ਸੋਚਿਆ ਫ਼ੂਨ ਕਰ ਕੇ ਵੀ ਉਸ ਨੂੰ ਦੱਸ ਦੇਵੇ। ਆਪਣੀ ਚੰਗੀ ਕਿਸਮਤ ਨੂੰ ਉਸ ਨੇ ਫ਼ੂਨ ਦੀ ਡਾਇਰੈਕਟਰੀ 'ਚੋਂ 'ਮੁੰਡੇ' ਦੇ ਅਸਲੀ ਨੰਬਰ 'ਤੇ ਫ਼ੂਨ ਕਰ ਲਿਆ ਤਾਂ ਉਸ ਨੇ ਇਸ 'ਡਰਾਮੇ' ਬਾਰੇ ਬਿਲਕੁਲ ਅਨਜਾਣਤਾ ਜ਼ਾਹਰ ਕੀਤੀ ਤਾਂ ਸਾਡੇ ਦੋਸਤ ਨੂੰ ਸ਼ੱਕ ਹੋਇਆ ਤੇ ਉਸ ਨੇ ਵੈਸਟਰਨ ਯੂਨੀਅਨ ਦੇ ਸਟਾਫ਼ ਨੂੰ ਦੱਸਿਆ। ਪੈਸੇ ਅਜੇ ਅੱਗੇ ਨਹੀਂ ਭੇਜੇ ਗਏ ਸਨ ਜਿਸ ਕਰ ਕੇ ਸਾਡੇ ਦੋਸਤ ਦਾ ਬਚਾਅ ਹੋ ਗਿਆ ਕਿਉਂਕਿ ਇਹ ਸਾਰਾ ਕੁਝ ਪੰਜਾਂ ਮਿੰਟਾਂ ਵਿਚ ਹੀ ਹੋ ਗਿਆ ਸੀ। ਠੱਗਾਂ ਨੂੰ ਜਦੋਂ ਪਤਾ ਲੱਗਾ ਕਿ ਪੈਸੇ ਰੀਫੰਡ ਹੋ ਗਏ ਹਨ ਉਹ ਬਹੁਤ ਪਿੱਟੇ ਅਤੇ ਧਮਕੀਆਂ 'ਤੇ ਉੱਤਰ ਆਏ। ਸਾਡੇ ਦੋਸਤ ਨੇ ਠੱਗਾਂ ਦੇ ਨੰਬਰ ਬਲਾਕ ਕਰ ਦਿਤੇ।

ਪਾਠਕਾਂ ਨੂੰ ਬੇਨਤੀ ਹੈ ਕਿ ਕਦੇ ਵੀ ਸ਼ੱਕੀ ਫ਼ੂਨ 'ਤੇ ਗੱਲ ਬਾਤ ਨਾ ਕਰੋ। ਜੇ ਕਰ ਆਵਾਜ਼ ਕਿਸੇ ਸੱਜਣ ਮਿੱਤਰ ਜਾਂ ਰਿਸ਼ਤੇਦਾਰ ਨਾਲ ਮਿਲਦੀ ਜੁਲਦੀ ਵੀ ਲਗਦੀ ਹੋਵੇ ਤਾਂ ਉਸ ਨੂੰ ਫ਼ੂਨ ਕਰ ਕੇ ਪਤਾ ਕਰ ਲਉ। ਇਹ ਸਾਰੇ ਠੱਗ ਇੰਡੀਆ, ਪਾਕਿਸਤਾਨ ਅਤੇ ਕੈਨੇਡਾ 'ਚ ਬੈਠੇ ਹਨ ਤੇ ਤੁਹਾਨੂੰ ਫ਼ੂਨ ਆਉਂਦਾ ਹੈ ਯੂ.ਕੇ. ਦੇ ਨੰਬਰ ਤੋਂ ਇਸ ਕਰ ਕੇ ਸ਼ੱਕ ਨਹੀਂ ਪੈਂਦਾ। ਵਟਸਐਪ ਦੀਆਂ ਫ਼ੂਨ ਕਾਲਾਂ ਇਸ ਠੱਗੀ ਦੇ ਕੰਮਾਂ 'ਚ ਬਹੁਤ ਸਹਾਈ ਹੋ ਰਹੀਆਂ ਹਨ।

ਦਾਸਰਾ

ਨਿਰਮਲ ਸਿੰਘ

ਕੰਧਾਲਵੀ



# ਸਿਨੇਮਾ ਦਾ ਸਫਰਨਾਮਾ

ਪ੍ਰੋ. ਕੁਲਬੀਰ ਸਿੰਘ



'ਸਿਨੇਮਾ ਦਾ ਸਫਰਨਾਮਾ' ਡੀਡੀ ਪੰਜਾਬੀ ਦੀ ਇਕ ਦਿਲਚਸਪ, ਸਾਰਥਕ ਤੇ ਮਹੱਤਵਪੂਰਨ ਪੇਸ਼ਕਸ਼ ਸੀ ਜਿਸ ਤਹਿਤ ਫਿਲਮਾਂ ਦੇ ਇਤਿਹਾਸ, ਫਿਲਮਾਂ ਦੇ ਤਕਨੀਕੀ ਸਫ਼ਰ ਅਤੇ ਫਿਲਮਾਂ ਦੇ ਵਿਕਾਸ ਨੂੰ ਬੜੀ ਖੂਬੀ, ਬੜੀ ਖੂਬਸੂਰਤੀ ਨਾਲ ਦਰਸਾਇਆ ਗਿਆ। ਪਹਿਲਾਂ ਪਹਿਲ ਕੇਵਲ ਤਸਵੀਰਾਂ ਹੁੰਦੀਆਂ ਸਨ। ਫਿਰ ਸੰਗੀਤ ਸ਼ਾਮਲ ਹੋਇਆ। ਫਿਰ ਬੋਲ ਬੋਲੇ ਜਾਣ ਲੱਗੇ। ਇਸ ਦੌਰ ਦੀ ਤਕਨੀਕ ਦੀਆਂ ਤਸਵੀਰਾਂ ਅਤੇ ਵੀਡੀਓ ਸਹਿਤ ਕਹਾਣੀ ਬਿਆਨ ਕੀਤੀ ਗਈ। ਫਿਲਮਾਂ ਦੇ ਇਤਿਹਾਸ ਅਤੇ ਤਕਨੀਕੀ ਵਿਕਾਸ ਸੰਬੰਧੀ ਗੱਲਬਾਤ ਕਰਨ ਲਈ ਫਿਲਮ ਇਤਿਹਾਸਕਾਰ ਭੀਮ ਰਾਜ ਗਰਗ ਡੀਡੀ ਪੰਜਾਬੀ ਦੇ ਸਟੂਡੀਓ ਵਿਚ ਮੌਜੂਦ ਸਨ। ਬਤੌਰ ਐਂਕਰ ਦੂਰਦਰਸ਼ਨ ਦੀ ਚਰਚਿਤ ਸ਼ਖਸੀਅਤ ਡਾ. ਹਰਜੀਤ ਸਿੰਘ ਹਾਜ਼ਰ ਸਨ।

ਭੀਮ ਰਾਜ ਗਰਗ ਹੁਰਾਂ ਆਰੰਭਿਕ ਦਿਲਚਸਪ ਤੱਥ ਸਾਂਝੇ ਕਰ ਕੇ ਕੇ. ਡੀ. ਮਹਿਰਾ ਦੇ ਪੰਜਾਬੀ ਫਿਲਮਾਂ ਲਈ ਪਾਏ ਯੋਗਦਾਨ ਬਾਰੇ ਦੱਸਿਆ। ਉਨ੍ਹਾਂ ਨੂੰ ਪੰਜਾਬੀ ਫਿਲਮਾਂ ਦਾ ਪਿਤਾਮਾ ਕਿਹਾ ਗਿਆ। ਕਿਉਂਕਿ ਉਨ੍ਹਾਂ ਨੇ 1935 ਤੋਂ 1942 ਦੌਰਾਨ ਮੁੱਢਲੀਆਂ ਪੰਜਾਬੀ ਫਿਲਮਾਂ ਬਣਾਈਆਂ ਸਨ।

'ਆਲਮਆਰਾ' ਭਾਰਤ ਦੀ ਪਹਿਲੀ ਆਵਾਜ਼-ਫਿਲਮ ਸੀ। ਜਿਸਨੂੰ ਹਿੰਦੀ-ਉਰਦੂ ਵਾਲੀ ਰਲੀ ਮਿਲੀ ਹਿੰਦੁਸਤਾਨੀ ਭਾਸ਼ਾ ਵਿਚ ਬਣਾਇਆ ਗਿਆ ਸੀ। ਬੜਾ ਆਕਰਸ਼ਕ ਕਲਾਮਈ ਸੈੱਟ ਲਗਾਇਆ ਗਿਆ ਸੀ। ਇਹ 14 ਮਾਰਚ 1931 ਨੂੰ ਰਿਲੀਜ਼ ਹੋਈ ਸੀ। ਵੈਸੇ ਫਿਲਮਾਂ ਦੇ ਸਿਲਸਿਲੇ ਦੀ ਸ਼ੁਰੂਆਤ ਜੁਲਾਈ 1896 ਵਿਚ ਹੋ ਗਈ ਸੀ। ਦਾਦਾ ਸਾਹਿਬ ਫਾਲਕੇ ਨੂੰ ਭਾਰਤੀ ਸਿਨੇਮਾ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਹ ਇਕ ਸਫ਼ਲ ਫੋਟੋਗ੍ਰਾਫਰ ਸਨ ਪਰੰਤੂ ਫਰੈਂਚ ਚੁੱਪ-ਫਿਲਮ 'ਲਾਈਫ ਆਫ਼ ਕਰਾਈਸਟ' ਤੋਂ ਇੰਨੇ ਪ੍ਰਭਾਵਿਤ ਹੋਏ ਕਿ ਫਿਲਮਾਂ ਬਣਾਉਣ ਦਾ ਮਨ ਬਣਾ ਲਿਆ। ਉਹ 1912 ਵਿਚ ਫਿਲਮ ਬਣਾਉਣ ਦੀ ਮਸ਼ੀਨ-ਸਮੱਗਰੀ ਖਰੀਦਣ ਲਈ ਲੰਡਨ ਗਏ। ਨਤੀਜੇ ਵਜੋਂ ਉਨ੍ਹਾਂ 'ਰਾਜਾ ਹਰੀਸ਼ਚੰਦਰ' ਫਿਲਮ ਬਣਾਈ ਜਿਹੜੀ ਮਈ 1913 ਵਿਚ ਰਿਲੀਜ਼ ਹੋਈ।

ਡੀ ਡੀ ਪੰਜਾਬੀ ਦੀ ਇਸ ਪੇਸ਼ਕਸ਼ ਨੂੰ ਦੋ ਭਾਗਾਂ ਵਿਚ ਪ੍ਰਸਾਰਿਤ ਕੀਤਾ ਗਿਆ। ਨਿਰਮਾਤਾ ਨਿਰਦੇਸ਼ਕ ਸ਼੍ਰੀ ਸੁਖਵਿੰਦਰ ਕੁਮਾਰ ਅਤੇ ਸ਼੍ਰੀ ਸਰਦਾਰਜੀਤ ਬਾਵਾ ਨੇ ਇਸਦੀ ਵਿਉਂਤਬੰਦੀ ਬਾਖੂਬੀ ਕੀਤੀ। ਪੰਜਾਬੀ ਚੁੱਪ-ਫਿਲਮਾਂ ਤੋਂ ਬਾਅਦ ਬੋਲਦੀਆਂ ਫਿਲਮਾਂ, ਸੰਗੀਤ ਨਾਲ ਸੱਜੀਆਂ ਫਿਲਮਾਂ ਦਾ ਦੌਰ ਆਇਆ।

ਪੰਜਾਬੀ ਫਿਲਮਾਂ ਦੇ ਬਹੁਤ ਸਾਰੇ ਅਦਾਕਾਰ, ਗਾਇਕ ਕਲਾਕਾਰ ਬਾਅਦ ਵਿਚ ਹਿੰਦੀ ਫਿਲਮਾਂ ਵਿਚ ਗਏ ਅਤੇ ਬੁਲੰਦੀਆਂ ਛੋਹੀਆਂ। ਮੁਹੰਮਦ ਰਫ਼ੀ, ਕੇ ਐੱਲ ਸਹਿਗਲ, ਨੂਰ ਜਹਾਂ ਜਿਹੇ ਬਹੁਤ ਸਾਰੇ ਨਾਮ ਹਨ। ਇਨ੍ਹਾਂ ਦੀ ਪ੍ਰਤਿਭਾ ਅਤੇ ਕਲਾ ਪ੍ਰਤੀ ਲਗਨ ਵੇਖ ਕੇ ਝੱਟ ਝੱਟ ਮੌਕੇ ਮਿਲਣੇ ਆਰੰਭ ਹੋ ਗਏ।

ਦੂਸਰੇ ਭਾਗ ਵਿਚ ਅਜਿਹੇ ਚਰਚਿਤ ਕਲਾਕਾਰਾਂ ਅਤੇ ਫਿਲਮਾਂ ਦੀ ਵਿਸ਼ੇਸ਼ ਤੌਰ 'ਤੇ ਗੱਲ ਕੀਤੀ ਗਈ। ਫਿਲਮੀ ਇਤਿਹਾਸ ਦੇ ਪੰਨਿਆਂ ਨੂੰ ਫਰੋਲਦੀ ਇਸ ਪੇਸ਼ਕਸ਼ ਵਿਚ ਬੜੇ ਮਾਣ ਨਾਲ ਦੱਸਿਆ ਗਿਆ ਕਿ ਬਹੁਤ ਸਾਰੀਆਂ ਹਿੰਦੀ ਫਿਲਮਾਂ ਵਿਚ ਪੰਜਾਬੀ ਗੀਤ ਸ਼ਾਮਲ ਕੀਤੇ ਗਏ ਜਿਹੜੇ ਬੜੇ ਮਕਬੂਲ ਹੋਏ ਅਤੇ ਦਰਸ਼ਕਾਂ ਦੁਆਰਾ ਬੇਹੱਦ ਪਸੰਦ ਕੀਤੇ ਗਏ।

ਯਮਲਾ ਜੱਟ, ਚਮਨ, ਖਾਨਦਾਨ , ਮਦਰ ਇੰਡੀਆ ਜਿਹੀਆਂ ਫਿਲਮਾਂ ਅਤੇ ਲਾਰਾ ਲੱਪਾ ਗੀਤ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਗਿਆ। ਯਮਲਾ ਜੱਟ ਫਿਲਮ ਦੇ ਗੀਤਾਂ ਦੇ ਬੋਲ ਸਾਹਿਤਕ ਅਤੇ ਪਿਆਰੇ ਸਨ। ਇਸ ਫਿਲਮ ਦੇ ਗੀਤ ਬੜੇ ਚਰਚਿਤ ਹੋਏ ਸਨ ਅਤੇ ਅੱਜ ਵੀ ਤਰੋਤਾਜ਼ਾ ਲੱਗਦੇ ਹਨ।

ਜਦ ਭਾਰਤ-ਪਾਕਿਸਤਾਨ ਦੀ ਭੂਗੋਲਿਕ ਤੇ ਮਾਨਸਿਕ ਵੰਡ ਹੋਈ ਤਾਂ ਅਦਾਕਾਰ ਪ੍ਰਾਣ ਦੀ ਕਾਰ ਓਧਰ ਰਹਿ ਗਈ । ਉਸਨੂੰ ਇਸਦਾ ਬੜਾ ਝੋਰਾ ਲੱਗਾ।

ਬਾਅਦ ਵਿਚ ਅਦਾਕਾਰਾ ਕੁਲਦੀਪ ਕੌਰ ਨੇ ਕਿਵੇਂ ਨਾ ਕਿਵੇਂ ਕਾਰ ਇਧਰ ਪਹੁੰਚਾਈ ਤਾਂ ਉਸਨੂੰ ਚੈਨ ਆਇਆ।

ਪੰਜਾਬੀ ਫਿਲਮਾਂ ਦੇ ਸਫਰ ਨੂੰ ਸੰਖੇਪ ਨਾਲ ਸਮਝਣ ਲਈ ਇਸਨੂੰ ਚਾਰ-ਪੰਜ ਹਿੱਸਿਆਂ ਵਿਚ...ਵੰਡਿਆ ਜਾਂਦਾ ਹੈ। ਵੰਡ ਤੋਂ ਪਹਿਲਾਂ ਦਾ ਦੌਰ, ਵੰਡ ਤੋਂ ਬਾਅਦ ਦਾ ਸਮਾਂ, ਸੁਨਹਿਰੀ ਸਮਾਂ 1960-1980, ਆਧੁਨਿਕ ਯੁੱਗ 2000-2026 ਕਈ ਪੰਜਾਬੀ ਫਿਲਮਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਕੌਮਾਂਤਰੀ ਪਛਾਣ ਮਿਲੀ। ਜਦ 'ਨਾਨਕ ਨਾਮ ਜਹਾਜ਼ ਹੈ' ਨੂੰ ਬੇਹੱਦ ਸਫਲਤਾ ਮਿਲੀ ਤਾਂ ਵੱਡੀ ਗਿਣਤੀ ਵਿਚ ਪੰਜਾਬੀ ਫਿਲਮਾਂ ਬਣਨ ਲੱਗੀਆਂ। ਮਨ ਜੀਤੇ ਜਗ ਜੀਤ, ਕਣਕਾਂ ਦੇ ਓਹਲੇ, ਨਾਨਕ ਦੁਖੀਆ ਸਭ ਸੰਸਾਰ, ਮੇਲੇ ਮਿੱਤਰਾਂ ਦੇ, ਭਗਤ ਧੰਨਾ ਜੱਟ, ਦੁਖ ਭੰਜਨ ਤੇਰਾ ਨਾਮ, ਸੱਚਾ ਮੇਰਾ ਰੂਪ ਹੈ ਆਦਿ ਇਸੇ ਪ੍ਰਭਾਵ ਹੇਠ ਬਣੀਆਂ ।

ਡੀ ਡੀ ਪੰਜਾਬੀ ਦੇ ਸੀਨੀਅਰ ਪ੍ਰੋਡਿਊਸਰ ਸ੍ਰੀ ਸੁਖਵਿੰਦਰ ਕੁਮਾਰ ਦੁਆਰਾ ਇਸ ਨਿਵੇਕਲੀ ਤੇ ਮਹੱਤਵਪੂਰਨ ਪੇਸ਼ਕਸ਼ 'ਤੇ ਸਖਤ ਮਿਹਨਤ ਕੀਤੀ ਗਈ ਹੈ। ਉਹ ਲੰਬੇ ਸਮੇਂ ਤੋਂ ਡੀ ਡੀ ਪੰਜਾਬੀ ਦੇ ਕਈ ਚਰਚਿਤ ਤੇ ਸਾਰਥਕ ਪ੍ਰੋਗਰਾਮ ਤਿਆਰ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਹਨ। ਜਿਨ੍ਹਾਂ ਵਿਚ ਗੱਲਾਂ ਤੇ ਗੀਤ, ਉਮਰਾਂ ਦੇ ਪੈਂਡੇ,ਜੋੜੀਆਂ ਜੱਗ ਥੋੜ੍ਹੀਆਂ, ਸਿਹਤ ਜ਼ਰੂਰੀ ਹੈ , ਮੇਰਾ ਪਿੰਡ ਮੇਰੇ ਖੇਤ ਆਦਿ ਸ਼ਾਮਲ ਹਨ। ਸਮੇਂ ਸਮੇਂ ਪੇਸ਼ ਕੀਤੇ ਜਾਂਦੇ ਵਿਸ਼ੇਸ਼ ਪ੍ਰੋਗਰਾਮਾਂ ਅਤੇ ਨਵੇਂ ਵਰ੍ਹੇ ਮੌਕੇ ਪ੍ਰਸਾਰਿਤ ਕੀਤੇ ਜਾਂਦੇ ਰੰਗਾਰੰਗ ਪ੍ਰੋਗਰਾਮਾਂ ਵਿਚ ਵੀ ਉਨ੍ਹਾਂ ਦਾ ਅਹਿਮ ਯੋਗਦਾਨ ਹੁੰਦਾ ਹੈ।

ਸਿਨੇਮਾ ਦਾ ਸਫ਼ਰਨਾਮਾ ਇਕ ਖੋਜ-ਆਧਾਰਿਤ ਪੇਸ਼ਕਸ਼ ਹੈ ਜਿਹੜੀ ਦੂਰਦਰਸ਼ਨ ਜਲੰਧਰ ਦੇ ਭੰਡਾਰ ਨੂੰ ਹੋਰ ਭਰਪੂਰ ਕਰੇਗੀ ।

********

# ਕਾਹਦੇ ਸ਼ਹੀਦੇ ਆਜ਼ਮ.... ?

ਸੰਦੀਪ ਕੁਮਾਰ
7009807121



23 ਮਾਰਚ ਦਾ ਦਿਨ ਭਾਰਤੀ ਇਤਿਹਾਸ ਵਿੱਚ ਇੱਕ ਅਜਿਹਾ ਦਿਨ ਹੈ ਜਿਸ ਨੂੰ ਪੂਰੇ ਦੇਸ਼ ਵਿੱਚ ਸ਼ਹਾਦਤ ਦੇ ਪ੍ਰਤੀਕ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਦਿਨ 1931 ਵਿੱਚ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਰੱਸੇ ਨੂੰ ਹੱਸਦੇ ਹੱਸਦੇ ਚੁੰਮਿਆ ਸੀ। ਉਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਵਾਨ ਜਾਨਾਂ ਨੂੰ ਕੁਰਬਾਨ ਕਰ ਦਿੱਤਾ, ਤਾਂ ਜੋ ਭਾਰਤ ਦੀ ਧਰਤੀ ਤੇ ਅੰਗਰੇਜ਼ੀ ਗੁਲਾਮੀ ਦਾ ਅੰਤ ਹੋ ਸਕੇ। ਭਗਤ ਸਿੰਘ ਦੀ ਸੋਚ ਬਹੁਤ ਅੱਗੇ ਦੀ ਸੀ, ਉਹ ਨਾ ਸਿਰਫ਼ ਅੰਗਰੇਜ਼ਾਂ ਨੂੰ ਭਜਾਉਣਾ ਚਾਹੁੰਦੇ ਸਨ ਬਲਕਿ ਇੱਕ ਅਜਿਹੇ ਸਮਾਜ ਦੀ ਕਲਪਨਾ ਕਰਦੇ ਸਨ ਜਿੱਥੇ ਸ਼ੋਸ਼ਣ, ਬੇਰੁਜ਼ਗਾਰੀ ਅਤੇ ਅਸਮਾਨਤਾ ਨਾ ਹੋਵੇ। ਉਹਨਾਂ ਨੇ ਆਪਣੀ ਸ਼ਹਾਦਤ ਨਾਲ ਨੌਜਵਾਨਾਂ ਵਿੱਚ ਇਨਕਲਾਬ ਦੀ ਚੇਤਨਾ ਜਗਾਈ ਅਤੇ ਦੇਸ਼ ਨੂੰ ਆਜ਼ਾਦੀ ਵੱਲ ਤੇਜ਼ੀ ਨਾਲ ਧੱਕਿਆ। ਪਰ ਅੱਜ, ਆਜ਼ਾਦੀ ਨੂੰ ਲਗਭਗ 80 ਸਾਲ ਬੀਤ ਜਾਣ ਤੋਂ ਬਾਅਦ ਵੀ, ਇਹਨਾਂ ਮਹਾਨ ਸੂਰਵੀਰਾਂ ਨੂੰ ਅਸਲੀ ਸਨਮਾਨ ਮਿਲਣਾ ਅਜੇ ਅਧੂਰਾ ਹੈ।

ਦੇਸ਼ ਦੀਆਂ ਵੱਖ-ਵੱਖ ਸਰਕਾਰਾਂ ਹਰ ਸਾਲ 23 ਮਾਰਚ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦੀਆਂ ਹਨ। ਅਖਬਾਰਾਂ ਵਿੱਚ ਵੱਡੇ-ਵੱਡੇ ਵਿਗਿਆਪਨ, ਸੋਸ਼ਲ ਮੀਡੀਆ ਤੇ ਪੋਸਟਾਂ, ਟੈਲੀਵਿਜ਼ਨ ਚੈਨਲਾਂ ਤੇ ਖਾਸ ਪ੍ਰੋਗਰਾਮ ਅਤੇ ਜਨਤਕ ਪਲੇਟਫਾਰਮਾਂ ਤੇ ਭਾਸ਼ਣ ਦਿੱਤੇ ਜਾਂਦੇ ਹਨ। ਇਹਨਾਂ ਵਿੱਚ ਸਰਕਾਰੀ ਪਾਰਟੀਆਂ ਆਪਣੇ ਆਪ ਨੂੰ ਭਗਤ ਸਿੰਘ ਦੇ ਵਿਚਾਰਾਂ ਦਾ ਸੱਚਾ ਵਾਰਸ ਦੱਸਦੀਆਂ ਹਨ ਅਤੇ ਲੋਕਾਂ ਨੂੰ ਯਾਦ ਕਰਵਾਉਂਦੀਆਂ ਹਨ ਕਿ ਉਹਨਾਂ ਨੇ ਹੀ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਕੰਮ ਕੀਤਾ ਹੈ। ਪਰ ਇਹ ਸਭ ਕੁਝ ਵੋਟਾਂ ਦੀ ਰਾਜਨੀਤੀ ਦਾ ਹਿੱਸਾ ਲੱਗਦਾ ਹੈ। ਲੋਕਾਂ ਨੂੰ ਭਾਵਨਾਤਮਕ ਤੌਰ ਤੇ ਆਪਣੇ ਨਾਲ ਜੋੜਨ ਲਈ ਇਹਨਾਂ ਸ਼ੂਰਵੀਰਾਂ ਦਾ ਨਾਮ ਵਰਤਿਆ ਜਾਂਦਾ ਹੈ, ਪਰ ਅਸਲ ਵਿੱਚ ਉਹਨਾਂ ਦੀ ਸ਼ਹਾਦਤ ਦਾ ਮੁੱਲ ਚੁਕਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਸਭ ਤੋਂ ਵੱਡੀ ਅਜੀਬ ਗੱਲ ਇਹ ਹੈ ਕਿ ਆਜ਼ਾਦ ਭਾਰਤ ਵਿੱਚ ਵੀ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਅਧਿਕਾਰਤ ਤੌਰ ਤੇ ਸ਼ਹੀਦ ਦਾ ਦਰਜਾ ਨਹੀਂ ਦਿੱਤਾ ਗਿਆ। ਕਈ ਵਾਰ ਆਰਟੀਆਈ ਰਾਹੀਂ ਪੁੱਛੇ ਗਏ ਸਵਾਲਾਂ ਵਿੱਚ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਉਹਨਾਂ ਕੋਲ ਕੋਈ ਅਜਿਹਾ ਰਿਕਾਰਡ ਨਹੀਂ ਹੈ ਜਿਸ ਵਿੱਚ ਇਹਨਾਂ ਨੂੰ ਸ਼ਹੀਦ ਘੋਸ਼ਿਤ ਕੀਤਾ ਗਿਆ ਹੋਵੇ। ਕੁਝ ਮਾਮਲਿਆਂ ਵਿੱਚ ਅਦਾਲਤਾਂ ਨੇ ਵੀ ਕਿਹਾ ਹੈ ਕਿ ਭਾਰਤੀ ਸੰਵਿਧਾਨ ਦੇ ਅਨੁਛੇਦ 18 ਅਨੁਸਾਰ ਰਾਜ ਵੱਲੋਂ ਕਿਸੇ ਨੂੰ ਵੀ ਟਾਈਟਲ ਜਾਂ ਖਿਤਾਬ ਨਹੀਂ ਦਿੱਤਾ ਜਾ ਸਕਦਾ, ਜਿਸ ਕਰਕੇ ਅਜਿਹਾ ਦਰਜਾ ਨਹੀਂ ਦਿੱਤਾ ਜਾ ਸਕਦਾ। ਪਰ ਇਹ ਬਹਾਨੇ ਲੱਗਦੇ ਹਨ ਕਿਉਂਕਿ ਦੂਜੇ ਤਰ੍ਹਾਂ ਦੇ ਸਨਮਾਨ ਅਤੇ ਪੁਰਸਕਾਰ ਤਾਂ ਦਿੱਤੇ ਜਾਂਦੇ ਹਨ। ਸਰਕਾਰਾਂ ਨੇ ਕਦੇ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਨਾ ਹੀ ਕੋਈ ਨੀਤੀ ਬਣਾਈ ਜਿਸ ਨਾਲ ਆਜ਼ਾਦੀ ਸੰਘਰਸ਼ ਵਿੱਚ ਜਾਨ ਵਾਰਨ ਵਾਲਿਆਂ ਨੂੰ ਅਧਿਕਾਰਤ ਸ਼ਹੀਦ ਮੰਨਿਆ ਜਾ ਸਕੇ।


ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕੁਝ ਸਿੱਖਿਆ ਸੰਸਥਾਵਾਂ ਵਿੱਚ ਅਜੇ ਵੀ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਲੁਟੇਰੇ, ਡਾਕੂ ਜਾਂ ਅੱਤਵਾਦੀ ਵਜੋਂ ਦਰਸਾਇਆ ਜਾਂਦਾ ਰਿਹਾ ਹੈ। ਅੰਗਰੇਜ਼ਾਂ ਵੱਲੋਂ ਲਿਖੇ ਗਏ ਇਤਿਹਾਸ ਨੂੰ ਅੱਜ ਵੀ ਕਿਤੇ-ਨਾ-ਕਿਤੇ ਅੱਗੇ ਵਧਾਇਆ ਜਾ ਰਿਹਾ ਹੈ। ਇਸ ਘਟੀਆ ਵਿਚਾਰਧਾਰਾ ਦੇ ਵਿਰੋਧ ਵਿੱਚ ਕੋਈ ਵੀ ਰਾਜਨੀਤਿਕ ਪਾਰਟੀ ਪੂਰੀ ਤਾਕਤ ਨਾਲ ਨਹੀਂ ਖੜੀ ਹੋਈ। ਜੇ ਅਸਲ ਵਿੱਚ ਭਗਤ ਸਿੰਘ ਦੇ ਵਿਚਾਰਾਂ ਨੂੰ ਸਨਮਾਨ ਦੇਣਾ ਹੁੰਦਾ ਤਾਂ ਉਹਨਾਂ ਨੂੰ ਸ਼ਹੀਦ ਦਾ ਦਰਜਾ ਦੇਣ ਲਈ ਕਾਨੂੰਨੀ ਰਾਹ ਲੱਭ ਲਏ ਜਾਂਦੇ। ਪਰ ਇਹ ਨਹੀਂ ਹੋਇਆ। ਇਸ ਨਾਲ ਲੱਗਦਾ ਹੈ ਕਿ ਸਰਕਾਰਾਂ ਅੰਗਰੇਜ਼ੀ ਪਰੰਪਰਾਵਾਂ ਨੂੰ ਅੱਜ ਵੀ ਜਾਰੀ ਰੱਖ ਰਹੀਆਂ ਹਨ ਅਤੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵਰਗੇ ਕ੍ਰਾਂਤੀਕਾਰੀਆਂ ਨੂੰ ਪੂਰਾ ਸਨਮਾਨ ਨਹੀਂ ਦੇਣਾ ਚਾਹੁੰਦੀਆਂ। ਸੱਚਾਈ ਇਹ ਹੈ ਕਿ ਜਦ ਤੱਕ ਕੋਈ ਸਰਕਾਰ ਅਸਲੀ ਹੌਂਸਲੇ ਨਾਲ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਹੀਦ ਦਾ ਅਧਿਕਾਰਤ ਦਰਜਾ ਨਹੀਂ ਦੇਵੇਗੀ, ਉਦੋਂ ਤੱਕ 23 ਮਾਰਚ ਨੂੰ ਮਨਾਏ ਜਾਣ ਵਾਲੇ ਸਮਾਗਮ ਸਿਰਫ਼ ਰਸਮੀ ਅਤੇ ਵੋਟਾਂ ਲਈ ਰਾਜਨੀਤੀ ਵਰਗੇ ਲੱਗਦੇ ਰਹਿਣਗੇ। ਇਹ ਇਹਨਾਂ ਸੂਰਵੀਰਾਂ ਦੀ ਸ਼ਹਾਦਤ ਨਾਲ ਖਿਲਵਾੜ ਹੈ। ਉਹਨਾਂ ਨੇ ਚੜ੍ਹਦੀ ਜਵਾਨੀ ਵਿੱਚ ਆਪਣੀ ਜਾਨ ਵਾਰੀ, ਪਰ ਅੱਜ ਵੀ ਉਹਨਾਂ ਨੂੰ ਉਹ ਬਣਦਾ ਮਾਣ ਨਹੀਂ ਮਿਲ ਰਿਹਾ ਹੈ। ਸਰਕਾਰਾਂ ਇਹਨਾਂ ਸ਼ੂਰਵੀਰਾਂ ਦੇ ਨਾਮ ਤੇ ਸਮਾਗਮ ਕਰਕੇ ਸਿਰਫ ਆਪਣੀ ਮਸ਼ਹੂਰੀ ਕਰਨ ਨੂੰ ਤਰਜੀਹ ਦਿੰਦੀਆਂ ਹਨ, ਪਰ ਅਸਲ ਵਿੱਚ ਸ਼ਹੀਦੇ ਆਜ਼ਮ ਦਾ ਦਿਨ ਤਾਂ ਉਸ ਦਿਨ ਮਨਾਉਣ ਯੋਗ ਹੋਵੇਗਾ ਜਦੋਂ ਇਹਨਾਂ ਮਹਾਨ ਸੂਰਵੀਰਾਂ ਨੂੰ ਸ਼ਹੀਦ ਦਾ ਪੂਰਾ ਦਰਜਾ ਮਿਲ ਜਾਵੇਗਾ ਅਤੇ ਉਹਨਾਂ ਦੀ ਸਹਾਦਤ ਨੂੰ ਅਸਲੀ ਮੁੱਲ ਮਿਲੇਗਾ।

ਸਰਕਾਰਾਂ ਵੱਲੋਂ ਲੋਕਾਚਾਰੀ ਇਹਨਾਂ ਦੇ ਦਿਨ ਮਨਾਉਣੇ ਹੋਰ ਕੁੱਝ ਨਹੀਂ ਉਹਨਾਂ ਦੀ ਸ਼ਹਾਦਤ ਦਾ ਮਜ਼ਾਕ ਉਡਾਉਣ ਵਰਗਾ ਹੈ। ਸਾਨੂੰ ਸੋਚਣਾ ਚਾਹੀਦਾ ਹੈ ਕਿ ਜੇ ਅਸੀਂ ਭਗਤ ਸਿੰਘ ਵਰਗੇ ਵੀਰਾਂ ਨੂੰ ਸੱਚੇ ਮਨ ਨਾਲ ਸਨਮਾਨ ਨਹੀਂ ਦੇ ਸਕਦੇ ਤਾਂ ਉਹਨਾਂ ਦੇ ਨਾਂ ਤੇ ਰਾਜਨੀਤੀ ਕਰਨ ਦਾ ਅਧਿਕਾਰ ਵੀ ਨਹੀਂ ਬਣਦਾ। ਭਗਤ ਸਿੰਘ ਦੇ ਸੁਪਨੇ ਨੂੰ ਪੂਰਾ ਕਰਨ ਲਈ ਸਿਰਫ਼ ਯਾਦਾਂ ਨਹੀਂ, ਅਸਲ ਕੰਮ ਅਤੇ ਸਨਮਾਨ ਚਾਹੀਦਾ ਹੈ। ਜਿਸ ਦਿਨ ਇਹਨਾਂ ਸ਼ੂਰਵੀਰਾਂ ਨੂੰ ਇਹਨਾਂ ਦਾ ਬਣਦਾ ਸਨਮਾਨ ਮਿਲੇਗਾ, ਉਸ ਦਿਨ ਹੀ ਉਹਨਾਂ ਵੱਲੋਂ ਦਿੱਤੀ ਉਹਨਾਂ ਦੀ ਸ਼ਹਾਦਤ ਅਤੇ ਉਹਨਾਂ ਵੱਲੋਂ ਦਿੱਤਾ ਨਾਅਰਾ ਸਾਰਥਕ ਹੋਵੇਗਾ। ਇੰਨਕਲਾਬ ! ਜਿੰਦਾਬਾਦ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

ਤਰਲੋਚਨ ਸਿੰਘ 'ਦੁਪਾਲ ਪੁਰ'
tsdupalpuri@yahoo.com
001-408-905-5517

# ਬਣਿਆਂ ਸਬੱਬ ਬਬਰਾਂ ਦੀ ਯਾਦ ਦਾ !




ਲੰਘੀ 22 ਮਾਰਚ ਵਾਲ਼ੇ ਦਿਨ ਜਲੰਧਰੋਂ ਛਪਦੀ ਇਕ ਅਖਬਾਰ ਵਿੱਚ ਬਬਰ ਅਕਾਲੀਆਂ ਦੇ ਪਿੰਡਾਂ ਥਾਵਾਂ ਬਾਰੇ ਛਪਿਆ ਲੇਖ ਪੜ੍ਹ ਰਿਹਾ ਸਾਂ। ਛੇ ਦਹਾਕਿਆਂ ਤੋਂ ਕੁੱਝ ਸਾਲ ਹੋਰ ਵੱਧ ਜਿੰਦਗੀ ਮੈਂ ਬਿਸਤ ਦੁਆਬ ਇਲਾਕੇ ਵਿਚ ਬਿਤਾਈ ਹੈ। ਇਲਾਕੇ ਵਿੱਚ ਘੁੰਮਦਿਆਂ ਫਿਰਦਿਆਂ ਬਬਰ ਅਕਾਲੀਆਂ ਦੇ ਕਿੱਸੇ ਪਿੰਡਾਂ ਦੀਆਂ ਸੱਥਾਂ ਵਿਚ ਵੀ ਬਹੁਤ ਸੁਣੇ ਅਤੇ ਮਗਰੋਂ ਕਿਤਾਬਾਂ ਪੜ੍ਹਨ ਸਦਕਾ ਬਬਰ ਅਕਾਲੀ ਸਾਹਿਤ ਪ੍ਰਤੀ ਮੇਰਾ ਬਹੁਤ ਝੁਕਾਅ ਰਿਹਾ ਹੈ। ਉਕਤ ਲੇਖ ਵਿੱਚ ਆਪਣੇ ਲਾਗਲੇ ਪਿੰਡ ਦੌਲਤ ਪੁਰ ਤੋਂ ਬਬਰ ਕਰਮ ਸਿੰਘ ਐਡੀਟਰ ਦੇ ਗੁਆਂਢੀ ਪਿੰਡ ਭਕੜੂੰਦੀ (ਹੁਣ ਕਿਸ਼ਨ ਪੁਰ) ਨੂੰ ਤਿੰਨ ਜਗਾਹ ਗਲਤ 'ਫਕਰੂੰਦੀ ਤੇ ਭਕਰੂੰਦੀ' ਅਤੇ ਮਾਹਲ ਗਹਿਲਾਂ ਨੂੰ 'ਮਾਹਲਾਂ ਗਹਿਲਾਂ' ਲਿਖਿਆ ਦੇਖਿਆ। ਇਹ ਤਾਂ ਸ਼ਾਇਦ ਲੇਖ ਦੇ ਲੇਖਕ ਵਲੋਂ ਕਿਸੇ ਅੰਗਰੇਜ਼ੀ ਕਿਤਾਬ ਵਿਚੋਂ ਪੜ੍ਹਕੇ ਲਿਖਣ ਕਾਰਨ ਅਜਿਹਾ ਹੋਇਆ ਹੋਵੇ ਗਾ।ਇੰਜ ਹੀ ਬਬਰਾਂ ਦੇ ਸੰਗੀ ਸਾਥੀ ਰਹੇ ਜਥੇਦਾਰ ਸੰਸਾਰ ਸਿੰਘ(ਜਿਨ੍ਹਾਂ ਦੇ ਮੈਂ ਕਾਫੀ ਬਿਰਧ ਅਵਸਥਾ ਵਿਚ ਦਰਸ਼ਨ ਕੀਤੇ ਹੋਏ ਹਨ) ਦੇ ਪਿੰਡ ਮਜਾਰਾ ਕਲਾਂ ਨੂੰ ਵੀ 'ਮੁਜਾਰਾ ਕਲਾਂ' ਲਿਖਿਆ ਗਿਆ ਹੈ।

ਉਸ ਅਖਬਾਰ ਨੂੰ ਦਰੁਸਤੀ ਵਾਸਤੇ ਖਤ ਲਿਖਣ ਤੋਂ ਬਾਅਦ ਮੇਰੇ ਜ਼ਿਹਨ ਵਿੱਚ ਬਬਰ ਸੂਰਮਿਆਂ ਬਾਰੇ ਇਹ ਵਿਚਾਰ-ਲੜੀ ਚੱਲ ਪਈ-ਬਬਰ ਕਰਮ ਸਿੰਘ ਦੇ ਪਿੰਡ ਦੌਲਤ ਪੁਰ ਵਿੱਚੋਂ ਲੰਘ ਕੇ ਜਦੋਂ ਅਸੀਂ ਗੜ੍ਹਸ਼ੰਕਰ ਵੱਲ ਵਾਕਿਆ ਆਪਣੇ ਨਾਨਕੇ ਪਿੰਡ ਧਮਾਈ ਨੂੰ ਜਾਂਦੇ ਹੁੰਦੇ ਸਾਂ ਤਦ ਰਾਹ ਵਿਚ ਹਿਆਤ ਪੁਰ ਰੁੜਕੀ ਪਿੰਡ ਨੂੰ ਜਾਂਦੀ ਲਿੰਕ ਰੋਡ ਉੱਤੇ ਸਾਈਨ ਬੋਰਡ ਲੱਗਾ ਹੁੰਦਾ ਸੀ-

'ਬਬਰ ਧਰਮ ਸਿੰਘ ਮਾਰਗ !'

ਕਈ ਸਾਲ ਤਾਂ ਉਹ ਸਾਈਨ ਬੋਰਡ ਗੜ੍ਹਸ਼ੰਕਰ-ਬਲਾਚੌਰ ਰੋਡ ਉੱਤੇ ਲੱਗਾ ਹੋਇਆ ਅਸੀਂ ਦੇਖਦੇ ਰਹੇ ਹਾਂ ਪਰ ਲੰਮੇਂ ਅਰਸੇ ਤੋਂ ਹਿਆਤ ਪੁਰ ਰੁੜਕੀ ਦੇ ਬਬਰ ਧਰਮ ਸਿੰਘ ਦੇਸ ਭਗਤ ਦਾ ਨਾਮ ਕਿਤੇ ਨਹੀਂ ਦਿਸਿਆ।

ਇਸ ਲੇਖ ਵਿੱਚ ਬਬਰ ਅਕਾਲੀਆਂ ਦੇ 'ਉਡਾਰੂ ਪ੍ਰੈੱਸ' ਸਾਈਕਲੋਸਟਾਈਲ ਮਸ਼ੀਨ ਬਾਰੇ ਵੀ ਦੱਸਿਆ ਗਿਆ ਹੈ ਕਿ ਬਬਰਾਂ ਦੇ ਅੰਡਰਗ੍ਰਾਊਂਡ ਰਹਿਣ ਕਰਕੇ ਉਸ ਮਸ਼ੀਨ ਨੂੰ ਏਧਰ-ਓਧਰ ਲਿਜਾਣ ਲਈ ਕੋਈ ਤਕੜੇ ਜੁੱਸੇ ਵਾਲ਼ਾ ਸੱਜਣ ਹੀ ਚੁੱਕ ਸਕਦਾ ਸੀ! ਬਬਰ ਅਕਾਲੀਆਂ ਦੀਆਂ ਜੁਝਾਰੂ ਸਰਗਰਮੀਆਂ ਦੇ ਕਈ ਕਿੱਸੇ ਮੈਂ ਸਵਰਗੀ ਬੁੱਧ ਸਿੰਘ ਢਾਹਾਂ ਮੂੰਹੋਂ ਵੀ ਸੁਣੇ ਹੋਏ ਹਨ। ਉਹ ਇਸ ਮਸ਼ੀਨ ਬਾਰੇ ਇੱਕ ਵਾਕਿਆ ਸੁਣਾਉਂਦਿਆਂ ਦੱਸਿਆ ਕਿ ਜਦੋਂ ਇਕ ਵਾਰ ਬੰਗੇ ਲਾਗੇ ਸੂੰਢ ਪਿੰਡ ਦੇ ਅੰਗਰੇਜ਼ ਪ੍ਰਸਤ ਲੋਕ ਇਕ ਸ਼ਾਮ ਬਬਰਾਂ ਦੇ ਜਥੇ ਮਗਰ ਪੈ ਗਏ ਤਾਂ ਸਾਈਕਲੋਸਟਾਈਲ ਮਸ਼ੀਨ ਮੋਢਿਆਂ ਉੱਤੇ ਚੁੱਕਣੀ ਪੈ ਗਈ ਸਿਹਤ ਪੱਖੋਂ ਜ਼ਰਾ ਲਿੱਸੇ ਦਲੀਪ ਸਿੰਘ ਗੋਸਲ਼ ਨੂੰ ! ਮੱਕੀਆਂ ਕਮਾਦਾਂ ਵਿੱਚੀਂ ਵੱਟ-ਬੰਨਿਆਂ ਉੱਤੋਂ ਭੱਜਦਿਆਂ ਗੋਸਲ਼ ਸਾਹਿਬ ਦੀ



*ਸਵਰਗੀ ਬੁੱਧ ਸਿੰਘ ਢਾਹਾਂ ਅਤੇ ਕਾਜ਼ਮ ਪੁਰ (ਜ਼ਿਲ੍ਹਾ ਨਵਾਂਸ਼ਹਿਰ) ਵਿਚ 'ਬਬਰਾਂ ਦੇ ਝਿੜੇ' ਵਾਲ਼ੀ ਥਾਂਹ ਬਬਰ ਪ੍ਰਵਾਰ ਦੀ ਕੋਠੀ।*

ਪਿੱਠ ਅਤੇ ਮੋਢੇ ਛਿੱਲੇ ਗਏ। ਰਾਤੋ ਰਾਤ ਕਿਸੇ ਟਿਕਾਣੇ 'ਤੇ ਪਹੁੰਚ ਕੇ ਗੋਸਲ ਸਾਹਬ ਆਪਣੇ ਬਬਰ ਸਾਥੀਆਂ ਨੂੰ ਹੱਸਦਿਆਂ ਕਹਿੰਦੇ-

'...ਆਹ ਛਾਪੇ-ਖਾਨੇ ਨੇ ਤਾਂ ਅੱਜ ਮੇਰੇ ਮੋਢਿਆਂ 'ਤੇ ਹੀ ਖਬਰਾਂ ਇਸ਼ਤਿਹਾਰ ਛਾਪ ਦਿੱਤੇ ਆ ਭਰਾਵੋ !'

ਸੰਨ 67-68 ਵਿਚ ਜਦ ਮੈਂ ਹੋਸ਼ ਸੰਭਾਲ਼ੀ ਤਾਂ ਮੇਰਾ ਸਿੰਘ ਸਭੀਆ ਬਾਪ ਮੈਨੂੰ ਸਾਈਕਲ 'ਤੇ ਬਿਠਾ ਕੇ ਨੇੜੇ-ਤੇੜੇ ਦੇ ਇਤਹਾਸਕ ਪਿੰਡਾਂ ਥਾਵਾਂ ਤੋਂ ਇਲਾਵਾ ਕਈ ਬਜ਼ੁਰਗਾਂ ਦੀ ਸੰਗਤ ਵਿਚ ਵੀ ਲਿਜਾਂਦਾ ਰਹਿੰਦਾ ਸੀ। ਸਾਡੇ ਪਿੰਡ ਦੁਪਾਲ ਪੁਰ ਤੋਂ ਲਹਿੰਦੇ ਪਾਸੇ ਕਾਜ਼ਮ ਪੁਰ ਪਿੰਡ ਦੀ ਗੁੱਠ ਵਿਚ ਵਾਕਿਆ ਇਕ ਘਰ ਹੁੰਦਾ ਸੀ। ਖਜੂਰਾਂ, ਫਲਾਹੀਆਂ, ਜੰਗਲ਼ੀ ਕਿੱਕਰਾਂ ਅਤੇ ਸਰਵ੍ਹਾੜ ਆਦਿ ਦੇ ਸੰਘਣੇ ਝਾੜ-ਝੁੰਡੇ ਵਿਚ ਘਿਰਿਆ ਹੋਣ ਕਰਕੇ ਇਲਾਕੇ ਵਿਚ ਉਹ ਘਰ 'ਬਬਰਾਂ ਦੇ ਝਿੜੇ' ਵਜੋਂ ਮਸ਼ਹੂਰ ਹੁੰਦਾ ਸੀ। ਆਪਣੇ ਬਾਪ ਨਾਲ਼ ਉਦੋਂ ਕਾਜ਼ਮ ਪੁਰ ਗਏ ਹੋਏ ਨੇ ਮੈਂ ਉਸ ਝਿੜੇ ਵਿਚ ਰਹਿ ਰਹੇ ਇਕ ਬਜ਼ੁਰਗ ਦੇ ਦਰਸ਼ਨ ਕੀਤੇ ਹੋਏ ਨੇ। ਆਪਣਾ ਆਖਰੀ ਸਮਾਂ ਮੰਜੇ ਉੱਤੇ ਬਿਤਾ ਰਹੇ ਬਬਰਾਂ ਦੇ ਸਾਥੀ ਰਹੇ ਉਸ ਬਜ਼ੁਰਗ ਦਾ ਪ੍ਰਭਾਵਸ਼ਾਲੀ ਚਿਹਨ-ਚਕਰ ਮੇਰੇ ਮਨ-ਮਸ਼ਤਿਕ ਵਿਚ ਗੂੜ੍ਹਾ ਉਕਰਿਆ ਹੋਇਆ ਹੈ। ਉਨ੍ਹਾਂ ਵਲੋਂ ਭਾਈਆ ਜੀ ਨਾਲ ਕੀਤੀਆਂ ਗੱਲਾਂ ਦੇ ਕੁੱਝ ਬੋਲ ਹਾਲੇ ਵੀ ਮੈਨੂੰ ਧੁੰਦਲੇ ਧੁੰਦਲੇ ਯਾਦ ਹਨ-

"...ਉੱਧਰੋਂ ਪੁਲ਼ੀਸ ਦੀਆਂ ਡਾਂਗਾਂ ਨਾਲ ਜਖਮੀਂ ਤੇ ਨਿਢਾਲ਼ ਹੋਏ ਸਿੰਘ ਆਉਂਦੇ ਦੇਖ ਕੇ ਸਾਡਾ ਜਥੇਦਾਰ ਕਹਿੰਦਾ-ਉਏ ਮੁੰਡਿਉ ਦੇਖ ਲਉ ਅੱਗੇ ਆਹ ਹਾਲ ਕਰਨਾਂ ਐਂ ਸਾਡਾ ਗੋਰੀ ਪੁਲੀਸ ਨੇ...ਜੇ ਪਿੱਛੇ ਮੁੜਨਾਂ ਤਾਂ ਹੁਣੇ ਮੁੜਜੋ...!

...ਲਉ ਗਿਆਨੀ ਜੀ...ਸਿੰਘਾਂ ਦੀਆਂ ਪਿੱਠਾਂ 'ਚੋਂ ਖੂਨ ਚੋਂਦਾ ਦੇਖ ਕੇ ਸਾਨੂੰ ਚੜ੍ਹ ਗਈਆਂ ਲਾਲੀਆਂ...ਅਸੀਂ ਵੀ ਅੱਗੇ ਜਾ ਕੇ ਗੋਰਿਆਂ ਦਾ ਘੋਰ ਜ਼ੁਲਮ ਸਹਾਰਿਆ...!"

ਬੱਬਰ ਸੂਰਮਿਆਂ ਦੇ ਇਤਿਹਾਸ ਦੀਆਂ ਲਿਖਤਾਂ ਵਿਚ 'ਬਬਰਾਂ ਦੇ ਝਿੜੇ' ਵਾਲ਼ੇ ਇਸ ਪਿੰਡ ਕਾਜ਼ਮ ਪੁਰ ਦਾ ਜ਼ਿਕਰ ਹੋਣੋ ਪਤਾ ਨਹੀਂ ਕਿਵੇਂ ਰਹਿ ਗਿਆ ਹੋਵੇ ਗਾ ?

ਬੱਬਰ ਅਕਾਲੀਆਂ ਬਾਰੇ ਹੀ ਇਕ ਗੱਲ ਹੋਰ-ਜਦੋਂ ਆਮ ਘਰਾਂ ਵਿਚ ਰੇਡੀਉ (ਟ੍ਰਾਂਜ਼ਿਸਟਰ) ਆ ਗਏ ਉਦੋਂ ਅਕਾਸ਼ਵਾਣੀ ਜਲੰਧਰ ਦੇ ਦਿਹਾਤੀ ਪ੍ਰੋਗਰਾਮ ਵਿੱਚ ਇਕ ਵਾਰ ਅਸੀਂ ਕਿਸੇ ਬਜ਼ੁਰਗ ਅਜ਼ਾਦੀ ਘੁਲਾਟੀਏ ਦੀ ਇੰਟਰਵਿਊ ਸੁਣ ਰਹੇ ਸਾਂ। ਸਵਾਲ ਕਰਤਾ ਨੇ ਉਨ੍ਹਾਂ ਨੂੰ ਪੁੱਛਿਆ ਕਿ ਦੁਆਬੇ ਦੇ ਬਬਰ ਰਤਨ ਸਿੰਘ ਰੱਕੜ ਦੀ ਸੂਰਮਗਤੀ ਦੇ ਕਿੱਸੇ ਵੀ ਬੜੇ ਮਸ਼ਹੂਰ ਹਨ। ਕੀ ਤੁਸੀਂ ਜੰਗੇ ਅਜ਼ਾਦੀ ਦੌਰਾਨ ਕਦੇ ਰੱਕੜ ਸਾਹਬ ਦੇ ਵੀ ਦਰਸ਼ਨ ਕੀਤੇ ?

ਸੁਤੰਤਰਤਾ ਸੈਨਾਨੀ ਬਜ਼ੁਰਗ ਕਹਿੰਦੇ ਕਿ ਮੈਨੂੰ ਰੱਕੜ ਹੁਣਾ ਦੇ ਦਰਸ਼ਣ ਤਾਂ ਨਹੀਂ ਹੋਏ ਪਰ ਉਨ੍ਹਾਂ ਦੀ ਬਬਰ ਸ਼ੇਰ ਵਰਗੀ ਗਰਜਵੀਂ ਅਵਾਜ਼ ਅੱਜ ਵੀ ਮੇਰੇ ਕੰਨਾਂ ਵਿਚ ਗੂੰਜਦੀ ਹੈ ! ਵਿਸਥਾਰ ਨਾਲ ਗੱਲ ਦੱਸਦਿਆਂ ਉਹ ਅਜ਼ਾਦੀ ਘੁਲਾਟੀਏ ਬਜ਼ੁਰਗ ਕਹਿੰਦੇ-

'ਇਕ ਗੱਦਾਰ ਦੀ ਗੱਦਾਰੀ ਕਾਰਨ ਮੈਂ ਜੇਲ੍ਹ ਵਿਚ ਬੰਦ ਸਾਂ। ਮੇਰੀ ਬੈਰਕ ਵਿਚ ਰੋਟੀ ਦੇਣ ਆਉਂਦੇ ਇਕ ਪੁਲ਼ਸੀਏ ਨੇ ਰੋਟੀ ਫੜਾ ਕੇ ਮੈਨੂੰ ਭੱਦੀ ਜਿਹੀ ਟਿੱਚਰ ਕੀਤੀ ਅਖੇ ਲੈ 'ਚੂਰੀ' ਖਾ ਲੈ ਸੂਰਮਿਆਂ !

ਮੈਂ ਤਾਂ ਹਾਲੇ ਕੁੱਝ ਨਾ ਬੋਲਿਆ ਪਰ ਮੇਰੇ ਨਾਲ ਦੀ ਬੈਰਕ ਵਿਚੋਂ ਸ਼ੇਰ ਦੇ ਦਹਾੜਨ ਵਰਗੀ ਅਵਾਜ਼ ਗੂੰਜੀ-

"ਆਹ ਕਿਹੜਾ ਹਰਾਮੀ ਆਪਣੀ ਮੌਤ ਨੂੰ 'ਵਾਜਾਂ ਮਾਰਦਾ ਐ ਉਏ ? ਸਾਡੇ ਦੇਸ ਭਗਤ ਨੂੰ ਟਿੱਚਰ ਕਰਕੇ ਮਰਨਾਂ ਐਂ ਤੂੰ ??"

ਬਜ਼ੁਰਗ ਕਹਿੰਦਾ ਕਿ ਨਾਲ਼ ਦੀ ਬੈਰਕ 'ਚੋਂ ਗਰਜ਼ ਸੁਣਕੇ ਪੁਲ਼ਸੀਏ ਦੀਆਂ ਲੱਤਾਂ ਕੰਬਣ ਲੱਗ ਪਈਆਂ ਸਨ, ਨਾਲ਼ੇ ਉਹ ਮਾਫੀ ਮੰਗਣ ਵਾਲ਼ੀ ਟੋਨ੍ਹ ਵਿਚ ਬੋਲਿਆ-"ਜੀ ਰੱਕੜ ਸਾਬ੍ਹ...ਰੱਕੜ ਸਾਬ੍ਹ, ਮ..ਮ..ਮੈਂ ਤਾਂ ਕੁਛ ਨੀ ਕਿਹਾ ਜੀ ਸਰਦਾਰ ਜੀ ਨੂੰ !"

ਬਬਰ ਰਤਨ ਸਿੰਘ ਰੱਕੜ ਵੀ ਸਾਡੇ ਇਲਾਕੇ 'ਚੋਂ ਗੁਜ਼ਰਦੀ ਬਿਸਤ ਦੁਆਬ ਨਹਿਰ ਕੰਢੇ ਸਥਿੱਤ ਪਿੰਡ ਰੱਕੜ ਬੇਟ ਤੋਂ ਸਨ। ਜਿਨ੍ਹਾਂ ਦੀ ਸੂਰਮਗਤੀ ਦੇ ਦਿਲਚਸਪ ਕਿੱਸੇ ਇਲਾਕੇ ਦੀਆਂ ਪੇਂਡੂ ਸੱਥਾਂ ਵਿੱਚ ਅਕਬਰ-ਬੀਰਬਲ ਦੀਆਂ ਕਥਾਵਾਂ ਵਾਂਗ ਸੁਣੇ-ਸੁਣਾਏ ਜਾਂਦੇ ਸਨ !

'ਦਾਤਾ ਤੇ ਭਗਤ ਸੂਰਮੇਂ
ਤਿੰਨੇ ਜੱਗ ਜਿਊਂਦੇ ਨੇ !'

* * * * * * *

## ਮਿੰਨੀ ਕਹਾਣੀ

# ਮ੍ਰਿਤਕ ਦਾ ਪਹਿਚਾਣ ਪੱਤਰ



ਕਿਸੇ ਰਿਸ਼ਤੇਦਾਰ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋਣ ਲਈ ਸ਼ਮਸ਼ਾਨ ਘਾਟ ਦਾਖਲ ਹੁੰਦਿਆ ਹੀ ਮੇਰੀ ਨਜਰ ਸ਼ਮਸ਼ਾਨ ਘਾਟ ਅੰਦਰ ਲੱਗੀ ਇਕ ਤਖਤੀ ਤੇ ਪਈ ਜਿਸ ਉਪਰ ਲਿਖਿਆ ਹੋਇਆ ਸੀ ਕਿ "ਮ੍ਰਿਤਕ ਦਾ ਪਹਿਚਾਣ ਪੱਤਰ" ਨਾਲ ਲੈ ਕੇ ਆਉਣਾ ਜ਼ਰੂਰੀ ਹੈ। ਮੇਰੇ ਮਨ ਅੰਦਰ ਸਵਾਲ ਆਇਆਕਿ ਮ੍ਰਿਤਕ ਦੀ ਕਿਹੜੀ ਪਹਿਚਾਣ ਹੁੰਦੀ ਹੈ ? ਨਾਮ, ਅਹੁਦਾ, ਪਹਿਚਾਣ, ਸ਼ਖਸ਼ੀਅਤ ਸਭ ਕੁ ਤਾਂ ਉਸ ਵੇਲੇ ਹੀ ਖ਼ਤਮ ਹੋ ਜਾਂਦੀ ਹੈ, ਜਦੋਂ ਇਨਸਾਨ ਆਪਣਾ ਆਖਰੀ ਸਾਹ ਲੈਂਦਾ ਹੈ। ਹਾਂ ਕਾਗਜ਼ ਦਾ ਇਕ ਟੁੱਕੜਾ ਮ੍ਰਿਤਕ ਦਾ ਦੁਨਿਆਵੀ ਪਹਿਚਾਣ ਪੱਤਰ ਤਾਂ ਹੋ ਸਕਦਾ ਹੈ, ਪਰ ਤਾਂ ਹੁਣ ਸਿਰਫ ਤੇ ਸਿਰਫ 4 ਮੁੱਠਾਂ ਸਵਾਹ ਦੀਆਂ ਤੇ ਅਗਨੀ ਨਾਲ ਜਲ ਚੁਕੀਆ ਹੱਡੀਆ ਤੋਂ ਇਲਾਵਾ ਇਸ ਦੀ ਕੀ ਪਹਿਚਾਣ ਰਹਿ ਗਈ। ਅਸਲ ਚ ਪਹਿਚਾਣ ਪੱਤਰ ਤਾਂ ਸਾਡਾ ਉਹ ਹੁੰਦਾ ਜੋ ਅਸੀ ਆਪਣੇ ਜੀਉਂਦੇ ਜੀਅ ਜੀਵਨ ਵਿੱਚ ਬਣਾਉਂਦੇ ਹਾਂ - ਸਾਡੇ ਕਰਮ, ਸਾਡੀ ਇਨਸਾਨੀਅਤ, ਸਾਡਾ ਵਰਤਾਅ. ਇਨਸਾਨ ਦਾ ਅਸਲ ਪਹਿਚਾਣ ਪੱਤਰ ਉਸ ਦਾ ਚਿਹਰਾ ਜਾਂ ਨਾਮ ਨਹੀਂ, ਉਹ ਹੈ ਜੋ ਅਸੀਂ ਦੂਜਿਆਂ ਦੇ ਦਿਲਾਂ ਤੇ ਛੱਡ ਜਾਂਦੇ ਹਾਂ। ਇਸ ਲਈ ਜੀਵਨ ਚ ਸਦੀਵੀ ਰਹਿਣ ਵਾਲਾ ਉਹ ਪਹਿਚਾਣ ਪੱਤਰ ਬਣਾ ਕੇ ਜਾਓ ਜੋ ਮੌਤ ਤੋਂ ਬਾਅਦ ਵੀ ਲੋਕਾਂ ਦੇ ਦਿਲਾਂ ਵਿੱਚ ਛਪਿਆ ਰਹੇ !



ਅਮਰਜੀਤ ਸਿੰਘ ਸੰਧੂ
+9198880-23226

# ਰੂਹਾਨੀ ਰਹਿਬਰ ਗੁਰੂ ਗ੍ਰੰਥ ਸਾਹਿਬ ਕਾਨੂੰਨੀ ਦਾਇਰੇ ਵਿਚ ਕਿਉਂ ਹੋਵੇ ?

ਬਲਵਿੰਦਰਪਾਲ ਸਿੰਘ ਪ੍ਰੋਫੈਸਰ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ - ਉਹ ਅਟੱਲ ਸ਼ਬਦ-ਗੁਰੂ, ਜੋ ਨਾ ਸਿਰਫ਼ ਇੱਕ ਰੂਹਾਨੀ ਗ੍ਰੰਥ ਹੈ ਬਲਕਿ ਇੱਕ ਜਾਗਦੀ ਜੋਤ ਹੈ, ਇੱਕ ਅਨਾਦਿ ਸਾਗਰ ਹੈ ਜੋ ਬ੍ਰਹਿਮੰਡੀ ਚੇਤਨਾ ਵਿੱਚ ਵਹਿੰਦਾ ਹੈ। ਪਰ ਅੱਜ ਪੰਜਾਬ ਦੀ ਸਿਆਸੀ ਅਤੇ ਸਮਾਜਿਕ ਫ਼ਿਜ਼ਾ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉੱਤੇ ਇੱਕ ਤਿੱਖੀ ਬਹਿਸ ਛਿੜੀ ਹੋਈ ਹੈ।

ਮਾਨਸਾ ਵਿੱਚ ਲੱਗਾ ਇਹ ਧਰਮ ਯੁੱਧ ਮੋਰਚਾ ਗੁਰੂ ਦੀ ਅਜ਼ਮਤ ਨੂੰ ਅਖੋਂ ਪਰੋਖੇ ਰੱਖ ਕੇ ਇੱਕ ਅਜਿਹੇ ਉਤਾਵਲੇਪਨ ਵਿੱਚ ਫਸਿਆ ਹੋਇਆ ਹੈ ਜੋ ਰੱਬੀ ਗਿਆਨ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨੀ ਉਲਝਣਾਂ ਨਾਲ ਬੰਨ੍ਹਣਾ ਚਾਹੁੰਦਾ ਹੈ। ਇਹ ਮਸਲਾ ਜਜ਼ਬਾਤੀ ਨਹੀਂ, ਇਹ ਗੂੜ੍ਹ ਦਾਰਸ਼ਨਿਕ ਅਤੇ ਸਿਧਾਂਤਕ ਹੈ।

ਸਵਾਲ ਇਹ ਪੈਦਾ ਹੁੰਦਾ ਹੈ - ਕੀ ਅਜੂਨੀ, ਅਵਿਨਾਸ਼ੀ ਸ਼ਬਦ-ਗੁਰੂ ਸਤਿਗੁਰੂ ਗ੍ਰੰਥ ਸਾਹਿਬ ਨੂੰ ਦੁਨਿਆਵੀ ਅਦਾਲਤਾਂ, ਪੁਲਿਸ ਧਾਰਾਵਾਂ ਜਾਂ ਸਰਕਾਰੀ ਫ਼ੈਸਲਿਆਂ ਰਾਹੀਂ ਸੁਰੱਖਿਅਤ ਕੀਤਾ ਜਾ ਸਕਦਾ ਹੈ ? ਜਾਂ ਫਿਰ ਇਸ ਅਣਜਾਣ ਕੋਸ਼ਿਸ਼ ਵਿੱਚ ਅਸੀਂ ਆਪਣੇ ਉਸ ਬੀਜ ਦਾ ਨਾਸ਼ ਤਾਂ ਨਹੀਂ ਕਰ ਰਹੇ ਹਾਂ ਜਿਸ ਸ਼ਬਦ ਗੁਰੂ ਉੱਤੇ ਸਿੱਖ ਪੰਥ ਦੀ ਸਮੁੱਚੀ ਬੁਨਿਆਦ ਖੜ੍ਹੀ ਹੈ ?

ਸਿੱਖ ਪੰਥ ਦੀ ਸਿਰਜਣਾ ਲਈ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਇੱਕ ਅਜਿਹਾ ਚੁਣੌਤੀ ਭਰਪੂਰ ਸਫ਼ਰ ਤੈਅ ਕੀਤਾ ਸੀ ਜਿਸਨੇ ਸਿੱਖ ਧਰਮ ਦਾ ਸਰਬਪੱਖੀ ਵਿਕਾਸ ਕੀਤਾ ਤੇ ਸ਼ਬਦ ਗੁਰੂ ਉਪਰ ਆਧਾਰਿਤ ਸਿੱਖ ਇਨਕਲਾਬ ਖੜਾ ਕੀਤਾ।

ਦਸਵੇਂ ਪਾਤਸ਼ਾਹ ਨੇ ਜਦੋਂ ਸਰੀਰਕ ਚੋਲਾ ਤਿਆਗਣ ਅਤੇ ਗੁਰੂ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਪਤ ਕਰਨ ਦਾ ਫੈਸਲਾ ਸੁਣਾਇਆ ਤਾਂ ਵੈਰਾਗ ਵਿਚ ਆਈ ਤੇ ਬਿਹਬਲ ਹੋਈ ਸੰਗਤ ਨੇ ਕਰੁਣਾਮਈ ਆਵਾਜ਼ ਵਿੱਚ ਪੁੱਛਿਆ ਕਿ ਅਸੀਂ ਤੁਹਾਡੇ ਦਰਸ਼ਨ ਕਿਵੇਂ ਕਰਾਂਗੇ, ਹਜ਼ੂਰੀ ਕਵੀ ਭਾਈ ਨੰਦ ਲਾਲ ਸਿੰਘ ਜੀ ਅਨੁਸਾਰ, ਗੁਰੂ ਪਾਤਸ਼ਾਹ ਨੇ ਫ਼ੁਰਮਾਇਆ

ਦੂਸਰ ਰੂਪ ਗ੍ਰੰਥ ਜੀ ਜਾਨਹੁ।
ਆਪਨ ਅੰਗ ਮੇਰੇ ਕਰਿ
ਮਾਨਹੁ ਮੇਰਾ ਰੂਪ ਗ੍ਰੰਥ ਜੀ ਜਾਨ।
ਇਸ ਮੇਂ ਭੇਦ ਨ ਰੰਚਕ ਮਾਨ

ਜਦੋਂ ਸਿੱਖਾਂ ਨੇ ਪੁੱਛਿਆ ਜੇ ਤੁਹਾਡੇ ਦਰਸ਼ਨਾਂ ਦੀ ਚਾਹ ਹੋਵੇ, ਤਾਂ ਗੁਰੂ ਪਾਤਸ਼ਾਹ ਨੇ ਫੁਰਮਾਇਆ,

'ਜੋ ਸਿਖ ਗੁਰੁ ਦਰਸ਼ਨ ਕੀ ਚਾਹਿ।
ਦਰਸ਼ਨ ਕਰੇ ਗ੍ਰੰਥ ਜੀ ਆਹਿ।'

ਸਿੱਖਾਂ ਨੇ ਪੁੱਛਿਆ ਸਤਿਗੁਰੂ ਜੀ ਜੇ ਤੁਹਾਡੇ ਨਾਲ ਗੱਲਾਂ ਕਰਨੀਆਂ ਹੋਣ, ਤਾਂ ਗੁਰ ਫੁਰਮਾਇਆ !

'ਜੋ ਮਮ ਸਾਥ ਚਹੇ ਕਰਿ ਬਾਤ।
ਗ੍ਰੰਥ ਜੀ ਪੜਹਿ ਬਿਚਾਰਹਿ ਸਾਥ।'

ਜੋ ਸਿੱਖ ਅਗਵਾਈ ਜਾਂ ਆਦੇਸ਼ ਪ੍ਰਾਪਤ ਕਰਨਾ ਚਾਹੁੰਦੇ ਹਨ ਉਨ੍ਹਾਂ ਬਾਰੇ ਫੁਰਮਾਇਆ

'ਜੋ ਮੁਝ ਬਚਨ ਸੁਨਨ ਕੀ ਚਾਇ।
ਗ੍ਰੰਥ ਵਿਚਾਰ ਸੁਨਹੁ ਚਿਤ ਲਾਇ'

ਅਰਥਾਤ ਜੋ ਗੁਰੂ ਤੋਂ ਮਾਰਗ ਦਰਸ਼ਨ ਪ੍ਰਾਪਤ ਕਰਨਾ ਚਾਹੇ ਉਹ ਗੁਰਬਾਣੀ ਦੀ ਵਿਚਾਰ ਕਰ ਅਗਵਾਈ ਪ੍ਰਾਪਤ ਕਰੇ। ਤੇ ਦਸਮ ਪਾਤਿਸ਼ਾਹ ਨੇ ਅੰਮ੍ਰਿਤ ਛਕਾਉਣ ਉਪਰੰਤ 'ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ'

ਖਾਲਸੇ ਤੇ ਬਖਸ਼ਿਸ਼ ਕਰ ਖਾਲਸੇ ਨੂੰ ਗੁਰੂ ਰੂਪ ਪ੍ਰਦਾਨ ਕਰ ਦਿੱਤਾ। ਗੁਰ ਸੰਗਤ ਨੂੰ ਖਾਲਸੇ ਦੇ ਰੂਪ ਵਿਚ ਪ੍ਰਗਟ ਕਰ ਆਪਣਾ ਜਾਮਾ ਬਖਸ਼ ਇਉਂ ਫਰਮਾਇਆ:

ਵਾਹਿ ਸਮੇ ਗੁਰ ਬੈਨ ਸੁਨਾਯੋ।
ਖਾਲਸ ਅਪਨੋ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ।
ਬਖਸ਼ ਕਿਯੋ ਖਾਲਸ ਕੋ ਜਾਮਾ।੩੩
'ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰਹੁ ਨਿਵਾਸ।੩੩੩
ਹਉ ਖਾਲਸੇ ਕਾ ਖਾਲਸਾ ਮੋਰਾ
ਓਤਿ ਪੋਤਿ ਸਾਗਰ ਬੁੰਦੇਰਾ'।

ਭਾਈ ਦਇਆ ਸਿੰਘ ਜੀ ਪ੍ਰਥਮ ਪਿਆਰੇ ਅਨੁਸਾਰ ਗੁਰੂ ਦਸਮੇਸ਼ ਜੀ ਨੇ ਅੱਗੇ ਇਉਂ ਫੁਰਮਾਇਆ

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ,
ਪ੍ਰਗਟਿਓ ਪੰਥ ਮਹਾਨ।
ਗ੍ਰੰਥ ਪੰਥ ਗੁਰੂ ਮਾਨੀਏ, ਤਾਰੇ ਸਕਲ ਕੁਲਾਨ

ਸੋ ਸਿੱਖ ਪੰਥ ਦੀ ਬੁਨਿਆਦ 'ਗੁਰੂ ਮਾਨਿਓ ਗ੍ਰੰਥ' ਉੱਤੇ ਟਿਕੀ ਹੋਈ ਹੈ। ਇਹ ਉਹ ਬਾਣੀ ਹੈ ਜੋ ਹਿਰਦੇ ਵਿੱਚ ਬ੍ਰਹਿਮੰਡੀ ਪ੍ਰਕਾਸ਼ ਫੈਲਾਉਂਦੀ ਹੈ। ਸ਼ਬਦ ਗੁਰੂ ਦਾ ਉਦੇਸ਼ ਬਾਹਰੀ ਰੀਤੀ-ਰਿਵਾਜ ਤੇ ਕਰਮਕਾਂਡ ਨਹੀਂ, ਬਲਕਿ ਰੂਹਾਨੀ ਤਬਦੀਲੀ ਹੈ। ਮਨਮੁਖ ਤੋਂ ਗੁਰਮੁਖ ਬਣਨ ਵਲ ਸਫਰ ਹੈ। ਉਹ ਇੱਕ ਅਜਿਹਾ ਚਾਨਣ ਹੈ ਜੋ ਮਨੁੱਖ ਨੂੰ ਡਰ ਤੋਂ ਰਹਿਤ ਕਰਦਾ ਹੈ ਅਤੇ ਨਿਡਰ ਬਣਾਉਂਦਾ ਹੈ। ਇਹ ਉਹ ਫਲਸਫ਼ਾ ਹੈ ਜੋ 'ਹੱਕ' ਅਤੇ 'ਸੱਚ' ਉੱਤੇ ਖੜ੍ਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ 'ਸਤਿ' ਸ਼ਬਦ ਸਿਰਫ਼ ਅਕਾਲ ਪੁਰਖ ਨਹੀਂ, ਬਲਕਿ ਇੱਕ ਅਜਿਹਾ ਮਨੁੱਖ ਬਣਨ ਦਾ ਸੰਕਲਪ ਹੈ ਜੋ ਅੰਦਰੋਂ-ਬਾਹਰੋਂ ਸੱਚਾ ਹੋਵੇ। 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਵਾਲਾ ਸਿਧਾਂਤ ਹੈ ਜੋ ਮਨੁੱਖ ਨੂੰ ਦੇਵਤਾ ਬਣਾਉਂਦਾ ਹੈ।

ਦਸਵੀਂ ਪਾਤਸ਼ਾਹੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂਆਂ ਦੀ ਪਰੰਪਰਾ ਨੂੰ ਸਮਾਪਤ ਕਰਕੇ ਇਸ ਬਾਣੀ ਨੂੰ ਸਦੀਵੀ ਗੁਰਿਆਈ ਸੌਂਪੀ ਸੀ। ਇਸ ਗ੍ਰੰਥ ਨੂੰ ਕਾਗਜ਼ ਅਤੇ ਸਿਆਹੀ ਵਿੱਚ ਬੰਦ ਨਹੀਂ ਕੀਤਾ ਜਾਣਾ ਚਾਹੀਦਾ, ਬਲਕਿ ਇਸ ਨੂੰ ਹਰ ਸਿਖ ਹਿਰਦੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਜੀਵੰਤ ਸ਼ਬਦ ਵਜੋਂ ਵਸਾਉਣ ਦੀ ਲੋੜ ਹੈ। ਬਾਣੀ ਅਗੰਮੀ ਹੈ, ਉਸ ਨੂੰ ਨਾ ਕੋਈ ਸਾੜ ਸਕਦਾ ਹੈ, ਨਾ ਮਿਟਾ ਸਕਦਾ ਹੈ ਅਤੇ ਨਾ ਹੀ ਕਿਸੇ ਅਦਾਲਤੀ ਫ਼ੈਸਲੇ ਨਾਲ ਇਸ ਨੂੰ ਬੰਨਣ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਪੰਥ ਦੀ ਰੂਹ



ਵਿਚ ਹੈ। ਇਸ ਖਿਆਲ ਨੂੰ ਭਾਈ ਪ੍ਰਹਿਲਾਦ ਸਿੰਘ ਜੀ ਨੇ ਬਾਖੂਬੀ ਏਸ ਤਰਾਂ ਬਿਆਨ ਕੀਤਾ ਸੀ:

ਆਗਿਆ ਭਈ ਅਕਾਲ ਕੀ,
ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ,
ਗੁਰੂ ਮਾਨਿਓ ਗ੍ਰੰਥ।
ਗੁਰੂ ਪੰਥ ਜੀ ਮਾਨਿਓ,
ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ,
ਖੋਜ ਸ਼ਬਦ ਮਹਿ ਲੇ।

ਮਤਲਬ ਗੁਰੂ ਪੰਥ ਗੁਰੂ ਦੀ ਪ੍ਰਗਟ ਦੇਹ ਹੈ ਤੇ ਗੁਰੂ ਗ੍ਰੰਥ ਸਾਹਿਬ ਗੁਰੂ ਦੀ ਆਤਮਾ ਹੈ। ਜਦੋਂ ਅਸੀਂ ਇਸ ਨੂੰ ਕਾਨੂੰਨੀ ਪਰਿਭਾਸ਼ਾਵਾਂ ਵਿੱਚ ਬੰਨ੍ਹਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਉਸ ਸਲੋਕ ਨੂੰ ਰੱਦ ਕਰ ਰਹੇ ਹਾਂ ਜਿਸ ਵਿੱਚ ਗੁਰੂ ਨੇ ਆਖਿਆ ਸੀ - 'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ'। ਇਸ ਬਾਣੀ ਨੂੰ ਰੱਬੀ ਰੂਪ ਵਜੋਂ ਮੰਨਣ ਵਾਲਾ ਸਿੱਖ ਕਿਉਂ ਫਿਰ ਇਸ ਨੂੰ ਕਨੂੰਨ ਦੇ ਬੰਧਨਾਂ ਵਿੱਚ ਬੰਨ੍ਹਣ ਲਈ ਉਤਾਵਲਾ ਹੋਵੇ ?

ਕੀ ਇੱਕ ਦੁਨਿਆਵੀ ਜੱਜ ਗੁਰੂ ਦੀ ਪਵਿੱਤਰਤਾ ਦਾ ਮਾਪਦੰਡ ਤੈਅ ਕਰ ਸਕਦਾ ਹੈ ? ਇਹ ਤਾਂ ਖੁਦ ਗੁਰੂ ਦੀ ਸਰਵਉੱਚਤਾ ਨੂੰ ਚੁਣੌਤੀ ਹੈ।

ਅੱਜਕੱਲ੍ਹ ਇੱਕ ਰੁਝਾਨ ਵਧ ਰਿਹਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਹਰ ਰੂਪ ਨੂੰ ਇੱਕ ਸੰਸਥਾਗਤ ਨਿਗਰਾਨੀ ਹੇਠ ਲਿਆਉਣਾ ਚਾਹੁੰਦਾ ਹੈ - ਚਾਹੇ ਉਹ ਸਰੂਪਾਂ ਦੀ ਵਿਦੇਸ਼ ਯਾਤਰਾ ਹੋਵੇ ਜਾਂ ਘਰਾਂ ਵਿੱਚ ਪ੍ਰਕਾਸ਼ ਦਾ ਨਿਯਮ। ਇਹ ਰੁਝਾਨ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਵਿਕਾਸ ਅਗੇ ਕੂੜ ਦੀ ਕੰਧ ਖੜੀ ਕਰ ਰਿਹਾ ਹੈ।

ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਯੁੱਧਾਂ ਅਤੇ ਬਿਖੜੀਆਂ ਰਾਤਾਂ ਵਿੱਚ ਵੀ ਗੁਰੂ ਸਾਹਿਬ ਦੇ ਸਰੂਪ ਨੂੰ ਆਪਣੇ ਸੀਨੇ ਨਾਲ ਲਾ ਕੇ ਰੱਖਿਆ ਹੈ - ਹਰ ਕੋਈ ਸਿੱਖ ਆਪਣੀ ਸ਼ਰਧਾ ਅਨੁਸਾਰ ਉਸ ਛੱਤਰ-ਛਾਇਆ ਹੇਠ ਜੀਵਨ ਬਤੀਤ ਕਰਦਾ ਆਇਆ ਹੈ। ਪਰ ਅੱਜ ਅਸੀਂ ਉਸ ਰੂਹਾਨੀ ਰਿਸ਼ਤੇ ਨੂੰ ਰੀਤੀ-ਰਿਵਾਜਾਂ, ਕਰਮਕਾਂਡਾਂ, ਆਪਣੀਆਂ ਮਿਥੀਆਂ ਮਰਿਆਦਾਵਾਂ ਵਿੱਚ ਜਕੜ ਕੇ ਆਪਣੇ ਰੂਹਾਨੀ ਵਿਕਾਸ ਵਿਚ ਇੱਕ ਬੇਲੋੜੀ ਕੰਧ ਖੜ੍ਹੀ ਕਰ ਰਹੇ ਹਾਂ। ਗੁਰੂ ਤਾਂ ਰਹਿਬਰ ਹੈ ਜੋ ਸਿੱਖ ਦੇ ਨਾਲ ਉਸਦੇ ਹਰ ਸਫ਼ਰ ਵਿੱਚ ਸਾਥ ਦਿੰਦਾ ਹੈ - ਉਸ ਨੂੰ ਨਿਯਮਾਂ ਦੀਆਂ ਬੰਦਿਸ਼ਾਂ ਵਿੱਚ ਕੈਦ ਕਰਨਾ ਤਾਂ ਉਸ ਅਨੰਤ ਪ੍ਰਕਾਸ਼ ਨੂੰ ਰੋਕਣ ਵਰਗਾ ਹੈ।

ਅਸਲ ਬੇਅਦਬੀ ਦੀ ਪਰਿਭਾਸ਼ਾ ਇੱਥੇ ਹੀ ਖੁਲ੍ਹ ਕੇ ਸਾਹਮਣੇ ਆਉਂਦੀ ਹੈ। ਕਾਨੂੰਨੀ ਨਜ਼ਰੀਏ ਤੋਂ ਕਿਸੇ ਭੌਤਿਕ ਵਸਤੂ ਨੂੰ ਨੁਕਸਾਨ ਪਹੁੰਚਾਉਣਾ ਅਪਰਾਧ ਹੋ ਸਕਦਾ ਹੈ, ਪਰ ਸਿੱਖੀ ਦੀ ਨਜ਼ਰ ਵਿੱਚ ਅਸਲ ਬੇਅਦਬੀ ਗੁਰੂ ਦੇ ਮਾਰਗ ਤੋਂ ਭਟਕਣਾ ਹੈ - ਉਹ ਸੱਚ, ਹੱਕ ਅਤੇ ਹਲਾਲ ਤੋਂ ਮੁਨਕਰ ਹੋਣਾ ਹੈ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਵਾਲੀ ਬਾਣੀ ਦੇ ਉਲਟ ਜਾ ਕੇ ਜਾਤੀਵਾਦੀ ਸਿਸਟਮ ਅਪਣਾਉਣਾ, ਬ੍ਰਾਹਮਣਵਾਦੀ ਰਸਮਾਂ ਵਿੱਚ ਫਸਣਾ ਅਤੇ ਭ੍ਰਿਸ਼ਟਾਚਾਰ ਨੂੰ ਆਪਣਾ ਲੈਣਾ - ਇਹੀ ਅਸਲ ਬੇਅਦਬੀ ਹੈ। ਜਦੋਂ ਅਸੀਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਬਾਹਰੀ ਰੀਤੀ-ਰਿਵਾਜਾਂ ਅਤੇ ਦਿਖਾਵੇ ਤੱਕ ਸੀਮਤ ਕਰ ਦਿੰਦੇ ਹਾਂ ਤਾਂ ਅਸੀਂ ਉਸ ਮਕਸਦ ਤੋਂ ਭਟਕ ਜਾਂਦੇ ਹਾਂ ਜਿਸ ਲਈ ਗੁਰੂ ਨੇ ਸ਼ਬਦ ਨੂੰ ਗੁਰੂ ਥਾਪਿਆ ਸੀ। ਮਕੈਨੀਕਲ ਸਤਿਕਾਰ ਕਦੇ ਵੀ ਅੰਦਰੂਨੀ ਸ਼ਰਧਾ ਦੀ ਥਾਂ ਨਹੀਂ ਲੈ ਸਕਦਾ ਨਾ ਹੀ ਸਿੱਖੀ ਦਾ ਵਿਕਾਸ ਕਰ ਸਕਦਾ ਹੈ। -

ਵਿਸ਼ੇਸ਼ ਧਰਮ ਲਈ ਵੱਖਰੇ ਅਤੇ ਵਧੇਰੇ ਸਖ਼ਤ ਕਾਨੂੰਨਾਂ ਦੀ ਮੰਗ ਇੱਕ ਅਜਿਹਾ ਰਾਹ ਖੋਲ੍ਹ ਸਕਦੀ ਹੈ ਜਿੱਥੇ ਸਟੇਟ ਤੇ ਕਨੂੰਨ ਸਿੱਖ ਧਰਮ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਸ਼ੁਰੂ ਕਰ ਦੇਵੇ। ਇਹ ਤਾਂ ਇੱਕ ਅਜਿਹੀ ਖਾਈ ਹੈ ਜਿਸ ਵਿੱਚ ਸਿੱਖ ਪੰਥ ਦੀ ਅਜ਼ਾਦੀ, ਵਾਜੂਦ ਡਿੱਗ ਸਕਦਾ ਹੈ। ਜੇਕਰ ਅਦਾਲਤਾਂ ਇਹ ਤੈਅ ਕਰਨ ਲੱਗ ਪਈਆਂ ਕਿ ਗੁਰੂ ਸਾਹਿਬ ਦਾ ਸਤਿਕਾਰ ਕਿਵੇਂ ਹੋਣਾ ਚਾਹੀਦਾ ਹੈ ਤਾਂ ਇਹ ਖੁਦ ਗੁਰੂ ਦੀ ਸਰਵਉੱਚਤਾ ਉੱਤੇ ਪ੍ਰਸ਼ਨ ਚਿੰਨ੍ਹ ਹੋਵੇਗਾ। ਇਸ ਤੋਂ ਵਡੀ ਬੇਅਦਬੀ ਕੀ ਹੋਵੇਗੀ ?

ਸੱਚ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਕਿਸੇ ਕਾਨੂੰਨੀ ਸੁਰੱਖਿਆ ਜਾਂ ਸਰਕਾਰੀ ਛੱਤਰ ਦੀ ਮੁਹਤਾਜ ਨਹੀਂ। ਇਹ ਉਹ ਅਨੰਤ ਪ੍ਰਕਾਸ਼ ਹੈ ਜੋ ਸਦੀਆਂ ਤੋਂ ਹਨੇਰੇ ਵਿੱਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਂਦਾ ਆਇਆ ਹੈ। ਸਿੱਖ ਪੰਥ ਨੂੰ ਚਾਹੀਦਾ ਹੈ ਕਿ ਉਹ ਗੁਰੂ ਸਾਹਿਬ ਦੇ ਸਰੂਪ ਨੂੰ ਕਾਨੂੰਨੀ ਜਾਇਦਾਦ ਵਜੋਂ ਪੇਸ਼ ਕਰਨ ਦੀ ਬਜਾਏ ਉਨ੍ਹਾਂ ਦੇ ਗਿਆਨ ਨੂੰ ਘਰ-ਘਰ, ਹਿਰਦੇ-ਹਿਰਦੇ ਤੱਕ ਪਹੁੰਚਾਉਣ ਵੱਲ ਧਿਆਨ ਦੇਵੇ। ਗੁਰੂ ਦੀ ਸੁਰੱਖਿਆ ਕਾਨੂੰਨ ਦੀਆਂ ਕਿਤਾਬਾਂ ਵਿੱਚ ਨਹੀਂ, ਬਲਕਿ ਸਿੱਖ ਦੇ ਹਿਰਦੇ ਅਤੇ ਅਮਲੀ ਜੀਵਨ ਵਿੱਚ ਹੋਣੀ ਚਾਹੀਦੀ ਹੈ। ਜਿਸ ਦਿਨ ਸਿੱਖ ਗੁਰੂ ਦੀ ਸਿੱਖਿਆ ਉੱਤੇ ਚੱਲਣਾ ਸ਼ੁਰੂ ਕਰ ਦੇਵੇਗਾ, ਉਸ ਦਿਨ ਕੋਈ ਵੀ ਦੁਨਿਆਵੀ ਤਾਕਤ ਬੇਅਦਬੀ ਕਰਨ ਦਾ ਹੌਸਲਾ ਨਹੀਂ ਕਰ ਸਕੇਗੀ। ਸ਼ਬਦ ਅਟੱਲ ਹੈ, ਅਵਿਨਾਸ਼ੀ ਹੈ ਅਤੇ ਇਸ ਦੀ ਅਜ਼ਮਤ ਨੂੰ ਕਿਸੇ ਕਾਨੂੰਨੀ ਕੰਧ ਵਿੱਚ ਚਿਣਿਆ ਨਹੀਂ ਜਾ ਸਕਦਾ। ਇਸ ਨੂੰ ਸਿਰਫ਼ ਅੰਦਰੂਨੀ ਰੂਹਾਨੀ ਯਾਤਰਾ ਰਾਹੀਂ ਹੀ ਸਿੱਖ ਸਮਝ ਸਕਦਾ ਹੈ।

* * * * * * *

# ਰੁੜ੍ਹਦਾ ਭਾਰਤ-ਉੱਡਦੀ ਸਿੱਖਿਆ !

ਗੁਰਮੀਤ ਸਿੰਘ ਪਲਾਹੀ
-9815802070



ਪਿਛਲੇ ਇੱਕ ਦਹਾਕੇ ਵਿੱਚ ਲਗਭਗ 94,000 ਸਰਕਾਰੀ ਸਕੂਲ ਪੂਰੇ ਦੇਸ਼ ਵਿੱਚ ਬੰਦ ਹੋਏ ਹਨ। ਦੇਸ਼ ਦਾ ਹਾਕਮ ਪੂਰੇ ਮਾਣ ਨਾਲ ਇਹ ਹੁੱਬਕੇ ਦਸਦਾ ਹੈ ਕਿ ਇੱਥੇ ਪਹਾੜੀ ਅਤੇ ਦੂਰ-ਦੁਰਾਡੇ ਜੰਗਲ ਵਿੱਚ ਇੱਕ ਵੋਟਰ ਲਈ ਪੋਲਿੰਗ ਸਟੇਸ਼ਨ ਬਣਦਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਬੱਚੇ ਲਈ, ਜੋ ਪੜ੍ਹਨਾ ਚਾਹੁੰਦਾ ਹੈ, ਇੱਕ ਸਕੂਲ ਨੂੰ ਉਸ ਲਈ ਚੱਲਦਾ ਕਿਉਂ ਨਹੀਂ ਰੱਖ ਸਕਦਾ?

ਪਿਛਲੇ ਦਿਨੀਂ ਸੰਸਦ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸਿੱਖਿਆ ਮੰਤਰਾਲੇ ਨੇ ਦੱਸਿਆ ਕਿ ਸਾਲ 2014-15 ਵਿੱਚ ਦੇਸ਼ ਵਿੱਚ 11 ਲੱਖ 7 ਹਜ਼ਾਰ101 ਸਰਕਾਰੀ ਸਕੂਲ ਸਨ, ਜੋ ਸਾਲ 2024-25 ਵਿੱਚ ਘੱਟ ਕੇ 10 ਲੱਖ 13 ਹਜ਼ਾਰ 222 ਰਹਿ ਗਏ। ਜਾਣੀ 93 ਹਜ਼ਾਰ 779 ਸਕੂਲ ਬੰਦ ਕਰ ਦਿੱਤੇ ਗਏ। ਸਿੱਧਾ ਅਰਥ ਇਹ ਕਿ ਬੀਤੇ 10 ਸਾਲਾਂ ਵਿੱਚ ਹਰ ਰੋਜ਼ 25 ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ। ਦੂਜੇ ਪਾਸੇ ਇਹ ਵੱਡਾ ਸੱਚ ਵੀ ਸਾਹਮਣੇ ਆਇਆ ਕਿ ਇਸ ਸਮੇਂ ਦੌਰਾਨ 51 ਹਜ਼ਾਰ ਪ੍ਰਾਈਵੇਟ ਨਿੱਜੀ ਸਕੂਲ ਨਵੇਂ ਖੁਲ੍ਹੇ। ਵਰਨਣਯੋਗ ਹੈ ਕਿ ਔਸਤਨ ਸਰਕਾਰੀ ਸਕੂਲ 'ਚ 2,863 ਰੁਪਏ ਅਤੇ ਪ੍ਰਾਈਵੇਟ ਸਕੂਲ 'ਚ 25,002 ਰੁਪਏ ਇੱਕ ਵਿਦਿਆਰਥੀ ਦਾ ਖ਼ਰਚਾ ਹੈ।

ਇਹਨਾਂ ਦਸ ਵਰ੍ਹਿਆਂ ਦੌਰਾਨ ਸਰਕਾਰੀ ਸਕੂਲਾਂ ਵਿੱਚ ਸਵਾ ਦੋ ਕਰੋੜ ਵਿਦਿਆਰਥੀਆਂ ਦੀ ਐਨਰੋਲਮੈਂਟ(ਦਾਖ਼ਲਾ) 'ਚ ਕਮੀ ਆਈ ਜਦ ਕਿ ਇਹਨਾਂ ਵਿੱਚੋਂ ਨਿੱਜੀ ਸਕੂਲਾਂ 'ਚ ਇੱਕ ਕਰੋੜ ਬਾਰਾਂ ਲੱਖ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਅਤੇ ਇੱਕ ਕਰੋੜ ਬਾਰਾਂ ਲੱਖ ਵਿਦਿਆਰਥੀ ਸਕੂਲਾਂ ਤੋਂ ਬਾਹਰ ਭਾਵ ਸਿੱਖਿਆ ਤੰਤਰ ਤੋਂ ਬਾਹਰ ਚਲੇ ਗਏ। ਸਿੱਧਾ ਅਰਥ ਇਹ ਨਿਕਲਿਆ ਕਿ ਹਰ ਪੜ੍ਹਨ ਯੋਗ ਪੰਜਵਾਂ ਬੱਚਾ ਸਕੂਲੋਂ ਬਾਹਰ ਕਰ ਦਿੱਤਾ ਗਿਆ।

2014-15 ਵਿੱਚ ਦੇਸ਼ ਦੀ ਕੁੱਲ ਅਬਾਦੀ 130 ਕਰੋੜ 90 ਲੱਖ ਸੀ। ਕੁੱਲ ਸਰਕਾਰੀ ਅਤੇ ਪ੍ਰਾਈਵੇਟ 15 ਲੱਖ 16 ਹਜ਼ਾਰ 892 ਸਕੂਲ ਸਨ, ਜਿਹਨਾਂ ਵਿੱਚ 26 ਕਰੋੜ 95 ਲੱਖ 6 ਹਜ਼ਾਰ 270 ਵਿਦਿਆਰਥੀ ਪੜ੍ਹਦੇ ਸਨ। 2024-25 'ਚ ਅਬਾਦੀ 15 ਕਰੋੜ 4 ਲੱਖ ਵੱਧ ਗਈ। ਭਾਵ ਅਬਾਦੀ 146 ਕਰੋੜ 30 ਲੱਖ ਹੋ ਗਈ, ਕੁੱਲ ਸਕੂਲ 14 ਲੱਖ 71 ਹਜ਼ਾਰ 473 ਰਹਿ ਗਏ ਅਤੇ ਵਿਦਿਆਰਥੀ ਦੀ ਗਿਣਤੀ 24 ਕਰੋੜ 69 ਲੱਖ 32 ਹਜ਼ਾਰ 680 ਤੱਕ ਸਿਮਟ ਗਈ। ਜੇਕਰ ਵਿਦਿਆਰਥੀ ਐਨਰੋਲਮੈਂਟ ਵੇਖੀ ਜਾਵੇ ਤਾਂ ਇਹ ਸਿੱਧਾ ਲਗਭਗ 20 ਫ਼ੀਸਦੀ ਦਾ ਗਿਰਾਵਟ ਅੰਤਰ ਦਸਦੀ ਹੈ।

ਸਕੂਲ ਬੰਦ ਹੋਣ ਦੀ ਪ੍ਰਵਿਰਤੀ ਉੱਤਰੀ ਅਤੇ ਪੂਰਬੀ ਸੂਬਿਆਂ 'ਚ ਵੱਧ ਵੇਖਣ ਨੂੰ ਮਿਲੀ, ਜਿਥੇ ਮੱਧ ਪ੍ਰਦੇਸ਼ ਵਿੱਚ 30 ਹਜ਼ਾਰ ਅਤੇ ਉੱਤਰ ਪ੍ਰਦੇਸ਼ ਵਿੱਚ 25 ਹਜ਼ਾਰ ਸਕੂਲ ਬੰਦ ਹੋ ਗਏ, ਜਦ ਕਿ ਦੱਖਣੀ ਸੂਬਿਆਂ ਤਾਮਿਲਨਾਡੂ ਅਤੇ ਕੇਰਲ ਵਿੱਚ ਕਰਮਵਾਰ 285 ਅਤੇ 296 ਸਕੂਲ ਹੀ ਬੰਦ ਹੋਏ।

ਸਰਕਾਰ ਦੀ ਨੀਤ ਅਤੇ ਨੀਤੀ ਇਸ ਤੱਥ ਤੋਂ ਸਪਸ਼ਟ ਹੁੰਦੀ ਹੈ ਕਿ ਆਪਣੀ ਨਿੱਜੀਕਰਨ ਦੀ ਪਾਲਿਸੀ ਦੇ ਅਧੀਨ ਸਰਕਾਰੀ ਸਕੂਲਾਂ ਤੋਂ ਬਾਹਰ ਹੋਏ ਵਿਦਿਆਰਥੀਆਂ ਵਿੱਚੋਂ ਅੱਧੇ ਨਿਜੀ ਸਕੂਲਾਂ 'ਚ ਦਾਖ਼ਲ ਹੋਏ, ਜਿੱਥੇ ਉਹਨਾਂ ਨੂੰ ਮਹਿੰਗੀ ਸਿੱਖਿਆ ਲੈਣ ਲਈ ਮਜ਼ਬੂਰ ਹੋਣਾ ਪਿਆ। 2014-15 ਵਿੱਚ 11 ਲੱਖ 7 ਹਜ਼ਾਰ ਤੋਂ ਵਧ ਸਰਕਾਰੀ ਸਕੂਲਾਂ ਵਿੱਚ 14 ਕਰੋੜ 40 ਲੱਖ 81 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ ਜਦ ਕਿ ਦੋ ਲੱਖ 88 ਹਜ਼ਾਰ ਤੋਂ ਵੱਧ ਨਿੱਜੀ ਸਕੂਲਾਂ ਵਿੱਚ 8 ਕਰੋੜ 46 ਲੱਖ 42 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ। 2024-25 ਵਿੱਚ ਸਰਕਾਰੀ ਸਕੂਲ ਘੱਟਕੇ 10 ਲੱਖ 13 ਹਜ਼ਾਰ ਤੋਂ ਕੁਝ ਵੱਧ ਰਹਿ ਗਏ। ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਘਟਕੇ 12 ਕਰੋੜ 15 ਲੱਖ, ਲਗਭਗ 90 ਹਜ਼ਾਰ ਰਹਿ ਗਈ ਜਦ ਕਿ ਨਿੱਜੀ ਸਕੂਲ ਵਧਕੇ 3 ਲੱਖ 40 ਹਜ਼ਾਰ ਹੋ ਗਏ ਅਤੇ ਵਿਦਿਆਰਥੀ ਵੱਧਕੇ 9 ਕਰੋੜ 58 ਲੱਖ 56 ਹਜ਼ਾਰ ਤੋਂ ਕੁਝ ਉੱਪਰ ਚਲੇ ਗਏ।

ਸਪਸ਼ਟ ਵਿਖਾਈ ਦਿੰਦਾ ਹੈ ਅੰਕੜਿਆਂ ਅਤੇ ਪ੍ਰਾਪਤ ਸੂਚਨਾਵਾਂ ਤੋਂ ਕਿ ਮੌਜੂਦਾ ਸਰਕਾਰ ਸਿੱਖਿਆ ਪ੍ਰਤੀ ਫ਼ਰਜ਼ਾਂ ਤੋਂ ਉਵੇਂ ਦੀ ਹੀ ਕੁਤਾਹੀ ਕਰ ਰਹੀ ਹੈ, ਜਿਵੇਂ ਦੀ ਕੁਤਾਹੀ ਸਿਹਤ ਸੁਵਿਧਾਵਾਂ ਪ੍ਰਤੀ ਹੈ। ਕਰੋਨਾ ਕਾਲ ਇਸਦਾ ਗਵਾਹ ਹੈ, ਜਦੋਂ ਸਿਹਤ ਸੁਵਿਧਾਵਾਂ ਦਾ ਦੀਵਾਲਾ ਨਿਕਲਿਆ ਦਿਸਿਆ। ਸਿੱਖਿਆ ਖੇਤਰ ਵੀ ਉਦੋਂ ਚਰਮਰਾ ਗਿਆ ਸੀ।

ਕਹਿਣ ਨੂੰ ਤਾਂ ਭਾਵੇਂ ਸਿਹਤ ਅਤੇ ਸਿੱਖਿਆ ਸਰਕਾਰਾਂ ਦੀਆਂ ਮੁੱਖ ਤਰਜੀਹਾਂ ਹਨ, ਪਰ ਅਸਲ ਅਰਥਾਂ 'ਚ ਸਰਕਾਰ, ਲੋਕ ਸਰੋਕਾਰਾਂ ਤੋਂ ਅੱਖਾਂ ਮੀਟਕੇ ਬੈਠੀ ਹੋਈ ਹੈ। ਨਵੀਂ ਸਿੱਖਿਆ ਨੀਤੀ ਦੀਆਂ ਵੱਡੀਆਂ ਗੱਲਾਂ ਹੋ ਰਹੀਆਂ ਹਨ। ਪੀਐੱਮ ਸ਼੍ਰੀ (ਪੀਐੱਮ ਸਕੂਲਜ਼ ਫਾਰ ਰਾਈਜਿੰਗ ਇੰਡੀਆ) ਯੋਜਨਾ ਸਮੇਤ ਹੋਰ ਬਹੁਤ ਸਾਰੀਆਂ ਪੀ.ਐੱਮ. ਦੇ ਨਾਂਅ ਵਾਲੀਆ ਯੋਜਨਾਵਾਂ ਲਗਭਗ ਫੇਲ੍ਹ ਹੋ ਰਹੀਆਂ ਹਨ, ਜਿਹੜੀਆਂ ਸਿਰਫ਼ ਪ੍ਰਚਾਰ ਦੀ ਖ਼ਾਤਰ ਆਰੰਭੀਆਂ ਗਈਆਂ ਅਤੇ ਵੋਟਰਾਂ ਨੂੰ ਭਰਮ ਜਾਲ 'ਚ ਫਸਾਉਣ ਦਾ ਯਤਨ ਹੈ। ਪਰ ਜਿਹੜੇ ਲੋਕਾਂ ਦੇ ਅਸਲ ਸਰੋਕਾਰ ਹਨ, ਜਿਹੜੇ ਲੋਕ ਸੋਚ ਅਤੇ ਵਿਚਾਰ ਨਾਲ ਜੁੜੇ ਹਨ, ਉਹਨਾਂ ਨੂੰ ਖੁੰਡਿਆ ਕਰਨ ਅਤੇ ਧਰਮ ਜਾਲ 'ਚ ਫਸਾਉਣ ਦੀ ਸਾਜ਼ਿਸ਼ ਪਿਛਲੇ ਦਹਾਕੇ ਤੋਂ ਪੂਰੇ ਜ਼ੋਰ 'ਤੇ ਹੈ। ਸਵਾਲ ਉੱਠਦਾ ਹੈ ਕਿ ਭਾਰਤੀ ਸੰਵਿਧਾਨ 'ਚ ਦਰਜ਼ ਸਿੱਖਿਆ ਦਾ ਮੁਢਲਾ ਅਧਿਕਾਰ ਸਰਕਾਰ ਦੀ ਪਹਿਲ ਕਿਉਂ ਨਹੀਂ ਹੈ? ਕਿਉਂ ਸਿੱਖਿਆ ਨਿੱਜੀਕਰਨ ਦੇ ਰਾਹ ਪਾਕੇ "ਅਮੀਰਾਂ ਦਾ ਹੱਕ" ਬਣਾਈ ਜਾ ਰਹੀ ਹੈ? ਕਿਉਂ ਹਰ ਇੱਕ ਨੂੰ ਬਰਾਬਰ ਦੀ ਸਿੱਖਿਆ ਪ੍ਰਦਾਨ ਕਰਨ ਵੱਲ ਮੋੜਾ ਨਹੀਂ ਕੱਟਿਆ ਜਾ ਰਿਹਾ? ਹਾਕਮਾਂ ਦੀਆਂ ਗਲਤ ਆਰਥਿਕ ਨੀਤੀਆਂ ਕਾਰਨ ਦੇਸ਼ ਦਾ ਗ਼ਰੀਬ ਵਰਗ ਪ੍ਰੇਸ਼ਾਨ ਹੈ। ਗ਼ਰੀਬ ਦੇ ਬੱਚੇ ਮਹਿੰਗਾਈ ਦੀ ਮਾਰ ਸਹਿੰਦੇ, ਸਿੱਖਿਆ ਤੋਂ ਦੂਰ ਕੀਤੇ ਜਾ ਰਹੇ ਹਨ। ਹਜ਼ਾਰਾਂ ਨਹੀਂ ਲੱਖਾਂ ਬੱਚੇ ਸਕੂਲ ਨਹੀਂ ਜਾ ਪਾਉਂਦੇ। ਬਾਲ ਮਜ਼ਦੂਰੀ ਵੱਲ ਧੱਕੇ ਜਾ ਰਹੇ ਹਨ। ਸਕੂਲਾਂ ਵਿੱਚ ਪ੍ਰਾਇਮਰੀ ਸਿੱਖਿਆ ਉਪਰੰਤ ਹਾਈ ਸਕੂਲ ਤੇ ਉਚੇਰੀ ਸਿੱਖਿਆ ਤੱਕ ਪਹੁੰਚ ਬੇਹੱਦ ਔਖੀ ਹੋ ਗਈ ਹੈ। ਭਾਰਤ ਦੀਆਂ ਆਰਥਿਕ ਨੀਤੀਆਂ ਇਸ ਭਰਮ ਵਿੱਚ ਹਨ ਕਿ ਦੇਸ਼ ਤੇਜ਼ੀ ਨਾਲ ਉਭਰਦੀ ਅਰਥ ਵਿਵਸਥਾ ਬਣਦਾ ਜਾ ਰਿਹਾ ਹੈ। ਇਸਦੇ ਚਲਦਿਆਂ ਵਿਦੇਸ਼ੀ ਨਿਵੇਸ਼ ਭਾਰਤ ਦੇ ਬਜ਼ਾਰਾਂ 'ਚ ਆ ਰਿਹਾ ਹੈ। ਕਾਰਪੋਰੇਟਾਂ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਜਿਸਦਾ ਸਿੱਧਾ ਅਸਰ ਭਾਰਤੀ ਬਜ਼ਾਰ 'ਤੇ ਵੇਖਿਆ ਜਾ ਰਿਹਾ ਹੈ ਅਤੇ ਜਿਸਦਾ ਸਭ ਤੋਂ ਵੱਧ ਅਸਰ ਆਮ ਆਦਮੀ 'ਤੇ ਪੈਂਦਾ ਹੈ। ਭਾਰਤ ਅੱਜ ਜਦੋਂ ਤੇਜ਼ੀ ਨਾਲ ਅੱਗੇ ਵੱਧਣ ਦਾ ਸੁਪਨਾ ਪਾਲ ਰਿਹਾ ਹੈ, ਇਸ ਸਥਿਤੀ 'ਚ ਸਮਾਜ ਦਾ ਅਸੰਗਠਿਤ ਖੇਤਰ (ਜੋ ਲੱਗਭਗ 44 ਕਰੋੜ ਲੋਕ ਹਨ) ਸੰਕਟ 'ਚ ਫਸ ਰਿਹਾ ਹੈ। ਜੇਕਰ ਸਰਕਾਰੀ ਨੀਤੀਆਂ ਇਹੋ ਰਹੀਆਂ ਤਾਂ ਆਮ ਆਦਮੀ ਲਈ ਸਿੱਖਿਆ ਤੱਕ ਪਹੁੰਚ ਹੋਰ ਵੀ ਔਖੀ ਹੋ ਜਾਏਗੀ, ਉਹ ਸਿਰਫ਼ ਜੀਊਣ ਲਈ ਅੰਨ ਕਮਾਉਣ ਜੋਗਾ, ਅਤੇ ਮੁੜ ਸਰਕਾਰੀ ਖ਼ੈਰਾਤ (ਮੁਫ਼ਤ ਅਨਾਜ ਤੇ ਹੋਰ ਸੁਵਿਧਾਵਾਂ) ਤੱਕ ਸੀਮਤ ਹੋ ਕੇ ਰਹਿ ਜਾਏਗਾ। ਜਿਸ ਦਾ ਅਰਥ ਉਸਦੇ ਬੱਚਿਆਂ ਦੀ ਸਕੂਲ ਤੋਂ ਦੂਰੀ ਹੋਰ ਵੀ ਵੱਧ ਜਾਏਗੀ। ਭਾਰਤ ਡਿਜ਼ੀਟਲ ਹੁੰਦਿਆਂ ਵੀ ਪਿਛਲਖੁਰੀ ਤੁਰਦਾ ਵਿਖਾਈ ਦੇਵੇਗਾ।

ਵੇਖਣ-ਪਾਖਣ ਦੀ ਗੱਲ ਤਾਂ ਇਹ ਹੈ ਕਿ ਸਰਕਾਰ ਦੀਆਂ ਤਰਜੀਹਾਂ ਕੀ ਹਨ? ਕੀ ਲੋਕ-ਹਿੱਤ, ਲੋਕ-ਭਲਾਈ, ਲੋਕ-ਸਰੋਕਾਰ ਉਸਦਾ ਮੁੱਢਲਾ ਉਦੇਸ਼ ਹੈ ਤਾਂ ਸਰਕਾਰ ਲੋਕ-ਹਿਤੈਸ਼ੀ ਹੈ। ਜੇਕਰ ਉਸਦਾ ਉਦੇਸ਼ ਲੋਕ ਮਾਰੂ ਕਾਨੂੰਨ ਬਣਾਉਣਾ, ਸੰਵਿਧਾਨਿਕ ਕਦਰਾਂ-ਕੀਮਤਾਂ, ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਨੂੰ ਪੈਰਾਂ ਹੇਠ ਮਧੋਲਣਾ ਹੈ ਤਾਂ ਉਹ ਲੋਕ ਮਾਰੂ ਸਰਕਾਰ ਹੈ।

ਪਿਛਲੇ ਸਾਲਾਂ ਤੋਂ ਨਿੱਜੀਕਰਨ ਸਰਕਾਰ ਦਾ ਮੁੱਖ ਅਜੰਡਾ ਹੈ। ਕਾਰਪੋਰੇਟਾਂ ਦੇ ਹੱਥਾਂ 'ਚ ਖੇਡਣਾ ਉਸਦੀ ਵੱਡੀ ਪਹਿਲ ਹੈ। ਕੁਦਰਤੀ ਸਾਧਨਾਂ ਦੀ ਬੇਰੋਕ -ਟੋਕ ਵਰਤੋਂ, ਰੇਲਵੇ, ਏਅਰ ਪੋਰਟਾਂ, ਖਾਣਾਂ ਅਤੇ ਸਰਕਾਰੀ ਫੈਕਟਰੀਆਂ ਦਾ ਨਿੱਜੀਕਰਨ ਮਜ਼ਦੂਰਾਂ ਲਈ ਕਾਲੇ ਕਾਨੂੰਨ, ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਸਾਜਿਸ਼ ਉਸਦੀ ਮੁੱਖ ਤਰਜੀਹ ਹੈ। ਜਿਹੜਾ ਅਸਲ ਅਰਥਾਂ 'ਚ ਆਮ ਆਦਮੀ ਦੀਆਂ ਮੁੱਢਲੀਆਂ ਸੁਵਿਧਾਵਾਂ, ਸਾਧਨਾਂ ਅਤੇ ਹੱਕਾਂ ਉੱਤੇ ਡਾਕਾ ਪਾਉਣ ਸਮਾਨ ਹਨ। ਜੇਕਰ ਮਜ਼ਦੂਰ ਕਿਸਾਨ ਦੇ ਪੱਲੇ ਸਾਧਨ ਹੀ ਨਹੀਂ ਹੋਵੇਗਾ, ਉਹ ਆਪਣੀ ਔਲਾਦ ਨੂੰ ਸਾਧਨਾਂ ਤੋਂ ਬਿਨਾਂ ਸਿੱਖਿਆ ਕਿਵੇਂ ਦੁਆ ਸਕੇਗੀ? ਅਤੇ ਜਦੋਂ ਸਰਕਾਰ ਵੱਲੋਂ ਆਮ ਆਦਮੀ ਲਈ ਸਿੱਖਿਆ ਲਈ ਪ੍ਰਬੰਧ ਚੰਗੇਰੇ ਨਹੀਂ ਕੀਤੇ ਹੋਣਗੇ ਤਾਂ ਅਗਲੀ ਪੀੜ੍ਹੀ ਪੜ੍ਹ ਕਿਵੇਂ ਸਕੇਗੀ? ਚੰਗੇ ਨਾਗਰਿਕ ਕਿਵੇਂ ਬਣੇਗੀ?

ਸਰਕਾਰ ਦੀ ਸਿੱਖਿਆ ਬੇਰੁਖੀ ਇਸ ਪੱਖ ਤੋਂ ਵੀ ਵੇਖਣ ਯੋਗ ਹੈ ਕਿ ਨੈਸ਼ਨਲ ਸਿੱਖਿਆ ਪਾਲਿਸੀ-2020 ਅਧੀਨ ਸਾਲ 2020 'ਚ ਜੀ. ਡੀ. ਪੀ. ਦਾ 6 ਫ਼ੀਸਦੀ ਫੰਡ ਪਬਲਿਕ ਸਿੱਖਿਆ ਉੱਤੇ ਵਰਤੇ ਜਾਣ ਦੀ ਸਿਫਾਰਿਸ਼ ਸੀ, ਪਰ ਸਰਕਾਰ ਨੇ ਬਜਟ ਵਿੱਚ ਕਦੇ ਵੀ 3 ਤੋਂ 3.5 ਪ੍ਰਤੀਸ਼ਤ ਤੋਂ ਵੱਧ ਸਿੱਖਿਆ ਲਈ ਨਹੀਂ ਰੱਖਿਆ । ਸਰਕਾਰੀ ਸਕੂਲਾਂ 'ਚ ਬੁਨਿਆਦੀ ਢਾਂਚਾ ਬੁਰੀ ਤਰ੍ਹਾਂ ਪ੍ਰਭਾਵਿਤ ਹੈ । ਵਿਦਿਆਰਥੀਆਂ ਲਈ ਕਮਰੇ ਨਹੀਂ ਹਨ, ਟਾਇਲਟ, ਪੀਣ ਦੇ ਪਾਣੀ, ਇਥੋਂ ਤੱਕ ਕਿ ਬਿਜਲੀ ਸੁਵਿਧਾਵਾਂ ਦੀ ਕਮੀ ਹੈ । ਟੀਚਰਾਂ ਦੀਆਂ ਸਕੂਲਾਂ 'ਚ ਅਸਾਮੀਆਂ ਖਾਲੀ ਪਈਆਂ ਹਨ । ਜਿਸ ਵੱਲ ਧਿਆਨ ਕਰਨ ਦੀ ਸਰਕਾਰ ਕਦੇ ਲੋੜ ਹੀ ਮਹਿਸੂਸ ਨਹੀਂ ਕਰਦੀ । ਇੱਕ ਲੱਖ 52 ਹਜ਼ਾਰ ਸਕੂਲ ਬਿਜਲੀ ਤੋਂ ਬਿਨਾਂ ਹਨ। ਉਪਰੋਂ ਪੀ.ਐੱਮ ਸ਼੍ਰੀ ਯੋਜਨਾ ਤਹਿਤ 14,500 ਸਕੂਲ ਖੋਲ੍ਹਕੇ ਇੱਕ ਨਵਾਂ ਬਿਰਤਾਂਤ ਸਿਰਜਿਆ ਜਾ ਰਿਹਾ ਹੈ ।

2009 'ਚ ਸਰਕਾਰ ਵੱਲੋਂ ਸਿੱਖਿਆ ਅਧਿਕਾਰ ਕਾਨੂੰਨ ਆਰ. ਟੀ. ਆਈ. ਐਕਟ-2009 ਪਾਸ ਕੀਤਾ ਗਿਆ । 6 ਤੋਂ 14 ਸਾਲ ਦੇ ਬੱਚਿਆ ਲਈ ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਇਸ ਵਿੱਚ ਪ੍ਰਾਵਧਾਨ ਸੀ । ਨੈਸ਼ਨਲ ਐਜੂਕੇਸ਼ਨ ਪਾਲਿਸੀ (ਐੱਨ. ਈ.ਸੀ.)-2020 ਨਾਲ 34 ਸਾਲ ਪਹਿਲੀ ਐੱਨ.ਈ.ਸੀ. 1986 ਬਦਲੀ ਗਈ । ਪਰ ਜ਼ਮੀਨੀ ਪੱਧਰ ਉੱਤੇ ਆਮ ਆਦਮੀ ਪੱਲੇ ਸਿੱਖਿਆ ਖੇਤਰ 'ਚ ਨਿਰਾਸ਼ਾ ਹੀ ਪਈ ਹੈ। ਉਹਨਾਂ ਦੇ ਬੱਚਿਆਂ ਦੀ ਪਹੁੰਚ ਡਿਜ਼ੀਟਲ ਖੇਤਰ ਤੋਂ ਦੂਰ ਹੈ ।

ਇੱਕ ਲੱਖ ਸਰਕਾਰੀ ਸਕੂਲ ਇੱਕੋ ਟੀਚਰ ਨਾਲ ਚਲਾਏ ਜਾ ਰਹੇ ਹਨ, ਜਿਹਨਾਂ 'ਚ ਵਿਦਿਆਰਥੀਆਂ ਦੀ ਗਿਣਤੀ 33 ਲੱਖ ਹੈ। ਕੀ ਇਹੋ-ਜਿਹੀ ਸਕੂਲੀ ਸਿੱਖਿਆ ਆਮ ਆਦਮੀ ਦੇ ਬੱਚਿਆਂ ਦਾ ਕੁੱਝ ਸੁਆਰਨ ਯੋਗ ਹੈ ? ਸਰਕਾਰੀ ਸਕੂਲ ਬੰਦ ਕੀਤੇ ਜਾ ਰਹੇ ਹਨ, ਵਿਚ-ਵਿਚਾਲੇ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸੈਕੰਡਰੀ ਪੱਧਰ ਤੱਕ 8.2 ਪ੍ਰਤੀਸ਼ਤ ਆਂਕੀ ਗਈ । ਕੀ ਇਹ ਦੇਸ਼ ਵਿੱਚੋਂ ਉੱਡ ਰਹੀ ਸਿੱਖਿਆ ਦੀ ਨਿਸ਼ਾਨੀ ਨਹੀਂ ਹੈ?

ਇੱਕ ਪਾਸੇ ਫਾਈਵ ਸਟਾਰ ਪਬਲਿਕ ਸਕੂਲ ਹਨ, ਦੂਜੇ ਪਾਸੇ ਤੱਪੜਾਂ, ਬੋਰੀਆਂ ਵਾਲੇ ਛੱਤਾਂ ਤੋਂ ਸੱਖਣੇ, ਸੁਵਿਧਾਵਾਂ ਤੋਂ ਊਣੇ ਸਰਕਾਰੀ ਸਕੂਲ ਹਨ, ਜਿੱਥੇ ਬਿਜਲੀ, ਪਾਣੀ, ਖੇਡ ਮੈਦਾਨ ਹੋਰ ਸੁਵਿਧਾਵਾਂ ਨਹੀਂ ਹਨ । ਤਦ ਫਿਰ ਰਾਈਜ਼ਿੰਗ ਇੰਡੀਆ ਦੀ ਕਲਪਨਾ ਸਧਾਰਨ ਵਿਦਿਆਰਥੀਆਂ ਦੇ ਅੱਖਾਂ ਦਾ ਸੁਪਨਾ ਕਿਵੇਂ ਬਣੇਗੀ?

ਸ਼ੀਸ਼ ਮਹਿਲਾਂ ਵਿੱਚ ਰਹਿਣ ਵਾਲੇ ਹੁਕਮਰ-ਾਨ ਅਮੀਰ-ਗਰੀਬ 'ਚ ਖਾਈ ਵਧਾਈ ਜਾ ਰਹੇ ਹਨ, ਜਿੱਥੇ ਦੋ ਵਰਗਾਂ ਵਿੱਚ ਵਿਵਾਦ ਲਗਾਤਾਰ ਵੱਧਦਾ ਜਾ ਰਿਹਾ ਹੈ । ਜਿਵੇਂ ਦੇਸ਼ ਭਾਰਤ ਦੀਆਂ ਆਰਥਿਕ ਨੀਤੀਆਂ ਨਿੱਤ ਭਰਮ 'ਚ ਉਲਝਾਈਆਂ ਜਾ ਰਹੀਆਂ ਹਨ, ਉਵੇਂ ਦਾ ਭਰਮ ਜਾਲ, ਸਿੱਖਿਆ ਖੇਤਰ 'ਚ ਆਪਣਾ ਦਾਇਰਾ ਵੱਡਾ ਕਰ ਰਿਹਾ ਹੈ, ਜੋ ਆਮ ਆਦਮੀ ਦੀ ਸਿੱਖਿਆ ਤੋਂ ਦੂਰੀ ਹੋਰ ਵਧਾ ਦੇਵੇਗਾ ।

ਸੁਵਿਧਾਵਾਂ ਲਈ ਕਤਾਰ ਅਤੇ ਉਡੀਕ ਹਾਕਮ ਜਮਾਤ ਵੱਲੋਂ ਭਾਰਤ 'ਚ ਆਮ ਆਦਮੀ ਦੇ ਪੱਲੇ ਪਾ ਦਿੱਤੀ ਗਈ ਹੈ ਜੋ ਊਠ ਦਾ ਬੁਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ ਦੀ ਉਡੀਕ ਵਾਂਗਰ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ । ਰਾਈਜ਼ਿੰਗ ਇੰਡੀਆ, ਚੜ੍ਹਦੇ-ਉੱਡਦੇ ਭਾਰਤ ਵਰਗੀ ਮਿਰਗ ਤ੍ਰਿਸ਼ਨਾ, ਭਾਰਤੀ ਨਾਗਰਿਕ ਦੇ ਮੁੱਢਲੇ ਸਿੱਖਿਆ ਸੰਵਿਧਾਨਿਕ ਹੱਕ ਦੇ ਪੈਰੀਂ ਪਾਈਆਂ ਬੇੜੀਆਂ ਵਰਗੀ ਜਾਪਦੀ ਹੈ। ਕੀ ਬੱਚੇ ਹੱਥੋਂ ਪੈਂਤੀ ਅੱਖਰੀ ਖੋਹਣੀ ਜਾਇਜ ਹੈ? ਕੀ ਅੱਖਰ ਨਾਲੋਂ ਵੋਟ ਦੀ ਮਹੱਤਤਾ ਜ਼ਿਆਦਾ ਹੈ? ਕੀ ਸਿੱਖਿਆ ਦੇ ਅਧਿਕਾਰ ਨੂੰ ਸੰਵਿਧਾਨਿਕ ਪੁਸਤਕਾਂ ਦੇ ਸ਼ਿੰਗਾਰ ਤੱਕ ਸੀਮਿਤ ਕਰਨਾ, ਉੱਡਦੇ ਰਾਈਜ਼ਿੰਗ ਇੰਡਿਆ ਦੀ ਪਛਾਣ ਉੱਤੇ ਕਾਲਾ ਧੱਬਾ ਨਹੀਂ ਹੈ?

# ਮਲਮਾਸ, ਬਿਕ੍ਰਮੀ ਕੈਲੰਡਰ ਦਾ ਅੰਗ ਹੈ

– ਲੇਖਕ–
ਸਰਵਜੀਤ ਸਿੰਘ ਸੈਕਰਾਮੈਂਟੋ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 6 ਮਾਰਚ (2026 ਈ:) ਨੂੰ ਜਾਰੀ ਕੀਤੇ ਗਏ ਕੈਲੰਡਰ ਵਿੱਚ ਮਲਮਾਸ ਆਉਣ ਕਾਰਨ, ਇਹ ਕੈਲੰਡਰ ਚਰਚਾ ਦਾ ਵਿਸ਼ਾ ਬਣਿਆ ਹੋਇਆਂ ਹੈ। ਮਲ ਮਾਸ ਤਾਂ ਪਹਿਲਾ ਵੀ ਆਏ ਹਨ। ਜਦੋਂ ਤੋਂ (ਮਾਰਚ 2010 ਤੋਂ) ਸ਼੍ਰੋਮਣੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਤਿਆਗ ਕੇ, ਚੰਦਰ–ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਣਾ ਆਰੰਭ ਕੀਤਾ ਹੈ। ਜਿਵੇ, ਵੈਸਾਖ–2010 ਈ, ਭਾਂਦੋ 2012 ਈ, ਹਾੜ 2015 ਈ: ਆਦਿ। ਉਦੋਂ ਇਹ ਚਰਚਾ ਦਾ ਵਿਸ਼ਾ ਨਹੀਂ ਬਣੇ। ਕਿਉਂਕਿ ਕਮੇਟੀ ਸਿਰਫ ਸੂਰਜੀ ਕੈਲੰਡਰ ਹੀ ਛਾਪਦੀ ਸੀ ਅਤੇ ਸਾਰੇ ਦਿਹਾੜੇ ਸਮੇਤ ਉਹ ਦਿਹਾੜੇ ਜਿਹੜੇ ਵਦੀ–ਸੁਦੀ ਮੁਤਾਬਕ ਮਨਾਏ ਜਾਂਦੇ ਸਨ, ਪ੍ਰਵਿਸ਼ਟਿਆ ਵਿੱਚ ਹੀ ਦਰਜ ਕੀਤੇ ਜਾਂਦੇ ਸਨ। ਜਿਸ ਕਾਰਨ ਮਲਮਾਸ ਬਾਰੇ ਆਮ ਸੰਗਤਾਂ ਨੂੰ ਪਤਾ ਹੀ ਨਹੀਂ ਸੀ ਲਗਦਾ। ਸੰਮਤ 552 ਨਾਨਕਸ਼ਾਹੀ (2020–21) ਦੇ ਕੈਲੰਡਰ ਵਿੱਚ, ਮੀਰੀ ਪੀਰੀ ਦਿਵਸ ਪਾ: ਛੇਵੀਂ 17 ਹਾੜ (ਹਾੜ ਸੁਦੀ 10) ਅਤੇ ਸਿਰਜਣਾ ਦਿਵਸ ਅਕਾਲ ਤਖਤ ਸਾਹਿਬ 18 ਹਾੜ (ਪ੍ਰਵਿਸ਼ਿਟਆ ਮੁਤਾਬਕ) ਦਰਜ ਸੀ। ਮੈਂ ਪੱਤਰ ਲਿਖ ਕੇ ਸ਼੍ਰੋਮਣੀ ਕਮੇਟੀ ਅਤੇ ਸੰਗਤਾਂ ਦੇ ਧਿਆਨ ਵਿੱਚ ਲਿਆਂਦਾ ਸੀ, ਪਰ ਅੱਜ ਵਾਂਗ ਚਰਚਾ ਨਹੀਂ ਸੀ ਹੋਈ।

ਸਮੰਤ 558 ਨਾਨਕਸ਼ਾਹੀ (2083 ਬਿਕ੍ਰਮੀ/2026–27) ਵਿੱਚ ਚੰਦ ਦੇ ਸਾਲ ਦੇ 13 ਮਹੀਨੇ ਹਨ । ਜੇਠ ਦਾ ਮਹੀਨਾ ਦੋ ਵਾਰ ਆ ਰਿਹਾ ਹੈ। ਜੇਠ ਦਾ ਆਰੰਭ 2 ਮਈ ਤੋਂ ਹੋਵੇਗਾ ਅਤੇ ਅੰਤ 29 ਜੂਨ ਨੂੰ। ਪਹਿਲੇ ਜੇਠ ਦਾ ਪਹਿਲਾ ਪੱਖ (ਵਦੀ ਪੱਖ) ਸ਼ੁੱਭ ਹੋਵੇਗਾ। ਪਹਿਲੇ ਜੇਠ ਦਾ ਦੂਜਾ ਪੱਖ (ਸੁਦੀ ਪੱਖ) ਅਤੇ ਦੂਜੇ ਦਾ ਜੇਠ ਦਾ ਪਹਿਲਾ ਪੱਖ (ਵਦੀ ਪੱਖ) ਅਸ਼ੁੱਭ ਹੋਵੇਗਾ। ਦੂਜੇ ਜੇਠ ਦਾ ਦੂਜਾ ਪੱਖ (ਸੁਦੀ ਪੱਖ) ਸ਼ੁੱਭ ਹੋਵੇਗਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਹਾੜਾ ਜੇਠ ਵਦੀ 8 ਮੁਤਾ–ਬਕ, ਜੇਠ ਦੇ ਪਹਿਲੇ ਪੱਖ ਵਿੱਚ 10 ਮਈ ਨੂੰ ਮਨਾਇਆ ਜਾਵੇਗਾ ਅਤੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਮੁਤਾ–ਬਕ, ਦੂਜੇ ਜੇਠ ਦੇ ਦੂਜੇ ਪੱਖ ਵਿੱਚ 18 ਜੂਨ ਨੂੰ ਮਨਾਇਆ ਜਾਵੇਗਾ। ਪਰ ਸ਼੍ਰੋਮਣੀ ਕਮੇਟੀ ਨੇ ਆਪਣੇ ਕੈਲੰਡਰ ਵਿੱਚ ਇਹ ਦਿਹਾੜੇ 25 ਜੇਠ (8 ਜੂਨ ) ਅਤੇ 4 ਹਾੜ (18 ਜੂਨ) ਨੂੰ ਦਰਜ ਕੀਤੇ ਹਨ। ਕਰਨਲ ਨਿਸ਼ਾਨ, ਇਨ੍ਹਾਂ ਤਾਰੀਖਾਂ ਨਾਲ ਸਹਿਮਤ ਨਹੀਂ ਹੈ। ਸ਼ਾਇਦ ਇਹ ਪਹਿਲਾ ਮੌਕਾ ਹੈ ਕਿ ਕਰਨਲ ਨਿਸ਼ਾਨ ਨੂੰ, ਕਮੇਟੀ ਦੇ ਕੈਲੰਡਰ ਵਿੱਚ ਕੋਈ ਗਲਤੀ ਨਜਰ ਆਈ ਹੈ।

ਕਰਨਲ ਨਿਸ਼ਾਨ ਦੇ ਬਚਨ, "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਦਿਵਸ ਦੀ ਇਤਿਹਾਸਕ ਤਾਰੀਖ਼ ਜੇਠ ਵਦੀ 8 ਹੈ ਅਤੇ ਪਿਛਲੇ 100 ਸਾਲਾਂ ਦੌਰਾਨ ਸਾਰੀਆਂ ਜੰਤਰੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਕਲੰਡਰਾਂ ਮੁਤਾਬਿਕ ਇਸ ਵਿੱਚ ਕਦੀ ਕੋਈ ਤਬਦੀਲੀ ਨਹੀਂ ਹੋਈ ਚਾਹੇ ਜੇਠ ਮਹੀਨੇ ਵਿਚ ਮਲਮਾਸ ਹੋਵੇ ਜਾਂ ਨਾ ਹੋਵੇ। ਇਹ ਪੁਰਬ ਹਮੇਸ਼ਾ ਜੇਠ ਮਹੀਨੇ ਦੇ ਪਹਿਲੇ ਪੱਖ ਵਿਚ ਜੇਠ ਵਦੀ 8 ਨੂੰ ਹੀ ਮਨਾਇਆ ਜਾਂਦਾ ਹੈ"। ਕਰਨਲ ਨਿਸ਼ਾਨ ਦਾ ਅਜੇਹਾ ਲਿਖਣਾ ਬਿਲਕੁਲ ਦਰੁਸਤ ਹੈ। ਜਿਵੇਂ ਕਿ ਪਾਠਕ ਉੱਪਰ ਪੜ੍ਹ ਚੁੱਕੇ ਹਨ, "ਪਹਿਲੇ ਜੇਠ ਦਾ ਪਹਿਲਾ ਪੱਖ (ਵਦੀ ਪੱਖ) ਸ਼ੁੱਭ ਹੋਵੇਗਾ"। ਇਸ ਲਈ ਵਦੀ ਪੱਖ ਵਿੱਚ ਆਉਣ ਵਾਲੇ ਦਿਹਾੜਿਆ ਤੇ, ਮਲਮਾਸ ਦਾ ਕੋਈ ਅਸਰ ਨਹੀਂ ਹੁੰਦਾ। ਇਹ ਪਹਿਲੇ ਮਹੀਨੇ ਦੇ ਪਹਿਲੇ ਪੱਖ (ਸ਼ੁਭ ) ਵਿੱਚ ਹੀ ਮਨਾਏ ਜਾਂਦੇ ਹਨ। ਮਲਮਾਸ ਦਾ ਅਸਰ ਤਾਂ ਸੁਦੀ ਪੱਖ ਵਿੱਚ ਆਉਂਣ ਵਾਲੇ ਦਿਹਾੜਿਆ ਉੱਤੇ ਹੁੰਦਾ ਹੈ। ਜਿਵੇਂ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਹੈ। ਇਸ ਸਾਲ ਜੇਠ ਸੁਦੀ 4, 20 ਮਈ ਨੂੰ ਆਵੇਗੀ। ਪਰ ਬਿਕ੍ਰਮੀ ਕੈਲੰਡਰ ਦੇ ਵਿਧਾਨ ਮੁਤਾਬਕ ਇਹ ਮਾਲ ਮਾਸ ਹੋਵੇਗਾ। ਇਸ ਕਾਰਨ 20 ਮਈ ਨੂੰ ਗੁਰੂ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਨਹੀਂ ਮਨਾਇਆ ਜਾਵੇਗਾ। ਦੂਜੇ ਜੇਠ ਦੀ, ਜੇਠ ਸੁਦੀ 4, 18 ਜੂਨ ਨੂੰ ਆਵੇਗੀ, ਸ਼ਹੀਦੀ ਦਿਹਾੜਾਂ 18 ਜੂਨ ਨੂੰ ਮਨਾਇਆ ਜਾਵੇਗਾ।

| | |
|---|---|
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | ੧੧ ਹਾੜ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੧੫ ਹਾੜ |
| ਮੀਰੀ–ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੧੭ ਹਾੜ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | ੧੮ ਹਾੜ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | ੨੫ ਹਾੜ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੩੧ ਹਾੜ |

ਕਰਨਲ ਨਿਸ਼ਾਨ ਦਾ ਇਹ ਲਿਖਣਾ, "ਜਦੋਂ ਵੀ ਜੇਠ ਦਾ ਮਹੀਨਾ ਮਲ ਮਾਸ ਵਾਲਾ ਹੁੰਦਾ ਹੈ ਤਾਂ ਜੰਤਰੀਆਂ ਵਾਲੇ ਆਪਣੇ ਅਕੀਦੇ (ਮਲ ਮਾਸ ਦੀ ਗਣਨਾ) ਮੁਤਾਬਿਕ ਸਹੀਦੀ ਪੁਰਬ 10 ਦਿਨਾਂ ਦੀ ਬਜਾਏ 40 ਦਿਨ ਬਾਅਦ ਨਿਸ਼ਚਿਤ ਕਰ ਦਿੰਦੇ ਹਨ ਜੋ ਇਤਿਹਾਸਕ ਪੱਖੋਂ ਗ਼ਲਤ ਹੈ। ਕਿਉਂਕਿ ਗੁਰਮਤਿ ਵਿਚ ਮਲ ਮਾਸ ਵਾਲਾ ਕੋਈ ਸੰਕਲਪ ਹੀ ਨਹੀਂ ਇਸ ਲਈ ਮਲ ਮਾਸ ਕਾਰਨ ਸ਼ਹੀਦੀ ਦਿਹਾੜਾ ਜੇਠ ਸੁਦੀ 4 ਮੁਤਾਬਿਕ 20 ਮਈ ਦੀ ਬਜਾਏ 18 ਜੂਨ ਨੂੰ ਨਿਸ਼ਚਿਤ ਕਰਨਾ ਮਨਮਤ ਤਾਂ ਹੋ ਸਕਦੀ ਹੈ ਗੁਰਮਤਿ ਨਹੀਂ। ਇਸ ਸਾਲ ਦੇ ਕਲੰਡਰ ਵਿਚ ਸ਼ਹੀਦੀ ਪੁਰਬ ਦੀ ਤਾਰੀਖ਼ 18 ਜੂਨ ਗ਼ਲਤ ਹੈ ਅਤੇ ਇਤਿਹਾਸਕ ਤਾਰੀਖ਼ 20 ਮਈ ਹੀ ਬਣਦੀ ਹੈ। ਇਸ ਤਾਰੀਖ਼ ਵਿਚ ਵੀ ਸੋਧ ਦੀ ਜ਼ਰੂਰਤ ਹੈ", ਮੁੱਢੋ ਹੀ ਗਲਤ ਹੈ। ਕਰਨਲ ਨਿਸ਼ਾਨ ਜੀ, ਬਿਕ੍ਰਮੀ ਕੈਲੰਡਰ ਨੇ ਤੁਹਾਡੇ ਮੁਤਾਬਕ ਨਹੀਂ ਚੱਲਣਾ, ਤੁਹਾਨੂੰ ਕੈਲੰਡਰ ਮੁਤਾਬਕ ਚੱਲਣਾ ਪੈਣਾ ਹੈ। ਜੇ ਤੁਹਾਨੂੰ ਬਿਕ੍ਰਮੀ ਕੈਲੰਡਰ ਦਾ ਵਿਧੀ–ਵਿਧਾਨ ਪਸੰਦ ਨਹੀਂ ਹੈ, ਤਾਂ ਇਸ ਕੈਲੰਡਰ ਨੂੰ ਛੱਡ ਕਿਉ ਨਹੀਂ ਦਿੰਦੇ?

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ ਸਬੰਧੀ ਕਰਨਲ ਨਿਸ਼ਾਨ ਜੀ ਲਿਖਦੇ ਹਨ,"ਇਤਿਹਾਸ ਮੁਤਾਬਿਕ ਇਸ ਸਾਲ ਇਹ ਤਾਰੀਖ਼ ਜੇਠ ਦੇ ਪਹਿਲੇ ਪੱਖ ਵਿਚ 10 ਮਈ ਦੀ ਬਣਦੀ ਹੈ ਪਰ ਪਤਾ ਨਹੀਂ ਕਿਸ ਸਲਾਹਕਾਰ ਦੀ ਸਲਾਹ ਤੇ ਇਹ ਤਾਰੀਖ਼ ਜੇਠ ਦੇ ਤੀਜੇ ਪੱਖ ਵਿਚ 8 ਜੂਨ ਨੂੰ ਨਿਸ਼ਚਤ ਕੀਤੀ ਗਈ ਹੈ। ...ਗੁਰਗੱਦੀ ਪੁਰਬ ਦੀ ਠੀਕ ਤਾਰੀਖ਼ ਜੇਠ ਵਦੀ 8 ਮੁਤਾਬਿਕ 10 ਮਈ ਹੈ ਅਤੇ 8 ਜੂਨ ਗ਼ਲਤ ਹੈ; ਇਸ ਵਿਚ ਸੋਧ ਕਰਨ ਦੀ ਲੋੜ ਹੈ"। ਇਹ ਨੁਕਤਾ ਬਿਲਕੁਲ ਸਹੀ ਹੈ। ਵਦੀ ਪੱਖ, ਹਮੇਸ਼ਾ ਹੀ ਸ਼ੁੱਭ ਹੁੰਦਾ ਹੈ। ਸ਼੍ਰੋਮਣੀ ਕਮੇਟੀ ਨੇ ਆਪਣੇ ਵੱਲੋਂ ਤਾਂ ਚੁਸਤੀ ਵਰਤੀ ਸੀ ਕਿ ਦੋਵਾਂ ਦਿਹਾੜਿਆਂ ਦੇ ਫ਼ਰਕ ਨੂੰ ਪਹਿਲਾ ਦੀ ਤਰ੍ਹਾਂ 10 ਦਿਨ ਦਾ ਹੀ ਰੱਖ ਲਿਆ ਜਾਵੇ। ਪਰ ਹੁਣ ਕਮੇਟੀ ਦੀ ਚੁਸਤੀ, ਕਮੇਟੀ ਲਈ ਸਮੱਸਿਆ ਬਣ ਗਈ ਹੈ।

ਕਰਨਲ ਨਿਸ਼ਾਨ ਜੀ, ਸੰਮਤ 550 ਨਾਨਕਸ਼ਾਹੀ (2018–19 ਈ:) ਵਿੱਚ ਵੀ ਜੇਠ ਦਾ ਮਹੀਨਾ ਮਲਮਾਸ ਸੀ। ਤੁਹਾਡੀ ਕਿਤਾਬ ਵਿੱਚ ਗੁਰੂ ਅਰਜਨ ਦੇਵ ਜੀਦਾ ਸ਼ਹੀਦੀ ਦਿਹਾੜਾ 19 ਮਈ 2018 (6 ਜੇਠ) ਦਰਜ ਹੈ। ਸ਼੍ਰੋਮਣੀ ਕਮੇਟੀ ਨੇ ਇਹ ਦਿਹਾੜਾ 17 ਜੂਨ (3 ਹਾੜ) ਨੂੰ ਮਨਾਇਆ ਸੀ। ਉਸ ਸਾਲ ਵੀ ਤੁਸੀਂ ਗਲਤ ਸਾਬਿਤ ਹੋਏ ਸੀ। 2037 ਈ: ਵਿੱਚ ਵੀ ਜੇਠ ਮਲਮਾਸ ਹੋਵੇਗਾ। ਤੁਹਾਡੇ ਵੱਲੋਂ ਲਿਖੀ ਤਾਰੀਖ 19 ਮਈ 2037 ਈ: (ਪੰਨਾ 54) ਗਲਤ ਸਾਬਿਤ ਹੋਵੇਗੀ। 2045, 2064, ਅਤੇ 2083 ਈ: ਵਿੱਚ ਵੀ ਤੁਹਾਡੀ ਤਾਰੀਖ ਗਲਤ ਸਾਬਿਤ ਹੋਵੇਗੀ।

ਕਰਨਲ ਨਿਸ਼ਾਨ ਜੀ, ਸੰਮਤ 2085 ਬਿਕ੍ਰਮੀ (2029 ਈ:) ਵਿੱਚ ਚੇਤ ਦਾ ਮਹੀਨਾ ਮਲਮਾਸ ਆਵੇਗਾ। ਚੇਤ ਦਾ ਆਰੰਭ 1 ਮਾਰਚ ਤੋਂ ਹੋਵੇਗਾ ਅਤੇ ਅੰਤ 28 ਅਪ੍ਰੈਲ ਨੂੰ ਹੋਵੇਗਾ। 15 ਮਾਰਚ ਤੋਂ 13 ਅਪ੍ਰੈਲ ਤਾਈ ਮਲ ਮਾਸ ਹੋਵੇਗਾ। ਗੁਰਗੱਦੀ ਦਿਵਸ ਪਾਤਸ਼ਾਹੀ ਤੀਜੀ ਚੇਤ ਸੁਦੀ 1 ਮੁਤਾਬਕ, ਤੁਸੀ 14 ਅਪ੍ਰੈਲ 2029 ਈ: ਦਰਜ ਕੀਤੀ ਹੈ (ਪੰਨਾ 45) ਜਦੋਂ ਕਿ ਚੇਤ ਸੁਦੀ ਏਕਮ ਤਾਂ 16 ਮਾਰਚ ਨੂੰ ਵੀ ਆਵੇਗੀ। ਤੁਸੀ ਇਹ ਦਿਹਾੜਾਂ 16 ਮਾਰਚ (ਅਸ਼ੁੱਭ ਚੇਤ ਸੁਦੀ 1) ਦੀ ਬਿਜਾਏ 14 ਅਪ੍ਰੈਲ (ਸ਼ੁੱਭ ਚੇਤ ਸੁਦੀ 1) ਨੂੰ ਕਿਉਂ ਦਰਜ ਕੀਤਾ ਹੈ? ਇਸੇ ਤਰ੍ਹਾਂ ਹੀ ਚੇਤ ਸੁਦੀ 4 ਜੋਤੀ ਜੋਤ ਦਿਹਾੜਾ ਪਾ: ਦੂਜੀ 18 ਅਪ੍ਰੈਲ ਨੂੰ ਦਰਜ ਕੀਤਾ ਹੈ। ਜਦੋਂ ਕਿ ਚੇਤ ਸੁਦੀ 4 ਤਾਂ 19 ਮਾਰਚ ਨੂੰ ਵੀ ਆਵੇਗੀ। ਕੀ ਕਾਰਨ ਹੈ ਕਿ ਇਥੇ ਆਪ ਨੇ ਮਲਮਾਸ ਦਾ ਪੂਰਾ ਖਿਆਲ ਰੱਖਿਆ ਹੈ ਅਤੇ ਇਸ ਸਾਲ ਜੇਠ ਸੁਦੀ 4 ਸਬੰਧੀ ਲਿਖਦੇ ਹੋ, "ਗੁਰਮਤਿ ਵਿਚ ਮਲ ਮਾਸ ਦਾ ਕੋਈ ਸੰਕਲਪ ਹੀ ਨਹੀਂ। ਇਸ ਲਈ ਸਿੱਖ ਕੈਲੰਡਰ ਵਿਚ ਇਤਿਹਾਸਕ ਦਿਹਾੜੇ ਇਤਿਹਾਸ ਮੁਤਾਬਿਕ ਹੀ ਨਿਰਧਾਰਿਤ ਕੀਤੇ ਜਾਣੇ ਚਾਹੀਦੇ ਹਨ ਜੰਤਰੀਆਂ ਦੇ ਮਲ ਮਾਸ ਮੁਤਾਬਿਕ ਨਹੀਂ"।

'ਪ੍ਰਸ਼ੋਤਮ ਮਾਸ' ਸਬੰਧੀ ਕਰਨਲ ਨਿਸ਼ਾਨ ਜੀ ਲਿਖਦੇ ਹਨ, "ਇਹ ਕੋਈ ਪੰਡਤ ਪਾਉਂਦਾ ਨਹੀਂ ਇਹ ਹੁੰਦੇ ਹੀ ਹਨ। ਇਸ ਮਹੀਨੇ ਵਿੱਚ ਕਈ ਲੋਕ ਮਲ ਮਾਸ ਨੂੰ ਮੰਦਾ ਮਹੀਨਾ ਸਮਝ ਕੇ ਕੋਈ ਘਰੇਲੂ ਜਾਂ ਸਮਾਜਕ ਕੰਮ ਨਹੀਂ ਕਰਦੇ ਅਤੇ ਕਈ ਇਸ ਨੂੰ ਪ੍ਰਸ਼ੋਤਮ ਮਾਸ ਕਹਿ ਕੇ ਬਹੁਤ ਚੰਗਾ ਮੰਨਦੇ ਹਨ ਅਤੇ ਪਾਠ ਪੂਜਾ ਤੋਂ ਇਲਾਵਾ ਹੋਰ ਕੁਝ ਨਹੀਂ ਕਰਦੇ"।

ਚੰਦਰ–ਸੂਰਜੀ ਬਿਕ੍ਰਮੀ ਕੈਲੰਡਰ ਵਿੱਚ, ਚੰਦ ਦੇ ਸਾਲ ਨੂੰ ਸੂਰਜੀ ਸਾਲ ਦੇ ਨੇੜੇ–ਤੇੜੇ ਰੱਖਣ ਲਈ, ਚੰਦ ਦੇ ਸਾਲ ਵਿੱਚ ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ। ਅਜੇਹਾ 19 ਸਾਲਾਂ ਵਿੱਚ 7 ਵਾਰ ਕੀਤਾ ਜਾਂਦਾ ਹੈ। ਵਾਧੂ ਮਹੀਨੇ ਨੂੰ ਮਲ ਮਾਸ, ਅਸ਼ੁੱਭ, ਮੰਨਿਆ ਜਾਂਦਾ ਹੈ। ਜਿਸ ਵਿੱਚ ਕੋਈ ਵੀ ਸ਼ੁੱਭ ਕਾਰਜ (ਜੰਮਣ–ਮਰਨ ਨੂੰ ਛੱਡ ਕੇ) ਨਹੀਂ ਕੀਤਾ ਜਾ ਸਕਦਾ। ਇਸ ਮਹੀਨੇ ਦਾ ਹੀ ਦੂਜਾ ਨਾਮ ਹੈ ਪ੍ਰਸ਼ੋਤਮ ਮਾਸ।

ਕਰਨਲ ਨਿਸ਼ਾਨ ਜੀ, ਇਹ ਪੁਜਾਰੀ ਦੀ ਹੀ ਕਾਢ ਹੈ। ਹੁਣ ਜਦੋਂ ਪੂਰਾ ਮਹੀਨਾ ਹੀ ਮਲ ਜਾਂ ਅਸ਼ੁੱਭ ਹੋ ਗਿਆ, ਤਾਂ ਪੁਜਾਰੀ ਨੂੰ ਇਕ ਮਹੀਨੇ ਦਾ ਘਾਟਾ ਪੈ ਗਿਆ। ਇਸ ਘਾਟੇ ਨੂੰ ਪੂਰਾ ਕਰਨ ਲਈ ਨਵੀਂ ਕਹਾਣੀ ਘੜੀ ਗਈ। ਇਹ ਕਹਾਣੀ ਹੈ ਪ੍ਰਸ਼ੋਤਮ ਮਾਸ। ਪ੍ਰਸ਼ੋਤਮ, ਵਿਸ਼ਨੂੰ ਦਾ ਇਕ ਨਾਮ, ਪੁਰਸ਼ਾਂ 'ਚ ਉੱਤਮ। ਅਖੈ ਇਸ ਮਹੀਨੇ ਵਿੱਚ ਕੀਤਾ ਦਾਨ–ਪੁੰਨ, ਅੱਗੇ ਕਈ ਗੁਣਾ ਵੱਧ ਮਿਲਦਾ ਹੈ। ਭਾਵ ਪੁਜਾਰੀ ਨੇ, ਲੋਕਾ ਨੂੰ ਮਲਮਾਸ ਦਾ ਡਰਾਵਾ ਦੇ ਕੇ, ਪ੍ਰਸ਼ੋਤਮ ਮਾਸ ਦੇ ਨਾਮ ਹੇਠ, ਆਪਣੀ ਭੇਟਾ ਦਾ ਪੱਕਾ ਪ੍ਰਬੰਧ ਕਰ ਲਿਆ।

ਕਰਨਲ ਨਿਸ਼ਾਨ ਜੀ, ਜੇ ਚੰਦਰ–ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਰਤਣਾ ਤੁਹਾਡੀ ਮਜਬੂਰੀ ਹੈ ਤਾਂ ਤੁਹਾਨੂੰ ਉਸ ਕੈਲੰਡਰ ਮੁਤਾਬਕ ਹੀ ਚੱਲਣਾ ਪੈਣਾ ਹੈ। ਜਿਵੇ ਸੰਮਤ 550 ਨਾਨਕਸ਼ਾਹੀ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ 25 ਵੈਸਾਖ (8 ਮਈ 2018 ਈ:) ਅਤੇ ਸ਼ਹਿਦੀ ਦਿਹਾੜਾ ਗੁਰੂ ਅਰਜਨ ਦੇਵ ਜੀ, 3 ਹਾੜ (17 ਜੂਨ 2018 ਈ:) ਨੂੰ ਮਨਾਇਆ ਗਿਆ ਸੀ। ਬਿਕ੍ਰਮੀ ਕੈਲੰਡਰ ਵਿੱਚ ਸੋਧ ਕਰਨੀ ਤੁਹਾਡੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ। ਇਹ ਅਧਿਕਾਰ ਉਨ੍ਹਾਂ ਦਾ ਹੈ ਜਿਨ੍ਹਾਂ ਦਾ ਇਹ ਕੈਲੰਡਰ ਹੈ। ਉਹ ਸਮੇਂ–ਸਮੇਂ ਆਪਣੇ ਅਧਿਕਾਰਾਂ ਦੀ ਵਰਤੋ ਕਰਦੇ ਰਹਿੰਦੇ ਹਨ। ਜਿਸ ਦਾ ਸਬੂਤ ਹੈ ਨਵੰਬਰ 1964 ਈ: ਵਾਲੀ ਸੋਧ। ਜਦੋਂ ਉਨ੍ਹਾਂ ਨੇ ਸਾਲ ਦੀ ਲੰਬਾਈ 365.2587 ਦਿਨ ਤੋਂ ਘਟਾ ਕੇ 365.2563 ਦਿਨ ਮੰਨ ਲਈ ਸੀ। ਇਸ ਸੋਧ ਨੂੰ ਅਖੌਤੀ ਸੰਤ ਸਮਾਜ ਅਤੇ ਸ਼੍ਰੋਮਣੀ ਕਮੇਟੀ ਨੇ ਚੁੱਪ–ਚਾਪ ਪ੍ਰਵਾਨ ਕਰ ਲਿਆ ਸੀ। ਉਹ, ਕਸ਼ੈ–ਮਾਸ ਸਬੰਧੀ ਵੀ ਸੋਧ ਕਰ ਚੁੱਕੇ ਹਨ। ਤੁਸੀਂ ਉਹ ਵੀ ਮੰਨ ਚੁੱਕੇ ਹੋ। ਅੱਗੋ, ਜਦੋਂ ਉਹ ਕੋਈ ਸੋਧ ਕਰਨਗੇ, ਤੁਹਾਡੇ ਲਾਣੇ ਨੂੰ ਮੰਨਣੀ ਹੀ ਪੈਣੀ ਹੈ।

ਕਰਨਲ ਨਿਸ਼ਾਨ ਜੀ, ਮੈਂ ਤੁਹਾਡੇ ਇਨ੍ਹਾਂ ਸ਼ਬਦਾ, "ਕੈਲੰਡਰਾਂ ਬਾਰੇ ਸਿੱਖ ਸਮਾਜ ਵਿਚ ਬਹੁਤ ਘੱਟ ਖੋਜ ਹੋਈ ਹੈ। ਜਿਸ ਦੇ ਨਤੀਜੇ ਵਜੋਂ ਸ਼ਰੋਮਣੀ ਕਮੇਟੀ ਵੱਲੋਂ ਹਰ ਸਾਲ ਛਾਪਿਆ ਜਾਂਦਾ ਕੈਲੰਡਰ ਸਥਾਨਕ ਜੰਤਰੀਆਂ ਤੇ ਹੀ ਨਿਰਭਰ ਰਹਿੰਦਾ ਰਿਹਾ ਹੈ", ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਸ਼੍ਰੋਮਣੀ ਕਮੇਟੀ ਅੱਜ ਵੀ ਜੰਤਰੀਆਂ ਤੇ ਨਿਰਭਰ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਤੁਸੀ ਅਤੇ ਤੁਹਾਡੇ ਸਾਥੀਆਂ ਨੇ, ਪਿਛਲੇ ਢਾਈ ਦਹਾਕਿਆਂ ਵਿੱਚ ਕੋਈ ਉਸਾਰੂ ਰੋਲ ਕਿਉਂ ਨਹੀਂ ਨਿਭਾਇਆ?

ਅੱਗੇ ਆਪ ਜੀ ਲਿਖਦੇ ਹੋ, "ਇਸ ਸਦੀ ਵਿਚ ਪਾਲ ਸਿੰਘ ਪੁਰੇਵਾਲ ਨੇ ਇਸ ਵਿਸ਼ੇ ਤੇ ਖੋਜ ਕਰ ਕੇ ਪਿਛਲੇ 500 ਸਾਲਾਂ ਦੀ ਜੰਤਰੀ ਬਣਾਉਣ ਦਾ ਚੰਗਾ ਉੱਦਮ ਕੀਤਾ ਹੈ। ਪਰ ਕੁੱਝ ਵਿਸ਼ੇ ਜੋ ਸਿੱਖ ਕੈਲੰਡਰ ਨੂੰ ਇਕ ਸੁਤੰਤਰ ਰੂਪ ਦੇ ਸਕਦੇ ਸਨ ਉਨ੍ਹਾਂ ਬਾਰੇ ਖੁੱਲ੍ਹ ਕੇ ਵਿਚਾਰ ਨਹੀਂ ਹੋਈ ਬਲਕਿ ਆਮ ਸੰਗਤਾਂ ਵਿਚ ਕਾਫ਼ੀ ਭਰਮ ਭੁਲੇਖੇ ਪੈਦਾ ਕੀਤੇ ਗਏ। ਉਨ੍ਹਾਂ ਵਿਚੋਂ ਇੱਕ ਵਿਸ਼ੇ ਮਲ ਮਾਸ ਬਾਰੇ ਮੈਂ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਨ ਦਾ ਉਪਰਾਲਾ ਕਰ ਰਿਹਾ ਹਾਂ"।

ਕਰਨਲ ਨਿਸ਼ਾਨ ਜੀ, ਮਲਮਾਸ ਦਾ ਨਾਨਕਸ਼ਾਹੀ ਕੈਲੰਡਰ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਇਹ ਤੁਹਡੇ ਚੰਦਰ–ਸੂਰਜੀ ਬਿਕ੍ਰਮੀ ਕੈਲੰਡਰ ਦੀ ਦੇਣ ਹੈ। ਜਿਸ ਬਾਰੇ ਤੁਸੀ ਲਿਖਿਆ ਹੈ, "29 ਫਰਵਰੀ ਵਾਂਗ ਇਹ ਵਾਧੂ ਮਹੀਨਾ ਵੀ ਕੈਲੰਡਰ ਦੀ ਪ੍ਰਕ੍ਰਿਆ ਦਾ ਹਿੱਸਾ ਹੈ ਤਾਂ ਕਿ ਸੂਰਜੀ ਸਾਲ ਅਤੇ ਚੰਦ੍ਰਮੀ ਸਾਲ ਵਿਚ ਸਥਿਰਤਾ ਬਣੀ ਰਹੇ"। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਮਲਮਾਸ ਚੰਦਰ–ਸੂਰਜੀ ਬਿਕ੍ਰਮੀ ਕੈਲੰਡਰ ਦੀ ਪ੍ਰਕ੍ਰਿਆ ਦਾ ਹਿੱਸਾ ਹੈ ਤਾਂ ਇਹ ਭਰਮ–ਭੁਲੇਖਾ ਕਿਵੇਂ ਹੈ?

ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਜੀ, ਉਹ ਕਿਹੜੇ ਵਿਸ਼ੇ ਜਾਂ ਨੁਕਤੇ ਹਨ, ਜਿਨ੍ਹਾਂ ਸਬੰਧੀ ਆਪ ਜੀ ਨੇ ਲਿਖਿਆ ਹੈ, "ਪਰ ਕੁੱਝ ਵਿਸ਼ੇ ਜੋ ਸਿੱਖ ਕੈਲੰਡਰ ਨੂੰ ਇਕ ਸੁਤੰਤਰ ਰੂਪ ਦੇ ਸਕਦੇ ਸਨ ਉਨ੍ਹਾਂ ਬਾਰੇ ਖੁੱਲ੍ਹ ਕੇ ਵਿਚਾਰ ਨਹੀਂ ਹੋਈ"। ਉਨ੍ਹਾਂ ਵਿਸ਼ਿਆਂ ਸਬੰਧੀ ਜਾਣਕਾਰੀ ਲਿਖਤੀ ਰੂਪ ਵਿੱਚ ਸਾਂਝੀ ਕੀਤੀ ਜਾਵੇ। ਤਾਂ ਜੋ ਉਨ੍ਹਾਂ ਤੇ ਪਾਰਦਰਸ਼ੀ ਢੰਗ ਨਾਲ ਵਿਚਾਰ ਕੀਤੀ ਜਾ ਸਕੇ। ਅਸੀ ਆਪ ਨੂੰ, ਉਨ੍ਹਾਂ ਨੁਕਤਿਆਂ ਤੇ ਵਿਚਾਰ ਕਰਨ ਲਈ ਪੂਰਨ ਸਹਿਯੋਗ ਦਾ ਭਰੋਸਾ ਦਿਵਾਉਂਦੇ ਹਾਂ।

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਹੁਜਰਾ ਸ਼ਾਹ ਮੁਕੀਮ

ਪਾਕਿਸਤਾਨ ਦੇ ਜ਼ਿਲ੍ਹਾ ਉਮਾੜਾ ਵਿੱਚ ਇਕ ਸ਼ਹਿਰ ਹੁਜਰਾ ਸ਼ਾਹ ਮੁਕੀਮ ਆਉਂਦਾ ਹੈ। ਇਸ ਸ਼ਹਿਰ ਵਿੱਚ ਇਕ ਪਵਿੱਤਰ ਅਸਥਾਨ ਹੁਜਰਾ ਸ਼ਾਹ ਮੁਕੀਮ ਸ਼ਹਿਰ ਤੋਂ ਬੋਗਾ ਆਵਣ-ਜਾਣ ਵਾਲੀ ਸੜਕ ਉਤੇ ਹੈ। ਸ਼ਹਿਰ ਤੋਂ ਇਸ ਦੀ ਦੂਰੀ ਇਕ ਕਿਲੋਮੀਟਰ ਹੈ। ਗੁਰੂ ਨਾਨਕ ਸਾਹਿਬ ਮਾਣਕਦੇਕੇ ਤੋਂ ਚੱਲ ਕੇ ਇਥੇ ਬਿਰਾਜੇ ਸਨ। ਇਸ ਅਸਥਾਨ ਨੂੰ ਗੁਰਦੁਆਰਾ ਛੋਟਾ ਨਾਨਕਿਆਣਾ ਸਾਹਿਬ ਕਰਕੇ ਯਾਦ ਕੀਤਾ ਜਾਂਦਾ ਹੈ। ਇਥੇ ਕਦੀ ਸੁੰਦਰ ਗੁਰੂ ਅਸਥਾਨ ਹੁੰਦਾ ਸੀ, ਹੁਣ ਕੇਵਲ ਖੇਤ ਹੀ ਨਜ਼ਰੀਂ ਪੈਂਦੇ ਹਨ। ਲੋਕੀਂ ਅੱਜ ਵੀ ਇਸ ਥਾਂ ਨੂੰ ਛੋਟਾ ਨਾਨਕਿਆਣਾ ਕਰਕੇ ਬੁਲਾਉਂਦੇ ਹਨ। ਇਸ ਅਸਥਾਨ ਨਾਲ 10 ਏਕੜ ਦੀ ਜ਼ਮੀਨ ਲੱਗੀ ਹੋਈ ਹੈ। ਹੋਰ ਵੀ ਬਹੁਤ ਸਾਰੇ ਪਿੰਡਾਂ ਵਿੱਚ ਇਸ ਅਸਥਾਨ ਦੀ ਜ਼ਮੀਨ ਹੈ। ਅੱਸੂ ਅਤੇ ਕੱਤਕ ਨੂੰ ਜੋੜ-ਮੇਲਾ ਹੁੰਦਾ ਸੀ। ਹੁਣ ਇਸ ਇਤਿਹਾਸਕ ਅਸਥਾਨ ਦਾ ਕੇਵਲ ਇਕ ਖੂਹ ਅਤੇ ਇਕ ਬੋਹੜ ਹੀ ਨਜ਼ਰੀਂ ਪੈਂਦਾ ਹੈ।

**ਪੁਸਤਕ ਸੂਚੀ**:-1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਹੁਡਿਆਰਾ

ਪਾਕਿਸਤਾਨ ਦੇ ਲਾਹੌਰ-ਖਾਲੜਾ ਸੜਕ 'ਤੇ ਲਾਹੌਰ ਤੋਂ 20 ਕਿਲੋਮੀਟਰ ਦੱਖਣ ਪੂਰਬ ਵੱਲ ਹੁਡਿਆਰਾ ਪਿੰਡ ਆਉਂਦਾ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਕੁਝ ਦੇਰ ਠਹਿਰੇ ਸਨ, ਜਦੋਂ ਆਪ ਜੀ ਲਾਹੌਰ ਤੋਂ ਅੰਮ੍ਰਿਤਸਰ ਜਾ ਰਹੇ ਸਨ। 1947 ਤੋਂ ਪਹਿਲਾਂ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਸੀ। ਲਾਹੌਰ ਦਾ ਅਕਸ਼ਾਂਸ਼ 310-35 ਅਤੇ ਰੇਖਾਂਸ਼ ਦੇਸ਼ਾਂਤਰ 740-20 ਹੈ।

ਗੁਰਦੁਆਰਾ ਬਹੁਤ ਹੀ ਸੁੰਦਰ ਬਣਿਆ ਹੋਇਆ ਹੈ। ਗੁਰਦੁਆਰੇ ਨਾਲ 100 ਏਕੜ ਜ਼ਮੀਨ ਹੈ। ਮਾਘੀ ਨੂੰ ਜੋੜੇ-ਮੇਲਾ ਹੁੰਦਾ ਸੀ। ਹੁਡਿਆਰਾ ਪਿੰਡ ਲਾਹੌਰ-ਘਵਿੰਡੀ ਸੜਕ ਉਤੇ ਆਬਾਦ ਹੈ। ਇਸ ਸੜਕ ਨੂੰ ਪਹਿਲਾਂ ਲਾਹੌਰ-ਪੱਟੀ ਸੜਕ ਵੀ ਆਖਿਆ ਜਾਂਦਾ ਸੀ। ਇਹ ਅਸਥਾਨ ਪਿੰਡ ਦੀਆਂ ਸਾਰੀਆਂ ਇਮਾਰਤਾਂ ਤੋਂ ਉਚਾ ਹੈ, ਜੋ ਦੂਰੋਂ ਨਜ਼ਰੀਂ ਪੈਂਦਾ ਹੈ। ਅੱਜ-ਕੱਲ੍ਹ ਇਸ ਇਮਾਰਤ ਅੰਦਰ ਅੰਮ੍ਰਿਤਸਰ ਦੇ ਸ਼ਰਨਾਰਥੀ ਰਹਿੰਦੇ ਹਨ। ਇਮਾਰਤ ਖੂਬਸੂਰਤ ਅਤੇ ਮਜ਼ਬੂਤ ਹੈ। ਕਦੀ ਇਥੇ ਨਿੱਤ ਪ੍ਰਕਾਸ਼ ਹੁੰਦਾ ਸੀ। ਹੁਣ ਸੇਵਾ-ਸੰਭਾਲ ਤੋਂ ਸੱਖਣੀ ਹੈ। ਇਮਾਰਤ ਉਪਰ ਇਕ ਵੱਡਾ ਗੁੰਬਦ ਹੈ, ਜਿਸ ਦੇ ਹੇਠਾਂ ਛੋਟੇ ਚਾਰ ਗੁੰਬਦ ਅੱਜ ਵੀ ਮੌਜੂਦ ਹਨ। ਇਕ ਗੁੰਬਦ ਟੁੱਟਿਆ ਨਜ਼ਰੀਂ ਪੈਂਦਾ ਹੈ। ਇਮਾਰਤ 'ਤੇ ਸੀਮੇਂਟ ਦੀ ਨਕਾਸ਼ੀ ਕੀਤੀ ਹੋਈ ਹੈ।

**ਪੁਸਤਕ ਸੂਚੀ**:-1. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996 2. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998 3. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 4. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।



ਗੁਰ-ਦੁਆਰਾ ਹੇਮਕੁੰਟ ਸਾਹਿਬ

## ਹੇਹਰ ਜਾਂ ਹੇਹਰਾਂ

(ੳ) ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦਾ ਇਕ ਪਿੰਡ (ਹੇਰਾਂ) ਹੇਹਰਾਂ ਜੋ ਗੁਰੂ ਗੋਬਿੰਦ ਸਿੰਘ ਮਾਰਗ ਤੋਂ, ਰਾਇਕੋਟ ਦੇ ਉੱਤਰ ਵੱਲ 11 ਕਿਲੋਮੀਟਰ ਦੂਰ ਹੈ। ਰਾਇਕੋਟ ਦਾ ਅਕਸ਼ਾਂਸ਼ 300-39 ਅਤੇ ਰੇਖਾਂਸ਼ ਦੇਸ਼ਾਂਤਰ 750-37 ਹੈ। ਇਸ ਨਗਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਰਨ ਪਾਏ ਹਨ। ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਦੱਸਵੀਂ ਗੁਰੂ ਸਾਹਿਬ ਦੀ ਯਾਦ ਵਿੱਚ ਬਣੇ ਹੋਏ ਹਨ। ਗੁਰੂ ਹਰਿਗੋਬਿੰਦ ਸਾਹਿਬ ਇਸ ਪਿੰਡ ਵਿੱਚ ਭਾਈ ਹਮੀਰਾ, ਇਕ ਸ਼ਰਧਾਲੂ ਸਿੱਖ ਦੀ ਬੇਨਤੀ 'ਤੇ ਮਾਲਵੇ ਦੀ ਫੇਰੀ ਸਮੇਂ ਆਏ ਸਨ। ਗੁਰੂ ਗੋਬਿੰਦ ਸਿੰਘ ਸਾਹਿਬ 1705 ਵਿੱਚ ਚਮਕੌਰ ਦੀ ਜੰਗ ਤੋਂ ਬਾਅਦ ਇਥੇ ਆਏ ਸਨ। ਉਸ ਸਮੇਂ ਇਕ ਸਿੱਖ ਧਰਮਸ਼ਾਲ ਛੇਵੇਂ ਗੁਰੂ ਦੀ ਮੌਜੂਦ ਸੀ, ਜਿਸ ਦਾ ਪੁਜਾਰੀ ਭੰਗਾਣੀ ਦਾ ਯੋਧਾ ਕ੍ਰਿਪਾਲ ਦਾਸ ਉਦਾਸੀ ਸੀ। ਕ੍ਰਿਪਾਲ ਦਾਸ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਚਨਚੇਤ ਇਸ ਪਿੰਡ ਵਿੱਚ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ। 1925 ਵਿੱਚ ਪੁਰਾਣਾ ਡੇਰਾ, ਨਵੀਂ ਇਮਾਰਤ ਵਿੱਚ ਬਦਲਿਆ ਗਿਆ, ਜਿਸ ਦਾ ਕੰਮ 15 ਜੂਨ 1951 ਨੂੰ ਸ਼ੁਰੂ ਹੋਇਆ। ਨਵੀਂ ਗੁਰਦੁਆਰਾ ਇਮਾਰਤ ਵਿੱਚ ਇਕ ਸਮਕੋਣ ਹਾਲ, ਉਚੀ ਕੁਰਸੀ 'ਤੇ ਅਤੇ ਆਸ-ਪਾਸ ਵਰਾਂਡਾ ਬਣਿਆ ਹੋਇਆ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਚਿੱਟਾ ਗੁੰਬਦ ਹੈ, ਜਿਸ ਦੇ ਉਪਰ ਕੰਵਲ ਗੁੰਬਦ-ਨੁਮਾ ਨਜ਼ਰੀਂ ਪੈਂਦਾ ਹੈ। ਗੁਰੂ ਨਾਨਕ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਉਤਸਵ ਬੜੇ ਜੋਸ਼-ਖਰੋਸ਼ ਨਾਲ ਮਨਾਏ ਜਾਂਦੇ ਹਨ। ਗੁਰਦੁਆਰੇ ਵਿੱਚ ਉਹ ਪਲੰਘ ਜਿਸ 'ਤੇ ਗੁਰੂ ਸਾਹਿਬ ਬਿਰਾਜੇ ਸਨ ਅਤੇ ਉਹ ਚੁੱਲ੍ਹਾ ਜਿਸ 'ਤੇ ਗੁਰੂ ਸਾਹਿਬ ਲਈ ਪ੍ਰਸ਼ਾਦ ਤਿਆਰ ਕੀਤਾ ਗਿਆ ਸੀ, ਦੋਵੇਂ ਸੰਭਾਲ ਕੇ ਰੱਖੇ ਹੋਏ ਹਨ। ਗੁਰਦੁਆਰੇ ਨਾਲ ਸਿੱਖ ਰਾਜ ਸਮੇਂ ਕਈ ਹਜ਼ਾਰ ਹੈਕਟੇਅਰ ਜ਼ਮੀਨ ਲੱਗੀ ਹੋਈ ਸੀ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਇਸ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

(ਅ) ਪਾਕਿਸਤਾਨ ਦੇ ਲਾਹੌਰ ਜ਼ਿਲ੍ਹੇ ਦਾ ਪਿੰਡ ਹੇਹਰ ਹੈ, ਜੋ ਕੋਟ ਲਖਪਤ ਰੇਲਵੇ ਸਟੇਸ਼ਨ ਤੋਂ 12 ਕਿਲੋਮੀਟਰ ਅਗਨਿ ਕੋਣ ਪਾਸੇ ਹੈ। ਇਸ ਪਿੰਡ ਵਿੱਚ ਗੁਰੂ ਅਰਜਨ ਸਾਹਿਬ ਦੇ ਵੱਡੇ ਭਾਈ ਪ੍ਰਿਥੀ ਚੰਦ ਦੇ ਸਹੁਰੇ ਰਹਿੰਦੇ ਸਨ। ਉਨ੍ਹਾਂ ਦਾ ਚਲਾਣਾ ਵੀ ਇਥੇ ਹੋਇਆ, ਸਮਾਧ ਬਣੀ ਹੈ, ਜਿਸ ਨਾਲ ਕਾਫੀ ਜ਼ਮੀਨ ਅਤੇ ਜਗੀਰ ਲੱਗੀ ਹੋਈ ਹੈ। ਲਾਹੌਰ ਤੋਂ ਹੇਹਰ 20 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਾਲੂ ਅਤੇ ਭਾਈ ਅਰਜਨੀ ਵੀ ਦਸੰਬਰ 1620 ਨੂੰ ਆਏ ਸਨ।

**ਪੁਸਤਕ ਸੂਚੀ**:-1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996 3. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਹੇਮਕੁੰਟ ਸਾਹਿਬ, ਗੁਰਦੁਆਰਾ

ਇਹ ਹਿਮਾਲਿਆ ਪਹਾੜਾਂ ਵਿੱਚ 15,210 ਫੁੱਟ ਉਚਾਈ 'ਤੇ ਭਾਰਤ ਦੀ ਰਿਆਸਤ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਚਮੋਲੀ ਵਿਖੇ ਸਥਿਤ ਹੈ। ਇਹ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸੰਬੰਧ ਕੀਤਾ ਜਾਂਦਾ ਹੈ, ਕਿ ਗੁਰੂ ਸਾਹਿਬ ਨੇ ਆਪਣੇ ਪਹਿਲੇ ਜਨਮ ਵਿੱਚ ਮਹਾਂਕਾਲ ਦੀ ਭਗਤੀ ਕੀਤੀ ਸੀ। ਗੁਰੂ ਸਾਹਿਬ ਆਪਣੀ ਸ੍ਵੈ-ਜੀਵਨੀ ਬਚਿੱਤਰ ਨਾਟਕ ਵਿੱਚ ਲਿਖਦੇ ਹਨ ਹੇਮਕੁੰਟ ਪਰਬਤ ਹੈ ਜਹਾਂ...। ਇਸ ਹੇਮਕੁੰਟ ਦਾ ਜ਼ਿਕਰ ਮਹਾਂਭਾਰਤ ਦੇ ਆਦਿ ਪੁਰਬ ਦੇ 119ਵੇਂ ਅਧਯਾਯ ਵਿੱਚ ਵੀ ਆਇਆ ਹੈ। ਹੇਮਕੁੰਟ ਉਹ ਪਰਬਤ ਹੈ, ਜਿਸ ਦੀਆਂ ਸੱਤ ਪਹਾੜੀਆਂ ਆਪਸ ਵਿੱਚ ਮਿਲਦੀਆਂ ਹਨ। ਇਸ ਹੇਮਕੁੰਟ ਦੀ ਨਿਸ਼ਾਨਦੇਹੀ ਨਿਰਮਲਾ ਸਕਾਲਰ ਪੰਡਤ ਤਾਰਾ ਸਿੰਘ ਨਰੋਤਮ (1822-91) ਨੇ ਪਹਿਲਾਂ ਕੀਤੀ। ਬਾਅਦ ਵਿੱਚ ਸੰਤ ਸੋਹਣ ਸਿੰਘ (ਤੈੜੀ ਗੜ੍ਹਵਾਲ) ਨੇ ਹੋਰ ਖੋਜ ਕੀਤੀ ਅਤੇ 1934 ਵਿੱਚ ਇਸ ਹੇਮਕੁੰਟ ਦੀ ਨਿਸ਼ਾਨਦੇਹੀ ਕੀਤੀ। ਭਾਈ ਵੀਰ ਸਿੰਘ (1872-1957) ਵੱਲੋਂ ਹੱਲਾਸ਼ੇਰੀ ਅਤੇ ਆਰਥਿਕ ਸਹਾਇਤਾ ਦੇਣ ਕਾਰਨ 1936 ਵਿੱਚ 3X3 ਮੀਟਰ ਇਕ ਕਮਰਾ ਤਾਮੀਰ ਕੀਤਾ ਗਿਆ। ਸੰਤ ਸੋਹਣ ਸਿੰਘ ਦੇ ਅਕਾਲ ਚਲਾਣੇ ਕਾਰਨ, ਹਵਾਲਦਾਰ ਮਦਨ ਸਿੰਘ, ਇਕ ਸੇਵਾਮੁਕਤ ਫੌਜੀ ਨੇ 21 ਸਾਲ ਤੱਕ ਬੜੀ ਤਨਦੇਹੀ ਨਾਲ ਸੇਵਾ ਕੀਤੀ। ਉਸ ਨੇ ਨਾ ਕੇਵਲ ਹੇਮਕੁੰਟ ਗੁਰਦੁਆਰਾ ਤਾਮੀਰ ਕੀਤਾ, ਸਗੋਂ ਗੁਰ-ਦੁਆਰਾ ਗੋਬਿੰਦ ਘਾਟ ਵੀ 6,000 ਫੁੱਟ 'ਤੇ ਬਣਾਇਆ। ਇੰਝ ਹੀ ਗੋਬਿੰਦ ਧਾਮ 10,500 ਫੁੱਟ 'ਤੇ ਉਸਾਰਿਆ। ਇਹ ਦੋਵੇਂ ਪੜਾਅ ਹੇਮਕੁੰਟ ਜਾਣ ਵਾਸਤੇ ਮੁੱਢਲੇ ਪੜਾਅ ਮੰਨੇ ਜਾਂਦੇ ਹਨ। ਹਵਾਲਦਾਰ ਮਦਨ ਸਿੰਘ ਦੇ ਦਸੰਬਰ 1960 ਵਿੱਚ ਅਕਾਲ ਚਲਾਣੇ ਤੋਂ ਪਹਿਲਾਂ ਉਨ੍ਹਾਂ ਇਕ ਸ੍ਰੀ ਹੇਮਕੁੰਟ ਸਾਹਿਬ ਮੈਨਜਮੈਂਟ ਟਰੱਸਟ ਬਣਾਇਆ। ਇਸ ਟਰੱਸਟ ਨੇ (ਜਿਸ ਦਾ ਕੇਂਦਰੀ ਦਫ਼ਤਰ ਕਾਨਪੁਰ ਵਿੱਚ ਹੈ) ਬਾਅਦ ਵਿੱਚ ਹੇਮਕੁੰਟ ਸਾਹਿਬ ਗੁਰਦੁਆਰੇ ਦੀ ਨਵੀਂ ਇਮਾਰਤ ਤਾਮੀਰ ਕੀਤੀ ਅਤੇ ਦੋ ਹੋਰ ਗੁਰਦੁਆਰੇ ਸ੍ਰੀਨਗਰ ਗੜ੍ਹਵਾਲ ਅਤੇ ਜੋਸ਼ੀ ਮੱਠ ਤਾਮੀਰ ਕੀਤੇ, ਜੋ ਹੇਮਕੁੰਟ ਦੇ ਰਸਤੇ ਵਿੱਚ ਆਉਂਦੇ ਹਨ। ਇਨ੍ਹਾਂ ਵਿੱਚ ਯਾਤਰੂਆਂ ਲਈ ਗੁਰੂ ਕਾ ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਕੀਤਾ ਜਾਂਦਾ ਹੈ। ਗੁਰਦੁਆਰਾ ਹੇਮਕੁੰਟ ਸਾਹਿਬ, 2.5 ਕਿਲੋਮੀਟਰ ਮਿੱਠੇ ਪਾਣੀ ਦੀ ਝੀਲ ਦੇ ਕਿਨਾਰੇ, ਸੱਤ ਪਹਾੜੀ ਚੋਟੀਆਂ ਸੱਪਤਸ੍ਰਿੰਗ ਨਾਲ ਘੇਰਿਆ ਹੋਇਆ ਹੈ। ਸਰਦੀਆਂ ਦੇ ਮੌਸਮ ਵਿੱਚ ਇਹ ਬੰਦ ਰਹਿੰਦਾ ਹੈ ਅਤੇ ਕੇਵਲ ਗਰਮੀਆਂ ਵਿੱਚ ਵੀ ਦਪਹਿਰੇ ਜਾਇਆ ਜਾ ਸਕਦਾ ਹੈ। ਯਾਤਰੂ ਕੇਵਲ ਗੁਰਦੁਆਰਾ ਗੋਬਿੰਦ ਧਾਮ ਹੀ ਠਹਿਰਦੇ ਹਨ। ਤਿੱਖੀ ਉਚਾਈ ਅਤੇ ਆਕਸੀਜਨ ਹੇਮਕੁੰਟ ਵਿੱਚ ਘੱਟ ਹੋਣ ਕਾਰਨ, ਰਾਤ ਠਹਿਰਨਾ ਬੜਾ ਕਠਿਨ ਹੈ।

ਇਕ ਅਹਿਮ ਨੁਕਤਾ ਜੋ ਵਾਚਣਯੋਗ ਹੈ, ਕਿ ਹੇਮਕੁੰਟ ਜਿਸ ਦਾ ਬਚਿੱਤਰ ਨਾਟਕ ਵਿੱਚ ਜ਼ਿਕਰ ਆਇਆ ਹੈ, ਇਹ ਇਤਿਹਾਸ ਨਹੀਂ ਸਗੋਂ ਮਿਥਿਹਾਸ ਹੈ। ਦੂਜਾ ਸਿੱਖ ਧਰਮ ਵਿੱਚ ਪੁਨਰ ਜਨਮ ਵਿੱਚ ਵਿਸ਼ਵਾਸ ਨਹੀਂ ਕੀਤਾ ਜਾਂਦਾ।

ਹੇਮਕੁੰਟ ਸਾਹਿਬ ਜਾਣ ਲਈ ਬੱਸ ਰਿਸ਼ੀਕੇਸ਼ ਤੋਂ ਗੋਬਿੰਦ ਘਾਟ (275 ਕਿਲੋਮੀਟਰ) ਤੱਕ ਜਾਂਦੀ ਹੈ, ਜੋ 14 ਘੰਟਿਆਂ ਦਾ ਸਫ਼ਰ ਤਹਿ ਕਰਕੇ ਰਾਤ ਸ੍ਰੀਨਗਰ ਜਾਂ ਜੋਸ਼ੀ-ਮੱਠ ਠਹਿਰਿਆ ਜਾ ਸਕਦਾ ਹੈ। ਗੋਬਿੰਦ ਘਾਟ ਤੋਂ 13 ਕਿਲੋਮੀਟਰ ਪੈਦਲ ਸਫ਼ਰ ਕਰਕੇ ਗੋਬਿੰਦ ਧਾਮ ਪੁੱਜਿਆ ਜਾਂਦਾ ਹੈ। ਅਲਕੰਧਾ ਪੁੱਲ ਪਾਰ ਕਰਕੇ ਚਾਰ-ਪੰਜ ਪਿੰਡਾਂ ਵਿੱਚੋਂ ਹੋ ਕੇ ਛੇ ਕਿਲੋਮੀਟਰ ਦੀ ਕਠਿਨ ਚੜ੍ਹਾਈ 4 ਜਾਂ 6 ਘੰਟੇ ਗੋਬਿੰਦ ਧਾਮ ਤੋਂ ਸ਼ੁਰੂ ਹੋ ਜਾਂਦੀ ਹੈ।

ਡਾ. ਦਿਲਗੀਰ ਅਤੇ ਹੋਰ ਵਿਦਵਾਨਾਂ ਅਨੁਸਾਰ ਹੇਮਕੁੰਟ ਸਿੱਖਾਂ ਲਈ ਧਾਰਮਿਕ, ਪਵਿੱਤਰ ਜਾਂ ਇਤਿਹਾਸਕ ਥਾਂ ਨਹੀਂ ਹੈ, ਇਹ ਕੇਵਲ ਧਾਰਮਿਕ ਵਾਤਾਵਰਣ ਵਿੱਚ ਛੁੱਟੀਆਂ ਮਨਾਉਣ ਦੀ ਥਾਂ ਹੈ। ਇਸੇ ਖਿੱਤੇ ਵਿੱਚ ਸੰਸਾਰ ਦੀ ਮਸ਼ਹੂਰ ਫੁੱਲਾਂ ਦੀ ਵਾਦੀ ਵੀ ਪੈਂਦੀ ਹੈ।

**ਪੁਸਤਕ ਸੂਚੀ:-1. ਇਤਿਹਾਸ ਗਾਈਡ- ਸ੍ਰੀ ਹੇਮਕੁੰਟ ਸਾਹਿਬ, ਕਾਨਪੁਰ, 1979 2. ਬਚਿੱਤਰ ਨਾਟਕ 3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, 1996 4. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997**

ਬਾਕੀ ਅਗਲੇ ਹਫ਼ਤੇ ਪੜ੍ਹੋ

# ਅਚਾਰ ਦੇ ਡੱਬਿਆਂ ’ਚ ਲੁਕਾਈ 115 ਕਿਲੋ ਤੋਂ ਵੱਧ ਮੈਥ ਜ਼ਬਤ

## ਨਸ਼ਾ ਤਸਕਰਾਂ ਵੱਲੋਂ ਆਸਟਰੇਲੀਆ ਭੇਜਣ ਦੀ ਕੀਤੀ ਗਈ ਸੀ ਵਿਉਂਤਬੰਦੀ



ਪੁਲਿਸ ਵੱਲੋਂ ਬਰਾਮਦ ਕੀਤੀ ਗਈ ਮੈਥਐਮਫੈਟਾਮਾਈਨ ਦੇ ਡੱਬੇ।

***ਵੈਨਕੂਵਰ-(ਮਲਕੀਤ ਸਿੰਘ) – ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਪੁਲਿਸ ਵੱਲੋਂ ਕੀਤੀ ਕਾਰਵਾਈ ਦੌਰਾਨ ਅਚਾਰ ਦੇ ਡੱਬਿਆਂ ਵਿੱਚ ਲੁਕਾਈ ਗਈ 115 ਕਿਲੋਗ੍ਰਾਮ ਤੋਂ ਵੱਧ ਮੈਥਐਮਫੈਟਾਮਾਈਨ ਜ਼ਬਤ ਕੀਤੀ ਗਈ ਹੈ।***


ਪੁਲਿਸ ਮੁਤਾਬਕ ਇਹ ਨਸ਼ੀਲਾ ਪਦਾਰਥ ਆਸਟ੍ਰੇਲੀਆ ਦੇ ਸ਼ਹਿਰ ਮੇਲਬੋਰਨ ਭੇਜਣ ਲਈ ਤਿਆਰ ਕੀਤਾ ਗਿਆ ਸੀ ਅਤੇ ਇਸ ਨੂੰ ਅਚਾਰ ਦੇ ਡੱਬਿਆਂ ਵਿੱਚ ਛੁਪਾ ਕੇ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਆਸਟ੍ਰੇਲੀਆਈ ਫੈਡਰਲ ਪੁਲਿਸ ਦੀ ਸਹਾਇਤਾ ਨਾਲ ਕੀਤੀ ਗਈ, ਜਿਸ ਦੌਰਾਨ ਅੰਤਰਰਾਸ਼ਟਰੀ ਤਸਕਰੀ ਜਾਲ ਦਾ ਪਰਦਾਫਾਸ਼ ਹੋਇਆ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਜ਼ਬਤੀ ਨਸ਼ਿਆਂ ਦੀ ਤਸਕਰੀ ਖ਼ਿਲਾਫ਼ ਵੱਡੀ ਸਫਲਤਾ ਹੈ ਅਤੇ ਇਸ ਨਾਲ ਇੱਕ ਵੱਡੇ ਗਿਰੋਹ ਦੀ ਕਾਰਵਾਈ ਨੂੰ ਝਟਕਾ ਲੱਗਿਆ ਹੈ। ਜਾਂਚ ਅਜੇ ਵੀ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

**- ਦੁਕਾਨ ਲੁੱਟਣ ਆਏ ਲੁਟੇਰਿਆਂ ਨੂੰ ਲੋਕਾਂ ਨੇ ਬਾਹਰੋਂ ਸ਼ਟਰ ਲਾ ਕੇ ਕਰ ਦਿੱਤਾ ਕੈਦ -**




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Look at the two letter words you made last week with letters ਤ, ਥ, ਦ, ਧ, ਨ See if you add more letters to make three or four letter mukta words ............or construct some new words

ਸਿੱਖਿਆ - ਗੁਰਮੁਖੀ Page 53 Level I

# ਦਿੱਲੀ ਫ਼ਤਹਿ ਦਿਵਸ: ਲਾਲ ਕਿਲ੍ਹੇ ਦੀਆਂ ਕੰਧਾਂ 'ਤੇ ਗੂੰਜਿਆ ਸਿੱਖ ਇਤਿਹਾਸ

## ✪ ਮਜਨੂੰ ਕਾ ਟਿੱਲਾ ਤੋਂ ਨਿਕਲਿਆ ਵਿਸ਼ਾਲ 'ਜਰਨੈਲੀ ਮਾਰਚ'



ਨਵੀਂ ਦਿੱਲੀ-ਸਿੱਖ ਜਰਨੈਲਾਂ ਦੀ ਬਹਾਦਰੀ ਅਤੇ ਦਿੱਲੀ ਫ਼ਤਹਿ ਦੀ ਯਾਦ ਨੂੰ ਸਮਰਪਿਤ ਦੋ ਰੋਜ਼ਾ 'ਦਿੱਲੀ ਫ਼ਤਹਿ ਦਿਵਸ' ਸਮਾਗਮ ਦੇ ਦੂਜੇ ਦਿਨ ਰਾਜਧਾਨੀ ਦਿੱਲੀ ਖਾਲਸਾਈ ਰੰਗ ਵਿੱਚ ਰੰਗੀ ਨਜ਼ਰ ਆਈ। ਗੁਰਦੁਆਰਾ ਮਜਨੂੰ ਕਾ ਟਿੱਲਾ ਸਾਹਿਬ ਤੋਂ ਲਾਲ ਕਿਲ੍ਹੇ ਤੱਕ ਇੱਕ ਵਿਸ਼ਾਲ 'ਜਰਨੈਲੀ ਮਾਰਚ' ਕੱਢਿਆ ਗਿਆ, ਜਿਸ ਵਿੱਚ ਸਿੱਖ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਅਤੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਵੱਖ-ਵੱਖ ਨਿਹੰਗ ਦਲਾਂ ਨੇ ਆਪਣੇ ਰਵਾਇਤੀ ਪਹਿਰਾਵੇ ਅਤੇ ਸ਼ਸਤਰਾਂ ਨਾਲ ਮਾਰਚ ਦੀ ਸ਼ੋਭਾ ਵਧਾਈ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਸੈਂਕੜੇ ਵਿਦਿਆਰਥੀ ਇਸ ਮਾਰਚ ਦਾ ਹਿੱਸਾ ਬਣੇ।

ਜਰਨੈਲੀ ਮਾਰਚ ਦੇ ਲਾਲ ਕਿਲ੍ਹੇ ਪਹੁੰਚਣ ਤੋਂ ਬਾਅਦ ਉੱਥੇ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ। ਇਸ ਦੌਰਾਨ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ 10 ਗੁਰੂ ਸਾਹਿਬਾਨ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਧਾਰਿਤ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਦਿੱਤੀਆਂ। ਲਾਲ ਕਿਲ੍ਹੇ ਦਾ ਮੈਦਾਨ ਜੈਕਾਰਿਆਂ ਅਤੇ ਸਿੱਖ ਇਤਿਹਾਸ ਦੀਆਂ ਗਾਥਾਵਾਂ ਨਾਲ ਗੂੰਜ ਉੱਠਿਆ।

ਸਮਾਗਮ ਵਿੱਚ ਹਾਜ਼ਰ ਦਿੱਲੀ ਕਮੇਟੀ ਦੇ ਅਹੁਦੇਦਾਰਾਂ ਅਤੇ ਸਿਆਸੀ ਸ਼ਖ਼ਸੀਅਤਾਂ ਨੇ ਸਿੱਖ ਇਤਿਹਾਸ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਹਰਮੀਤ ਸਿੰਘ ਕਾਲਕਾ (ਪ੍ਰਧਾਨ) ਅਤੇ ਜਗਦੀਪ ਸਿੰਘ ਕਾਹਲੋਂ (ਜਨਰਲ ਸਕੱਤਰ) ਨੇ ਕਿਹਾ ਕਿ "ਦਿੱਲੀ ਦੇ ਇਤਿਹਾਸ ਵਿੱਚ ਇਹ ਦਿਹਾੜਾ ਬਹੁਤ ਅਹਿਮੀਅਤ ਰੱਖਦਾ ਹੈ। ਸਾਡਾ ਮਕਸਦ ਨੌਜਵਾਨ ਪੀੜ੍ਹੀ ਨੂੰ ਆਪਣੇ ਮਾਨਮੱਤੇ ਵਿਰਸੇ ਨਾਲ ਜੋੜਨਾ ਹੈ।" ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਜਰਨੈਲਾਂ ਵੱਲੋਂ ਦਿੱਲੀ ਫ਼ਤਹਿ ਕਰਨ ਦੀਆਂ ਦਾਸਤਾਨਾਂ ਨੂੰ ਹਰ ਘਰ ਤੱਕ ਪਹੁੰਚਾਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

ਸਮਾਗਮ ਦੌਰਾਨ ਦਿੱਲੀ ਕਮੇਟੀ ਵੱਲੋਂ ਪੰਥਕ ਸ਼ਖ਼ਸੀਅਤਾਂ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ, ਬਾਬਾ ਬਲਜੀਤ ਸਿੰਘ ਦਾਦੂਵਾਲ, ਬਾਬਾ ਮੇਜਰ ਸਿੰਘ ਅਤੇ ਬਾਬਾ ਅਵਤਾਰ ਸਿੰਘ ਬਾਬਾ ਜੋਗਾ ਸਿੰਘ ਕਰਨਾਲ ਵਾਲੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਸੰਗਤਾਂ ਲਈ ਲੰਗਰ ਦੇ ਵਿਸ਼ੇਸ਼ ਪ੍ਰਬੰਧ ਬਾਬਾ ਕਸ਼ਮੀਰ ਸਿੰਘ (ਭੂਰੀ ਵਾਲੇ) ਅਤੇ ਬਾਬਾ ਸੁਖਵਿੰਦਰ ਸਿੰਘ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਕੀਤੇ ਗਏ।

### ਕੀ ਮਹਾਨਤਾ ਹੈ ਦਿੱਲੀ ਫ਼ਤਹਿ ਦਿਵਸ ਦੀ

'ਦਿੱਲੀ ਫ਼ਤਹਿ ਦਿਵਸ' ਸਿੱਖ ਇਤਿਹਾਸ ਦਾ ਉਹ ਸੁਨਹਿਰੀ ਪੰਨਾ ਹੈ ਜਦੋਂ ਸਿੱਖ ਜਰਨੈਲਾਂ ਨੇ ਮੁਗ਼ਲ ਹਕੂਮਤ ਦੇ ਹੰਕਾਰ ਨੂੰ ਤੋੜਦਿਆਂ ਦਿੱਲੀ ਦੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਸੀ। ਇਸ ਦਾ ਇਤਿਹਾਸ ਮੁੱਖ ਤੌਰ 'ਤੇ 11 ਮਾਰਚ 1783 ਦੀ ਘਟਨਾ ਨਾਲ ਜੁੜਿਆ ਹੋਇਆ ਹੈ।

ਸਿੱਖ ਮਿਸਲਾਂ ਦੇ ਮਹਾਨ ਜਰਨੈਲਾਂ-ਬਾਬਾ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ-ਨੇ ਸਾਂਝੇ ਤੌਰ 'ਤੇ 30,000 ਸਿੱਖ ਫੌਜਾਂ (ਦਲ ਖਾਲਸਾ) ਨਾਲ ਦਿੱਲੀ 'ਤੇ ਹਮਲਾ ਕੀਤਾ। ਉਨ੍ਹਾਂ ਨੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਦੀਆਂ ਫੌਜਾਂ ਨੂੰ ਹਰਾ ਕੇ ਲਾਲ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਸੀ।

ਦਿੱਲੀ ਦਾ 'ਤੀਸ ਹਜ਼ਾਰੀ' ਇਲਾਕਾ ਉਹ ਥਾਂ ਹੈ ਜਿੱਥੇ ਬਾਬਾ ਬਘੇਲ ਸਿੰਘ ਨੇ ਆਪਣੀ 30,000 (ਤੀਹ ਹਜ਼ਾਰ) ਫੌਜ ਨਾਲ ਪੜਾਅ ਕੀਤਾ ਸੀ। ਲਾਲ ਕਿਲ੍ਹੇ ਦੀ ਕੰਧ ਦਾ ਉਹ ਹਿੱਸਾ ਜਿੱਥੋਂ ਸਿੱਖ ਫੌਜਾਂ ਨੇ ਸੰਨ੍ਹ ਲਾ ਕੇ ਕਿਲ੍ਹੇ ਅੰਦਰ ਪ੍ਰਵੇਸ਼ ਕੀਤਾ ਸੀ, ਉਸ ਥਾਂ ਨੂੰ ਅੱਜ ਵੀ 'ਮੋਰੀ ਗੇਟ' ਕਿਹਾ ਜਾਂਦਾ ਹੈ।

ਜਦੋਂ ਸਿੱਖਾਂ ਨੇ ਲਾਲ ਕਿਲ੍ਹਾ ਜਿੱਤ ਲਿਆ, ਤਾਂ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਤਖ਼ਤ 'ਤੇ ਬਿਠਾਇਆ ਗਿਆ। ਪਰ ਸਿੱਖਾਂ ਦਾ ਮਕਸਦ ਰਾਜ ਕਰਨਾ ਨਹੀਂ, ਸਗੋਂ ਜ਼ੁਲਮ ਦਾ ਖ਼ਾਤਮਾ ਕਰਨਾ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੁਆਰਾ ਵਰਤਿਆ ਜਾਣ ਵਾਲਾ ਪੱਥਰ ਦਾ ਤਖ਼ਤ (ਸਿਲ੍ਹਾ) ਪੁੱਟ ਲਿਆ, ਜੋ ਅੱਜ ਵੀ ਅੰਮ੍ਰਿਤਸਰ ਵਿਖੇ ਰਾਮਗੜ੍ਹੀਆ ਬੁੰਗੇ ਵਿੱਚ ਮੌਜੂਦ ਹੈ।

ਇਸ ਜਿੱਤ ਤੋਂ ਬਾਅਦ ਮੁਗ਼ਲ ਬਾਦਸ਼ਾਹ ਅਤੇ ਸਿੱਖਾਂ ਵਿਚਾਲੇ ਸਮਝੌਤਾ ਹੋਇਆ। ਬਾਬਾ ਬਘੇਲ ਸਿੰਘ ਨੇ ਸ਼ਰਤ ਰੱਖੀ ਕਿ ਜਿੰਨੀ ਦੇਰ ਦਿੱਲੀ ਵਿੱਚ ਸਿੱਖ ਗੁਰੂਆਂ ਨਾਲ ਸਬੰਧਤ ਇਤਿਹਾਸਕ ਥਾਵਾਂ ਦੀ ਪਛਾਣ ਕਰਕੇ ਉੱਥੇ ਗੁਰਦੁਆਰੇ ਨਹੀਂ ਬਣ ਜਾਂਦੇ, ਸਿੱਖ ਫੌਜਾਂ ਦਿੱਲੀ ਨਹੀਂ ਛੱਡਣਗੀਆਂ। ਇਸੇ ਦੌਰਾਨ ਉਨ੍ਹਾਂ ਨੇ ਦਿੱਲੀ ਦੇ 7 ਪ੍ਰਮੁੱਖ ਗੁਰਦੁਆਰੇ ਗੁਰਦੁਆਰਾ ਸੀਸ ਗੰਜ ਸਾਹਿਬ (ਚਾਂਦਨੀ ਚੌਕ), ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ, ਗੁਰਦੁਆਰਾ ਮਾਤਾ ਸੁੰਦਰੀ ਜੀ, ਗੁਰਦੁਆਰਾ ਬਾਲਾ ਸਾਹਿਬ, ਗੁਰਦੁਆਰਾ ਮੋਤੀ ਬਾਗ਼, ਗੁਰਦੁਆਰਾ ਮਜਨੂੰ ਕਾ ਟਿੱਲਾ ਸਥਾਪਿਤ ਕੀਤੇ।

ਦਿੱਲੀ ਫ਼ਤਹਿ ਦਿਵਸ ਸਿੱਖਾਂ ਦੀ ਉਸ ਬਹਾਦਰੀ ਦਾ ਪ੍ਰਤੀਕ ਹੈ ਜਿਸ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਖਾਲਸਾ ਰਾਜ ਕਿਸੇ ਵੀ ਵੱਡੀ ਤੋਂ ਵੱਡੀ ਤਾਕਤ ਨੂੰ ਝੁਕਾਉਣ ਦੇ ਸਮਰੱਥ ਹੈ। ਅੱਜ ਵੀ ਹਰ ਸਾਲ ਮਾਰਚ ਮਹੀਨੇ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਜਿੱਤ ਨੂੰ ਬਹੁਤ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।

# ਈਰਾਨ ਵੱਲੋਂ ਜੰਗ ਲਈ 12 ਸਾਲ ਦੇ ਬੱਚਿਆਂ ਦੀ ਭਰਤੀ

## ✪ ਤਹਿਰਾਨ ਦੇ ਚੈੱਕ-ਪੁਆਇੰਟਾਂ 'ਤੇ ਹਥਿਆਰਬੰਦ ਨਾਬਾਲਗ ਤਾਇਨਾਤ



ਤਹਿਰਾਨ-ਈਰਾਨ ਅਤੇ ਅਮਰੀਕਾ-ਇਜ਼ਰਾਈਲ ਵਿਚਾਲੇ ਚੱਲ ਰਹੀ ਭਿਆਨਕ ਜੰਗ ਦੇ ਵਿਚਕਾਰ ਇੱਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰ ਨੇ ਹੁਣ 12 ਸਾਲ ਤੱਕ ਦੇ ਛੋਟੇ ਬੱਚਿਆਂ ਨੂੰ ਸੁਰੱਖਿਆ ਬਲਾਂ ਵਿੱਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਨਾਬਾਲਗ ਬੱਚੇ ਰਾਜਧਾਨੀ ਤਹਿਰਾਨ ਦੀਆਂ ਸੜਕਾਂ 'ਤੇ ਮਸ਼ੀਨ ਗੰਨਾਂ ਲੈ ਕੇ ਚੈੱਕ-ਪੁਆਇੰਟਾਂ ਦੀ ਨਿਗਰਾਨੀ ਕਰਦੇ ਦੇਖੇ ਜਾ ਰਹੇ ਹਨ। ਈਰਾਨੀ ਅਧਿਕਾਰੀਆਂ ਨੇ "ਫਾਰ ਇਰਾਨ" ਨਾਮ ਦੀ ਇੱਕ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਤਹਿਤ ਭਰਤੀ ਦੀ ਘੱਟੋ-ਘੱਟ ਉਮਰ ਘਟਾ ਕੇ 12 ਸਾਲ ਕਰ ਦਿੱਤੀ ਗਈ ਹੈ। ਤਹਿਰਾਨ ਦੇ ਨਿਵਾਸੀਆਂ ਅਨੁਸਾਰ, ਬਿਨਾਂ ਕਿਸੇ ਪੇਸ਼ੇਵਰ ਸਿਖਲਾਈ ਦੇ ਇਹ ਬੱਚੇ ਸੜਕਾਂ 'ਤੇ ਗੱਡੀਆਂ ਦੀ ਤਲਾਸ਼ੀ ਲੈ ਰਹੇ ਹਨ। ਕਈ ਥਾਵਾਂ 'ਤੇ 12-13 ਸਾਲ ਦੇ ਲੜਕਿਆਂ ਨੂੰ 'ਉਜ਼ੀ' ਅਤੇ 'ਕਲਾਸ਼ਨੀਕੋਵ' ਵਰਗੇ ਹਥਿਆਰਾਂ ਨਾਲ ਦੇਖਿਆ ਗਿਆ ਹੈ। ਇਨ੍ਹਾਂ ਬੱਚਿਆਂ ਨੂੰ ਸੁਰੱਖਿਆ ਡੇਟਾ ਇਕੱਠਾ ਕਰਨ, ਗਸ਼ਤ ਕਰਨ ਅਤੇ ਮਿਜ਼ਾਈਲ ਹਮਲਿਆਂ ਵਾਲੀਆਂ ਥਾਵਾਂ 'ਤੇ ਭੀੜ ਨੂੰ ਕੰਟਰੋਲ ਕਰਨ ਲਈ ਵਰਤਿਆ ਜਾ ਰਿਹਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਬੱਚੇ ਅਕਸਰ ਡਰਾਉਣ ਲਈ ਹਵਾ ਵਿੱਚ ਫਾਇਰਿੰਗ ਵੀ ਕਰਦੇ ਹਨ। ?ਰਹੀਮ ਨਦਾਲੀ ਗਾਰਡਜ਼ ਅਧਿਕਾਰੀ ਦਾ ਕਹਿਣਾ ਹੈ ਕਿਬਹੁਤ ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਕਿਸ਼ੋਰ 'ਗਲੋਬਲ ਬੁਲੀ' (ਅਮਰੀਕਾ) ਦੇ ਖਿਲਾਫ ਖੜ੍ਹੇ ਹੋਣ ਲਈ ਸਵੈ-ਇੱਛਾ ਨਾਲ ਅੱਗੇ ਆ ਰਹੇ ਹਨ। ਬੱਚਿਆਂ ਦੇ ਉਤਸ਼ਾਹ ਨੂੰ ਦੇਖਦੇ ਹੋਏ ਅਸੀਂ ਭਰਤੀ ਦੀ ਉਮਰ 12 ਸਾਲ ਕਰ ਦਿੱਤੀ ਹੈ।

# ਅਮਰੀਕਾ 'ਚ ਹਜ਼ਾਰਾਂ ਪੰਜਾਬੀਆਂ ਲਈ ਰਾਹਤ ਦੀ ਖ਼ਬਰ

## ✪ ਪੱਕੇ ਹੋਣਗੇ ਪੰਜਾਬੀ, ਟਰੰਪ ਸਰਕਾਰ ਨੇ ਅਸਾਇਲਮ ਅਰਜ਼ੀਆਂ ਤੋਂ ਹਟਾਈ ਰੋਕ

ਵਾਸ਼ਿੰਗਟਨ-ਅਮਰੀਕਾ ਵਿੱਚ ਪੱਕੇ ਹੋਣ ਦੀ ਉਡੀਕ ਕਰ ਰਹੇ ਹਜ਼ਾਰਾਂ ਪੰਜਾਬੀਆਂ ਅਤੇ ਹੋਰ ਪ੍ਰਵਾਸੀਆਂ ਲਈ ਇੱਕ ਵੱਡੀ ਅਤੇ ਸੁਖਦ ਖ਼ਬਰ ਸਾਹਮਣੇ ਆਈ ਹੈ। ਟਰੰਪ ਪ੍ਰਸ਼ਾਸਨ ਨੇ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਨੂੰ ਅਸਾਇਲਮ (ਪਨਾਹ) ਦੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਮੁੜ ਸ਼ੁਰੂ ਕਰਨ ਦੀ ਹਰੀ ਝੰਡੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਉਨ੍ਹਾਂ ਲੋਕਾਂ ਦੇ ਅਮਰੀਕਾ ਵਿੱਚ ਪੱਕੇ ਤੌਰ 'ਤੇ ਵਸਣ ਦੀ ਉਮੀਦ ਜਾਗ ਗਈ ਹੈ ਜੋ ਲੰਬੇ ਸਮੇਂ ਤੋਂ ਕਾਨੂੰਨੀ ਅੜਚਨਾਂ ਦਾ ਸਾਹਮਣਾ ਕਰ ਰਹੇ ਸਨ। ਦੱਸਣਯੋਗ ਹੈ ਕਿ ਪਿਛਲੇ ਸਮੇਂ ਵਿੱਚ ਵਾਸ਼ਿੰਗਟਨ ਡੀ.ਸੀ. ਵਿੱਚ ਇੱਕ ਅਫ਼ਗਾਨ ਨਾਗਰਿਕ ਵੱਲੋਂ ਨੈਸ਼ਨਲ ਗਾਰਡਜ਼ 'ਤੇ ਗੋਲੀਆਂ ਚਲਾਉਣ ਦੀ ਮੰਦਭਾਗੀ ਘਟਨਾ ਵਾਪਰੀ ਸੀ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਸਰਕਾਰ ਨੇ ਅਸਾਇਲਮ ਪ੍ਰਕਿਰਿਆ 'ਤੇ ਅਸਥਾਈ ਤੌਰ 'ਤੇ ਰੋਕ ਲਗਾ ਦਿੱਤੀ ਸੀ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਊਰਿਟੀ ਵੱਲੋਂ ਜਾਰੀ ਤਾਜ਼ਾ ਬਿਆਨ ਅਨੁਸਾਰ ਜਿਨ੍ਹਾਂ ਮੁਲਕਾਂ ਦੇ ਨਾਗਰਿਕਾਂ ਤੋਂ ਕੌਮੀ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ ਹੈ, ਉਨ੍ਹਾਂ ਦੀਆਂ ਅਰਜ਼ੀਆਂ 'ਤੇ ਕਾਰਵਾਈ ਮੁੜ ਸ਼ੁਰੂ ਹੋਵੇਗੀ। ਹਾਲਾਂਕਿ, 39 ਮੁਲਕਾਂ (ਜਿਵੇਂ ਕਿ ਅਫ਼ਗਾਨਿਸਤਾਨ, ਸੋਮਾਲੀਆ, ਕਿਊਬਾ, ਹੈਤੀ ਅਤੇ ਵੈਨੇਜ਼ੁਏਲਾ) ਦੇ ਰਫ਼ਿਊਜੀਆਂ 'ਤੇ ਇਹ ਰੋਕ ਫਿਲਹਾਲ ਜਾਰੀ ਰਹੇਗੀ।

ਪੰਜਾਬੀਆਂ 'ਤੇ ਕੀ ਹੋਵੇਗਾ ਅਸਰ-ਜੋਅ ਬਾਇਡਨ ਦੇ ਕਾਰਜਕਾਲ ਦੌਰਾਨ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਮੈਕਸੀਕੋ ਅਤੇ ਕੈਨੇਡਾ ਦੀਆਂ ਸਰਹੱਦਾਂ ਰਾਹੀਂ ਅਮਰੀਕਾ ਦਾਖਲ ਹੋਏ ਸਨ। ਟਰੰਪ ਦੇ ਦੁਬਾਰਾ ਸੱਤਾ ਵਿੱਚ ਆਉਣ ਤੋਂ ਬਾਅਦ ਡਿਪੋਰਟ ਕੀਤੇ ਜਾਣ ਦੇ ਡਰ ਕਾਰਨ ਪ੍ਰਵਾਸੀਆਂ ਵਿੱਚ ਚਿੰਤਾ ਦਾ ਮਾਹੌਲ ਸੀ। ਪਰ ਹੁਣ ਅਸਾਇਲਮ ਅਰਜ਼ੀਆਂ ਦੀ ਪ੍ਰੋਸੈਸਿੰਗ ਸ਼ੁਰੂ ਹੋਣ ਨਾਲ ਹਜ਼ਾਰਾਂ ਪੰਜਾਬੀਆਂ ਨੂੰ ਵਰਕ ਪਰਮਿਟ ਅਤੇ ਪੱਕੀ ਰਿਹਾਇਸ਼ ਮਿਲਣ ਦਾ ਰਾਹ ਪੱਧਰਾ ਹੋਵੇਗਾ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਪਨਾਹ ਦੇਣ ਤੋਂ ਪਹਿਲਾਂ ਹਰ ਬਿਨੈਕਾਰ ਦੀ ਬਾਰੀਕੀ ਨਾਲ ਪੁਣ-ਛਾਣ ਕੀਤੀ ਜਾਵੇਗੀ।

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-36

**ਭਗਤ ਕਬੀਰ ਜੀ ਬਾਰੇ ਇਕ ਅਨੋਖਾ ਮੱਤ ਪਤਾ ਨਹੀਂ ਕੁਝ ਵਿਦਵਾਨਾਂ ਨੇ ਕਿਸ ਅਧਾਰ ਉੱਤੇ ਸਥਾਪਤ ਕਰ ਰੱਖਿਆ ਹੈ ਕਿ, ਕਬੀਰ ਜੀ ਪਹਿਲਾਂ ਤੋਂ ਹੀ ਨਿਰਗੁਣਵਾਦੀ ਸਨ, ਅਤੇ ਨਿਰਗੁਣਵਾਦੀ ਭਗਤੀ ਦਾ ਮੁੱਢ ਹੀ ਉਨ੍ਹਾਂ ਤੋਂ ਹੋਇਆ। ਗੁਰੂ ਨਾਨਕ ਜੀ ਅਤੇ ਕਬੀਰ ਜੀ ਬਾਰੇ ਇਹ ਕਹਿਣਾ ਭੀ, ਦੋਵੇਂ ਮਹਾਂਪੁਰਖਾਂ ਦੇ ਖਿਆਲ ਇਕੋ ਜਿਹੇ ਸਨ ਬਿਲਕੁੱਲ ਹੀ ਗਲਤ ਹੈ। ਗੁਰੂ ਨਾਨਕ ਜੀ ਦੀ ਬਾਣੀ ਵਿੱਚ ਕਿਸੇ ਅਵਤਾਰ ਭਗਤੀ ਵਿੱਚ ਵਿਸ਼ਵਾਸ ਨਹੀਂ ਸਗੋਂ ਵਿਰੋਧ ਹੈ। ਕਬੀਰ ਜੀ ਦੇ ਅਵਤਾਰ ਵਾਦੀ ਹੋਣ ਸਬੰਧੀ ਪ੍ਰਮਾਣ, ਕਬੀਰ ਜੀ ਦੀ ਰਚਨਾ ਤੋਂ ਵੱਧ ਕਿਸੇ ਹੋਰ ਥਾਂ ਲੱਭਣ ਦੀ ਲੋੜ ਨਹੀਂ।**

ਮੈਨੂੰ (ਕਬੀਰ ਨੂੰ) ਵੀ ਉਸ ਗੁਆਲਣ ਵਾਂਗ ਆਪਣਾ ਪ੍ਰੇਮੀ ਜਾਣਕੇ ਲਾਜ ਰੱਖੋ। ਪੂਰਾ ਸ਼ਬਦ ਇਸ ਤਰ੍ਹਾਂ ਹੈ:-

ਆਸ ਪਾਸ ਘਨ ਤੁਰਸੀ ਕਾ
ਬਿਰਵਾ ਮਾਝ ਬਨਾ ਰਸਿ ਗਾਊਂ ਰੇ॥
ਉਆ ਕਾ ਸਰੂਪੁ ਦੇਖਿ ਮੋਹੀ ਗੁਆਰਿਨ
ਮੋਕਉ ਛੋਡਿ ਨ ਆਉ ਨ ਜਾਹੂ ਰੇ॥
ਤੋਹਿ ਚਰਨ ਮਨੁ ਲਾਗੋ ਸਾਰਿੰਗਧਰ॥
ਸੋ ਮਿਲੈ ਜੋ ਬਡਭਾਗੋ॥ ਰਹਾਉ॥
ਬ੍ਰਿੰਦਾਬਨ ਮਨ ਹਰਨ ਮਨੋਹਰ,
ਕ੍ਰਿਸ਼ਨ ਚਰਾਵਤ ਗਾਊ ਰੇ॥
ਜਾ ਕਾ ਠਾਕੁਰੁ ਤੁਹੀ ਸਾਰਿੰਗਧਰ
ਮੋਹਿ ਕਬੀਰਾ ਨਾਊ ਰੇ॥
(ਗਉੜੀ ਕਬੀਰ ਜੀ, 338)

ਕਬੀਰ ਜੀ ਦੀ ਕ੍ਰਿਸ਼ਨ ਪ੍ਰਤੀ ਅਨਿੰਨ ਭਗਤੀ ਭਾਵਨਾਂ ਭਿੰਨੀ ਇਸੇ ਤਰ੍ਹਾਂ ਦਾ ਇਕ ਹੋਰ ਮਾਰੂ ਰਾਗ ਵਿੱਚ ਪੂਰਾ ਪਦਾ ਹੈ: ਰਾਜਨ ਕਉਨ ਤੁਮਾਰੈ ਆਵੈ (1105)। ਉਸ ਪਦੇ ਵਿੱਚ ਕ੍ਰਿਸ਼ਨ ਜੀ ਦੀ ਬਿਦਰ ਪ੍ਰਤੀ ਸਨੇਹ ਭਾਵਨਾ ਦਾ ਵਰਣਨ ਹੈ। ਕ੍ਰਿਸ਼ਨ ਜੀ ਦੁਰਯੋਧਨ ਦੇ ਘਰ ਦੇ ਉੱਤਮ ਭੋਜਨ ਛੱਡਕੇ ਆਪਣੇ ਬਚਪਨ ਦੇ ਪ੍ਰੇਮੀ ਬਿਦਰ ਦੇ ਗਏ:- ਤੁਮਰੇ ਦੂਧੁ ਬਿਦਰ ਕੋ ਪਾਨੋ ਅਤੇ ਖੀਰ ਸਮਾਨ ਸਾਗ ਮੈਂ ਪਾਇਆ ਕਬੀਰ ਜੀ ਦੀ ਭਗਤੀ ਭਾਵਨਾ ਨੂੰ ਪਿਆਰਾ ਲੱਗਿਆ। ਇਸ ਪਦੇ ਵਿੱਚ ਵੀ ਬਿਨਾਂ ਕਿਸੇ ਤਰ੍ਹਾਂ ਦੋ ਅਰਥ ਕੱਢਣ ਵਾਲੇ ਭੁਲੇਖੇ ਪਾਊ ਸ਼ਬਦਾਵਲੀ ਦੇ ਸਿੱਧੀ ਕ੍ਰਿਸ਼ਨ ਭਗਤੀ ਅਤੇ ਕ੍ਰਿਸ਼ਨ ਜੀ ਨੂੰ ਬਿਨੋਦੀ ਠਾਕਰ ਜਾਣ ਕੇ ਪੂਜਯ ਮੰਨਿਆ ਹੈ।

ਭਗਤ ਕਬੀਰ ਜੀ ਬਾਰੇ ਇਕ ਅਨੋਖਾ ਮੱਤ ਪਤਾ ਨਹੀਂ ਕੁਝ ਵਿਦਵਾਨਾਂ ਨੇ ਕਿਸ ਅਧਾਰ ਉਤੇ ਸਥਾਪਤ ਕਰ ਰੱਖਿਆ ਹੈ ਕਿ, ਕਬੀਰ ਜੀ ਪਹਿਲਾਂ ਤੋਂ ਹੀ ਨਿਰਗੁਣਵਾਦੀ ਸਨ, ਅਤੇ ਨਿਰਗੁਣਵਾਦੀ ਭਗਤੀ ਦਾ ਮੁੱਢ ਹੀ ਉਨ੍ਹਾਂ ਤੋਂ ਹੋਇਆ। ਗੁਰੂ ਨਾਨਕ ਜੀ ਅਤੇ ਕਬੀਰ ਜੀ ਬਾਰੇ ਇਹ ਕਹਿਣਾ ਭੀ, ਦੋਵੇਂ ਮਹਾਂਪੁਰਖਾਂ ਦੇ ਖਿਆਲ ਇਕੋ ਜਿਹੇ ਸਨ ਬਿਲਕੁੱਲ ਹੀ ਗਲਤ ਹੈ। ਗੁਰੂ ਨਾਨਕ ਜੀ ਦੀ ਬਾਣੀ ਵਿੱਚ ਕਿਸੇ ਅਵਤਾਰ ਭਗਤੀ ਵਿੱਚ ਵਿਸ਼ਵਾਸ ਨਹੀਂ ਸਗੋਂ ਵਿਰੋਧ ਹੈ। ਕਬੀਰ ਜੀ ਦੇ ਅਵਤਾਰ ਵਾਦੀ ਹੋਣ ਸਬੰਧੀ ਪ੍ਰਮਾਣ, ਕਬੀਰ ਜੀ ਦੀ ਰਚਨਾ ਤੋਂ ਵੱਧ ਕਿਸੇ ਹੋਰ ਥਾਂ ਲੱਭਣ ਦੀ ਲੋੜ ਨਹੀਂ। ਕਬੀਰ ਜੀ ਦਾ ਦੂਜਾ ਪਦਾ ਇਉਂ ਹੈ:-

ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ
ਓਹੁ ਗਰੀਬੁ ਮੋਹਿ ਭਾਵੈ॥1॥ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ
ਸ੍ਰੀ ਭਗਵਾਨੁ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨੋ
ਅੰਮ੍ਰਿਤੁ ਕਰ ਮੈਂ ਮਾਨਿਆ॥2॥
ਖੀਰ ਸਮਾਨਿ ਸਾਗੁ ਮੈ ਪਾਇਆ
ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ
ਜਾਤਿ ਨ ਕਾਹੂ ਕੀ ਮਾਨੀ॥
(ਮਾਰੂ ਕਬੀਰ, 1105)

ਕਬੀਰ ਜੀ ਦੇ ਇਨ੍ਹਾਂ ਪਦਿਆਂ ਦੇ ਪਾਠ ਪਿਛੋਂ, ਕੋਈ ਇਹ ਨਹੀਂ ਕਹਿ ਸਕਦਾ ਕਬੀਰ ਜੀ ਪਹਿਲਾਂ ਕ੍ਰਿਸ਼ਨ ਭਗਤ ਜਾਂ ਅਵਤਾਰਵਾਦੀ ਨਹੀਂ ਸਨ ਅਤੇ ਆਰੰਭ ਤੋਂ ਹੀ ਨਿਰਗੁਣਵਾਦੀ ਸਨ। ਕ੍ਰਿਸ਼ਨ ਜੀ ਪ੍ਰਤੀ ਇਸ ਤੋਂ ਵੀ ਵੱਧ ਸ਼ਰਧਾ ਭਰੇ ਰੰਗ ਦੀ ਵਿਆਖਿਆ ਨਾਮਦੇਵ ਜੀ ਦੀ ਬਾਣੀ ਵਿੱਚ ਧੰਨਿ ਧੰਨਿ ਓ ਰਾਮ ਬੇਨ ਬਾਜੈ। ਸ਼ਬਦ ਦਾ ਟੀਕਾ ਕਰਨ ਸਮੇਂ ਵਰਤੀ ਗਈ ਹੈ। ਪ੍ਰੋ. ਸਾਹਿਬ ਸਿੰਘ ਜੀ ਦੀ ਕ੍ਰਿਸ਼ਨ ਪ੍ਰਤੀ ਇਹ ਸ਼ਰਧਾ ਪੂਰੀ ਤਰ੍ਹਾਂ ਪੜ੍ਹਨ ਨਾਲ ਹੀ ਸੰਬੰਧ ਰੱਖਦੀ ਹੈ।

**ਰਾਮ ਭਗਤੀ :**

ਪ੍ਰਸਿੱਧ ਹੈ ਕਬੀਰ ਜੀ ਰਾਮ ਭਗਤੀ ਸ਼ਾਖਾ ਦੇ ਮੋਢੀ, ਰਾਮਾਨੰਦ ਜੀ ਤੋਂ ਖੋੜਸਾ, ਰਾਮ ਮੰਤਰ ਲਿਆ। ਰਾਮਾਨੰਦ ਜੀ ਇਕ ਮੁਸਲਮਾਨ (ਮਲੇਛ) ਨੂੰ ਮੰਤਰ ਦੀ ਪ੍ਰਾਪਤੀ ਦੇ ਯੋਗ ਨਹੀਂ ਸਮਝਦੇ ਸੀ। ਕਬੀਰ ਜੀ ਨਿਗੁਰਾ ਹੋਣ ਦੇ ਤਾਨੇ ਨਹੀਂ ਸੁਣ ਸਕਦੇ ਸੀ। ਰਾਮਾਨੰਦ ਜੀ ਦੇ ਗੰਗਾ ਇਸ਼ਨਾਨ ਵਾਲੇ ਰਾਹ ਵਿੱਚ ਲੇਟ ਕੇ ਜੁਗਤ ਨਾਲ ਰਾਮ ਮੰਤਰ ਹਾਸਲ ਕੀਤਾ ਸੀ।

ਇਸ ਪਿੱਛੋਂ ਕਬੀਰ ਜੀ ਨੇ ਵੈਸ਼ਨਵਾਂ ਵਾਲਾ ਪਹਿਰਾਵਾ ਤੇ ਕਿਰਿਆ ਕਰਮ ਕਰਨੇ ਸ਼ੁਰੂ ਕਰ ਦਿੱਤੇ। ਆਪਣੇ ਆਪ ਨੂੰ ਰਾਮਾਨੰਦ ਦਾ ਚੇਲਾ ਪ੍ਰਸਿੱਧ ਕੀਤਾ। ਰਾਮਾਨੰਦ ਜੀ ਨੂੰ ਪਤਾ ਲੱਗਿਆ ਉਨ੍ਹਾਂ ਨੇ ਆਪਣੇ ਨਾਮ ਦੀ ਗਲਤ ਵਰਤੋਂ ਤੋਂ ਹੋੜਨ ਲਈ ਕਬੀਰ ਜੀ ਨੂੰ ਸੱਦਿਆ। ਕਬੀਰ ਜੀ ਵੈਸ਼ਣਵ ਵੇਸ-ਭੂਸਾ ਪਹਿਨ ਮਾਲਾ ਤਿਲਕ ਲਗਾ ਕੇ ਜਾ ਹਾਜ਼ਰ ਹੋਏ। ਰਾਮਾਨੰਦ ਜੀ ਨੇ ਕਿਹਾ, ਅਰੇ ਜੁਲਾਹੇ! ਮੈਂ ਤੈਨੂੰ ਕਦੋਂ ਦੀਖਿਆ ਦਿੱਤੀ ਸੀ? ਕਬੀਰ ਜੀ ਨੇ ਪੰਜਘਾਟ ਦੇ ਰਸਤੇ ਵਿੱਚ ਜਾਕੇ ਲੇਟੇ ਹੋਣ ਦੀ ਕਥਾ ਸੁਣਾ ਦਿੱਤੀ। ਉਸ ਪਿਛੋਂ ਸੁਆਮੀ ਜੀ ਨੇ ਪ੍ਰੇਮ ਸ਼ਰਧਾ ਦੇਖ ਕੇ ਵਿਧੀ ਮੁਤਾਬਕ ਦੀਖਿਆ ਦੇ ਦਿੱਤੀ।

**ਰਾਮ ਭਗਤੀ ਦਾ ਵਿਰੋਧ :-**

ਰਾਮ ਦਾ ਨਾਮ ਲੈਂਦਿਆਂ ਹੀ ਭਾਰਤ ਦੀ ਪ੍ਰਸਿੱਧ ਹਸਤੀ, ਦਸ਼ਰਥ ਦੇ ਪੁੱਤਰ ਰਾਜਾ ਰਾਮਚੰਦਰ ਅਯੁੱਧਿਆ ਵਾਸੀ ਦਾ ਧਿਆਨ ਅੱਖਾਂ ਅੱਗੇ ਝਲਕਾਰੇ ਮਾਰ ਜਾਂਦਾ ਹੈ। ਰਾਮ ਜੀ ਦੇ ਸੰਕੇਤਕ ਨਾਮ ਦੀ ਵਰਤੋਂ ਕਬੀਰ ਜੀ ਨੇ ਬਾਰ-ਬਾਰ ਕੀਤੀ ਹੈ। ਫਿਰ ਕ੍ਰਿਸ਼ਨ ਜੀ ਵਾਂਗ ਰਾਮਚੰਦਰ ਜੀ ਨੂੰ ਈਸ਼ਵਰ ਰੂਪ ਮੰਨਣ ਦੇ ਇਸ ਭਰਮ ਦੀ ਕੰਧ ਭੀ ਤੋੜੀ ਹੈ ਕਿ ਉਨ੍ਹਾਂ ਦਾ ਪੂਜਯ ਤੇ ਰਾਮ; ਦਸ਼ਰਥ ਦੇ ਪੁੱਤਰ ਰਾਜੇ ਰਾਮਚੰਦਰ ਨਾਲੋਂ ਭਿੰਨ ਹੈ। ਉਸ ਨੂੰ ਕਬੀਰ ਜੀ ਨੇ ਸਭ ਤੋਂ ਉਚਾ ਮੇਰਾ ਰਾਮ ਚੰਦੁ ਕਿਹਾ ਹੈ। ਇਸ ਲਈ ਰਾਮ ਦਾ ਜਾਪ ਜਪਣ ਲਈ ਵੀ ਉਨ੍ਹਾਂ ਬਿਬੇਕ ਵਰਤਣ ਦੀ ਸੋਝੀ ਦਿੱਤੀ ਹੈ:


ਰਾਜਾ ਰਾਮ ਤੂੰ ਐਸਾ ਨਿਰਭਉ
ਤਰਨ ਤਾਰਨ ਰਾਮ ਰਾਇਆ॥1॥ ਰਹਾਉ ॥
ਜਬ ਹਮ ਹੋਤੇ ਤਬ ਤੁਮ ਨਾਹੀ
ਅਬ ਤੁਮ ਹਹੁ ਹਮ ਨਾਹੀ॥
ਅਬ ਹਮ ਤੁਮ ਏਕ ਭਏ ਹਹਿ
ਏਕੈ ਦੇਖਤ ਮਨੁ ਪਤਿਆਹੀ॥
ਜਬ ਬੁਧਿ ਹੋਤੀ ਤਬ ਬਲੁ ਕੈਸਾ
ਅਬ ਬੁਧਿ ਬਲੁ ਨ ਖਟਾਈ॥
(ਗਉੜੀ ਕਬੀਰ – 339)

ਕਬੀਰ ਰਾਮ ਕਹਨ ਮਹਿ ਭੇਦੁ ਹੈ
ਤਾ ਮਹਿ ਏਕੁ ਬਿਚਾਰੁ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ
॥ (190 ਸਲੋਕ ਕਬੀਰ – 1374)

ਕਬੀਰ ਰਾਮੈ ਰਾਮ ਕਹੁ
ਕਹਿਬੇ ਮਾਹਿ ਬਿਬੇਕ॥
ਏਕੁ ਅਨੇਕਹਿ ਮਿਲਿ ਗਇਆ
ਏਕ ਸਮਾਨਾ ਏਕ॥
(191 ਸਲੋਕ ਕਬੀਰ – 1374)

ਕਬੀਰ ਕਾਰਨੁ ਸੋ ਭਇਓ
ਜੋ ਕੀਨੋ ਕਰਤਾਰਿ॥
ਤਿਸੁ ਬਿਨੁ ਦੂਸਰੁ ਕੋ ਨਹੀ
ਏਕੈ ਸਿਰਜਨ ਹਾਰੁ॥
(133 ਸਲੋਕ ਕਬੀਰ – 1371)

ਭਗਤਾਂ ਦੀ ਬਾਣੀ ਵਿੱਚ ਭਗਤ ਜਨ; ਖਾਸ ਕਰ ਨਾਮਦੇਵ ਅਤੇ ਕਬੀਰ ਆਪਣੀ ਬਾਣੀ ਵਿੱਚ ਕਈ ਥਾਂ ਉਨ੍ਹਾਂ ਇਸ਼ਟਾਂ ਦਾ ਵਰਣਨ, ਸੰਕੇਤਕ ਤੌਰ 'ਤੇ ਕਰਦੇ ਰਹੇ ਹਨ, ਜਿਨ੍ਹਾਂ ਦੇ ਭਗਤ ਸਾਹਿਬਾਨ ਪਹਿਲੇ ਸ਼ਰਧਾਲੂ ਰਹੇ ਸੀ। ਜਦੋਂ ਅਸਲੀਅਤ ਦੀ ਸਮਝ ਪਈ ਫਿਰ ਕਈ ਥਾਵੀਂ ਖੜਕੇ ਦੜਕੇ ਨਾਲ ਆਪਣੀ ਪਹਿਲੀ ਮਾਨਤਾ ਰੱਦ ਕੀਤੀ। ਜਿਸ ਕ੍ਰਿਸ਼ਨ ਨੂੰ ਕਬੀਰ ਜੀ ਅਵਤਾਰ ਅਤੇ ਤਾਰਨਹਾਰ ਠਾਕਰ ਕਹਿ ਕਹਿ ਕੇ ਅਰਾਧਦੇ ਹਨ, ਉਸੇ ਦਾ ਫਿਰ ਆਪ ਹੀ ਕਰਤਾ ਵਿਰੋਧ ਕਰਦੇ ਹਨ:




**ਕਬੀਰ ਜੀ ਦਾ ਕ੍ਰਿਸ਼ਨ ਜੀ ਬਾਰੇ ਬਚਨ ਹੈ :**

ਤੁਮ ਜੋ ਕਹਤ ਹਉ ਨੰਦ ਕੋ
ਨੰਦਨ ਨੰਦ ਸੁ ਨੰਦਨੁ ਕਾ ਕੋ ਰੇ ॥
ਧਰਨਿ ਆਕਾਸੁ ਦਸੋ ਦਿਸ ਨਾਹੀ
ਤਬ ਇਹੁ ਨੰਦ ਕਹਾ ਥੋ ਰੇ ॥1॥ਰਹਾਓ॥
ਕਬੀਰ ਕੇ ਸੁਆਮੀ ਐਸੇ ਠਾਕੁਰ
ਜਾ ਕੈ ਮਾਈ ਨ ਬਾਪੋ ਰੇ ॥
(ਗਾਉੜੀ ਕਬੀਰ ਜੀ-338)

ਕ੍ਰਿਸ਼ਨ ਭਗਤੀ ਵਾਲੇ ਸ਼ਬਦਾਂ ਦੀ ਵਿਆਖਿਆ ਕਰਦਿਆਂ ਟੀਕਾਕਾਰ ਸਾਹਿਬ ਸਿੰਘ ਜੀ ਨੇ ਭਗਤੀ ਭਾਵਨਾ ਭਰੀ ਜ਼ੋਰਦਾਰ ਅਪੀਲ ਕੀਤੀ ਹੈ:

ਆਉ ਅਸੀਂ ਵੀ ਕਬੀਰ ਜੀ ਨਾਲ ਗੋਕਲ ਦੀਆਂ ਗੁਆਰਨਾਂ ਵਾਂਗ ਪ੍ਰੀਤਮ ਦਾ ਪੱਲਾ ਫੜਕੇ ਆਖੀਏ, ਲਾਲ! ਸੋਹਣੇ ਲਾਲ!! ਛੱਡਕੇ ਨਾ ਜਾਈਂ!!! ਕੀ ਕਬੀਰ ਜੀ ਦੀ ਰਚਨਾ ਦਾ ਜੀਵਨ ਦਾ ਅੰਤਮ ਸੰਦੇਸ਼ ਜਾਂ ਉਪਦੇਸ਼ ਇਹ ਸੀ? ਜਿਸ ਨੂੰ ਪੱਲੇ ਬੰਨ੍ਹਣਾ ਜ਼ਰੂਰੀ ਅਤੇ ਮੰਨਣਾ ਵੱਡਾ ਧਾਰਮਿਕ ਫਰਜ ਦੱਸਿਆ ਹੈ?

ਉਹ ਤਾਂ ਆਰੰਭਕ ਸਮੇਂ ਦੀ ਅਵਤਾਰ ਭਗਤੀ ਦੇ ਪੜਾਅ ਦੀ ਇਕ ਅਵਸਥਾ ਸੀ। ਇਸ ਬਾਰੇ ਫਰਜ਼ ਪਾਲਦੇ ਹੋਏ, ਗੁਆਲਣਾਂ ਨਾਲ ਰਲਕੇ ਕ੍ਰਿਸ਼ਨ! ਕ੍ਰਿਸ਼ਨ!! ਕੂਕਣ ਦੀ ਲੋੜ ਨਹੀਂ! ਵਿੱਚਲੀ ਗੱਲ ਸਮਝਣ ਦੀ ਲੋੜ ਹੈ। ਉਸ ਲਈ ਕਿਸੇ ਹੋਰ ਤੋਂ ਪੁੱਛਣ ਦੀ ਲੋੜ ਨਹੀਂ ਸੀ। ਕਬੀਰ ਜੀ ਖੁਦ ਹੀ ਸਾਡੀ ਅਗਵਾਈ ਲਈ ਆ ਬਹੁੜਦੇ ਹਨ:-

ਲਖ ਚਉਰਾਸੀਹ ਜੀਅ ਜੋਨਿ
ਮਹਿ ਭ੍ਰਮਤ ਨੰਦੁ ਬਹੁਤ ਥਾਕੋ ਰੇ ॥
ਭਗਤਿ ਹੇਤਿ ਅਵਤਾਰੁ ਲੀਓ ਹੈ
ਭਾਗੁ ਬਡੋ ਬਪੁਰਾ ਕੋ ਰੇ ॥
ਤੁਮ ਜੁ ਕਹਤ ਹਉ ਨੰਦ ਕੋ ਨੰਦਨੁ,
ਨੰਦ ਸੁ ਨੰਦਨੁ ਕਾ ਕੋ ਰੇ ॥
ਧਰਨਿ ਅਕਾਸੁ ਦਸੋ ਦਿਸ ਨਾਹੀ
ਤਬ ਇਹੁ ਨੰਦੁ ਕਹਾ ਥੋ ਰੇ ॥
ਸੰਕਟਿ ਨਹੀ ਪਰੈ ਜੋਨਿ ਨਹੀਂ
ਆਵੇ ਨਾਮੁ ਨਿਰੰਜਨ ਜਾਕੋ ਰੇ ॥
ਕਬੀਰ ਕੋ ਸੁਆਮੀ ਐਸੋ ਠਾਕੁਰੁ
ਜਾਕੈ ਮਾਈ ਨ ਬਾਪੋ ਰੇ ॥
(ਗਉੜੀ ਕਬੀਰ ਜੀ – 338)

ਚਲਦਾ......

# ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣਾਂ ਲਈ ਬਿਗੁਲ ਵਜਾਇਆ

## ✪ ਰੋਪੜ ਵਿਚ ਵਾਰਡ ਪ੍ਰਧਾਨਾਂ ਦਾ ਐਲਾਨ, ਡਾ. ਚੀਮਾ ਨੇ 'ਆਪ' ਸਰਕਾਰ ਨੂੰ ਲਿਆ ਲੰਮੇ ਹੱਥੀਂ



ਰੋਪੜ-ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੀਆਂ ਜਥੇਬੰਦਕ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਬੀਤੇ ਦਿਨੀਂ ਰੋਪੜ ਵਿਖੇ ਇਕ ਅਹਿਮ ਮੀਟਿੰਗ ਦੌਰਾਨ ਪਾਰਟੀ ਦੇ ਮੁੱਖ ਬੁਲਾਰੇ ਅਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਰੋਪੜ ਸ਼ਹਿਰੀ ਇਕਾਈ ਦੇ 21 ਵਿੱਚੋਂ 18 ਵਾਰਡਾਂ ਦੇ ਪ੍ਰਧਾਨਾਂ ਦੇ ਨਾਂਵਾਂ ਦਾ ਰਸਮੀ ਐਲਾਨ ਕੀਤਾ। ਨਵੇਂ ਨਿਯੁਕਤ ਅਹੁਦੇਦਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਜਦੋਂ ਪੱਤਰਕਾਰਾਂ ਨੇ ਡਾ. ਚੀਮਾ ਨੂੰ ਉਨ੍ਹਾਂ ਦੇ ਚੋਣ ਲੜਨ ਬਾਰੇ ਪੁੱਛਿਆ, ਤਾਂ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਾਰਟੀ ਸਭ ਤੋਂ ਉੱਪਰ ਹੈ। ਉਨ੍ਹਾਂ ਕਿਹਾ ਕਿ "ਚੋਣ ਲੜਨ ਦਾ ਫ਼ੈਸਲਾ ਪਾਰਟੀ ਹਾਈਕਮਾਂਡ ਦਾ ਹੁੰਦਾ ਹੈ। ਪਾਰਟੀ ਜੋ ਵੀ ਡਿਊਟੀ ਲਗਾਏਗੀ, ਮੈਂ ਉਸ ਨੂੰ ਸਿਰ ਮੱਥੇ ਪ੍ਰਵਾਨ ਕਰਾਂਗਾ।" ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਉਹ 2009 ਤੋਂ ਰੋਪੜ ਦੇ ਲੋਕਾਂ ਨਾਲ ਇੱਕ ਪਰਿਵਾਰ ਵਾਂਗ ਜੁੜੇ ਹੋਏ ਹਨ ਅਤੇ ਜਿੱਤ-ਹਾਰ ਤੋਂ ਉੱਪਰ ਉੱਠ ਕੇ ਸੇਵਾ ਕਰਨਾ ਹੀ ਉਨ੍ਹਾਂ ਦਾ ਮੁੱਖ ਮਕਸਦ ਹੈ।

### ਪੰਜਾਬ ਸਰਕਾਰ 'ਤੇ ਤਿੱਖੇ ਹਮਲੇ

ਡਾ. ਚੀਮਾ ਨੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਦਾ ਵਿਕਾਸ ਪੂਰੀ ਤਰ੍ਹਾਂ ਰੁਕ ਗਿਆ ਹੈ। ਰੋਪੜ ਸਮੇਤ ਪੂਰੇ ਪੰਜਾਬ ਵਿੱਚ ਕੋਈ ਨਵਾਂ ਪ੍ਰੋਜੈਕਟ ਜਾਂ ਵਿਕਾਸ ਨਹੀਂ ਹੋਇਆ। ਪੰਜਾਬ ਵਿੱਚ ਲਾਅ ਐਂਡ ਆਰਡਰ ਖ਼ਤਮ ਹੋ ਚੁੱਕਾ ਹੈ ਅਤੇ ਮੰਤਰੀ ਖੁਦ ਅਫਸਰਾਂ ਨੂੰ ਧਮਕਾ ਰਹੇ ਹਨ। ਸਰਕਾਰ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਤੰਜ ਕੱਸਦਿਆਂ ਕਿਹਾ ਕਿ ਪਹਿਲਾਂ ਆਪਣੇ ਮੰਤਰੀ ਨੂੰ ਵਿਜੀਲੈਂਸ ਕੋਲੋਂ ਫੜਵਾਇਆ ਗਿਆ ਅਤੇ ਬਾਅਦ ਵਿੱਚ ਖੁਦ ਹੀ ਕਲੀਨ ਚਿੱਟ ਦੇ ਦਿੱਤੀ। ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ।

### 'ਪੰਜਾਬ ਬਚਾਓ ਯਾਤਰਾ' ਦਾ ਅਗਲਾ ਪੜਾਅ

ਡਾ. ਚੀਮਾ ਨੇ ਜਾਣਕਾਰੀ ਦਿੱਤੀ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਚੱਲ ਰਹੀ 'ਪੰਜਾਬ ਬਚਾਓ ਰੈਲੀ' ਦਾ ਪਹਿਲਾ ਪੜਾਅ ਸਫ਼ਲਤਾਪੂਰਵਕ ਪੂਰਾ ਹੋਣ ਵਾਲਾ ਹੈ। ਉਨ੍ਹਾਂ ਦੱਸਿਆ ਕਿ ਬਹੁਤ ਜਲਦ ਇਸ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਜਾਵੇਗੀ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਸਕੇ।

# ਦਰਬਾਰ ਸਾਹਿਬ ਦੀਆਂ ਇਤਿਹਾਸਕ ਬੇਰੀਆਂ ਨੂੰ ਲੱਗੇ 'ਬੇਰ'

## ✪ ਪ੍ਰਸ਼ਾਦ ਪਾਉਣ ਲਈ ਘੰਟਿਆਂ ਬੱਧੀ ਉਡੀਕ ਕਰ ਕਰਦੀਆਂ ਨੇ ਸੰਗਤਾਂ



ਅੰਮ੍ਰਿਤਸਰ-ਅਧਿਆਤਮਿਕਤਾ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਨੀਂ ਦਿਨੀਂ ਰੂਹਾਨੀ ਰੌਣਕਾਂ ਹੋਰ ਵਧ ਗਈਆਂ ਹਨ। ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਸਦੀਆਂ ਪੁਰਾਣੀਆਂ ਇਤਿਹਾਸਕ ਬੇਰੀਆਂ ਨੂੰ ਇਸ ਸਾਲ ਭਰਪੂਰ ਮਾਤਰਾ ਵਿੱਚ ਫ਼ਲ (ਬੇਰ) ਲੱਗੇ ਹਨ, ਜੋ ਸ਼ਰਧਾਲੂਆਂ ਲਈ ਖਿੱਚ ਦਾ ਵਿਸ਼ੇਸ਼ ਕੇਂਦਰ ਬਣੇ ਹੋਏ ਹਨ। ਦਰਬਾਰ ਸਾਹਿਬ ਦੇ ਪਰਿਸਰ ਵਿੱਚ ਤਿੰਨ ਪ੍ਰਮੁੱਖ ਬੇਰੀਆਂ ਹਨ, ਜਿਨ੍ਹਾਂ ਦਾ ਸਿੱਖ ਇਤਿਹਾਸ ਵਿੱਚ ਬਹੁਤ ਸਤਿਕਾਰ ਹੈ: ਦੁਖਭੰਜਨੀ ਬੇਰੀ ਬੀਬੀ ਰਜਨੀ ਜੀ ਦੇ ਇਤਿਹਾਸ ਨਾਲ ਜੁੜੀ ਹੋਈ ਹੈ, ਜਿੱਥੇ ਉਨ੍ਹਾਂ ਦੇ ਪਤੀ ਦੇ ਦੁੱਖ ਦੂਰ ਹੋਏ ਸਨ। ਬੇਰ ਬਾਬਾ ਬੁੱਢਾ ਜੀ ਇਤਹਾਸਕ ਬੇਰੀ ਹੈ। ਇਥੇ ਬਾਬਾ ਬੁੱਢਾ ਜੀ ਬੈਠ ਕੇ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ। ਲਾਚੀ ਬੇਰ ਦਰਬਾਰ ਸਾਹਿਬ ਦੇ ਮੁੱਖ ਦਰਵਾਜ਼ੇ ਦੇ ਨਜ਼ਦੀਕ ਸਥਿਤ ਹੈ। ਸਿੱਖ ਮਰਯਾਦਾ ਅਨੁਸਾਰ ਇਨ੍ਹਾਂ ਪਵਿੱਤਰ ਬੇਰੀਆਂ ਤੋਂ ਫ਼ਲ ਤੋੜਨਾ ਸਖ਼ਤ ਮਨ੍ਹਾ ਹੈ। ਇਸ ਲਈ ਸੰਗਤਾਂ ਵਿੱਚ ਇੱਕ ਅਨੋਖਾ ਸਬਰ ਦੇਖਣ ਨੂੰ ਮਿਲਦਾ ਹੈ। ਦੇਸ਼ਾਂ-ਵਿਦੇਸ਼ਾਂ ਤੋਂ ਆਈਆਂ ਸੰਗਤਾਂ ਘੰਟਿਆਂ ਬੱਧੀ ਬੇਰੀਆਂ ਦੇ ਹੇਠਾਂ ਬੈਠ ਕੇ ਗੁਰਬਾਣੀ ਦਾ ਜਾਪ ਕਰਦੀਆਂ ਹਨ। ਸ਼ਰਧਾਲੂ ਇਸ ਉਡੀਕ ਵਿੱਚ ਰਹਿੰਦੇ ਹਨ ਕਿ ਕਦੋਂ ਕੋਈ ਬੇਰ ਆਪਣੇ-ਆਪ ਟੁੱਟ ਕੇ ਧਰਤੀ 'ਤੇ ਡਿੱਗੇ। ਜਿਵੇਂ ਹੀ ਕੋਈ ਬੇਰ ਹੇਠਾਂ ਗਿਰਦਾ ਹੈ, ਸੰਗਤ ਉਸ ਨੂੰ ਬੜੇ ਸਤਿਕਾਰ ਨਾਲ ਮੱਥੇ ਲਗਾ ਕੇ ਪ੍ਰਸ਼ਾਦ ਵਜੋਂ ਗ੍ਰਹਿਣ ਕਰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਇਨ੍ਹਾਂ ਬੇਰੀਆਂ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਸਮੇਂ-ਸਮੇਂ 'ਤੇ ਇਨ੍ਹਾਂ ਨੂੰ ਦੇਸੀ ਖਾਦਾਂ ਪਾਈਆਂ ਜਾਂਦੀਆਂ ਹਨ ਅਤੇ ਕੀੜਿਆਂ ਤੋਂ ਬਚਾਉਣ ਲਈ ਵਿਗਿਆਨਕ ਤਰੀਕੇ ਵਰਤੇ ਜਾਂਦੇ ਹਨ, ਤਾਂ ਜੋ ਇਨ੍ਹਾਂ ਇਤਿਹਾਸਕ ਵਿਰਾਸਤਾਂ ਦੀ ਉਮਰ ਲੰਬੀ ਹੋ ਸਕੇ। ਇਹ ਸਿਰਫ਼ ਇੱਕ ਫ਼ਲ ਨਹੀਂ, ਸਗੋਂ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਹਨ।" ਪਰਿਕਰਮਾ ਵਿੱਚ ਬੈਠੇ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਬੇਰ ਦੇ ਡਿੱਗਣ ਦੀ ਉਡੀਕ ਕਰਨਾ ਉਨ੍ਹਾਂ ਨੂੰ ਮਾਨਸਿਕ ਸ਼ਾਂਤੀ ਦਿੰਦਾ ਹੈ ਅਤੇ ਦੁਨਿਆਵੀ ਚਿੰਤਾਵਾਂ ਤੋਂ ਮੁਕਤ ਕਰਦਾ ਹੈ।

# ਕੈਨੇਡਾ ਤੋਂ ਆਈ ਵਟਸਐਪ ਕਾਲ ਨੇ ਮਾਰਿਆ 23 ਲੱਖ ਦਾ ਡਾਕਾ

## ✪ ਪੁਲਿਸ ਨੇ ਫਿਰੋਜ਼ਪੁਰ ਦੇ ਬੈਂਕ ਖਾਤੇ ਦਾ ਲਾਇਆ ਪਤਾ

ਫਗਵਾੜਾ/ਜਲੰਧਰ-ਡਿਜੀਟਲ ਯੁੱਗ ਵਿੱਚ ਸਾਈਬਰ ਅਪਰਾਧੀ ਨਵੇਂ-ਨਵੇਂ ਤਰੀਕਿਆਂ ਨਾਲ ਲੋਕਾਂ ਦੀ ਮਿਹਨਤ ਦੀ ਕਮਾਈ ਲੁੱਟ ਰਹੇ ਹਨ। ਅਜਿਹਾ ਹੀ ਇੱਕ ਵੱਡਾ ਮਾਮਲਾ ਕਬੀਰਪੁਰ ਦੇ ਰਹਿਣ ਵਾਲੇ ਤਰਸੇਮ ਸਿੰਘ ਨਾਲ ਵਾਪਰਿਆ, ਜਿਸ ਨੂੰ ਵਿਦੇਸ਼ੀ ਰਿਸ਼ਤੇਦਾਰ ਬਣ ਕੇ ਠੱਗਾਂ ਨੇ 23.12 ਲੱਖ ਰੁਪਏ ਦਾ ਚੂਨਾ ਲਗਾ ਦਿੱਤਾ। ਪੁਲਿਸ ਨੇ ਇਸ ਸਬੰਧੀ ਆਈ.ਪੀ.ਸੀ. ਦੀ ਧਾਰਾ 419 ਅਤੇ 420 ਤਹਿਤ ਮਾਮਲਾ ਦਰਜ ਕਰ ਲਿਆ ਹੈ।

### ਠੱਗੀ ਦਾ ਤਰੀਕਾ: 'ਜਾਅਲੀ ਰਸੀਦ ਅਤੇ ਵਿਦੇਸ਼ੀ ਨੰਬਰ'

ਸ਼ਿਕਾਇਤਕਰਤਾ ਤਰਸੇਮ ਸਿੰਘ ਅਨੁਸਾਰ ਇਹ ਖੇਡ 22 ਜਨਵਰੀ ਨੂੰ ਸ਼ੁਰੂ ਹੋਈ ਸੀ। ਉਸ ਨੂੰ +19029372852 ਅਤੇ +15064068565 ਨੰਬਰਾਂ ਤੋਂ ਵਟਸਐਪ ਕਾਲਾਂ ਆਈਆਂ। ਕਾਲਰ ਨੇ ਕੈਨੇਡਾ ਤੋਂ ਬੋਲਣ ਦਾ ਦਾਅਵਾ ਕੀਤਾ। ਮੁਲਜ਼ਮਾਂ ਨੇ ਤਰਸੇਮ ਸਿੰਘ ਨੂੰ ਐਚਐਸਬੀਸੀ ਬੈਂਕ ਦੀ ਇੱਕ ਜਾਅਲੀ ਲੈਣ-ਦੇਣ ਦੀ ਰਸੀਦ ਭੇਜੀ, ਜਿਸ ਵਿੱਚ ਦਿਖਾਇਆ ਗਿਆ ਕਿ ਉਸਦੇ ਖਾਤੇ ਵਿੱਚ 23,12,890 ਰੁਪਏ ਜਮ੍ਹਾਂ ਹੋ ਗਏ ਹਨ। ਇਸ ਜਾਅਲੀ ਰਸੀਦ ਨੂੰ ਸੱਚ ਮੰਨ ਕੇ, ਜਦੋਂ ਠੱਗਾਂ ਨੇ ਤਰਸੇਮ ਨੂੰ ਕਿਸੇ ਹੋਰ ਖਾਤੇ ਵਿੱਚ 4,85,000 ਰੁਪਏ ਪਾਉਣ ਲਈ ਕਿਹਾ, ਤਾਂ ਉਸਨੇ ਰਕਮ



ਟ੍ਰਾਂਸਫਰ ਕਰ ਦਿੱਤੀ। ਬਾਅਦ ਵਿੱਚ ਪਤਾ ਲੱਗਿਆ ਕਿ ਉਸਦੇ ਆਪਣੇ ਖਾਤੇ ਵਿੱਚ ਕੋਈ ਪੈਸਾ ਨਹੀਂ ਆਇਆ ਸੀ।

### ਪੁਲਿਸ ਤਫ਼ਤੀਸ਼ ਵਿੱਚ ਹੋਏ ਅਹਿਮ ਖੁਲਾਸੇ

ਪੁਲਿਸ ਨੇ ਜਦੋਂ ਯੂਨੀਅਨ ਬੈਂਕ ਆਫ ਇੰਡੀਆ ਰਾਹੀਂ ਉਸ ਖਾਤੇ ਦੀ ਜਾਂਚ ਕੀਤੀ ਜਿਸ ਵਿੱਚ ਪੈਸੇ ਟ੍ਰਾਂਸਫਰ ਹੋਏ ਸਨ, ਤਾਂ ਕਈ ਪਰਤਾਂ ਖੁੱਲ੍ਹ ਕੇ ਸਾਹਮਣੇ ਆਈਆਂ। ਜਿਸ ਖਾਤੇ ਵਿੱਚ ਪੈਸੇ ਗਏ, ਉਹ ਫਿਰੋਜ਼ਪੁਰ ਦੇ ਪਿੰਡ ਸ਼ਾਂਗਾ ਖੁਰਦ ਦੇ ਰਹਿਣ ਵਾਲੇ ਸਵਰਨ ਸਿੰਘ ਦੇ ਨਾਮ 'ਤੇ ਹੈ। ਪੁਲਿਸ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 94 ਤਹਿਤ ਬੈਂਕ ਨੂੰ ਨੋਟਿਸ ਜਾਰੀ ਕਰਕੇ ਖਾਤੇ ਦੇ ਹੋਰ ਵੇਰਵੇ ਮੰਗੇ ਹਨ।

ਪੁਲਿਸ ਪ੍ਰਸ਼ਾਸਨ ਨੇ ਇਸ ਘਟਨਾ ਤੋਂ ਬਾਅਦ ਜਨਤਾ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਅਣਪਛਾਤੇ ਅੰਤਰਰਾਸ਼ਟਰੀ ਨੰਬਰ (+1, +44 ਆਦਿ) ਤੋਂ ਆਈ ਕਾਲ 'ਤੇ ਅੰਨ੍ਹਾ ਵਿਸ਼ਵਾਸ ਨਾ ਕਰੋ। ਬੈਂਕ ਦੀਆਂ ਰਸੀਦਾਂ ਵਟਸਐਪ 'ਤੇ ਦੇਖ ਕੇ ਯਕੀਨ ਕਰਨ ਦੀ ਬਜਾਏ, ਆਪਣੇ ਬੈਂਕ ਦੀ ਅਧਿਕਾਰਤ ਐਪ ਜਾਂ ਬ੍ਰਾਂਚ ਵਿੱਚ ਜਾ ਕੇ ਬੈਲੇਂਸ ਚੈੱਕ ਕਰੋ। ਜੇਕਰ ਤੁਹਾਡੇ ਨਾਲ ਅਜਿਹੀ ਕੋਈ ਘਟਨਾ ਵਾਪਰਦੀ ਹੈ, ਤਾਂ ਤੁਰੰਤ 1930 'ਤੇ ਕਾਲ ਕਰੋ ਜਾਂ www.cybercrime.gov.in 'ਤੇ ਸ਼ਿਕਾਇਤ ਦਰਜ ਕਰੋ।

# ਕਾਵਿ-ਕਿਆਰੀ

ਕਵਿਤਾ

## ਸ਼ਿਕਵਾ-ਏ-ਵਤਨ

ਵਤਨ ਨੂੰ ਅਲਵਿਦਾ ਕਹਿਣ ਵੇਲੇ, ਮਨ ਵਿੱਚ
ਇੱਕ ਅਣਕਿਆਸੀ ਵੇਦਨਾ ਹੁੰਦੀ ਆ।
ਹੱਸਦੇ-ਖੇਡਦੇ ਪਰਿਵਾਰ ਅਤੇ ਆਪਣੀ
ਤਹਿਜ਼ੀਬ ਤੋਂ ਦੂਰ ਹੋਣਾ, ਸ਼ੌਕ ਨਹੀਂ ਮਜਬੂਰੀ ਆ।
ਘਟ ਰਹੀਆਂ ਜੋਤਾਂ, ਖਾਦਾਂ ਦੇ ਘਾਟੇ,
ਗੁਰਬਤ ਦੀ ਮਾਰ ਨਾਲੋਂ ਵੀ ਬਦਤਰ,
ਮੰਡੀਆਂ ਵਿੱਚ ਹੁੰਦੀ ਸਾਡੇ ਸੋਨੇ ਦੀ ਲੁੱਟ
ਅਤੇ ਕਿਸਾਨੀ ਖ਼ੁਦਕੁਸ਼ੀਆਂ ਆਦਿ,
ਮਜਬੂਰ ਕਰ ਦਿੰਦੀਆਂ ਹਨ।
ਵਤਨ ਨੂੰ ਅਲਵਿਦਾ ਕਹਿਣ ਲਈ।

ਇੱਥੇ ਹਰ ਪੰਜ ਸਾਲ ਬਾਅਦ,
ਨਵਾਂ ਨਾਦਰਸ਼ਾਹੀ ਟੋਲਾ,
ਆਪਣਾ ਹੀ ਰਾਗ ਅਲਾਪ,
ਸਾਡੀਆਂ ਵੋਟਾਂ ਲੈ ਕੇ,
ਅਗਲੇ ਪੰਜ ਸਾਲਾਂ ਲਈ
ਬਣਵਾਸ ਚਲਾ ਜਾਂਦਾ ਹੈ।
ਇਹਨਾਂ ਅਕਾਵਾਂ ਦੇ ਦੁਰਲੱਭ
ਦਰਸ਼ਨ ਵੀ ਮਜਬੂਰ ਕਰਦੇ ਹਨ,
ਵਤਨ ਨੂੰ ਅਲਵਿਦਾ ਕਹਿਣ ਲਈ।

ਪਰਦੇਸ ਤੁਰਨ ਲੱਗੇ ਨਹੀਂ ਭੁੱਲਦਾ,
ਨਿੱਕੀ ਭੈਣ ਦਾ ਗੁੱਟ 'ਤੇ
ਰੱਖੜੀ ਬੰਨ੍ਹਣ ਦਾ ਚਾਅ,
ਬਾਪ ਸਿਰ ਚੜ੍ਹਿਆ ਕਰਜ਼।
ਮਾਂ ਦੀਆਂ ਅੱਖਾਂ ਵਿੱਚੋਂ ਛਲਕਦਾ,
ਖਾਰੇ ਹੰਝੂਆਂ ਦਾ ਹੜ੍ਹ।
ਉਸ ਦਾ ਵਾਰ-ਵਾਰ ਮੁੱਖ ਚੁੰਮਣਾ,
ਘੁੱਟ-ਘੁੱਟ ਛਾਤੀ ਨਾਲ ਲਾਉਣਾ।
ਮੂੰਹ ਵਿੱਚ ਸ਼ੱਕਰ ਦਾ ਪਾਉਣਾ।
ਜਿਊਂਦਾ ਵੱਸਦਾ ਰਹਿ ਪੁੱਤ ਚਰਨਜੀਤ,
ਦੀ ਅਸੀਸ ਨਾਲ ਵਿਦਾ ਕਰਨਾ,
ਮਾਪਿਆਂ ਦੀਆਂ ਦਿਲੀਂ ਦੁਆਵਾਂ ਅਤੇ
ਦੋਸਤਾਂ ਦੀਆਂ ਵਧਾਈਆਂ ਦੇ ਸਾਰੇ ਜਜ਼ਬਾਤ
ਸਮੇਟ ਮੈਂ ਆਪਣੀ ਧਰਤੀ ਤੋਂ ਕੋਹਾਂ ਦੂਰ,
ਉਨ੍ਹਾਂ ਗੋਰਿਆਂ ਦੇ ਦੇਸ਼ ਵੱਲ ਉੱਡ ਜਾਂਦਾ ਹਾਂ,
ਜਿਨ੍ਹਾਂ ਨੂੰ ਕਦੇ ਆਪਣੇ ਮੁਲਕ ਵਿੱਚੋਂ
ਬਾਹਰ ਕੱਢਣ ਲਈ,
ਸਾਡੇ ਪੁਰਖਿਆਂ ਨੇ ਹੱਸ-ਹੱਸ
ਫਾਂਸੀ ਦੇ ਰੱਸੇ ਚੁੰਮੇ ਸਨ।



ਚਰਨਜੀਤ ਸਿੰਘ ਬਰਾੜ

## ਉਡੀਕ



ਮਨਿੰਦਰ ਕੌਰ

ਪਤਾ ਨਹੀਂ ਉਸ ਕਦੇ ਆਉਣਾ ਵੀ
ਸ਼ਾਇਦ ਕਿ ਨਹੀਂ ਵੀ ਆਉਣਾ, ਪਰ
ਉਸ ਨੂੰ ਦੱਸ ਦੇਵੇ ਕੋਈ ਜਾ ਕੇ,
ਮੂੰਹੋਂ ਤਾਂ ਮੈਂ ਕੁਝ ਨਹੀਂ ਕਹਿਣਾ,
ਬਨੇਰੇ ਸੁੰਞੇ ਚੰਗੇ ਨਹੀਂ ਲਗਦੇ, ਹਾਂ
ਕਾਂਵਾਂ ਨੂੰ ਚੂਰੀ ਪਾਉਂਦੀ ਹੀ ਰਹਿਣਾ,
ਉਸਨੂੰ ਦੱਸ ਦੇਵੇ ਕੋਈ ਜਾ ਕੇ
ਉਡੀਕਾਂ ਦੇ ਰਾਹ ਦੀ ਧੂੜ ਬੜੀ ਰੁੱਖੀ
ਹੰਝੂਆਂ ਦਾ ਛੱਟਾ ਮੈਂ ਦਿੰਦੀ ਹੀ ਰਹਿਣਾ
ਉਸ ਨੂੰ ਦੱਸ ਦੇਵੇ ਕੋਈ ਜਾ ਕੇ
ਮੁਹੱਬਤਾਂ ਦੇ ਕਿੱਸੇ ਜੋ ਅੱਧੇ- ਅਧੂਰੇ
ਇੰਦੀ ਨੂੰ ਮੈਂ ਸੁਣਾਉਂਦੀ ਹੀ ਰਹਿਣਾ

## ਪੜ੍ਹੋ ਪੰਜਾਬੀ

ਪੰਜਾਬੀ ਸਾਡੀ ਬੋਲੀ, ਸਾਡੇ ਗੁਰੂਆਂ ਨੇ ਵਡਿਆਈ ਆ।
ਮਾਖਿਓਂ ਮਿੱਠੀ ਰਮਜ਼ ਏਸ ਨੇ, ਸਭਨਾਂ ਨੂੰ ਸਮਝਾਈ ਆ।
ਜਿਥੇ ਮਰਜ਼ੀ ਵੱਸੋ ਰਸੋ, ਪਰ ਰੱਖੋ ਯਾਦ ਘਰਾਣੇ!
ਪੜ੍ਹੋ ਪੰਜਾਬੀ, ਲਿਖੋ ਪੰਜਾਬੀ, ਸੁਣੋ ਪੰਜਾਬੀ ਗਾਣੇ!!

ਮਾਂ-ਜਨਣੀ ਜਾਂ ਮਾਂ-ਬੋਲੀ ਵਿੱਚ, ਫ਼ਰਕ ਰਤਾ ਵੀ ਹੈ ਨਾ।
ਮਾਂ-ਬੋਲੀ ਦੇ ਬੋਲਾਂ ਤੋਂ ਹੀ, ਸਿੱਖਿਆ ਮਾਂ-ਮਾਂ ਕਹਿਣਾ।
ਜਿਉਂਦੀ ਰੱਖਣ ਮਾਂ-ਬੋਲੀ ਨੂੰ, ਜਿਹੜੇ ਪੁੱਤ ਸਿਆਣੇ!
ਪੜ੍ਹੋ ਪੰਜਾਬੀ, ਲਿਖੋ ਪੰਜਾਬੀ, ਸੁਣੋ ਪੰਜਾਬੀ ਗਾਣੇ!!

ਮਾਮੀਆਂ ਮਾਸੀਆਂ ਚਾਚੀਆਂ ਤਾਈਆਂ, ਭੂਆ ਨੇ ਕੁਮਲਾਈਆਂ।
ਮਾਮੇ ਮਾਸੜ ਚਾਚੇ ਤਾਏ, ਫੁੱਫੜ ਦੇਣ ਦੁਹਾਈਆਂ।
ਅੰਕਲ ਆਂਟੀ ਖਾ ਗਏ ਰਿਸ਼ਤੇ, ਸਾਂਝੇ ਸਾਕ ਪੁਰਾਣੇ!
ਪੜ੍ਹੋ ਪੰਜਾਬੀ, ਲਿਖੋ ਪੰਜਾਬੀ, ਸੁਣੋ ਪੰਜਾਬੀ ਗਾਣੇ!!

ਗਿੱਧੇ ਭੰਗੜੇ ਜਦ ਵੀ ਪੈਂਦੇ, ਬੋਲੀਆਂ ਪੈਣ ਪੰਜਾਬੀ।
ਹਮਕੋ-ਤੁਮਕੋ ਰਾਸ ਨਾ ਸਾਨੂੰ, ਸਾਡਾ ਠਾਠ ਨਵਾਬੀ।
ਗੁੜ ਵਰਗੀ ਨਾ ਮਿੱਠਤ ਮਿਲਦੀ, ਖਾਧਿਆਂ ਖੰਡ ਮਖਾਣੇ!
ਪੜ੍ਹੋ ਪੰਜਾਬੀ, ਲਿਖੋ ਪੰਜਾਬੀ, ਸੁਣੋ ਪੰਜਾਬੀ ਗਾਣੇ!!



ਜੁਗ-ਜੁਗ ਵਣਜ ਕਰੋ ਵਣਜਾਰਿਓ, ਭੁੱਲਿਓ ਨਾ ਮਾਂ-ਬੋਲੀ।
ਦੇਸ਼ ਵਿਦੇਸ਼ੀਂ ਰਲ-ਮਿਲ ਰੱਖੋ, ਪ੍ਰੇਮ ਪਟਾਰੀ ਖੋਲ੍ਹੀ।
ਚੰਨ ਜੰਡਿਆਲਵੀ ਦੇਸੀ ਰੰਗ-ਢੰਗ, ਦੂਰੋਂ ਈ ਜਾਣ ਪਛਾਣੇ!
ਪੜ੍ਹੋ ਪੰਜਾਬੀ, ਲਿਖੋ ਪੰਜਾਬੀ, ਸੁਣੋ ਪੰਜਾਬੀ ਗਾਣੇ!!
ਪੰਜਾਬੀ ਸਾਡੀ ਬੋਲੀ, ਸਾਡੇ ਗੁਰੂਆਂ ਨੇ ਵਡਿਆਈ ਆ।

-ਤਰਲੋਚਨ ਸਿੰਘ ਚੰਨ ਜੰਡਿਆਲਵੀ

## ਮਦਦਗਾਰ ਹੈ ਨਾਰੀ

ਧਰਮਿੰਦਰ ਸਿੰਘ

ਹੋਇਆ ਭਾਵੇਂ ਖ਼ੁਦਗਰਜ਼ ਜ਼ਮਾਨਾ
ਪਰ ਹਰ ਥਾਂ ਮਦਦਗਾਰ ਹੈ ਨਾਰੀ।
ਕੋਈ ਆਖੇ ਅਬਲਾ ਇਸਨੂੰ
ਕੋਈ ਆਖੇ ਕਿਸਮਤ ਮਾਰੀ,
ਨਾਲ ਮਿਹਨਤ ਦੇ ਨਾਮ ਕਮਾਇਆ
ਜਿੱਤ ਲਈ ਦੁਨੀਆਂ ਸਾਰੀ।

ਝਾਂਸੀ ਦੀ ਰਾਣੀ ਬਣ ਕੇ
ਅਧਿਕਾਰਾਂ ਦੇ ਲਈ ਲੜਦੀ ਹੈ,
ਲਿਖਦਾ ਕੋਈ ਜਦੋਂ ਬੇਦਾਵਾ
ਮਾਈ ਭਾਗੋ ਬਣ ਕੇ ਖੜ੍ਹਦੀ ਹੈ।
ਰੂਪ ਧਾਰ ਕੇ ਦੁਰਗਾ ਦਾ
ਪਾ ਦਿੰਦੀ ਠੱਲ ਤੂਫ਼ਾਨਾਂ ਨੂੰ,
ਕਲਪਨਾ ਚਾਵਲਾ ਬਣ ਜਾਂਦੀ ਜਦ
ਜਿੱਤ ਲੈਂਦੀ ਅਸਮਾਨਾਂ ਨੂੰ।


ਬਾਣੀ ਦੇ ਵਿੱਚ ਮਹਿਮਾ ਇਸਦੀ
ਇਸ ਨਾਲ ਚਲਦੀ ਦੁਨੀਆਂ ਸਾਰੀ,
ਮਦਰ ਟਰੇਸਾ ਬਣ ਕੇ ਇਸਨੇ
ਕੰਮ ਹੈ ਕੀਤਾ ਪਰਉਪਕਾਰੀ।

ਇਸਦੇ ਨਾਲ ਨੇ ਰਿਸ਼ਤੇ ਸਾਰੇ
ਇਸਦੇ ਹਨ ਰੂਪ ਅਨੇਕ,
ਕਿਸੇ ਉੱਪਰ ਨਾ ਅਹਿਸਾਨ ਜਤਾਵੇ
ਧੁਰੋਂ ਲਿਖਾ ਕੇ ਲਿਆਵੇ ਲੇਖ।

ਫਰਜਾਂ ਪ੍ਰਤੀ ਸੁਹਿਰਦ ਹੈ ਰਹਿੰਦੀ
ਬੋਲੇ ਕਾਰਗੁਜ਼ਾਰੀ, ਧਰਮਿੰਦਰ ਨੇ ਕੇਵਲ ਸੱਚ ਹੈ ਲਿਖਿਆ
ਕਲਪਨਾ ਦੀ ਨਾ ਲਾਈ ਉਡਾਰੀ।
ਹੋਇਆ ਭਾਵੇਂ ਖ਼ੁਦਗਰਜ਼ ਜ਼ਮਾਨਾ
ਪਰ ਹਰ ਥਾਂ ਮਦਦਗਾਰ ਹੈ ਨਾਰੀ।

ਕਾਵਿ-ਵਿਅੰਗ

## ਡਮਰੂ ਤੇ ਜਲ-ਡਮਰੂ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

'ਧਾਰ' ਤੇਲ ਦੀ ਯਾਰੋ ਕੀ ਦੇਖਣੀ ਐਂ
ਭੁੱਖੜ ਆ ਪਏ ਨੇ ਤੇਲ ਭੰਡਾਰ ਉੱਤੇ।
ਚੱਕਾ ਚੱਲੇ ਵਿਕਾਸ ਦਾ ਨਾਲ ਜਿਹਦੇ
ਮੂਰਖ ਲੱਗ ਪਏ ਕਰਨ ਬੰਬਾਰ ਉੱਤੇ।
ਆਵੇ ਤਰਸ ਨਾ 'ਹੈਂਸਿਆਰਿਆਂ' ਨੂੰ
ਥਾਂਹ ਥਾਂਹ ਹੋ ਰਹੇ ਨਰ-ਸੰਘਾਰ ਉੱਤੇ।
ਪੈ ਰਹੀਆਂ ਹਨ ਲਾਹਣਤਾਂ ਜੱਗ ਵਲੋਂ
ਚੌਧਰ-ਪੁਣੇ ਦੇ ਚੜ੍ਹ ਗਏ ਹੰਕਾਰ ਉੱਤੇ।
ਉਹਦੇ ਕੰਨਾਂ ਤੱਕ 'ਵਾਜ਼ ਪਹੁੰਚਾ ਦੇਈਏ
ਅਮਨ ਚੈਨ ਜੋ ਦੁਨੀਆਂ ਤੋਂ ਖੋਹਣ ਲੱਗਾ।
ਡਮਰੂ ਸ਼ਿਵਜੀ ਦੇ ਹੱਥਾਂ ਵਿੱਚ ਸੋਭਦਾ ਸੀ
ਤਾਂਡਵ-ਨਾਚ ਜਲ-ਡਮਰੂ 'ਤੇ ਹੋਣ ਲੱਗਾ!

* * * * *

ਗੀਤ

## ਚੌਂਹ ਕੂਟੀ

ਅਕਾਸ਼ ਤੇ ਪਤਾਲ ਵਿੱਚ, ਰਿਹਾ ਭਾਲਦਾ।
ਅੱਗ ਦਾ ਬਰੋਲਾ ਹੋਇਆ, ਸਮਾਂ ਗਾਲਦਾ।
ਪੈਂਦੀਂ ਬੇਈਮਾਨੀ ਤੇ, ਹੰਕਾਰ ਛੱਡਣਾ।
ਫੇਰ ਤੈਨੂੰ ਚੌਂਹ ਕੂਟੀ, ਸੋਹਣਾ ਲੱਗਣਾ।

ਸੁੱਖ ਦੁੱਖ ਜਿੰਦਗੀ ਦੇ, ਨਾਲ ਚਲਦਾ।
ਦੋਸ਼ ਨਹੀ ਲਾਈਦਾ ਉਹ ਤੇ, ਹਰ ਗੱਲਦਾ।
ਕਰਮਾ ਨੂੰ ਮਾੜੇ ਨਾ ਤੂੰ, ਕਹਿ ਸੱਜਣਾ।
ਫੇਰ ਤੈਨੂੰ ਚੌਂਹ ਕੂਟੀ, ਸੋਹਣਾ ਲੱਗਣਾ

ਬਰਫਾਂ ਚ ਬਹਿਦੇਂ, ਧੁੱਪੀਂ ਧੂਈਆਂ ਸੇਕਦੇ।
ਹੱਥੀਂ ਜੋ ਬਣਾਏ, ਬੰਦੇ ਰੱਬ ਵੇਚਦੇ।
ਸੋਚਾਂ ਵਾਲੇ ਗੋਤਿਆਂ 'ਚ, ਪਾ ਛੱਡਣਾ।
ਫੇਰ ਤੈਨੂੰ ਚੌਂਹ ਕੂਟੀ, ਸੋਹਣਾ ਲੱਗਣਾ।

ਕਰਜ਼ੇ ਦੇ ਭਾਰ ਥੱਲੇ, ਸਿਰ ਦੱਬ ਕੇ।
ਆਪ ਤੂੰ ਸਹੇੜੇ, ਦੱਸੇ ਕੰਮ ਰੱਬ ਦੇ ।
ਸੁੱਕਾ ਲੰਘ ਜਾਦਾਂ, ਬਦਲਾਂ ਦਾ ਗੱਜਣਾ।
ਫੇਰ ਤੈਨੂੰ ਚੌਂਹ ਕੂਟੀ, ਸੋਹਣਾ ਲੱਗਣਾ।

ਹੱਕ ਦੀ ਕਮਾਈ ਹੁੰਦੀ, ਦੂਣੀ ਓਸ ਦੀ।
ਪਤਝੜ ਵਾਂਗੂ ਝੜੇ, ਖੱਟੀ ਖੋਟ ਦੀ।
ਕਰ ਤੂੰ ਪਿਆਰ "ਸੰਧੂ", ਸਾਰੇ ਜੱਗਨਾ।
ਫੇਰ ਤੈਨੂੰ ਚੌਂਹ ਕੂਟੀ, ਸੋਹਣਾ ਲੱਗਣਾ।

ਸੁਖਵੀਰ ਸਿੰਘ ਸੰਧੂ
ਅਲਕੜਾ (ਪੈਰਿਸ)

* * * * * *

# ਖਡੂਰ ਸਾਹਿਬ ਦੇ ਐਮਪੀ ਅੰਮ੍ਰਿਤ ਪਾਲ ਸਿੰਘ ਲਈ 'ਦਿੱਲੀ' ਅਜੇ ਬਹੁਤ ਦੂਰ

## ✪ ਹਾਈ ਕੋਰਟ ਨੇ ਪੈਰੋਲ ਦੀ ਅਰਜ਼ੀ ਕੀਤੀ ਰੱਦ ਕਿਹਾ-ਦੇਸ਼ ਦੀ ਸੁਰੱਖਿਆ ਸਭ ਤੋਂ ਉੱਪਰ

## ✪ ਖ਼ਾਕੀ ਦਾ ਪਹਿਰਾ ਅਤੇ ਅਦਾਲਤ ਦਾ ਫੈਸਲਾ: ਡਿਬਰੂਗੜ੍ਹ ਜੇਲ੍ਹ ਹੀ ਰਹੇਗਾ ਅੰਮ੍ਰਿਤਪਾਲ ਦਾ ਟਿਕਾਣਾ



## ਅੰਮ੍ਰਿਤਪਾਲ ਤੋਂ ਕਿਸ ਸਿਆਸੀ ਪਾਰਟੀ ਨੂੰ ਹੈ ਡਰ

ਇਸ ਸਵਾਲ ਦੇ ਦੋ ਪਹਿਲੂ ਹਨ-ਇੱਕ ਕਾਨੂੰਨੀ ਅਤੇ ਦੂਜਾ ਸਿਆਸੀ। ਅੰਮ੍ਰਿਤਪਾਲ ਸਿੰਘ ਦੀ ਹਰਮਨਪਿਆਰਤਾ ਅਤੇ ਸਰਕਾਰ ਦੇ ਰਵੱਈਏ ਨੂੰ ਲੈ ਕੇ ਵੱਖ-ਵੱਖ ਵਿਚਾਰ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੰਮ੍ਰਿਤਪਾਲ ਸਿੰਘ ਨੇ ਬਹੁਤ ਘੱਟ ਸਮੇਂ ਵਿੱਚ ਪੰਜਾਬ ਦੇ ਇੱਕ ਹਿੱਸੇ, ਖਾਸ ਕਰਕੇ ਨੌਜਵਾਨਾਂ ਅਤੇ ਪੰਥਕ ਸੋਚ ਰੱਖਣ ਵਾਲੇ ਲੋਕਾਂ ਵਿੱਚ ਆਪਣੀ ਜਗ੍ਹਾ ਬਣਾਈ ਹੈ। ਜੇਲ੍ਹ ਵਿੱਚ ਹੁੰਦਿਆਂ ਵੀ ਖਡੂਰ ਸਾਹਿਬ ਤੋਂ ਵੱਡੀ ਲੀਡ ਨਾਲ ਜਿੱਤਣਾ ਇਹ ਸਾਬਤ ਕਰਦਾ ਹੈ ਕਿ ਲੋਕਾਂ ਦਾ ਇੱਕ ਵੱਡਾ ਵਰਗ ਉਨ੍ਹਾਂ ਦੇ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਵੱਲੋਂ ਚੁੱਕੇ ਗਏ ਨਸ਼ਾ-ਛੁਡਾਊ ਮੁਹਿੰਮ ਅਤੇ ਸਿੱਖੀ ਪ੍ਰਚਾਰ ਵਰਗੇ ਮੁੱਦਿਆਂ ਨੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਕਈ ਵਿਸ਼ਲੇਸ਼ਕ ਮੰਨਦੇ ਹਨ ਕਿ ਸਰਕਾਰ ਨੂੰ ਡਰ ਹੈ ਕਿ ਜੇਕਰ ਉਹ ਬਾਹਰ ਆਉਂਦੇ ਹਨ, ਤਾਂ ਉਨ੍ਹਾਂ ਦੀ ਵਧ ਰਹੀ ਹਰਮਨਪਿਆਰਤਾ ਰਵਾਇਤੀ ਸਿਆਸੀ ਪਾਰਟੀਆਂ (ਅਕਾਲੀ ਦਲ, ਕਾਂਗਰਸ, ਆਪ) ਲਈ ਚੁਣੌਤੀ ਬਣ ਸਕਦੀ ਹੈ ਅਤੇ ਸੂਬੇ ਦੇ ਸਿਆਸੀ ਸਮੀਕਰਨ ਬਦਲ ਸਕਦੇ ਹਨ। ਸਰਕਾਰ ਦੇ ਪੱਖ ਤੋਂ ਇਸ ਨੂੰ 'ਡਰ' ਦੀ ਬਜਾਏ 'ਕੌਮੀ ਸੁਰੱਖਿਆ' ਦੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਸਰਕਾਰ ਅਕਸਰ ਅਜਨਾਲਾ ਥਾਣੇ 'ਤੇ ਹੋਏ ਹਮਲੇ ਦੀ ਘਟਨਾ ਨੂੰ ਅਧਾਰ ਬਣਾਉਂਦੀ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਮੌਜੂਦਗੀ ਹਿੰਸਾ ਭੜਕਾ ਸਕਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਉਹ ਦੇਸ਼ ਦੀ ਅਖੰਡਤਾ ਵਿਰੁੱਧ ਪ੍ਰਚਾਰ ਕਰ ਰਹੇ ਹਨ, ਜਿਸ ਕਾਰਨ ਐਨਐਸਏ (ਰਾਸ਼ਟਰੀ ਸੁਰੱਖਿਆ ਕਾਨੂੰਨ) ਲਗਾਇਆ ਗਿਆ ਹੈ। ਖੁਫੀਆ ਏਜੰਸੀਆਂ ਮੁਤਾਬਕ ਉਨ੍ਹਾਂ ਦੇ ਬਾਹਰ ਆਉਣ ਨਾਲ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਦਾ ਖਤਰਾ ਹੈ।

ਅੰਮ੍ਰਿਤ ਪਾਲ ਸਿੰਘ ਦੇ ਸਮਰਥਕਾਂ ਦੀ ਨਜ਼ਰ ਵਿੱਚ ਇਹ ਸਰਕਾਰ ਦੀ ਸਿਆਸੀ ਬਦਲਾਖੋਰੀ ਅਤੇ ਉਨ੍ਹਾਂ ਦੀ ਵਧ ਰਹੀ ਸ਼ਕਤੀ ਤੋਂ ਡਰ ਹੈ। ਦੂਜੇ ਪਾਸੇ, ਸਰਕਾਰ ਇਸ ਨੂੰ ਕਾਨੂੰਨੀ ਪ੍ਰਕਿਰਿਆ ਅਤੇ ਦੇਸ਼ ਦੀ ਸੁਰੱਖਿਆ ਲਈ ਲਿਆ ਗਿਆ ਜ਼ਰੂਰੀ ਕਦਮ ਦੱਸ ਰਹੀ ਹੈ। ਅਦਾਲਤ ਨੇ ਵੀ ਮੌਜੂਦਾ ਫੈਸਲੇ ਵਿੱਚ ਸੁਰੱਖਿਆ ਏਜੰਸੀਆਂ ਦੇ ਤਰਕਾਂ ਨੂੰ ਵਧੇਰੇ ਅਹਿਮੀਅਤ ਦਿੱਤੀ ਹੈ।) ਲਗਾਇਆ ਗਿਆ ਹੈ। ਖੁਫੀਆ ਏਜੰਸੀਆਂ ਮੁਤਾਬਕ ਉਨ੍ਹਾਂ ਦੇ ਬਾਹਰ ਆਉਣ ਨਾਲ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਦਾ ਖਤਰਾ ਹੈ।

ਚੰਡੀਗੜ੍ਹ-ਪੰਜਾਬ ਦੀ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀਆਂ ਮੁਸ਼ਕਲਾਂ ਘਟਣ ਦਾ ਨਾਮ ਨਹੀਂ ਲੈ ਰਹੀਆਂ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਨੇ ਸੰਸਦ ਦੇ ਚੱਲ ਰਹੇ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਪੈਰੋਲ ਦੀ ਮੰਗ ਕੀਤੀ ਸੀ। ਅਦਾਲਤ ਦੇ ਇਸ ਫੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਫਿਲਹਾਲ ਅੰਮ੍ਰਿਤਪਾਲ ਸਿੰਘ ਨੂੰ ਹਿਰਾਸਤ ਵਿੱਚ ਹੀ ਰਹਿਣਾ ਪਵੇਗਾ।

### ਜ਼ਮਾਨਤ/ਪੈਰੋਲ ਨਾ ਮਿਲਣ ਦੇ 3 ਮੁੱਖ ਕਾਰਨ

ਅਦਾਲਤ ਵਿੱਚ ਹੋਈ ਬਹਿਸ ਦੌਰਾਨ ਕੁਝ ਅਜਿਹੇ ਨੁਕਤੇ ਸਾਹਮਣੇ ਆਏ ਜਿਨ੍ਹਾਂ ਕਰਕੇ ਉਨ੍ਹਾਂ ਦੀ ਰਿਹਾਈ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ:

ਅੰਮ੍ਰਿਤਪਾਲ ਸਿੰਘ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਲਗਾਇਆ ਗਿਆ ਹੈ। ਸੁਰੱਖਿਆ ਏਜੰਸੀਆਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨਾਲ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੋ ਸਕਦਾ ਹੈ। ਐਨਐਸਏ ਦੇ ਅਧੀਨ ਲਏ ਗਏ ਫੈਸਲਿਆਂ ਵਿੱਚ ਅਦਾਲਤਾਂ ਅਕਸਰ ਸੁਰੱਖਿਆ ਏਜੰਸੀਆਂ ਦੀਆਂ ਰਿਪੋਰਟਾਂ ਨੂੰ ਤਰਜੀਹ ਦਿੰਦੀਆਂ ਹਨ।

ਪੰਜਾਬ ਸਰਕਾਰ ਨੇ ਅਦਾਲਤ ਵਿੱਚ ਜ਼ੋਰਦਾਰ ਪੱਖ ਰੱਖਿਆ ਕਿ ਜੇਕਰ ਅੰਮ੍ਰਿਤਪਾਲ ਸਿੰਘ ਨੂੰ ਬਾਹਰ ਆਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਸੂਬੇ ਦੀ ਅਮਨ-ਸ਼ਾਂਤੀ ਅਤੇ ਕਾਨੂੰਨ ਵਿਵਸਥਾ ਪ੍ਰਭਾਵਿਤ ਹੋ ਸਕਦੀ ਹੈ। ਸਰਕਾਰ ਦਾ ਤਰਕ ਸੀ ਕਿ ਮੌਜੂਦਾ ਹਾਲਾਤ ਅਜਿਹੀ ਰਿਹਾਈ ਲਈ ਢੁਕਵੇਂ ਨਹੀਂ ਹਨ।

ਸੁਰੱਖਿਆ ਏਜੰਸੀਆਂ ਵੱਲੋਂ ਪੇਸ਼ ਕੀਤੇ ਗਏ ਤਰਕਾਂ ਅਤੇ ਇਨਪੁਟਸ 'ਤੇ ਵਿਚਾਰ ਕਰਦਿਆਂ, ਹਾਈ ਕੋਰਟ ਨੇ ਮੰਨਿਆ ਕਿ ਨਿੱਜੀ ਅਧਿਕਾਰਾਂ (ਚੁਣੇ ਹੋਏ ਨੁਮਾਇੰਦੇ ਵਜੋਂ) ਨਾਲੋਂ ਦੇਸ਼ ਅਤੇ ਰਾਜ ਦੀ ਸੁਰੱਖਿਆ ਸਰਵਉੱਚ ਹੈ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸਰਕਾਰ ਦੇ ਸੁਰੱਖਿਆ ਹਵਾਲਿਆਂ ਨੂੰ ਵਧੇਰੇ ਵਜ਼ਨਦਾਰ ਮੰਨਿਆ।

### ਅੰਮ੍ਰਿਤਪਾਲ ਸਿੰਘ ਦਾ ਪੱਖ ਕੀ ਸੀ?

ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਉਹ ਇੱਕ ਲੋਕ-ਤੰਤਰਿਕ ਤਰੀਕੇ ਨਾਲ ਚੁਣੇ ਹੋਏ ਲੋਕ ਪ੍ਰਤੀਨਿਧ ਹਨ। ਉਨ੍ਹਾਂ ਦੇ ਵੋਟਰਾਂ ਨੇ ਉਨ੍ਹਾਂ ਨੂੰ ਸੰਸਦ ਵਿੱਚ ਆਪਣੀ ਆਵਾਜ਼ ਚੁੱਕਣ ਲਈ ਚੁਣਿਆ ਹੈ, ਇਸ ਲਈ ਉਨ੍ਹਾਂ ਨੂੰ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਦਾ ਸੰਵਿਧਾਨਕ ਅਧਿਕਾਰ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਨੂੰ ਵੋਟਰਾਂ ਦੇ ਅਧਿਕਾਰਾਂ ਦੀ ਉਲੰਘਣਾ ਵੀ ਦੱਸਿਆ, ਪਰ ਅਦਾਲਤ ਨੇ ਸੁਰੱਖਿਆ ਪੱਖ ਨੂੰ ਦੇਖਦੇ ਹੋਏ ਇਸ ਨੂੰ ਪ੍ਰਵਾਨ ਨਹੀਂ ਕੀਤਾ। ਹਾਈ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਇਹ ਸਾਫ਼ ਹੈ ਕਿ ਅੰਮ੍ਰਿਤਪਾਲ ਸਿੰਘ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰਹਿਣਗੇ ਅਤੇ ਮੌਜੂਦਾ ਸੰਸਦ ਸੈਸ਼ਨ ਵਿੱਚ ਹਿੱਸਾ ਨਹੀਂ ਲੈ ਸਕਣਗੇ। ਕਾਨੂੰਨੀ ਮਾਹਿਰਾਂ ਅਨੁਸਾਰ, ਹੁਣ ਉਨ੍ਹਾਂ ਕੋਲ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦਾ ਰਾਹ ਬਚਿਆ ਹੈ।

### ਸੰਸਦ ਮੈਂਬਰ ਵਜੋਂ ਅੰਮ੍ਰਿਤ ਪਾਲ ਦਾ ਕੀ ਹੋਵੇਗਾ?

ਕਾਨੂੰਨ ਅਨੁਸਾਰ, ਜੇਕਰ ਕੋਈ ਸੰਸਦ ਮੈਂਬਰ ਲਗਾਤਾਰ 60 ਦਿਨਾਂ (ਬੈਠਕਾਂ) ਤੱਕ ਸੰਸਦ ਵਿੱਚੋਂ ਗੈਰ-ਹਾਜ਼ਰ ਰਹਿੰਦਾ ਹੈ, ਤਾਂ ਉਸਦੀ ਸੀਟ ਖਾਲੀ ਘੋਸ਼ਿਤ ਕੀਤੀ ਜਾ ਸਕਦੀ ਹੈ। ਹਾਲਾਂਕਿ, ਅਦਾਲਤ ਵਿੱਚ ਇਹ ਦੱਸਿਆ ਗਿਆ ਹੈ ਕਿ ਅੰਮ੍ਰਿਤਪਾਲ ਸਿੰਘ ਆਪਣੀ ਗੈਰ-ਹਾਜ਼ਰੀ ਨੂੰ ਮੁਆਫ਼ ਕਰਵਾਉਣ ਲਈ ਅਰਜ਼ੀ ਦੇ ਸਕਦੇ ਹਨ, ਜਿਸ ਨੂੰ ਆਮ ਤੌਰ 'ਤੇ ਸਪੀਕਰ ਜਾਂ ਕਮੇਟੀ ਦੁਆਰਾ ਪ੍ਰਵਾਨ ਕਰ ਲਿਆ ਜਾਂਦਾ ਹੈ।

ਜਦੋਂ ਤੱਕ ਹਾਈ ਕੋਰਟ ਜਾਂ ਸੁਪਰੀਮ ਕੋਰਟ ਐਨਐਸਏ ਦੇ ਹੁਕਮਾਂ ਨੂੰ ਰੱਦ ਨਹੀਂ ਕਰਦੀ, ਸਰਕਾਰ ਹਰ ਸਾਲ ਨਵੇਂ ਤੱਥਾਂ ਦੇ ਅਧਾਰ 'ਤੇ ਇਸ ਮਿਆਦ ਨੂੰ ਵਧਾਉਣ ਦੀ ਕੋਸ਼ਿਸ਼ ਕਰ ਸਕਦੀ ਹੈ। ਦੇ ਹੁਕਮਾਂ ਨੂੰ ਰੱਦ ਨਹੀਂ ਕਰਦੀ, ਸਰਕਾਰ ਹਰ ਸਾਲ ਨਵੇਂ ਤੱਥਾਂ ਦੇ ਅਧਾਰ 'ਤੇ ਇਸ ਮਿਆਦ ਨੂੰ ਵਧਾਉਣ ਦੀ ਕੋਸ਼ਿਸ਼ ਕਰ ਸਕਦੀ ਹੈ।

**ਅੰਮ੍ਰਿਤ ਸ਼ਾਹ ਤੋਂ ਔਖੇ ਈਸਾਈ**

# ਸੰਗਰੂਰ ਵਿਖੇ ਅਮਿਤ ਸ਼ਾਹ ਦੇ ਬਿਆਨ ਖ਼ਿਲਾਫ਼ ਇਸਾਈ ਭਾਈਚਾਰੇ ਨੇ ਡੀਸੀ ਦਫ਼ਤਰ ਅੱਗੇ ਫੂਕਿਆ ਪੁਤਲਾ

ਸੰਗਰੂਰ-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਧਰਮ ਪਰਿਵਰਤਨ ਬਿੱਲ ਨੂੰ ਲੈ ਕੇ ਦਿੱਤੇ ਗਏ ਤਾਜ਼ਾ ਬਿਆਨ ਨੇ ਪੰਜਾਬ ਦੇ ਇਸਾਈ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ 'ਕ੍ਰਿਸਚਨ ਨੈਸ਼ਨਲ ਫਰੰਟ' ਅਤੇ 'ਪ੍ਰਭੂ ਯਿਸ਼ੂ ਨੌਜਵਾਨ ਕਮੇਟੀ' ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਭਾਈਚਾਰੇ ਦੇ ਲੋਕਾਂ ਨੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕੀਤਾ। ਡਿਪਟੀ ਕਮਿਸ਼ਨਰ ਦਫ਼ਤਰ, ਸੰਗਰੂਰ ਸਾਹਮਣੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕਿਆ ਗਿਆ। ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ ਅਤੇ ਆਰ. ਐੱਸ. ਐੱਸ. ਦੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।

ਰੋਸ ਪ੍ਰਦਰਸ਼ਨ ਦੌਰਾਨ ਕ੍ਰਿਸਚਨ



ਨੈਸ਼ਨਲ ਫਰੰਟ ਦੇ ਪ੍ਰਧਾਨ ਸੈਮ ਪੌਲ ਅਤੇ ਹੋਰ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਗ੍ਰਹਿ ਮੰਤਰੀ ਦਾ ਬਿਆਨ ਸਿਆਸੀ ਅਤੇ ਧਾਰਮਿਕ ਵੰਡੀਆਂ ਪਾਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਨਫ਼ਰਤ ਫੈਲਾਉਂਦੇ ਹਨ। ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਸਦੀਆਂ ਤੋਂ ਆਪਸੀ ਮਿਲਵਰਤਣ ਅਤੇ ਮਜ਼ਬੂਤ ਭਾਈਚਾਰਕ ਸਾਂਝ ਨਾਲ ਰਹਿ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਦੇ ਲੋਕ ਵੰਡੀਆਂ ਪਾਉਣ ਵਾਲੀ ਰਾਜਨੀਤੀ ਨੂੰ ਕਦੇ ਵੀ ਪ੍ਰਵਾਨ ਨਹੀਂ ਕਰਨਗੇ। ਇਸ ਮੌਕੇ ਪਾਸਟਰ ਸਾਹਿਲ, ਪਾਸਟਰ ਥੌਮਸ, ਹਰਦੀਪ ਸਿੰਘ, ਵਿਜੈ ਕੁਮਾਰ, ਗੁਰਸੇਵਕ ਸਿੰਘ, ਮਨਦੀਪ ਕੌਰ ਅਤੇ ਵੱਡੀ ਗਿਣਤੀ ਵਿੱਚ ਭਾਈਚਾਰੇ ਦੇ ਹੋਰ ਮੈਂਬਰ ਮੌਜੂਦ ਸਨ। ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਜਿਹੇ ਬਿਆਨਾਂ ਅਤੇ ਫੈਸਲਿਆਂ ਰਾਹੀਂ ਉਨ੍ਹਾਂ ਦੇ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ, ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਇੰਡੀਅਨ ਐਕਸਪ੍ਰੈੱਸ ਦੀ 'ਸਭ ਤੋਂ ਤਾਕਤਵਰ ਭਾਰਤੀਆਂ' ਦੀ ਸੂਚੀ

# ਹਕੀਕਤ ਜਾਂ ਸਿਰਫ਼ ਜਾਂ ਪੱਖਪਾਤੀ ਵਿਸ਼ਲੇਸ਼ਣ?

### ✪ ਲੋਕਪੱਖੀ ਲੇਖਕ-ਚਿੰਤਕ ਗਾਇਬ, 'ਦਲਾਲ' ਅਤੇ 'ਦਰਬਾਰੀ' ਹਾਵੀ: ਇਹ ਹੈ ਅੱਜ ਦੇ ਭਾਰਤ ਦੀ ਅਸਲੀਅਤ?

ਨਵੀਂ ਦਿੱਲੀ-ਇੰਡੀਅਨ ਐਕਸਪ੍ਰੈੱਸ ਅਖ਼ਬਾਰ ਨੇ ਹੁਣੇ ਜਿਹੇ ਇਸ ਸਾਲ ਵੀ ਭਾਰਤ ਦੇ 100 ਸਭ ਤੋਂ ਤਾਕਤਵਰ ਲੋਕਾਂ ਦੀ ਸੂਚੀ ਜਾਰੀ ਕੀਤੀ ਹਸੀ। ਹਾਲਾਂਕਿ ਇਸ ਸੂਚੀ ਦੀ ਤੁਲਨਾ ਅਕਸਰ ਫੋਰਬਸ ਵਰਗੀਆਂ ਅੰਤਰਰਾਸ਼ਟਰੀ ਪੱਤਰਿਕਾਵਾਂ ਨਾਲ ਕੀਤੀ ਜਾਂਦੀ ਹੈ, ਪਰ ਤਾਜ਼ਾ ਸੂਚੀ ਨੇ ਦੇਸ਼ ਦੇ ਬੁੱਧੀਜੀਵੀ ਵਰਗ ਅਤੇ ਵਿਸ਼ਲੇਸ਼ਕਾਂ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਸਵਾਲ ਉੱਠ ਰਹੇ ਹਨ ਕਿ ਅਖ਼ਬਾਰ ਵੱਲੋਂ 'ਤਾਕਤ' ਨੂੰ ਪਰਿਭਾਸ਼ਿਤ ਕਰਨ ਦਾ ਪੈਮਾਨਾ ਕੀ ਹੈ?

ਇਸ ਸੂਚੀ ਦਾ ਲਗਭਗ 70 ਫ਼ੀਸਦੀ ਹਿੱਸਾ ਸਿਆਸਤਦਾਨਾਂ ਨਾਲ ਭਰਿਆ ਹੋਇਆ ਹੈ, ਜਿਸ ਵਿੱਚੋਂ 80 ਫ਼ੀਸਦੀ ਭਾਜਪਾ ਅਤੇ ਆਰ. ਐੱਸ. ਐੱਸ. ਨਾਲ ਜੁੜੇ ਆਗੂ ਹਨ। ਸੂਚੀ ਦੇ ਵਿਸ਼ੇਸ਼ ਅੰਕ ਵਿੱਚ ਖ਼ੁਦ ਸਵੀਕਾਰ ਕੀਤਾ ਗਿਆ ਹੈ ਕਿ ਇਹ ਸੂਚੀ ਵਿਰੋਧੀ ਧਿਰ ਦੀ ਅਸਫਲਤਾ ਦੀ ਕਹਾਣੀ ਬਿਆਨ ਕਰਦੀ ਹੈ, ਜੋ ਭਾਜਪਾ ਦੇ ਵਧਦੇ ਕਦਮਾਂ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ।


### ਕੌਣ ਹਨ ਸੂਚੀ ਵਿੱਚ ਸ਼ਾਮਲ?

ਕਾਰੋਬਾਰੀ ਅਡਾਨੀ ਅਤੇ ਅੰਬਾਨੀ ਵਰਗੇ ਉਦਯੋਗਪਤੀਆਂ ਦਾ ਸਿਖਰਲੇ ਸਥਾਨਾਂ 'ਤੇ ਹੈ। ਬਾਲੀਵੁੱਡ ਸ਼ਹਿਨਸ਼ਾਹ ਅਮਿਤਾਭ ਬੱਚਨ 100ਵੇਂ ਨੰਬਰ 'ਤੇ ਹਨ, ਜਦਕਿ ਕ੍ਰਿਕਟ ਜਗਤ ਵਿੱਚੋਂ ਜਸਪ੍ਰੀਤ ਬੁਮਰਾਹ ਨੇ ਥਾਂ ਬਣਾਈ ਹੈ। ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਰਗੇ ਅਧਿਕਾਰੀਆਂ ਨੂੰ ਵੀ ਮਜ਼ਬੂਤ ਮੰਨਿਆ ਗਿਆ ਹੈ, ਹਾਲਾਂਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਵੋਟਰ ਸੂਚੀਆਂ ਵਿੱਚ ਹੋਈਆਂ ਕਥਿਤ ਗੜਬੜੀਆਂ 'ਤੇ ਸਵਾਲ ਖੜ੍ਹੇ ਕੀਤੇ ਗਏ ਹਨ।

ਇਸ ਸੂਚੀ ਦੀ ਸਭ ਤੋਂ ਵੱਡੀ ਆਲੋਚਨਾ ਇਸ ਗੱਲੋਂ ਹੋ ਰਹੀ ਹੈ ਕਿ ਇਸ ਵਿੱਚ ਕਿਸੇ ਵੀ ਲੋਕਪੱਖੀ ਲੇਖਕ, ਪੱਤਰਕਾਰ, ਸਮਾਜਿਕ ਕਾਰਕੁਨ, ਵਾਤਾਵਰਣ ਪ੍ਰੇਮੀ ਜਾਂ ਚਿੰਤਕ ਦਾ ਨਾਂ ਸ਼ਾਮਲ ਨਹੀਂ ਹੈ। ਲੱਦਾਖ ਵਿੱਚ ਵਾਤਾਵਰਣ ਅਤੇ ਜਮਹੂਰੀਅਤ ਲਈ ਵੱਡੀ ਲੜਾਈ ਲੜਨ ਵਾਲੇ ਅਤੇ ਜੇਲ੍ਹ ਜਾਣ ਵਾਲੇ ਸੋਨਮ ਵਾਂਗਚੁਕ ਨੂੰ ਇਸ ਸੂਚੀ ਵਿੱਚ ਕੋਈ ਥਾਂ ਨਹੀਂ ਮਿਲੀ। ਮਸ਼ਹੂਰ ਲੇਖਕ ਪ੍ਰਵੀਨ ਸਾਹਨੀ ਵਰਗੇ ਵਿਸ਼ਲੇਸ਼ਕ, ਜਿਨ੍ਹਾਂ ਨੇ ਭਾਰਤ ਦੀ ਵਿਦੇਸ਼ ਨੀਤੀ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ, ਉਨ੍ਹਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ।







ਲੇਖਕ ਦਾ ਮੰਨਣਾ ਹੈ ਕਿ ਇਹ ਸੂਚੀ ਕੇਵਲ 'ਸੱਤਾ ਦੇ ਪਿਰਾਮਿਡ' ਦੇ ਸਿਖਰ ਨੂੰ ਦਰਸਾਉਂਦੀ ਹੈ। ਇਹ ਉਨ੍ਹਾਂ ਲੋਕਾਂ ਦੀ ਸੂਚੀ ਹੈ ਜੋ ਸਿਸਟਮ ਦੇ ਅੰਦਰ ਰਹਿ ਕੇ ਸ਼ਕਤੀ ਦਾ ਆਨੰਦ ਮਾਣ ਰਹੇ ਹਨ। ਇਹ ਸੂਚੀ ਉਨ੍ਹਾਂ ਸੰਘਰਸ਼ਸ਼ੀਲ ਆਵਾਜ਼ਾਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੰਦੀ ਹੈ ਜਿਨ੍ਹਾਂ ਨੂੰ ਸੱਤਾ ਨੇ ਹਾਸ਼ੀਏ 'ਤੇ ਧੱਕ ਦਿੱਤਾ ਹੈ।

### ਮੀਡੀਆ ਦੀ ਨੀਤੀ ਪਿਛੇ ਕੀ ਕਾਰਣ ਹਨ

ਇੰਡੀਅਨ ਐਕਸਪ੍ਰੈੱਸ ਵਰਗੇ ਵੱਡੇ ਅਦਾਰੇ ਵੱਲੋਂ ਅਜਿਹੀ 'ਸੱਤਾ-ਪੱਖੀ' ਨੀਤੀ ਅਪਨਾਉਣ ਪਿੱਛੇ ਕਈ ਡੂੰਘੇ ਰਾਜਨੀਤਿਕ ਅਤੇ ਆਰਥਿਕ ਕਾਰਨ ਹੋ ਸਕਦੇ ਹਨ। ਅਖ਼ਬਾਰ ਲਈ 'ਮਜ਼ਬੂਤ' ਹੋਣ ਦਾ ਮਤਲਬ ਸਿਰਫ਼ ਉਹ ਲੋਕ ਹਨ ਜਿਨ੍ਹਾਂ ਕੋਲ ਨਿਰਣਾ ਲੈਣ ਦੀ ਤਾਕਤ ਹੈ। ਕਿਉਂਕਿ ਅੱਜ ਦੇ ਦੌਰ ਵਿੱਚ ਭਾਜਪਾ ਅਤੇ ਆਰ.ਐੱਸ.ਐੱਸ. ਕੋਲ ਪੂਰਨ ਸੱਤਾ ਹੈ, ਇਸ ਲਈ ਅਖ਼ਬਾਰ ਨੇ ਆਪਣੀ ਸੂਚੀ ਨੂੰ ਉਨ੍ਹਾਂ ਦੇ ਨਾਵਾਂ ਨਾਲ ਭਰ ਦਿੱਤਾ ਹੈ। ਇਹ ਨੀਤੀ ਇਸ ਧਾਰਨਾ 'ਤੇ ਅਧਾਰਿਤ ਹੈ ਕਿ ਜੋ ਸੱਤਾ ਵਿੱਚ ਹੈ, ਉਹੀ ਮਜ਼ਬੂਤ ਹੈ, ਭਾਵੇਂ ਉਹ ਲੋਕ ਹਿਤੈਸ਼ੀ ਹੋਵੇ ਜਾਂ ਨਾ। ਮੀਡੀਆ ਅਦਾਰੇ ਚਲਾਉਣ ਲਈ ਵੱਡੇ ਸਰਮਾਏਦਾਰਾਂ ਅਤੇ ਸਰਕਾਰੀ ਇਸ਼ਤਿਹਾਰਾਂ ਦੀ ਲੋੜ ਹੁੰਦੀ ਹੈ। ਅਡਾਨੀ, ਅੰਬਾਨੀ ਵਰਗੇ ਉਦਯੋਗਪਤੀਆਂ ਨੂੰ ਸੂਚੀ ਵਿੱਚ ਉੱਪਰ ਰੱਖਣਾ ਅਤੇ ਸਰਕਾਰ ਦੇ ਹੱਕ ਵਿੱਚ ਮਾਹੌਲ ਬਣਾਉਣਾ ਅਦਾਰੇ ਦੀ ਆਰਥਿਕ ਸੁਰੱਖਿਆ ਲਈ ਇੱਕ 'ਸੇਫ਼ ਗੇਮ' ਹੈ।

ਲੇਖਕ ਮੁਤਾਬਕ, ਇਹ ਸੂਚੀ ਪ੍ਰਭਾਵ ਪਾਉਣ ਲਈ ਬਣਾਈ ਜਾਂਦੀ ਹੈ। ਜਦੋਂ ਅਖ਼ਬਾਰ ਸੱਤਾਧਾਰੀ ਲੋਕਾਂ ਨੂੰ 'ਸਭ ਤੋਂ ਤਾਕਤਵਰ' ਕਹਿ ਕੇ ਸਨਮਾਨਿਤ ਕਰਦਾ ਹੈ, ਤਾਂ ਉਸ ਦਾ ਸਰਕਾਰੀ ਗਲਿਆਰਿਆਂ ਵਿੱਚ ਰਸੂਖ਼ ਵਧਦਾ ਹੈ। ਇਸ ਨਾਲ ਅਖ਼ਬਾਰ ਨੂੰ ਅੰਦਰੂਨੀ ਖ਼ਬਰਾਂ ਅਤੇ ਸਰਕਾਰੀ ਸਰਪ੍ਰਸਤੀ ਮਿਲਣੀ ਸੌਖੀ ਹੋ ਜਾਂਦੀ ਹੈ।

ਅੱਜ ਦੇ ਦੌਰ ਵਿੱਚ ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ (ਜਿਵੇਂ ਸੋਨਮ ਵਾਂਗਚੁਕ) ਨੂੰ ਸੂਚੀ ਵਿੱਚ ਸ਼ਾਮਲ ਕਰਨਾ ਸਰਕਾਰ ਦੀ ਨਾਰਾਜ਼ਗੀ ਸਹੇੜਨ ਦੇ ਬਰਾਬਰ ਮੰਨਿਆ ਜਾਂਦਾ ਹੈ। ਅਖ਼ਬਾਰ ਸ਼ਾਇਦ ਅਜਿਹੇ ਲੋਕਾਂ ਨੂੰ 'ਤਾਕਤਵਰ' ਮੰਨਣ ਤੋਂ ਡਰਦਾ ਹੈ ਜੋ ਸਿਸਟਮ ਨੂੰ ਚੁਣੌਤੀ ਦਿੰਦੇ ਹਨ, ਕਿਉਂਕਿ ਸਿਸਟਮ ਉਨ੍ਹਾਂ ਨੂੰ 'ਕਮਜ਼ੋਰ' ਜਾਂ 'ਬਾਗੀ' ਸਾਬਤ ਕਰਨ 'ਤੇ ਤੁਲਿਆ ਹੋਇਆ ਹੈ।

ਕਦੇ 'ਰਾਮਨਾਥ ਗੋਇਨਕਾ' ਵਰਗੇ ਨਿਡਰ ਪੱਤਰਕਾਰਾਂ ਲਈ ਜਾਣਿਆ ਜਾਂਦਾ ਇਹ ਅਦਾਰਾ ਹੁਣ ਸ਼ਾਇਦ ਉਸੇ ਰਾਹ 'ਤੋਂ ਉਲਟ ਚੱਲ ਪਿਆ ਹੈ ਜਿੱਥੇ ਪੱਤਰਕਾਰੀ ਇੱਕ ਮਿਸ਼ਨ ਨਹੀਂ ਬਲਕਿ ਇੱਕ ਧੰਦਾ ਬਣ ਗਈ ਹੈ। ਜਦੋਂ "ਦਲਾਲੀ ਕਰਨ ਵਾਲੇ ਪੱਤਰਕਾਰੀ ਦੇ ਸਿਖਰ 'ਤੇ ਪਹੁੰਚ ਜਾਣ", ਤਾਂ ਅਦਾਰਿਆਂ ਦੀ ਨੀਤੀ ਲੋਕ-ਪੱਖੀ ਹੋਣ ਦੀ ਬਜਾਏ ਸੱਤਾ-ਪੱਖੀ ਹੋਣੀ ਲਾਜ਼ਮੀ ਹੈ। ਇੰਡੀਅਨ ਐਕਸਪ੍ਰੈੱਸ ਦੀ ਇਹ ਨੀਤੀ ਅਸਲ ਵਿੱਚ ਭਾਰਤੀ ਲੋਕਤੰਤਰ ਦੇ ਉਸ 'ਸੱਤਾ ਦੇ ਪਿਰਾਮਿਡ' ਦੀ ਤਸਵੀਰ ਹੈ, ਜਿੱਥੇ ਆਮ ਬੰਦੇ ਦੇ ਹੱਕਾਂ ਦੀ ਗੱਲ ਕਰਨ ਵਾਲੇ ਨੂੰ 'ਕਮਜ਼ੋਰ' ਅਤੇ ਕੁਰਸੀ 'ਤੇ ਬੈਠੇ ਬੰਦੇ ਨੂੰ 'ਸਰਵ ਸ਼ਕਤੀਮਾਨ' ਮੰਨਿਆ ਜਾਂਦਾ ਹੈ।

## ਗਰੇਵਜ਼ੈਂਡ ਦੇ ਸਿਵਿਕ ਸੈਂਟਰ ਦੇ ਬਾਹਰ ਨਿਸ਼ਾਨ ਸਾਹਿਬ ਚੜ੍ਹਾ ਕੇ ਵਿਸਾਖੀ ਸਮਾਗਮ ਹੋਏ ਆਰੰਭ

*ਗਰੇਵਜ਼ੈਂਡ (ਪੰਜਾਬ ਟਾਈਮਜ਼) - ਸਿੱਖ ਧਰਮ ਦੇ ਮਹੱਤਵਪੂਰਨ ਤਿਉਹਾਰ ਵਿਸਾਖੀ ਦੇ ਸਮਾਗਮ ਗਰੇਵਜ਼ੈਂਡ ਵਿੱਚ ਸ਼ਨੀਵਾਰ 28 ਮਾਰਚ 2026 ਨੂੰ ਸਿਵਿਕ ਸੈਂਟਰ ਦੇ ਬਾਹਰ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਨਾਲ ਸ਼ੁਰੂ ਹੋਏ। ਨਿਸ਼ਾਨ ਸਾਹਿਬ ਚੜ੍ਹਾਉਣ ਮੌਕੇ ਗੁਰੂ ਘਰ ਦੇ ਸਾਬਕਾ ਮੁੱਖ ਸੇਵਾਦਾਰ ਅਜੈਬ ਸਿੰਘ ਚੀਮਾ ਅਤੇ ਮੌਜੂਦਾ ਮੁੱਖ ਸੇਵਾਦਾਰ ਸ: ਇੰਦਰਪਾਲ ਸਿੰਘ ਸੱਲ ਅਤੇ ਸਿੱਖ ਸੰਗਤ ਵੱਡੀ ਗਿਣਤੀ ਵਿੱਚ ਅਰਦਾਸ 'ਚ ਸ਼ਾਮਿਲ ਹੋਈ।*



ਸਿਵਿਕ ਸੈਂਟਰ ਵਿਖੇ ਨਿਸ਼ਾਨ ਸਾਹਿਬ ਚੜ੍ਹਾਉਣ ਮੌਕੇ ਗੁਰੂ ਘਰ ਦੇ ਸਾਬਕਾ ਅਤੇ ਮੌਜੂਦਾ ਮੁੱਖ ਸੇਵਾਦਾਰ ਅਰਦਾਸ ਵਿੱਚ ਸ਼ਾਮਿਲ ਹੁੰਦੇ ਹੋਏ

ਇਹ ਸਮਾਗਮ ਸ਼ਨੀਵਾਰ 18 ਅਪ੍ਰੈਲ 2026 ਨੂੰ ਨਗਰ ਕੀਰਤਨ ਨਾਲ ਆਪਣੀ ਚਰਮ ਸੀਮਾ 'ਤੇ ਪਹੁੰਚਣਗੇ, ਜਿਸ ਵਿੱਚ ਕੈਂਟ ਅਤੇ ਸਾਊਥ ਈਸਟ ਲੰਡਨ ਤੋਂ ਕਈ ਭਾਈਚਾਰਿਆਂ ਦੇ ਲੋਕ ਸ਼ਾਮਲ ਹੋਣਗੇ। ਇਸ ਤੋਂ ਬਾਅਦ ਐਤਵਾਰ 19 ਅਪ੍ਰੈਲ 2026 ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰਾ ਵਿੱਚ ਗੁਰਪੁਰਬ ਦੀ ਵਿਸ਼ੇਸ਼ ਸੇਵਾ ਆਯੋਜਿਤ ਕੀਤੀ ਜਾਵੇਗੀ। ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਵਿੱਚ ਕਮਿਊਨਿਟੀ ਸਕਵੇਅਰ ਵਿੱਚ ਸੈਂਕੜੇ ਲੋਕ ਇਕੱਠੇ ਹੋਏ। ਅਰਦਾਸ ਤੋਂ ਬਾਅਦ ਨਿਸ਼ਾਨ ਸਾਹਿਬ ਚੜ੍ਹਾਇਆ ਗਿਆ, ਜਿਸ ਨਾਲ ਨਾਲ ਸ਼ਬਦ ਕੀਰਤਨ, ਤਬਲਾ ਵਾਜਾ ਅਤੇ ਗਤਕਾ ਦੀ ਪੇਸ਼ ਕੀਤਾ ਗਿਆ। ਧਾਰਮਿਕ ਪ੍ਰੋਗਰਾਮ ਦੇ ਅੰਤ ਵਿੱਚ ਲੰਗਰ ਵਰਤਾਇਆ ਗਿਆ। ਇਸ ਤੋਂ ਬਾਅਦ ਇੱਕ ਸੱਭਿਆਚਾਰਕ ਪ੍ਰੋਗਰਾਮ ਦਾ ਵੀ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਗਿੱਧਾ ਗਰੁੱਪ, 4 ਬਾਈ 4 ਭੰਗੜਾ ਗਰੁੱਪ, ਜੁਗਨੂੰ ਭੰਗੜਾ ਗਰੁੱਪ ਆਦਿ ਨੇ ਭਾਗ ਲਿਆ।

# ਭਾਰਤ ਵਿੱਚ ਸੋਸ਼ਲ ਮੀਡੀਆ ’ਤੇ ਸਖ਼ਤੀ

## ✪ ਐਕਸ ਤੋਂ ਬਾਅਦ ਹੁਣ ਕਈ ਫੇਸਬੁੱਕ ਪੇਜ ਵੀ ਬੰਦ, ‘ਡਿਜੀਟਲ ਐਮਰਜੈਂਸੀ’ ਵਰਗੇ ਹਾਲਾਤ

ਨਵੀਂ ਦਿੱਲੀ-ਭਾਰਤ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਵਿਰੁੱਧ ਸਰਕਾਰੀ ਕਾਰਵਾਈ ਤੇਜ਼ ਹੁੰਦੀ ਜਾ ਰਹੀ ਹੈ। ਐਕਸ (ਪੁਰਾਣਾ ਟਵਿੱਟਰ) ਦੇ ਕਈ ਖਾਤੇ ਬੰਦ ਕਰਨ ਤੋਂ ਬਾਅਦ, ਹੁਣ ਸਰਕਾਰ ਦੀਆਂ ਨੀਤੀਆਂ ’ਤੇ ਸਵਾਲ ਚੁੱਕਣ ਵਾਲੇ ਕਈ ਪ੍ਰਮੁੱਖ ਫੇਸਬੁੱਕ ਪੇਜਾਂ ਨੂੰ ਵੀ ਭਾਰਤ ਵਿੱਚ ਬੈਨ ਕਰ ਦਿੱਤਾ ਗਿਆ ਹੈ।

ਹਾਲ ਹੀ ਵਿੱਚ ਹੋਈ ਇਸ ਕਾਰਵਾਈ ਦੀ ਲਪੇਟ ਵਿੱਚ ਕਈ ਮਸ਼ਹੂਰ ਸੋਸ਼ਲ ਮੀਡੀਆ ਚੈਨਲ ਅਤੇ ਪੱਤਰਕਾਰ ਆਏ ਹਨ। ਮੌਲੀਟਿਕਸ (Molitics), ਨੈਸ਼ਨਲ ਦਸਤਕ, ਅਤੇ ਰਾਜੀਵ ਨਿਗਮ ਵਰਗੇ ਪ੍ਰਭਾਵਸ਼ਾਲੀ ਫੇਸਬੁੱਕ ਪੇਜ ਬੰਦ ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਐਕਸ ’ਤੇ @Nehr_who, @DrNimoYadav ਅਤੇ ਪੱਤਰਕਾਰ ਸੰਦੀਪ ਸਿੰਘ ਵਰਗੇ ਕਈ ਪੈਰੋਡੀ ਅਤੇ




ਵਿਅੰਗ ਵਾਲੇ ਖਾਤਿਆਂ ’ਤੇ ਰੋਕ ਲਗਾਈ ਗਈ ਸੀ। ਇਹਨਾਂ ਪੇਜਾਂ ’ਤੇ ਜਾਣ ’ਤੇ ਮੈਸੇਜ ਦਿਖਾਈ ਦੇ ਰਿਹਾ ਹੈ ਕਿ “ਕਾਨੂੰਨੀ ਮੰਗ ਦੇ ਕਾਰਨ ਇਸ ਖਾਤੇ ਨੂੰ ਭਾਰਤ ਵਿੱਚ ਰੋਕ ਦਿੱਤਾ ਗਿਆ ਹੈ।”

ਵਿਰੋਧੀ ਧਿਰ ਅਤੇ ਪੱਤਰਕਾਰਾਂ ਦੀ ਪ੍ਰਤੀਕਿਰਿਆ-ਸੋਸ਼ਲ ਮੀਡੀਆ ’ਤੇ ਇਸ ਕਾਰਵਾਈ ਨੂੰ ‘ਡਿਜੀਟਲ ਐਮਰਜੈਂਸੀ’ ਦਾ ਨਾਂ ਦਿੱਤਾ ਜਾ ਰਿਹਾ ਹੈ।

ਰਵੀਸ਼ ਕੁਮਾਰ (ਸੀਨੀਅਰ ਪੱਤਰਕਾਰ ਨੇ ਇਸ ਨੂੰ ਨਿੰਦਣਯੋਗ ਦੱਸਦਿਆਂ ਕਿਹਾ ਕਿ ਸਰਕਾਰ ਆਲੋਚਨਾ ਸਹਿਣ ਨਹੀਂ ਕਰ ਸਕੀ, ਇਸ ਲਈ ਹਰ ਰੋਜ਼ ਨਵੇਂ ਚੈਨਲ ਬੰਦ ਕੀਤੇ ਜਾ ਰਹੇ ਹਨ।

ਬੁਧੀਜੀਵੀ ਉਮਾਸ਼ੰਕਰ ਸਿੰਘ ਨੇ ਲਿਖਿਆ ਕਿ ਸਰਕਾਰ ਨੂੰ ਚਾਹੀਦਾ ਕਿ ਆਲੋਚਕਾਂ ਨੂੰ ਸੁਣੇ। ਆਪਣੀਆਂ ਕਮੀਆਂ ਠੀਕ ਕਰੇ। ਆਲੋਚਨਾ ਸਾਨੂੰ ਬਿਹਤਰ ਬਣਾਉਂਦੀ ਹੈ।

ਪੱਤਰਕਾਰ ਰਣਵਿਜੇ ਸਿੰਘ ਨੇ ਦੋਸ਼ ਲਗਾਇਆ ਕਿ ਜੋ ਸਰਕਾਰ ਦਾ ਗੁਣਗਾਨ ਕਰੇਗਾ ਸਿਰਫ਼ ਉਹੀ ਬਚੇਗਾ, ਬਾਕੀ ਸਵਾਲ ਪੁੱਛਣ ਵਾਲਿਆਂ ਨੂੰ ਚੁੱਪ ਕਰਵਾਇਆ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ, ਇਹ ਸਾਰੀਆਂ ਕਾਰਵਾਈਆਂ ਆਈਟੀ ਐਕਟ ਦੀ ਧਾਰਾ 69ਅਏ ਤਹਿਤ ਕੀਤੀਆਂ ਜਾ ਰਹੀਆਂ ਹਨ। ਇਸ ਤਹਿਤ ਸਿਰਫ਼ ਆਈਟੀ ਮੰਤਰਾਲੇ ਕੋਲ ਹੀ ਕਿਸੇ ਕੰਟੈਂਟ ਨੂੰ ਬਲਾਕ ਕਰਨ ਦਾ ਅਧਿਕਾਰ ਹੈ ਜੇਕਰ ਉਹ ਦੇਸ਼ ਦੀ ਸੁਰੱਖਿਆ ਜਾਂ ਜਨਤਕ ਵਿਵਸਥਾ ਲਈ ਖਤਰਾ ਹੋਵੇ।

ਖ਼ਬਰਾਂ ਹਨ ਕਿ ਹੁਣ ਗ੍ਰਹਿ, ਰੱਖਿਆ ਅਤੇ ਵਿਦੇਸ਼ ਮੰਤਰਾਲੇ ਨੂੰ ਵੀ ਇਹ ਅਧਿਕਾਰ ਦੇਣ ’ਤੇ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸੈਂਸਰਸ਼ਿਪ ਹੋਰ ਵਧ ਸਕਦੀ ਹੈ। ਇਸ ਕਾਰਵਾਈ ਨੇ ਦੇਸ਼ ਵਿੱਚ ‘ਫ੍ਰੀ ਸਪੀਚ’ (ਬੋਲਣ ਦੀ ਆਜ਼ਾਦੀ) ’ਤੇ ਵੱਡੀ ਬਹਿਸ ਛੇੜ ਦਿੱਤੀ ਹੈ। ਸੋਸ਼ਲ ਮੀਡੀਆ ਵਰਤੋਂਕਾਰਾਂ ਦਾ ਮੰਨਣਾ ਹੈ ਕਿ ਮੁੱਖ ਧਾਰਾ ਦੇ ਮੀਡੀਆ ਤੋਂ ਬਾਅਦ ਹੁਣ ਸੋਸ਼ਲ ਮੀਡੀਆ ਦੀਆਂ ਸੁਤੰਤਰ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਕਈ ਸੀਨੀਅਰ ਪੰਥਕ ਆਗੂ ਭਾਜਪਾ ਵਿੱਚ ਸ਼ਾਮਿਲ



ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਵੱਡਾ ਉਲਟਫੇਰ ਦੇਖਣ ਨੂੰ ਮਿਲਿਆ ਜਦੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਕਰਾਰਾ ਝਟਕਾ ਦਿੰਦੇ ਹੋਏ ਕਈ ਦਿੱਗਜ ਪੰਥਕ ਆਗੂ (ਭਾਜਪਾ) ਵਿੱਚ ਸ਼ਾਮਿਲ ਹੋ ਗਏ। ਚੰਡੀਗੜ੍ਹ ਸਥਿਤ ਭਾਜਪਾ ਦੇ ਸੂਬਾ ਦਫ਼ਤਰ ਵਿੱਚ ਹੋਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਇਨ੍ਹਾਂ ਆਗੂਆਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਚਰਨਜੀਤ ਸਿੰਘ ਕਾਲੇਵਾਲ ਮੈਂਬਰ ਸ਼੍ਰੋਮਣੀ ਕਮੇਟੀ (ਖਰੜ), ਤਰਨ ਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਮਨਦੀਪ ਸਿੰਘ ਭਰੋਵਾਲ, ਨਕੋਦਰ ਦੇ ਉੱਘੇ ਸਮਾਜ ਸੇਵਕ ਅਤੇ ਯੂਥ ਵਿੰਗ ਦੇ ਸਾਬਕਾ ਜਨਰਲ ਸਕੱਤਰ ਅਵਤਾਰ ਸਿੰਘ ਰਾਮੇਵਾਲ , ਤਰਨ ਤਾਰਨ ਤੋਂ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਟੀਟੂ ਤੇ ਬੀ.ਸੀ. ਵਿੰਗ ਦੇ ਮੀਤ ਪ੍ਰਧਾਨ ਤਰਸੇਮ ਸਿੰਘ ਛਾਪੜੀ ਨੇ ਭਾਜਪਾ ਦਾ ਪੱਲਾ ਫੜਿਆ।

ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਨਵੇਂ ਆਗੂਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਨ੍ਹਾਂ ਤਜ਼ਰਬੇਕਾਰ ਆਗੂਆਂ ਦੇ ਆਉਣ ਨਾਲ ਭਾਜਪਾ ਨੂੰ ਪੰਜਾਬ ਦੇ ਪੇਂਡੂ ਅਤੇ ਪੰਥਕ ਖੇਤਰਾਂ ਵਿੱਚ ਜ਼ਮੀਨੀ ਪੱਧਰ ’ਤੇ ਵੱਡੀ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਲੋਕ ਹੁਣ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਭਾਜਪਾ ਦੀਆਂ ਵਿਕਾਸ ਪੱਖੀ ਨੀਤੀਆਂ ਨਾਲ ਜੁੜ ਰਹੇ ਹਨ। ਭਾਜਪਾ ਵਿੱਚ ਸ਼ਾਮਿਲ ਹੋਏ ਆਗੂਆਂ ਨੇ ਦਾਅਵਾ ਕੀਤਾ ਕਿ ਉਹ ਪੰਜਾਬ ਵਿੱਚ ਭਾਜਪਾ ਦਾ ਦਾਇਰਾ ਵਧਾਉਣ ਲਈ ਦਿਨ-ਰਾਤ ਮਿਹਨਤ ਕਰਨਗੇ।

# ਉੱਘੇ ਕਾਂਗਰਸੀ ਆਗੂ ਦੇ ਪੁੱਤਰ ਐਡਵੋਕੇਟ ਦਵਿੰਦਰਪਾਲ ਨੱਤ ਵੱਲੋਂ ਖ਼ੁਦਕੁਸ਼ੀ

## ✪ ਵੀਡੀਓ ਬਣਾ ਕੇ ਲਾਏ ਕਰੋੜਾਂ ਦੀ ਠੱਗੀ ਦੇ ਦੋਸ਼

ਬਠਿੰਡਾ-ਬਠਿੰਡਾ ਦੇ ਗਣਪਤੀ ਇਨਕਲੇਵ ਵਿੱਚ ਰਹਿਣ ਵਾਲੇ ਅਤੇ ਵਿਧਾਨ ਸਭਾ ਹਲਕਾ ਮੌੜ ਦੇ ਉੱਘੇ ਕਾਂਗਰਸੀ ਆਗੂ ਮਰਹੂਮ ਸੁਖਰਾਜ ਸਿੰਘ ਨੱਤ ਦੇ ਸਪੁੱਤਰ ਐਡਵੋਕੇਟ ਦਵਿੰਦਰਪਾਲ ਸਿੰਘ ਨੱਤ ਵੱਲੋਂ ਆਪਣੇ ਲਾਇਸੰਸੀ ਪਿਸਟਲ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰਨ ਦਾ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਖ਼ੁਦਕੁਸ਼ੀ ਤੋਂ ਪਹਿਲਾਂ ਬਣਾਈ ਇੱਕ ਦਰਦਨਾਕ ਵੀਡੀਓ ਵਿੱਚ ਉਨ੍ਹਾਂ ਨੇ ਚੰਡੀਗੜ੍ਹ ਦੀ ਇੱਕ ਨਾਮੀ ਬਿਲਡਰ ਕੰਪਨੀ ਦੇ ਮਾਲਕਾਂ ’ਤੇ ਕਰੋੜਾਂ ਰੁਪਏ ਦੀ ਠੱਗੀ ਮਾਰਨ ਅਤੇ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਜਨਤਕ ਹੋਈ ਵੀਡੀਓ ਵਿੱਚ ਐਡਵੋਕੇਟ ਨੱਤ ਨੇ ਆਪਣੀ ਮੌਤ ਲਈ ਸ਼ੁਸ਼ਮਾ ਬਿਲਡਟੈੱਕ ਚੰਡੀਗੜ੍ਹ ਦੇ ਮਾਲਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਦੇ ਮੁੱਖ ਦੋਸ਼ ਹੇਠ ਲਿਖੇ ਹਨ। ਸ਼ੁਸ਼ਮਾ ਬਿਲਡਟੈੱਕ ਦੇ ਮਾਲਕ ਭਿੰਦਰਪਾਲ ਮਿੱਤਲ ਅਤੇ ਉਨ੍ਹਾਂ ਦੇ ਪੁੱਤਰਾਂ (ਪ੍ਰਤੀਕ ਤੇ ਭਰਤ ਮਿੱਤਲ) ਨੇ ਉਨ੍ਹਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ।



ਦਵਿੰਦਰਪਾਲ ਅਨੁਸਾਰ, ਉਨ੍ਹਾਂ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਮਿਲੇ ਪਾਲਿਸੀ ਦੇ 55 ਲੱਖ, ਪਿਤਾ ਦਾ ਪਿਸਟਲ ਵੇਚ ਕੇ ਮਿਲੇ ਪੈਸੇ ਅਤੇ ਦੋਸਤਾਂ-ਕਿਸਾਨਾਂ ਦੇ ਕਰੋੜਾਂ ਰੁਪਏ (ਲਗਭਗ 11-12 ਕਰੋੜ) ਉਕਤ ਕੰਪਨੀ ਵਿੱਚ ਲਗਵਾਏ ਸਨ।


ਮਿੱਤਲ ਪਰਿਵਾਰ ਵੱਲੋਂ ਪੈਸੇ ਨਾ ਮੋੜਨ ਕਾਰਨ ਉਨ੍ਹਾਂ ਸਿਰ ਬੈਂਕਾਂ ਅਤੇ ਹੋਰ ਲੋਕਾਂ ਦਾ ਲੱਖਾਂ ਰੁਪਏ ਦਾ ਕਰਜ਼ਾ ਚੜ੍ਹ ਗਿਆ ਸੀ। ਉਨ੍ਹਾਂ ਦੱਸਿਆ ਕਿ ਪੈਸੇ ਵਾਪਸ ਲੈਣ ਲਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਮੌਜੂਦਾ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੋਂ ਵੀ ਫ਼ੋਨ ਕਰਵਾਏ ਗਏ, ਪਰ ਕੋਈ ਹੱਲ ਨਹੀਂ ਨਿਕਲਿਆ।

### ਪੁਲਿਸ ਕਾਰਵਾਈ ਅਤੇ ਐਫ.ਆਈ.ਆਰ.

ਘਟਨਾ ਦੀ ਸੂਚਨਾ ਮਿਲਦੇ ਹੀ ਬਠਿੰਡਾ ਪੁਲਿਸ ਅਤੇ ਸਹਾਰਾ ਜਨਸੇਵਾ ਦੀ ਟੀਮ ਮੌਕੇ ’ਤੇ ਪਹੁੰਚੀ। ਮ੍ਰਿਤਕ ਦੇਹ ਨੂੰ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ।


ਐਸ.ਪੀ. (ਸਿਟੀ) ਨਰਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਮਾਤਾ ਦੇ ਬਿਆਨਾਂ ਅਤੇ ਵੀਡੀਓ/ਖ਼ੁਦਕੁਸ਼ੀ ਨੋਟ ਦੇ ਆਧਾਰ ’ਤੇ ਕਾਰਵਾਈ ਕੀਤੀ ਗਈ ਹੈ। ਭਿੰਦਰਪਾਲ ਮਿੱਤਲ, ਪ੍ਰਤੀਕ ਮਿੱਤਲ ਅਤੇ ਭਰਤ ਮਿੱਤਲ ਦੇ ਖ਼ਿਲਾਫ਼ ਥਾਣਾ ਕੈਨਾਲ ਕਲੋਨੀ ਵਿੱਚ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਐਡਵੋਕੇਟ ਦਵਿੰਦਰਪਾਲ ਸਿੰਘ ਨੇ ਵੀਡੀਓ ਵਿੱਚ ਆਪਣੇ ਵਕੀਲ ਭਾਈਚਾਰੇ ਤੋਂ ਵੀ ਇਨਸਾਫ਼ ਦੀ ਮੰਗ ਕੀਤੀ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਸਿਆਸੀ ਅਤੇ ਕਾਨੂੰਨੀ ਹਲਕਿਆਂ ਵਿੱਚ ਕਾਫ਼ੀ ਰੋਸ ਅਤੇ ਸੋਗ ਪਾਇਆ ਜਾ ਰਿਹਾ ਹੈ। ਪੁਲਿਸ ਮੁਤਾਬਕ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾਵੇਗੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

**UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.**

# ਪੰਜਾਬ ਵਿੱਚ 10 ਸਾਲਾਂ ਦੌਰਾਨ 597 ਬੇਅਦਬੀ ਦੇ ਮਾਮਲੇ ਦਰਜ

ਚੰਡੀਗੜ੍ਹ: ਪੰਜਾਬ ਵਿੱਚ ਪਿਛਲੇ 10 ਸਾਲਾਂ ਦੌਰਾਨ ਬੇਅਦਬੀ ਨਾਲ ਜੁੜੇ ਕੁੱਲ 597 ਮਾਮਲੇ ਦਰਜ ਹੋਏ ਹਨ। ਇਹ ਅੰਕੜੇ ਸਰਕਾਰੀ ਰਿਪੋਰਟਾਂ ਅਤੇ ਪੁਲਿਸ ਰਿਕਾਰਡਾਂ 'ਚੋਂ ਸਾਹਮਣੇ ਆਏ ਹਨ, ਜਿਸ ਨਾਲ ਸੂਬੇ ਵਿੱਚ ਧਾਰਮਿਕ ਭਾਵਨਾਵਾਂ ਨੂੰ ਲੈ ਕੇ ਚਿੰਤਾ ਵਧ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ, ਇਹ ਮਾਮਲੇ ਵੱਖ-ਵੱਖ ਜ਼ਿਲ੍ਹਿਆਂ 'ਚ ਦਰਜ ਕੀਤੇ ਗਏ ਹਨ ਅਤੇ ਕਈ ਮਾਮਲਿਆਂ 'ਚ ਜਾਂਚ ਅਜੇ ਵੀ ਜਾਰੀ ਹੈ। ਕੁਝ ਮਾਮਲਿਆਂ 'ਚ ਪੁਲਿਸ ਵੱਲੋਂ ਗ੍ਰਿਫ਼ਤਾਰੀਆਂ ਵੀ ਕੀਤੀਆਂ ਗਈਆਂ ਹਨ, ਪਰ ਕਈ ਕੇਸ ਅਜੇ ਤੱਕ ਅਣਸੁਲਝੇ ਹਨ।ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਬੇਅਦਬੀ ਦੇ ਮਾਮਲੇ ਸਿਰਫ਼ ਕਾਨੂੰਨੀ ਹੀ ਨਹੀਂ, ਸਗੋਂ ਸਮਾਜਕ ਅਤੇ ਧਾਰਮਿਕ ਸਾਂਝ 'ਤੇ ਵੀ ਅਸਰ ਪਾਉਂਦੇ ਹਨ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਮਾਮਲਿਆਂ ਦੀ ਤੇਜ਼ ਅਤੇ ਪਾਰਦਰਸ਼ੀ ਜਾਂਚ ਯਕੀਨੀ ਬਣਾਈ ਜਾਵੇ।

ਇਸਦੇ ਨਾਲ ਹੀ, ਵੱਖ-ਵੱਖ ਧਾਰਮਿਕ ਅਤੇ ਸਮਾਜਕ ਸੰਸਥਾਵਾਂ ਨੇ ਲੋਕਾਂ ਨੂੰ ਸ਼ਾਂਤੀ ਅਤੇ ਸਹਿਯੋਗ ਬਣਾਈ ਰੱਖਣ ਦੀ ਅਪੀਲ ਕੀਤੀ ਹੈ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਤਣਾਅਪੂਰਨ ਸਥਿਤੀ ਤੋਂ ਬਚਿਆ ਜਾ ਸਕੇ।ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਬੇਅਦਬੀ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਜਰਮਨ ਵਿਚ ਪੰਜਾਬੀਆਂ ਲਈ 'ਸੁਨਹਿਰੀ ਮੌਕਾ' : 90,000 ਵੀਜ਼ਿਆਂ ਦਾ ਖੁੱਲ੍ਹਿਆ ਪਿਟਾਰਾ

## ਜਰਮਨ ਸਰਕਾਰ ਭਾਰਤੀ ਹੁਨਰਮੰਦ ਕਾਮਿਆਂ ਨੂੰ ਸੱਦਣ ਲਗੀ

ਜਰਮਨੀ ਇਸ ਵੇਲੇ ਗੰਭੀਰ ਹੁਨਰਮੰਦ ਕਾਮਿਆਂ ਦੀ ਘਾਟ ਨਾਲ ਲੜ ਰਿਹਾ ਹੈ। ਪੁਰਾਣੀ ਪੀੜ੍ਹੀ ਦੇ ਰਿਟਾਇਰ ਹੋਣ ਅਤੇ ਘੱਟ ਜਨਮ ਦਰ ਕਾਰਨ ਉਸ ਦੀ ਆਰਥਿਕਤਾ ਨੂੰ ਹਰ ਸਾਲ ਲਗਭਗ 2,88,000 ਵਿਦੇਸ਼ੀ ਕਾਮਿਆਂ ਦੀ ਲੋੜ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਜਰਮਨੀ ਨੇ ਭਾਰਤ ਵੱਲ ਰੁਖ ਕੀਤਾ ਹੈ। ਜਰਮਨ ਨੇ ਭਾਰਤੀ ਨੌਜਵਾਨਾਂ ਲਈ ਵੋਕੇਸ਼ਨਲ ਟ੍ਰੇਨਿੰਗ ਅਤੇ ਸਕਿਲਡ ਵਰਕ ਵੀਜ਼ਾ ਦੇ ਰਾਹ ਖੋਲ੍ਹ ਦਿੱਤੇ ਗਏ ਹਨ। 2022 ਵਿੱਚ ਭਾਰਤ ਅਤੇ ਜਰਮਨੀ ਵਿਚਾਲੇ ਮਾਈਗ੍ਰੇਸ਼ਨ ਐਂਡ ਮੋਬਿਲਟੀ ਪਾਰਟਨਰਸ਼ਿਪ ਸਮਝੌਤਾ ਹੋਣ ਤੋਂ ਬਾਅਦ ਭਾਰਤੀਆਂ ਲਈ ਵੀਜ਼ਾ ਪ੍ਰਕਿਰਿਆ ਆਸਾਨ ਹੋ ਗਈ। 2024 ਵਿੱਚ ਜਰਮਨੀ ਨੇ ਭਾਰਤੀਆਂ ਲਈ ਸਕਿਲਡ ਵਰਕ ਵੀਜ਼ਾ ਕੋਟਾ 20,000 ਤੋਂ ਵਧਾ ਕੇ 90,000 ਕਰ ਦਿੱਤਾ। ਇਸ ਨਾਲ 2015 ਵਿੱਚ 23,320 ਭਾਰਤੀ ਕਾਮਿਆਂ ਦੀ ਗਿਣਤੀ 2024 ਤੱਕ 1,36,670 ਤੱਕ ਪਹੁੰਚ ਗਈ ਸੀ। ਇਨ੍ਹਾਂ ਵਿੱਚ ਬਹੁਤੇ ਪੰਜਾਬੀ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਰੈਸਟੋਰੈਂਟਾਂ, ਟ੍ਰਾਂਸਪੋਰਟ ਅਤੇ ਹੁਨਰਮੰਦ ਟ੍ਰੇਡਾਂ ਵਿੱਚ ਮੌਕੇ ਮਿਲ ਰਹੇ ਹਨ। ਜਰਮਨੀ ਵਿੱਚ ਸਿਰਫ਼ ਇੰਜੀਨੀਅਰ ਜਾਂ ਡਾਕਟਰਾਂ ਦੀ ਹੀ ਲੋੜ ਨਹੀਂ ਹੈ, ਸਗੋਂ ਉਨ੍ਹਾਂ ਕਿੱਤਿਆਂ ਵਿੱਚ ਵੱਡੀ ਘਾਟ ਹੈ ਜਿਨ੍ਹਾਂ ਨੂੰ ਭਾਰਤ ਵਿੱਚ ਅਕਸਰ ਛੋਟਾ ਸਮਝਿਆ ਜਾਂਦਾ ਹੈ। ਕਸਾਈ, ਬੇਕਰ, ਮਿਸਤਰੀ ਅਤੇ ਮੈਕੈਨਿਕਸ ਦੀ ਮੰਗ ਸਿਖਰਾਂ 'ਤੇ ਹੈ। ਉਦਾਹਰਣ ਵਜੋਂ, ਜਰਮਨੀ ਵਿੱਚ ਕਸਾਈ ਦੇ ਕਾਰੋਬਾਰ 19,000 ਤੋਂ ਘਟ ਕੇ 11,000 ਰਹਿ ਗਏ ਹਨ। ਅਦਿਤੀ ਬੈਨਰਜੀ ਅਤੇ ਵਾਨ ਉਂਗਰਨ-ਸਟਰਨਬਰਗ ਵਰਗੇ ਲੋਕ 'ਮੈਜਿਕ ਬਿਲੀਅਨ' ਵਰਗੀਆਂ ਏਜੰਸੀਆਂ ਰਾਹੀਂ ਭਾਰਤੀ ਨੌਜਵਾਨਾਂ ਨੂੰ ਸਿੱਧੀ ਟ੍ਰੇਨਿੰਗ ਅਤੇ ਰੁਜ਼ਗਾਰ ਨਾਲ ਜੋੜ ਰਹੇ ਹਨ।

ਜਰਮਨੀ ਵਿੱਚ ਪੰਜਾਬੀਆਂ ਦੀ ਗਿਣਤੀ ਭਾਵੇਂ ਕੈਨੇਡਾ ਜਾਂ ਯੂਕੇ ਦੇ ਮੁਕਾਬਲੇ ਘੱਟ (15,000-25,000) ਹੈ, ਪਰ ਉਨ੍ਹਾਂ ਦੀ ਸਮਾਜਿਕ ਪਕੜ ਮਜ਼ਬੂਤ ਹੋ ਰਹੀ ਹੈ। ਜਰਮਨੀ ਵਿੱਚ ਲਗਭਗ 35 ਗੁਰਦੁਆਰੇ ਹਨ, ਜੋ ਨਾ ਸਿਰਫ਼ ਅਧਿਆਤਮਿਕਤਾ ਸਗੋਂ ਨਵੇਂ ਆਉਣ ਵਾਲੇ ਨੌਜਵਾਨਾਂ ਲਈ ਸਮਾਜਿਕ ਸੁਰੱਖਿਆ ਨੈੱਟਵਰਕ ਵਜੋਂ ਕੰਮ ਕਰਦੇ ਹਨ। ਰੈਸਟੋਰੈਂਟ ਇੰਡਸਟਰੀ ਤੋਂ ਬਾਅਦ ਹੁਣ ਪੰਜਾਬੀ ਨੌਜਵਾਨ ਲੌਜਿਸਟਿਕਸ (ਟਰੱਕ ਡਰਾਈਵਿੰਗ), ਮੈਕੈਨਿਕਲ ਇੰਜੀਨੀਅਰਿੰਗ ਅਤੇ ਨਗਰ ਪਾਲਿਕਾਵਾਂ ਵਿੱਚ ਸੇਵਾਵਾਂ ਦੇ ਰਹੇ ਹਨ।

ਪੰਜਾਬੀ ਨੌਜਵਾਨਾਂ ਲਈ ਇਹ ਸੁਨਹਿਰੀ ਮੌਕਾ ਹੈ। ਭਾਰਤ ਵਿੱਚ ਬੇਰੁਜ਼ਗਾਰੀ ਅਤੇ ਘੱਟ ਤਨਖਾਹਾਂ ਕਾਰਨ ਯੂਰਪ ਵੱਲ ਰੁਖ ਵਧ ਰਿਹਾ ਹੈ। ਜਰਮਨੀ ਦਾ ਇਹ ਮਾਡਲ ਪੰਜਾਬੀ ਨੌਜਵਾਨਾਂ ਲਈ "ਡਿਗਰੀ ਬਨਾਮ ਹੁਨਰ" ਦੀ ਜੰਗ ਵਿੱਚ ਇੱਕ ਨਵਾਂ ਰਾਹ ਦਿਖਾਉਂਦਾ ਹੈ। ਜੇਕਰ ਨੌਜਵਾਨ ਜਰਮਨ ਭਾਸ਼ਾ ਸਿੱਖਣ ਅਤੇ ਵੋਕੇਸ਼ਨਲ ਟ੍ਰੇਨਿੰਗ (ਕੰਮ ਸਿੱਖਣ) ਲਈ ਤਿਆਰ ਹਨ, ਤਾਂ ਜਰਮਨੀ ਉਨ੍ਹਾਂ ਨੂੰ ਨਾ ਸਿਰਫ਼ ਵਧੀਆ ਤਨਖ਼ਾਹ, ਸਗੋਂ ਇੱਕ ਸੁਰੱਖਿਅਤ ਸਮਾਜਿਕ ਜੀਵਨ ਵੀ ਪ੍ਰਦਾਨ ਕਰ ਰਿਹਾ ਹੈ। ?ਮਾਹਿਰਾਂ ਦੀ ਸਲਾਹ ਹੈ ਕਿ ਏਜੰਟਾਂ ਦੇ ਮਗਰ ਲੱਗ ਕੇ ਗੈਰ-ਕਾਨੂੰਨੀ ਰਸਤੇ ਅਪਣਾਉਣ ਦੀ ਬਜਾਏ, 'ਇੰਡੀਆ ਵਰਕਸ' ਵਰਗੀਆਂ ਅਧਿਕਾਰਤ ਸੰਸਥਾਵਾਂ ਰਾਹੀਂ ਸਕਿਲਡ ਵੀਜ਼ਾ ਲਈ ਅਪਲਾਈ ਕਰਨਾ ਭਵਿੱਖ ਲਈ ਸਭ ਤੋਂ ਵਧੀਆ ਕਦਮ ਹੈ।

**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਭਾਜਪਾ ਵਿਚ ਸ਼ਾਮਲ ਹੋਏ ਸੀਨੀਅਰ ਵਕੀਲ ਫੂਲਕਾ









ਚੰਡੀਗੜ੍ਹ-ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਬੀਤੇ ਦਿਨੀਂ ਆਪਣੀ ਨਵੀਂ ਸਿਆਸੀ ਪਾਰੀ ਦੀ ਸ਼ੁਰੂਆਤ ਕਰ ਲਈ ਹੈ। ਉਹ ਦਿੱਲੀ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸ਼ਾਮਲ ਹੋ ਗਏ ਹਨ। ਹਰਵਿੰਦਰ ਸਿੰਘ ਫੂਲਕਾ ਦਿੱਲੀ ਹਾਈ ਕੋਰਟ ਦੇ ਸੀਨੀਅਰ ਵਕੀਲ, ਸਿਆਸਤਦਾਨ, ਮਨੁੱਖੀ ਅਧਿਕਾਰ ਕਾਰਕੁਨ ਅਤੇ ਲੇਖਕ ਹਨ। ਉਹ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਸੇਵਾ ਨਿਭਾਅ ਚੁੱਕੇ ਹਨ। ਉਹ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ "ਸਭ ਤੋਂ ਲੰਬੀਆਂ ਅਤੇ ਸਭ ਤੋਂ ਕਠਿਨ ਕਾਨੂੰਨੀ ਲੜਾਈਆਂ" ਅਤੇ "ਮੁਹਿੰਮਾਂ" ਵਿੱਚੋਂ ਇੱਕ ਦੀ ਅਗਵਾਈ ਕਰਨ ਲਈ ਜਾਣੇ ਜਾਂਦੇ ਹਨ।

## CHANGE OF NAME

I, SONIA W/O MR JAGJIT SINGH DHANDA, WHOSE PERMANENT ADDRESS IN INDIA IS H. NO. MCH-1094/5, B-1, GALI NO. 7, GAUTAM NAGAR, HOSHIARPUR, PIN: 146001, PUNJAB AND NOW LIVING AT 10 KEELINGS ROAD, STOKE ON TRENT, STAFFORDSHIRE, ST1 6PB, (UK) HEREBY GIVE NOTICE OF MY INTENTION TO CHANGE MY NAME TO SONIA KAUR DHANDA. (U/I/E)

# ਸਿਹਤ ਤੇ ਸੁੰਦਰਤਾ

## ਸਵੇਰੇ ਉੱਠ ਕੇ ਗਰਮ ਪਾਣੀ ਪੀਣਾ: ਸਿਰਫ਼ ਸੋਸ਼ਲ ਮੀਡੀਆ ਟ੍ਰੈਂਡ ਜਾਂ ਸਿਹਤ ਦਾ ਰਾਜ਼ ? ਜਾਣੋ ਵਿਗਿਆਨ ਤੇ ਰਵਾਇਤ ਕੀ ਕਹਿੰਦੇ ਹਨ

ਅੱਜ-ਕੱਲ੍ਹ ਟਿਕਟੌਕ ਅਤੇ ਇੰਸਟਾਗ੍ਰਾਮ 'ਤੇ 'ਚਾਈਨਾਮੈਕਸਿੰਗ' ਵਰਗੇ ਟੈਗਸ ਹੇਠ ਇੱਕ ਨਵਾਂ ਟ੍ਰੈਂਡ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ-ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਗਰਮ ਪਾਣੀ ਪੀਣਾ। ਹਾਲਾਂਕਿ ਇਹ ਚੀਨ ਦੀ ਰਵਾਇਤੀ ਚਿਕਿਤਸਾ ਅਤੇ ਭਾਰਤੀ ਆਯੁਰਵੇਦ ਵਿੱਚ ਸਦੀਆਂ ਪੁਰਾਣੀ ਆਦਤ ਹੈ, ਪਰ ਹੁਣ ਨੌਜਵਾਨ ਪੀੜ੍ਹੀ ਇਸ ਨੂੰ ਇੱਕ ਨਵੀਂ ਜੀਵਨਸ਼ੈਲੀ ਵਜੋਂ ਅਪਣਾ ਰਹੀ ਹੈ। ਚੀਨੀ ਰਵਾਇਤੀ ਮਾਹਰਾਂ ਅਨੁਸਾਰ ਸਰੀਰ ਵਿੱਚ ਊਰਜਾ ਯਾਨੀ ਚੀਨੀ ਦਾ ਪ੍ਰਵਾਹ ਲਗਾਤਾਰ ਹੁੰਦਾ ਰਹਿੰਦਾ ਹੈ। ਮੰਨਿਆ ਜਾਂਦਾ ਹੈ ਕਿ 40 ਤੋਂ 60 ਡਿਗਰੀ ਤਾਪਮਾਨ ਵਾਲਾ ਕੋਸਾ ਪਾਣੀ ਇਸ ਊਰਜਾ ਦੇ ਵਹਾਅ ਨੂੰ ਤੇਜ਼ ਕਰਦਾ ਹੈ। ਠੰਢਾ ਪਾਣੀ ਪੀਣਾ ਸਰੀਰ ਦੇ ਅੰਦਰੂਨੀ ਤਾਪਮਾਨ ਅਤੇ ਊਰਜਾ ਵਿੱਚ ਰੁਕਾਵਟ ਪੈਦਾ ਕਰਨ ਵਾਂਗ ਮੰਨਿਆ ਜਾਂਦਾ ਹੈ।



ਮੈਡੀਕਲ ਮਾਹਰ ਡਾ. ਰੋਜ਼ੀ ਬਰੂਕਸ ਅਤੇ ਡਾ. ਸੇਲੀਨਾ ਗ੍ਰੇਅ ਅਨੁਸਾਰ ਗਰਮ ਪਾਣੀ ਦੇ ਕੁਝ ਫਾਇਦੇ ਤਾਂ ਹਨ, ਪਰ ਕੁਝ ਮਿੱਥਾਂ ਵੀ ਹਨ। ਗਰਮ ਪਾਣੀ ਪੀਣ ਨਾਲ ਪਾਚਨ ਸ਼ਕਤੀ ਸੁਧਰ ਸਕਦੀ ਹੈ ਅਤੇ ਕਬਜ਼ ਤੋਂ ਰਾਹਤ ਮਿਲ ਸਕਦੀ ਹੈ। ਇਹ ਗਲੇ ਦੀਆਂ ਨਲੀਆਂ ਨੂੰ ਵੀ ਆਰਾਮ ਦਿੰਦਾ ਹੈ। ਸਰੀਰ ਨੂੰ ਹਾਈਡ੍ਰੇਟ ਰੱਖਣ ਲਈ ਪਾਣੀ ਚਾਹੇ ਗਰਮ ਹੋਵੇ ਜਾਂ ਠੰਢਾ, ਦੋਵੇਂ ਹੀ ਫਾਇਦੇਮੰਦ ਹਨ। ਵਿਗਿਆਨਕ ਤੌਰ 'ਤੇ ਇਸ ਗੱਲ ਦੇ ਕੋਈ ਪੁਖ਼ਤਾ ਸਬੂਤ ਨਹੀਂ ਹਨ ਕਿ ਸਿਰਫ਼ ਗਰਮ ਪਾਣੀ ਪੀਣ ਨਾਲ ਮੈਟਾਬੋਲਿਜ਼ਮ ਤੇਜ਼ ਹੁੰਦਾ ਹੈ ਜਾਂ ਭਾਰ ਘਟਦਾ ਹੈ। ਇਹ ਕੋਈ 'ਸ਼ਾਰਟਕਟ' ਨਹੀਂ। ਜੇਕਰ ਗਰਮ ਪਾਣੀ ਪੀਣ ਦੀ ਆਦਤ ਤੁਹਾਨੂੰ ਜ਼ਿਆਦਾ ਪਾਣੀ ਪੀਣ ਲਈ ਪ੍ਰੇਰਿਤ ਕਰਦੀ ਹੈ, ਤਾਂ ਇਹ ਚੰਗੀ ਗੱਲ ਹੈ, ਪਰ ਇਹ ਜਾਦੂਈ ਡੀਟੌਕਸ ਨਹੀਂ ਹੈ।

ਵਿਸ਼ਵ ਸਿਹਤ ਸੰਗਠਨ ਦੇ ਡਾ. ਸ਼ਿਆਮਾ ਕੁਰੂਵਿਲਾ ਅਨੁਸਾਰ, ਅੱਜਕੱਲ੍ਹ ਲੋਕਾਂ ਦਾ ਭਰੋਸਾ ਆਧੁਨਿਕ ਦਵਾਈਆਂ ਤੋਂ ਘਟ ਕੇ ਰਵਾਇਤੀ ਨੁਸਖਿਆਂ ਵੱਲ ਵਧ ਰਿਹਾ ਹੈ। ਹਾਲਾਂਕਿ, ਉਹ ਸਲਾਹ ਦਿੰਦੇ ਹਨ ਕਿ ਕਿਸੇ ਵੀ ਨੁਸਖੇ ਨੂੰ ਅਪਣਾਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਜ਼ਰੂਰ ਕਰੋ, ਕਿਉਂਕਿ ਹਰ ਕਿਸੇ ਦੇ ਸਰੀਰ ਦੀ ਸਥਿਤੀ ਵੱਖਰੀ ਹੁੰਦੀ ਹੈ।

## ਪੈੱਗ ਲਗਾਉਣ ਨਾਲ ਵੀ ਹੋ ਸਕਦਾ ਅੰਦਰੋਂ ਖੋਖਲਾ ਸਰੀਰ

ਅਕਸਰ ਲੋਕ ਪਾਰਟੀਆਂ ਜਾਂ ਦੋਸਤਾਂ ਨਾਲ ਮਨੋਰੰਜਨ ਲਈ ਕਦੇ-ਕਦਾਈਂ ਸ਼ਰਾਬ ਪੀਣਾ ਸੁਰੱਖਿਅਤ ਸਮਝਦੇ ਹਨ ਅਤੇ ਮੰਨਦੇ ਹਨ ਕਿ ਥੋੜ੍ਹੀ ਮਾਤਰਾ ਵਿੱਚ ਪੀਣ ਨਾਲ ਸਿਹਤ 'ਤੇ ਕੋਈ ਬੁਰਾ ਅਸਰ ਨਹੀਂ ਪਵੇਗਾ। ਪਰ ਹਾਲ ਹੀ ਵਿੱਚ ਹੋਈ ਇੱਕ ਖੋਜ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਖੋਜ ਅਨੁਸਾਰ ਸ਼ਰਾਬ ਦੀ ਮਾਮੂਲੀ ਮਾਤਰਾ ਵੀ ਸਰੀਰ ਵਿੱਚ ਵਿਟਾਮਿਨ ਬੀ12 ਦੇ ਪੱਧਰ ਨੂੰ ਤੇਜ਼ੀ ਨਾਲ ਘਟਾ ਸਕਦੀ ਹੈ।



ਕਿਵੇਂ ਪ੍ਰਭਾਵਿਤ ਹੁੰਦੀ ਹੈ ਸਿਹਤ?- ਵਿਟਾਮਿਨ ਬੀ12 ਸਾਡੇ ਸਰੀਰ ਲਈ ਬਾਲਣ (ਫਿਊਲ) ਵਾਂਗ ਕੰਮ ਕਰਦਾ ਹੈ, ਜੋ ਲਾਲ ਖੂਨ ਦੇ ਸੈੱਲ ਬਣਾਉਣ, ਡੀਐਨਏ ਸਿੰਥੇਸਿਸ ਅਤੇ ਨਸਾਂ ਦੇ ਕੰਮ ਨੂੰ ਬਿਹਤਰ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ। ਜਦੋਂ ਸ਼ਰਾਬ ਲਿਵਰ ਅਤੇ ਪਾਚਨ ਪ੍ਰਣਾਲੀ ਤੱਕ ਪਹੁੰਚਦੀ ਹੈ, ਤਾਂ ਇਹ ਲਿਵਰ ਵਿੱਚ ਜਮ੍ਹਾਂ ਵਿਟਾਮਿਨ ਬੀ12 ਦੇ ਭੰਡਾਰ ਨੂੰ ਪ੍ਰਭਾਵਿਤ ਕਰਨ ਲੱਗਦੀ ਹੈ। ਇਸ ਤੋਂ ਇਲਾਵਾ, ਸ਼ਰਾਬ ਪੇਟ ਦੀਆਂ ਪਰਤਾਂ 'ਚ ਸੋਜ ਪੈਦਾ ਕਰਦੀ ਹੈ, ਜਿਸ ਨਾਲ ਸਰੀਰ ਭੋਜਨ ਵਿੱਚੋਂ ਵਿਟਾਮਿਨ ਬੀ 12 ਨੂੰ ਸੋਖਣ ਦੀ ਸਮਰੱਥਾ ਗੁਆ ਦਿੰਦਾ ਹੈ।

ਵਿਟਾਮਿਨ ਬੀ12 ਦੀ ਕਮੀ ਦੇ ਮੁੱਖ ਲੱਛਣ-ਬਿਨਾਂ ਵਜ੍ਹਾ ਥਕਾਵਟ ਤੇ ਕਮਜ਼ੋਰੀ ਮਹਿਸੂਸ ਹੋਣੀ। ਹੱਥਾਂ-ਪੈਰਾਂ 'ਚ ਝੁਣਝੁਣੀ ਆਉਣੀ। ਯਾਦਦਾਸ਼ਤ ਕਮਜ਼ੋਰ ਹੋਣਾ ਜਾਂ ਚੀਜ਼ਾਂ ਭੁੱਲਣ ਲੱਗਣਾ। ਚਮੜੀ ਦਾ ਪੀਲਾ ਪੈਣਾ ਤੇ ਚੱਕਰ ਆਉਣਾ। ਸਾਹ ਫੁੱਲਣਾ ਅਤੇ ਅੱਖਾਂ ਅੱਗੇ ਧੁੰਦਲਾਪਨ ਆਉਣਾ।

ਐਨੀਮੀਆ ਤੇ ਨਸਾਂ ਦੇ ਰੋਗਾਂ ਦਾ ਖਤਰਾ-ਅਧਿਐਨ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਜੋ ਲੋਕ ਆਪਣੇ ਆਪ ਨੂੰ 'ਲਿਮਟਿਡ ਡਰਿੰਕਰ' ਕਹਿੰਦੇ ਹਨ, ਉਨ੍ਹਾਂ ਵਿੱਚ ਐਨੀਮੀਆ ਅਤੇ ਨਸਾਂ ਨਾਲ ਜੁੜੀਆਂ ਨਿਊਰੋਲੌਜੀਕਲ ਸਮੱਸਿਆਵਾਂ ਦਾ ਖਤਰਾ ਸ਼ਰਾਬ ਤੋਂ ਦੂਰ ਰਹਿਣ ਵਾਲਿਆਂ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ।

ਮਾਹਿਰਾਂ ਦੀ ਸਲਾਹ-ਡਾਕਟਰਾਂ ਦਾ ਕਹਿਣਾ ਹੈ ਕਿ ਚੰਗੀ ਸਿਹਤ ਲਈ ਸ਼ਰਾਬ ਤੋਂ ਦੂਰੀ ਬਣਾਉਣਾ ਹੀ ਸਭ ਤੋਂ ਵਧੀਆ ਵਿਕਲਪ ਹੈ। ਸਰੀਰ ਵਿੱਚ ਵਿਟਾਮਿਨ ਦੀ ਕਮੀ ਨੂੰ ਪੂਰਾ ਕਰਨ ਲਈ ਡੇਅਰੀ ਉਤਪਾਦਾਂ ਦਾ ਸੇਵਨ ਕਰਨਾ ਚਾਹੀਦਾ ਹੈ ਅਤੇ ਡਾਕਟਰੀ ਸਲਾਹ 'ਤੇ ਸਪਲੀਮੈਂਟਸ ਲਏ ਜਾ ਸਕਦੇ ਹਨ। ਸਮੇਂ-ਸਮੇਂ 'ਤੇ ਬਲੱਡ ਟੈਸਟ ਕਰਵਾਉਣਾ ਵੀ ਜ਼ਰੂਰੀ ਹੈ ਤਾਂ ਜੋ ਵਿਟਾਮਿਨ ਬੀ12 ਦੇ ਪੱਧਰ ਦਾ ਪਤਾ ਲੱਗ ਸਕੇ।

* * * * * *

## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਸਾਡੇ ਬਦਲੇ ਤੋਂ ਡਰ ਕੇ ਟਰੰਪ ਨੂੰ ਪਿੱਛੇ ਹਟਣਾ ਪਿਆ- ਇਰਾਨ**

-ਪੀਲਾ ਰੰਗ ਕਿਉਂ ਪੈ ਗਿਆ ਤੇਰਾ, ਭਾਬੋ ਮੈਨੂੰ ਰੋਜ਼ ਪੁੱਛਦੀ।

***ਕੇਰਲ 'ਚ ਚੋਣ ਕਮਿਸ਼ਨ ਦੀ ਚਿੱਠੀ 'ਤੇ ਭਾਜਪਾ ਦੀ ਮੋਹਰ- ਇਕ ਖ਼ਬਰ**

-ਨੱਥਾ ਸਿੰਘ ਖੇਮ ਸਿੰਘ, ਵੰਨ ਐਂਡ ਦੀ ਸੇਮ ਥਿੰਗ।

***ਜਾਇਦਾਦ ਲਈ ਪਤਨੀ ਨੇ ਆਪਣੇ ਪੁੱਤਰ ਹੱਥੋਂ ਹੀ ਕਰਵਾਇਆ ਪਤੀ ਦਾ ਕਤਲ- ਇਕ ਖ਼ਬਰ**

-ਚਿੱਟਾ ਹੋ ਗਿਆ ਲਹੂ ਭਰਾਵੋ, ਚਿੱਟਾ ਹੋ ਗਿਆ ਲਹੂ।



***20 ਮਿੰਟ ਦੇ ਭਾਸ਼ਨ 'ਚ ਮੋਦੀ ਜੀ ਆਪਣੀਆਂ ਸਿਫ਼ਤਾਂ ਹੀ ਕਰਦੇ ਰਹੇ- ਜੈ ਰਾਮ ਰਮੇਸ਼**

-ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜਿਉਣ।

***ਸੁਤੰਤਰਤਾ ਸੰਗਰਾਮੀਆਂ ਦੇ ਨਾਮ 'ਤੇ ਸਾਰੀਆਂ ਸਿਆਸੀ ਪਾਰਟੀਆਂ ਨੇ ਕੀਤੀ ਸਿਆਸਤ- ਫਰੀਡਮ ਫ਼ਾਈਟਰ ਸੰਸਥਾ**

-ਸ਼ੇਰਾਂ ਦੀਆਂ ਮਾਰਾਂ 'ਤੇ, ਗਿੱਦੜ ਕਰਨ ਕਲੋਲਾਂ।



***ਕਿਸਾਨਾਂ ਲਈ ਪੂਰੀ ਕਰਜ਼ਾ ਮੁਆਫ਼ੀ ਦਾ ਕੋਈ ਪ੍ਰਸਤਾਵ ਨਹੀਂ- ਨਿਰਮਲਾ ਸੀਥਾਰਮਨ**

-ਛੜੇ ਜੇਠ ਨੂੰ ਲੱਸੀ ਨਹੀਂ ਦੇਣੀ, ਦਿਉਰ ਭਾਵੇਂ ਦੁੱਧ ਪੀ ਲਵੇ।



***ਜੁਡੀਸ਼ੀਅਲ ਕਮਿਸ਼ਨ ਨੇ ਹਰਿਆਣਾ ਗੁਰਦੁਆਰਾ ਕਮੇਟੀ ਦਾ ਪਾਸ ਕੀਤਾ ਬਜਟ ਰੱਦ ਕਰ ਦਿਤਾ- ਇਕ ਖ਼ਬਰ**

-ਛੜਿਆਂ ਦੇ ਗਈ ਅੱਗ ਨੂੰ, ਉਹਨੀਂ ਚੱਪਣੀ ਵਗਾਹ ਕੇ ਮਾਰੀ।



***ਸ਼੍ਰੋਮਣੀ ਕਮੇਟੀ ਦੇ ਬਜਟ ਵਿਚ ਧਰਮ ਪ੍ਰਚਾਰ ਲਈ ਬਜਟ ਵਧਾਇਆ ਜਾਵੇ- ਗੁਰਪ੍ਰਤਾਪ ਸਿੰਘ ਵਡਾਲਾ**

-ਵਡਾਲਾ ਜੀ ਇੰਜ ਕਹੋ ਕਿ ਧਰਮ ਪ੍ਰਚਾਰ ਦਾ ਬਜਟ ਧਰਮ ਪ੍ਰਚਾਰ 'ਤੇ ਹੀ ਖ਼ਰਚ ਕੀਤਾ ਜਾਵੇ।



***ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਉ' ਰੈਲੀ- ਇਕ ਖ਼ਬਰ**

-ਸੁਖਬੀਰ ਬਾਦਲ ਵਲੋਂ ਪੰਜਾਬ ਨੂੰ ਅਕਾਲੀ ਦਲ ਤੋਂ ਬਚਾਉਣ ਦੀ ਅਪੀਲ।

***ਯਮਨ ਦੇ ਹੂਤੀ ਬਾਗ਼ੀ ਵੀ ਇਰਾਨ ਦੇ ਸਮਰਥਨ 'ਚ ਉਤਰੇ- ਇਕ ਖ਼ਬਰ**

-ਅਣਦਾੜ੍ਹੀਆ ਸੁੱਕਾ ਨਾ ਲੰਘ ਜਾਵੇ, ਲੜ ਜਾਂ ਭ੍ਰਿੰਡ ਬਣ ਕੇ।



***ਯੁੱਧ ਦੇ ਅੰਤ ਦਾ ਫ਼ੈਸਲਾ ਟਰੰਪ ਨਹੀਂ, ਅਸੀਂ ਕਰਾਂਗੇ- ਇਰਾਨ**

-ਜਿਊਣਾ ਮੌੜ ਵੱਢਿਆ ਨਾ ਜਾਵੇ, ਛਵ੍ਹੀਆਂ ਦੇ ਘੁੰਡ ਮੁੜ ਗਏ।



***ਟੀ. ਐਮ. ਸੀ. ਅਤੇ ਭਾਜਪਾ ਦਾ ਮੁਕਾਬਲਾ ਮਹਾਂਭਾਰਤ ਵਰਗਾ ਯੁੱਧ ਹੋਵੇਗਾ- ਮਮਤਾ ਬੈਨਰਜੀ**

-ਕੁੰਢੀਆਂ ਦੇ ਸਿੰਙ ਫ਼ਸਣੇ, ਕੋਈ ਨਿੱਤਰੂ ਵੜੇਂਵੇਂ ਖਾਣੀ।

***ਕੌਮੀ ਪਾਰਟੀਆਂ ਨੂੰ ਮਿਲੇ ਕੁੱਲ ਚੰਦੇ ਨਾਲੋਂ ਭਾਜਪਾ ਨੂੰ ਦਸ ਗੁਣਾ ਵੱਧ ਮਿਲਿਆ- ਇਕ ਖ਼ਬਰ**

-ਤੇਰਾ ਕੱਖ ਨਹੀਂ ਬਚਨੀਏਂ ਰਹਿਣਾ, ਛੜਿਆਂ ਦੇ ਹੱਕ ਮਾਰ ਕੇ।



***ਚੰਨ ਉੱਤੇ 'ਸਰਦਾਰੀ' ਲਈ ਚੀਨ ਅਤੇ ਅਮਰੀਕਾ ਵਿਚਾਲੇ ਦੌੜ- ਇਕ ਖ਼ਬਰ**

-ਬਿੱਲੋ ਦੀਆਂ ਝਾਂਜਰਾਂ 'ਚ, ਮਿੱਤਰਾਂ ਦੀ ਜਾਨ ਏ।



***ਮੁੱਖ ਮੰਤਰੀ ਨੇ ਸਰਕਾਰ ਦੇ ਚਾਰ ਸਾਲ ਦੇ ਦਾਅਵੇ ਵਧਾ ਚੜ੍ਹਾ ਕੇ ਪੇਸ਼ ਕੀਤੇ-ਪਰਤਾਪ ਸਿੰਘ ਬਾਜਵਾ**

-ਰੱਬ ਤੈਨੂੰ ਰੱਖੇ ਬੱਚਿਆ, ਨਿੱਤ ਝੂਠੀਆਂ ਗਵਾਹੀਆਂ ਦੇਵੇਂ।

# ਇਸ਼ਟਮੀਤ ਸਿੰਘ ਫੁੱਲ ਅਤੇ ਫੁੱਲ ਪਰਿਵਾਰ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਵਧਾਈਆਂ

## ਸਿੰਘ ਸਭਾ ਗੁਰਦੁਆਰਾ ਸਾਊਥਾਲ ਵੱਲੋਂ ਕਾਮਯਾਬ ਨਗਰ ਕੀਰਤਨ ਕਰਾਉਣ ਲਈ

## ਸ: ਬਲਦੇਵ ਸਿੰਘ ਫੁੱਲ, ਸ: ਇਸ਼ਟਮੀਤ ਸਿੰਘ ਫੁੱਲ ਅਤੇ ਸ: ਤਰਨਜੀਤ ਸਿੰਘ ਫੁੱਲ ਵੱਲੋਂ ਵਾਹਿਗੁਰੂ ਜੀ ਦਾ ਸ਼ੁਕਰਾਨਾ, ਗੁਰਦੁਆਰਾ ਕਮੇਟੀ ਅਤੇ ਸੰਗਤਾਂ ਦਾ ਹਾਰਦਿਕ ਧੰਨਵਾਦ



ਉੱਪਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਊਥਾਲ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ ਨਗਰ ਕੀਰਤਨ ਵਿੱਚ ਸ: ਬਲਦੇਵ ਸਿੰਘ ਫੁੱਲ, ਸ: ਇਸ਼ਟਮੀਤ ਸਿੰਘ ਫੁੱਲ, ਅਤੇ ਸ: ਤਰਨਜੀਤ ਸਿੰਘ ਫੁੱਲ ਸੰਗਤਾਂ ਸਮੇਤ ਹਾਜ਼ਰੀਆਂ ਭਰਦੇ ਹੋਏ

**--- ਜਾਰੀ ਕਰਤਾ ---**

**ਫੁਲ ਇੰਪਾਇਰ ਲਿਮਟਡ**


**ਅਤੇ ਸਮੂਹ ਫੁਲ ਪਰਿਵਾਰ**



ਬਲਦੇਵ ਸਿੰਘ ਫੁੱਲ



ਇਸ਼ਟਮੀਤ ਸਿੰਘ ਫੁੱਲ



ਤਰਨਜੀਤ ਸਿੰਘ ਫੁੱਲ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਰਾਮਪਾਲ ਸ਼ਾਹਪੁਰੀ ਦਾ ਕਾਵਿ-ਸੰਗ੍ਰਹਿ 'ਬੀਜ ਅੰਦਰਲਾ ਜੰਗਲ਼' ਵਿਰਾਸਤ ਦੀ ਹੂਕ

ਉਜਾਗਰ ਸਿੰਘ




ਰਾਮਪਾਲ ਸ਼ਾਹਪੁਰੀ ਸੰਵੇਦਨਸ਼ੀਲ ਸ਼ਾਇਰ ਹੈ। ਉਹ ਪੰਜਾਬ ਦੀ ਅਮੀਰ ਵਿਰਾਸਤ ਦੀ ਪਹਿਰੇਦਾਰੀ ਕਰਨ ਵਾਲੀਆਂ ਖੁਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਲਿਖਦਾ ਹੈ। ਉਸ ਦੀਆਂ ਹੁਣ ਤੱਕ 6 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਤਿੰਨ ਕਾਵਿ-ਸੰਗ੍ਰਹਿ 'ਗੁਲਦਸਤਾ', 'ਮਲਾਲ' ਤੇ 'ਅੱਖ਼ਰਾਂ ਦੇ ਸਰ ਚਸ਼ਮੇਂ' ਅਤੇ ਤਿੰਨ ਆਲੋਚਨਾ ਤੇ ਅਧਿਐਨ ਦੀਆਂ ਪੁਸਤਕਾਂ ਸ਼ਾਮਲ ਹਨ। 'ਬੀਜ ਅੰਦਰਲਾ ਜੰਗਲ਼' ਉਸਦਾ ਚੌਥਾ ਕਾਵਿ-ਸੰਗ੍ਰਹਿ ਅਤੇ ਸੱਤਵੀਂ ਪੁਸਤਕ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਉਸਦੀਆਂ 66 ਕਵਿਤਾਵਾਂ ਸ਼ਾਮਲ ਹਨ।

ਰਾਮਪਾਲ ਸ਼ਾਹਪੁਰੀ ਦੀ ਕਵਿਤਾ ਉਸਦੀ ਸਿਰਜਣਾਤਮਿਕ ਪ੍ਰਤਿਭਾ ਨੂੰ ਹੁਨਰ ਬਖ਼ਸ਼ਦੀ ਹੋਈ ਨਿਖ਼ਾਰ ਦਿੰਦੀ ਹੈ। ਉਸਦੀ ਸ਼ਬਦ ਸਿਰਜਣਾ ਵੀ ਨਿਵੇਕਲੀ ਹੈ, ਕਿਉਂਕਿ ਉਹ ਨਵੇਂ ਸ਼ਬਦ ਸਿਰਜਦਾ ਰਹਿੰਦਾ ਹੈ। ਉਸਦੀ ਕਵਿਤਾ ਇਨਸਾਨੀਅਤ ਦੀ ਪ੍ਰਤੀਨਿਧਤਾ ਕਰਦੀ ਹੋਈ ਪ੍ਰੇਰਨਾਮਈ ਬਣਦੀ ਹੈ। ਉਸਨੂੰ ਰਹੱਸਵਾਦੀ ਕਵੀ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਉਸਦੀਆਂ ਕਵਿਤਾਵਾਂ ਸਵਾਲ ਕਰਦੀਆਂ ਹੋਈਆਂ ਗੁੱਝੀਆਂ ਬੁਝਾਰਤਾਂ ਪਾਉਂਦੀਆਂ ਹਨ। ਉਹ ਆਪਣੀਆਂ ਕਵਿਤਾਵਾਂ ਵਿੱਚ ਸਮਾਜਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦਾ ਮੁਲਾਂਕਣ ਵੱਖਰੇ ਢੰਗ ਨਾਲ ਕਰਦਾ ਹੈ। ਕਵੀ ਮਹਿਸੂਸ ਕਰਦਾ ਹੈ ਕਿ ਸਮਾਜ ਆਪਣੇ ਸਭਿਆਚਾਰ ਤੋਂ ਦੂਰ ਹੁੰਦਾ ਜਾ ਰਿਹਾ ਹੈ। ਸਮਾਜ ਆਧੁਨਿਕਤਾ ਦੀ ਲਪੇਟ ਵਿੱਚ ਆ ਗਿਆ ਹੈ।

ਕਵੀ ਮਾਨਵਤਾ ਦੇ ਬਦਲਦੇ ਵਿਵਹਾਰ ਦੇ ਕਰੂਪ ਹੋਣ 'ਤੇ ਵੀ ਚਿੰਤਾ ਪ੍ਰਗਟ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਉਸਦੀ ਕਵਿਤਾ ਵਰਤਮਾਨ ਪੰਜਾਬੀ ਸਮਾਜਿਕ ਪ੍ਰਾਣੀਆਂ ਵਿੱਚ ਵਹਿਸ਼ੀਪਣਾ, ਧੋਖੇ, ਲਾਲਚ, ਫਰੇਬ ਦੀ ਪ੍ਰਵਿਰਤੀ ਦੇ ਭਾਰੂ ਹੋਣ ਨੂੰ ਨੈਤਿਕਤਾ ਤੋਂ ਕੋਹਾਂ ਮੀਲ ਦੂਰ ਜਾਣਾ ਮੰਨਦੀ ਹੈ। ਇਨਸਾਨ ਆਪਣੇ ਅੰਦਰ ਝਾਤੀ ਮਾਰਕੇ ਆਪਣੇ ਆਪੇ ਦੀ ਪਛਾਣ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ, ਸਗੋਂ ਬਾਹਰੀ ਦ੍ਰਿਸ਼ਾਂ ਦੇ ਰੰਗਾਂ ਵਿੱਚ ਉਲਝ ਗਿਆ ਹੈ।

ਉਸਦੀ ਕਵਿਤਾ ਮਾਨਵਤਾ ਨੂੰ ਝੰਜੋੜਨ ਦਾ ਕੰਮ ਕਰਦੀ ਹੈ। ਕਈ ਕਵਿਤਾਵਾਂ ਉਸਦੀ ਬੌਧਿਕ ਅਤੇ ਦਾਰਸ਼ਨਿਕ ਸੋਚ ਦੀ ਗਵਾਹੀ ਭਰਦੀਆਂ ਹਨ। ਉਹ ਬੁਰਾਈ ਦੀ ਜੜ ਤੱਕ ਪਹੁੰਚਕੇ ਉਸਦਾ ਹੱਲ ਕਰਨ ਦੀ ਕੋਸ਼ਿਸ਼ ਕਰਨ ਵਿੱਚ ਯਕੀਨ ਰੱਖਦਾ ਹੈ। ਉਸਦੀ ਕਵਿਤਾ ਸਾਮਰਾਜੀ ਤਾਕਤਾਂ ਦੀਆਂ ਕਰੂਰ ਚਾਲਾਂ ਨੂੰ ਬੇਪਰਦ ਕਰਨ ਦੀ ਸਮਰੱਥਾ ਰੱਖਦੀ ਹੋਈ ਸਮਾਜਕ ਤਾਣੇ-ਬਾਣੇ ਵਿੱਚ ਮੁੜ ਸ਼ਹਿਨਾਈਆਂ ਵੱਜਣ ਦੀ ਆਸ ਕਰਦੀ ਹੈ। ਰਾਮਪਾਲ ਸ਼ਾਹਪੁਰੀ ਦੀਆਂ ਕੁਝ ਕਵਿਤਾਵਾਂ ਸੰਵਾਦ ਦੀ ਪ੍ਰਥਾ ਵਿੱਚੋਂ ਵਰਤਮਾਨ ਸਮੱਸਿਆਵਾਂ ਦਾ ਕਾਰਗਰ ਹੱਲ ਲੱਭਣ ਦੀ ਵਕਾਲਤ ਵੀ ਕਰਦੀਆਂ ਹਨ। ਉਹ ਆਸ਼ਾਵਾਦੀ ਕਵੀ ਹੈ, ਕਿਉਂਕਿ ਉਸਦੀ ਪਹਿਲੀ 'ਉਮੀਦ' ਸਿਰਲੇਖ ਵਾਲੀ ਕਵਿਤਾ ਇਨਸਾਨ ਨੂੰ ਉਚੇ ਤੇ ਸੁੱਚੇ ਇਖ਼ਲਾਕ ਕਰਕੇ ਮੁਸ਼ਕਿਲਾਂ 'ਤੇ ਕਾਬੂ ਪਾਉਣ ਦੀ ਸਮਰੱਥਾ ਦਾ ਪ੍ਰਗਟਾਵਾ ਕਰਦੀ ਹੈ। ਜਦੋਜਹਿਦ ਨਾਲ ਹਰ ਮਸਲੇ ਨੂੰ ਸਰ ਕੀਤਾ ਜਾ ਸਕਦਾ ਹੈ। ਬਹੁਤੀਆਂ ਕਵਿਤਾਵਾਂ ਆਸ਼ਾਵਾਦੀ ਸੋਚ ਦੀਆਂ ਲਖਾਇਕ ਹਨ।




ਰਾਮਪਾਲ ਸ਼ਾਹਪੁਰੀ ਦੀ ਕਵਿਤਾ ਉਸਦੀ ਸਿਰਜਣਾਤਮਿਕ ਪ੍ਰਤਿਭਾ ਨੂੰ ਹੁਨਰ ਬਖ਼ਸ਼ਦੀ ਹੋਈ ਨਿਖ਼ਾਰ ਦਿੰਦੀ ਹੈ। ਉਸਦੀ ਸ਼ਬਦ ਸਿਰਜਣਾ ਵੀ ਨਿਵੇਕਲੀ ਹੈ, ਕਿਉਂਕਿ ਉਹ ਨਵੇਂ ਸ਼ਬਦ ਸਿਰਜਦਾ ਰਹਿੰਦਾ ਹੈ। ਉਸਦੀ ਕਵਿਤਾ ਇਨਸਾਨੀਅਤ ਦੀ ਪ੍ਰਤੀਨਿਧਤਾ ਕਰਦੀ ਹੋਈ ਪ੍ਰੇਰਨਾਮਈ ਬਣਦੀ ਹੈ। ਉਸਨੂੰ ਰਹੱਸਵਾਦੀ ਕਵੀ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਉਸਦੀਆਂ ਕਵਿਤਾਵਾਂ ਸਵਾਲ ਕਰਦੀਆਂ ਹੋਈਆਂ ਗੁੱਝੀਆਂ ਬੁਝਾਰਤਾਂ ਪਾਉਂਦੀਆਂ ਹਨ। ਉਹ ਆਪਣੀਆਂ ਕਵਿਤਾਵਾਂ ਵਿੱਚ ਸਮਾਜਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦਾ ਮੁਲਾਂਕਣ ਵੱਖਰੇ ਢੰਗ ਨਾਲ ਕਰਦਾ ਹੈ। ਕਵੀ ਮਹਿਸੂਸ ਕਰਦਾ ਹੈ ਕਿ ਸਮਾਜ ਆਪਣੇ ਸਭਿਆਚਾਰ ਤੋਂ ਦੂਰ ਹੁੰਦਾ ਜਾ ਰਿਹਾ ਹੈ। ਸਮਾਜ ਆਧੁਨਿਕਤਾ ਦੀ ਲਪੇਟ ਵਿੱਚ ਆ ਗਿਆ ਹੈ। ਕਵੀ ਮਾਨਵਤਾ ਦੇ ਬਦਲਦੇ ਵਿਵਹਾਰ ਦੇ ਕਰੂਪ ਹੋਣ 'ਤੇ ਵੀ ਚਿੰਤਾ ਪ੍ਰਗਟ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਉਸਦੀ ਕਵਿਤਾ ਵਰਤਮਾਨ ਪੰਜਾਬੀ ਸਮਾਜਿਕ ਪ੍ਰਾਣੀਆਂ ਵਿੱਚ ਵਹਿਸ਼ੀਪਣਾ, ਧੋਖੇ, ਲਾਲਚ, ਫਰੇਬ ਦੀ ਪ੍ਰਵਿਰਤੀ ਦੇ ਭਾਰੂ ਹੋਣ ਨੂੰ ਨੈਤਿਕਤਾ ਤੋਂ ਕੋਹਾਂ ਮੀਲ ਦੂਰ ਜਾਣਾ ਮੰਨਦੀ ਹੈ। ਇਨਸਾਨ ਆਪਣੇ ਅੰਦਰ ਝਾਤੀ ਮਾਰਕੇ ਆਪਣੇ ਆਪੇ ਦੀ ਪਛਾਣ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ, ਸਗੋਂ ਬਾਹਰੀ ਦ੍ਰਿਸ਼ਾਂ ਦੇ ਰੰਗਾਂ ਵਿੱਚ ਉਲਝ ਗਿਆ ਹੈ।

'ਅਨਮੋਲ ਸੌਗਾਤ' ਕਵਿਤਾ ਵਿੱਚ ਕਵੀ ਆਪਣੇ ਬਰਾਬਰੀ ਦੇ ਹੱਕ ਲਈ ਹਿੰਮਤ ਨਾਲ ਸਫਲਤਾ ਪ੍ਰਾਪਤ ਕਰਨ ਦੀ ਜਾਚ ਦੱਸਦਾ ਹੈ। 'ਸਮਝ ਦਾ ਦੀਵਾ' ਵਿੱਚ ਸਿਆਣਪ ਨਾਲ ਚਾਹਤਾਂ 'ਤੇ ਕਾਬੂ ਪਾ ਕੇ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। 'ਸੁੱਚੇ ਖ਼ਿਆਲ' ਵਿੱਚ ਨੈਤਿਕਤਾ ਨੂੰ ਸਫਲਤਾ ਦੀ ਕੁੰਜੀ ਕਿਹਾ ਹੈ। 'ਸੁੱਕੇ ਫੁੱਲ' ਵਿੱਚ ਦੱਸਿਆ ਹੈ ਕਿ ਮਿਹਨਤੀ ਲੋਕਾਂ ਦੇ ਸਿਰ 'ਤੇ ਸਾਮਰਾਜੀ ਆਨੰਦ ਮਾਣਦੇ ਹਨ, ਪ੍ਰੰਤੂ ਜੇਕਰ ਕਿਰਤੀ ਆਈ ਤੇ ਆ ਜਾਣ ਤਾਂ ਸੁੱਕੇ ਕੰਡੇ ਬਣਕੇ ਨਾਸ਼ ਕਰ ਸਕਦੇ ਹਨ।

'ਸੁਖ਼ਮਤਾ ਦਾ ਅਲਜਬਰਾ' ਕਵਿਤਾ ਵਿੱਚ ਦੱਸਿਆ ਹੈ ਕਿ ਨਿਸ਼ਾਨਾ ਨਿਸਚਤ ਕਰਕੇ ਚੋਟੀ 'ਤੇ ਪਹੁੰਚਿਆ ਜਾ ਸਕਦਾ ਹੈ, ਜਿਵੇਂ ਕੰਧ ਦੇ ਵਿੱਚ ਰੁੱਖ ਉਗ ਜਾਂਦਾ ਹੈ। 'ਸੇਜ਼ੀ ਦਾ ਬੁੱਲਾ' ਵਿੱਚ ਖੁਦਗਰਜੀ ਤੇ ਘੁਮੰਡ ਸਦਾ ਨਹੀਂ ਰਹਿੰਦੇ, ਇੱਕ ਨਾ ਇੱਕ ਦਿਨ ਉਨ੍ਹਾਂ ਨੂੰ ਅਕਲ ਨਾਲ ਮੱਥਾ ਮਾਰਨਾ ਪਵੇਗਾ।

'ਸੰਤਾਪ ਦੀ ਕਾਂਜਲੀ' ਵਿੱਚ ਲਾਲਸਾਵਾਂ ਇਨਸਾਨ ਨੂੰ ਵਿਵੇਕਹੀਣ ਬਣਾ ਦਿੰਦੀਆਂ ਹਨ, ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। 'ਹਸਰਤਾਂ ਭਰਿਆ' ਵਿੱਚ ਦੱਸਿਆ ਗਿਆ ਹੈ, ਜਦੋਂ ਦੂਜਿਆਂ 'ਤੇ ਜ਼ੁਲਮ ਹੁੰਦੇ ਹੋਣ ਤਾਂ ਚੁੱਪ ਨਹੀਂ ਰਹਿਣਾ ਚਾਹੀਦਾ, ਸਗੋਂ ਹੌਸਲੇ ਤੋਂ ਕੰਮ ਲੈਣਾ ਚਾਹੀਦਾ ਹੈ। ਕਵੀ ਆਪਣੀਆਂ ਕਵਿਤਾਵਾਂ ਵਿੱਚ ਸਚਾਈ ਦਾ ਸਾਥ ਦੇਣ, ਅਕਲ ਤੋਂ ਕੰਮ ਲੈਣ, ਨਿਡਰ ਰਹਿਣ, ਔਰਤ ਨੂੰ ਭਾਵਨਾਵਾਂ ਵਿੱਚ ਨਾ ਵਹਿਣ, ਦੁੱਖਾਂ ਦਾ ਡੱਟਕੇ ਵਿਰੋਧ ਕਰਨ, ਹਉਮੈ ਤਿਆਗਣ, ਕੁਦਰਤ ਦੀਆਂ ਰਹਿਮਤਾਂ ਨਾਲ ਪਿਆਰ ਕਰਨ, ਆਪਣੇ ਅੰਦਰ ਝਾਤੀ ਮਾਰਨ, ਜ਼ੋਰ ਜ਼ਬਰਦਸਤੀ ਦਾ ਵਿਰੋਧ ਕਰਨ, ਸਾਹਿਤਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣ ਅਤੇ ਰੁੱਖਾਂ ਦੀ ਰੱਖਿਆ ਕਰਨ ਦੀ ਤਾਕੀਦ ਕਰਦਾ ਹੈ।

'ਖ਼ਾਨਗਾਹ' ਕਵਿਤਾ ਵਿੱਚ ਸ਼ਾਇਰ ਲਿਖਦਾ ਹੈ ਕਿ ਲੋਕ, ਲਾਲਚੀ ਤੇ ਖ਼ੁਦਗਰਜ਼ ਹੋ ਗਏ ਹਨ, ਭੁੱਖ ਨੰਗ ਐਨੀ ਵੱਧ ਗਈ ਤੇ ਉਨ੍ਹਾਂ ਦੇ ਸਬਰ ਟੁੱਟ ਗਏ ਹਨ। 'ਖ਼ੁਸ਼ੀਆਂ ਦੀਆਂ ਡਾਰਾਂ' ਵਿੱਚ ਦੱਸਿਆ ਹੈ ਕਿ ਨੌਜਵਾਨਾ 'ਤੇ ਵੀ ਇਕੱਲਤਾ ਭਾਰੂ ਹੋ ਗਈ ਹੈ, ਚਾਰੇ ਪਾਸੇ ਜ਼ੁਲਮ ਹੋ ਰਹੇ ਹਨ, ਪਰ ਫਿਰ ਵੀ ਲੋਕ ਖ਼ੁਸ਼ ਹਨ।

ਦ੍ਰਿੜ੍ਹਤਾ ਨਾਲ ਕੰਡਿਆਂ ਭਾਵ ਦੁੱਖਾਂ ਦਾ ਮੁਕਾਬਲਾ ਕਰਨਾ ਸਿੱਖੋ। ਔਰਤਾਂ ਸਾਥੀਆਂ ਦੀਆਂ ਬੇਵਫ਼ਾਵਾਂ ਕਰਕੇ ਕਚਹਿਰੀਆਂ ਦੇ ਚੱਕਰਾਂ ਵਿੱਚ ਫਸੀਆਂ ਹੋਈਆਂ ਹਨ। ਪਰਵਾਸ ਦੀ ਸਮੱਸਿਆ ਨੇ ਪੰਜਾਬ ਦਾ ਨੁਕਸਾਨ ਕੀਤਾ ਹੈ। 'ਘਰ' ਕਵਿਤਾ ਰਿਸ਼ਤਿਆਂ ਦੀ ਨਿੱਘ ਦਾ ਪ੍ਰਤੀਕ ਹੁੰਦਾ ਹੈ। ਰਿਸ਼ਤਿਆਂ ਵਿਚਲੀ ਖਟਾਸ ਅਤੇ ਇਨ੍ਹਾਂ ਦੀ ਅਹਿਮੀਅਤ ਨੂੰ ਨਾ ਸਮਝਣ ਵਾਲੀਆਂ ਲਗਪਗ 8 ਕਵਿਤਾਵਾਂ ਹਨ, ਜਿਹੜੀਆਂ ਮੁਹੱਬਤ ਦੀ ਬਾਤ ਪਾਉਂਦੀਆਂ ਹਨ। ਇਨਸਾਨ ਸਵਾਦਾਂ ਦਾ ਕੈਦੀ ਬਣ ਗਿਆ, ਅੱਗੇ ਨਿਕਲਣ ਦੀ ਤਾਂਘ ਬੁਰੇ ਕੰਮ ਕਰਵਾਉਂਦੀ ਹੈ।

ਲਗਪਗ ਦਸ ਕਵਿਤਾਵਾਂ ਜੰਗਲ਼ਾਂ ਤੇ ਰੁੱਖਾਂ ਦੀ ਕਟਾਈ ਤੇ ਦਸ ਹੀ ਕਵਿਤਾਵਾਂ ਵਾਤਾਵਰਨ ਅਤੇ ਪੰਛੀਆਂ ਦੀ ਬੇਰੁਖੀ ਦੀ ਲੋਕਾਈ ਵੱਲੋਂ ਬਾਤ ਪਾਉਂਦੀਆਂ ਹੋਈਆਂ, ਉਨ੍ਹਾਂ ਦੀ ਅਹਿਮੀਅਤ ਸਮਝਣ ਦੀ ਤਾਕੀਦ ਕਰਦੀਆਂ ਹਨ। ਇਨਸਾਨ ਸੂਰਜ ਅਤੇ ਧਰਤੀ ਦੀ ਪਾਬੰਦਗੀ ਤੋਂ ਵੀ ਸਬਕ ਸਿੱਖਣ ਦੀ ਕੋਸ਼ਿਸ਼ ਨਹੀਂ ਕਰਦਾ। 'ਬਾਬਾ ਮਹਿੰਗਾ' ਕਵਿਤਾ ਇਨਸਾਨ ਦੀ ਵਹਿਸ਼ੀ ਪ੍ਰਵਿਰਤੀ ਦੇ ਸੰਤਾਪ ਦਾ ਪ੍ਰਗਟਾਵਾ ਕਰਦੀ ਹੈ। ਲੋਕਾਂ ਦੇ ਦਿਲ ਦਰਿਆ ਨਹੀਂ ਰਹੇ, ਆਧੁਨਿਕਤਾ ਦੇ ਪ੍ਰਭਾਵ ਨੇ ਸੰਗੋੜ ਲਏ ਹਨ।

ਇਨਸਾਨ ਹਵਾਈ ਕਿਲੇ ਉਸਾਰੀ ਜਾਂਦਾ ਹੈ, ਕਿਉਂਕਿ ਸੰਤੁਸ਼ਟੀ ਗਾਇਬ ਹੋ ਗਈ, ਪ੍ਰੰਤੂ ਇੱਕ ਨਾ ਇੱਕ ਦਿਨ ਧਰਤੀ 'ਤੇ ਆਉਣਾ ਹੈ। ਇਨਸਾਨ 'ਤੇ ਪੂੰਜੀਵਾਦ ਦਾ ਭੂਤ ਸਵਾਰ ਹੋ ਗਿਆ ਹੈ, ਇਸ ਕਰਕੇ ਅਮੀਰ ਬਣਨ ਦੀ ਤ੍ਰਿਸ਼ਨਾ ਵੱਧ ਰਹੀ ਹੈ। ਦੁੱਖ ਤਕਲੀਫ਼ ਜ਼ਿੰਦਗੀ ਦਾ ਹਿੱਸਾ ਹਨ, ਇਸ ਲਈ ਹੌਸਲਾ ਬਰਕਰਾਰ ਰੱਖਦਿਆਂ ਕਿਸੇ ਦਾ ਸਹਾਈ ਬਣਨਾ ਚਾਹੀਦਾ ਹੈ। ਵਕਤ ਦੇ ਹਾਣੀ ਬਣਕੇ ਵਿਚਰੋ ਤੇ ਰਸਾਇਣਾਂ ਦੀ ਵਰਤੋਂ ਤੋਂ ਪ੍ਰਹੇਜ ਕਰੋ, ਇਹ ਜ਼ਹਿਰੀਲੇ ਪਦਾਰਥ ਘਾਤਕ ਹੁੰਦੇ ਹਨ।

ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਰਾਮਪਾਲ ਸ਼ਾਹਪੁਰੀ ਦੀਆਂ ਕਵਿਤਾਵਾਂ ਸੁਨਹਿਰੀ ਜ਼ਿੰਦਗੀ ਜਿਉਣ ਲਈ ਪ੍ਰੇਰਨ ਸ੍ਰੋਤ ਬਣਨਗੀਆਂ, ਪ੍ਰੰਤੂ ਇਨ੍ਹਾਂ ਦੀ ਗੰਭੀਰਤਾ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਪਵੇਗੀ। 120 ਪੰਨਿਆਂ, 195 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਕੈਨੇਡਾ ਨੇ ਪਨਾਹ ਨਿਯਮਾਂ ਵਿਚ ਕੀਤਾ ਵੱਡਾ ਫੇਰਬਦਲ

## ✪ ਨਵਾਂ ਕਾਨੂੰਨ ਲਾਗੂ, ਭਾਰਤੀਆਂ ਲਈ ਵਧਣਗੀਆਂ ਮੁਸ਼ਕਲਾਂ

ਓਟਵਾ-ਕੈਨੇਡਾ ਸਰਕਾਰ ਨੇ ਦੇਸ਼ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਵਧੇਰੇ ਸਖ਼ਤ ਅਤੇ ਪਾਰਦਰਸ਼ੀ ਬਣਾਉਣ ਲਈ ਨਵਾਂ ਕਾਨੂੰਨ 'ਬਿੱਲ ਸੀ-12' (ਸਟ੍ਰੈਂਥਨਿੰਗ ਕੈਨੇਡਾਜ਼ ਇਮੀਗ੍ਰੇਸ਼ਨ ਸਿਸਟਮ ਐਂਡ ਬੌਰਡਰ ਐਕਟ) ਲਾਗੂ ਕਰ ਦਿੱਤਾ ਹੈ। 26 ਮਾਰਚ ਨੂੰ ਸ਼ਾਹੀ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਕਾਨੂੰਨ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਇਸ ਨਵੇਂ ਕਾਨੂੰਨ ਦਾ ਸਭ ਤੋਂ ਵੱਡਾ ਅਸਰ ਪਨਾਹ ਮੰਗਣ ਵਾਲੇ ਵਿਅਕਤੀਆਂ 'ਤੇ ਪਵੇਗਾ, ਖਾਸ ਕਰਕੇ ਭਾਰਤੀ ਨਾਗਰਿਕਾਂ 'ਤੇ, ਜੋ ਇਸ ਸਮੇਂ ਪਨਾਹ ਮੰਗਣ ਵਾਲਿਆਂ ਦੀ ਸੂਚੀ ਵਿੱਚ ਸਭ ਤੋਂ ਅੱਗੇ ਹਨ।

ਨਵੇਂ ਕਾਨੂੰਨ ਤਹਿਤ ਸ਼ਰਨ ਦੇ ਦਾਅਵਿਆਂ ਲਈ ਕੁਝ ਸਖ਼ਤ ਮਿਆਦਾਂ ਤੈਅ ਕੀਤੀਆਂ ਗਈਆਂ ਹਨ, ਜੋ 3 ਜੂਨ, 2025 ਤੋਂ ਬਾਅਦ ਕੀਤੇ ਗਏ ਦਾਅਵਿਆਂ 'ਤੇ ਲਾਗੂ ਹੋਣਗੀਆਂ। ਜੇਕਰ ਕੋਈ ਵਿਅਕਤੀ ਕੈਨੇਡਾ ਵਿੱਚ ਦਾਖ਼ਲ ਹੋਣ ਦੇ ਇੱਕ ਸਾਲ ਬਾਅਦ ਪਨਾਹ ਦਾ ਦਾਅਵਾ ਕਰਦਾ ਹੈ, ਤਾਂ ਉਸਦਾ ਕੇਸ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਕੋਲ ਸੁਣਵਾਈ ਲਈ ਨਹੀਂ ਭੇਜਿਆ ਜਾਵੇਗਾ। ਅਮਰੀਕਾ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਕੈਨੇਡਾ ਵੜਨ ਵਾਲੇ ਲੋਕਾਂ ਲਈ ਵੀ ਨਿਯਮ ਸਖ਼ਤ ਕੀਤੇ ਗਏ ਹਨ। ਜੇਕਰ ਅਜਿਹਾ ਵਿਅਕਤੀ ਦਾਖ਼ਲੇ ਦੇ 14 ਦਿਨਾਂ ਦੇ ਅੰਦਰ ਦਾਅਵਾ ਪੇਸ਼ ਨਹੀਂ ਕਰਦਾ, ਤਾਂ ਉਸਨੂੰ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ। ਇਮੀਗ੍ਰੇਸ਼ਨ ਮੰਤਰੀ ਕੋਲ ਹੁਣ ਜਨਤਕ ਹਿੱਤ ਵਿੱਚ ਵੀਜ਼ਾ, ਵਰਕ ਪਰਮਿਟ ਜਾਂ ਸਟੱਡੀ ਪਰਮਿਟ ਨੂੰ ਰੱਦ ਕਰਨ ਜਾਂ ਮੁਅੱਤਲ ਕਰਨ ਦੇ ਵਿਸ਼ੇਸ਼ ਅਧਿਕਾਰ ਹੋਣਗੇ।

ਭਾਰਤੀਆਂ 'ਤੇ ਵੱਡਾ ਪ੍ਰਭਾਵ-ਅੰਕੜਿਆਂ ਮੁਤਾਬਕ, ਕੈਨੇਡਾ ਵਿੱਚ ਸ਼ਰਨ ਮੰਗਣ ਵਾਲਿਆਂ ਵਿੱਚ ਭਾਰਤੀ ਨਾਗਰਿਕ ਮੋਹਰੀ ਹਨ। ਸਾਲ 2025 ਦੇ ਆਖ਼ਰੀ ਛੇ ਮਹੀਨਿਆਂ ਵਿੱਚ ਹੀ ਭਾਰਤੀਆਂ ਵੱਲੋਂ 9,770 ਰਿਫਿਊਜੀ ਦਾਅਵੇ ਕੀਤੇ ਗਏ, ਜੋ ਮੈਕਸੀਕੋ ਅਤੇ ਹੈਤੀ ਵਰਗੇ ਦੇਸ਼ਾਂ ਨਾਲੋਂ ਵੀ ਕਿਤੇ ਵੱਧ ਹਨ। ਇਨ੍ਹਾਂ ਵਿੱਚੋਂ ਬਹੁਤੇ ਦਾਅਵੇਦਾਰ ਪੰਜਾਬ ਨਾਲ ਸਬੰਧਤ ਹਨ, ਜੋ ਸਿਆਸੀ ਜਾਂ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹਨ।

ਸਰਕਾਰ ਦਾ ਪੱਖ: ਸੁਰੱਖਿਆ ਅਤੇ ਨਿਰਪੱਖਤਾ-ਕੈਨੇਡਾ ਸਰਕਾਰ ਅਨੁਸਾਰ ਇਸ ਕਾਨੂੰਨ ਦਾ ਮਕਸਦ ਇਮੀਗ੍ਰੇਸ਼ਨ ਪ੍ਰਣਾਲੀ ਦੀ ਹੋ ਰਹੀ ਦੁਰਵਰਤੋਂ ਨੂੰ ਰੋਕਣਾ। ਸਰਹੱਦਾਂ ਨੂੰ ਸੁਰੱਖਿਅਤ ਕਰਨਾ ਅਤੇ ਸੰਗਠਿਤ ਅਪਰਾਧਾਂ (ਜਿਵੇਂ ਫੈਂਟਾਨਿਲ ਤਸਕਰੀ) 'ਤੇ ਨੱਥ ਪਾਉਣਾ। ਸਰਕਾਰੀ ਵਿਭਾਗਾਂ ਵਿਚਾਲੇ ਜਾਣਕਾਰੀ ਸਾਂਝੀ ਕਰਕੇ ਪ੍ਰਕਿਰਿਆ ਨੂੰ ਤੇਜ਼ ਬਣਾਉਣਾ।

ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਵਿਰੋਧ-ਦੂਜੇ ਪਾਸੇ, 'ਕੈਨੇਡੀਅਨ ਕੌਂਸਲ ਫਾਰ ਰਿਫਿਊਜੀਜ਼' ਅਤੇ 'ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ' ਵਰਗੇ ਸਮੂਹਾਂ ਨੇ ਇਸ ਕਾਨੂੰਨ ਦੀ ਤਿੱਖੀ ਨਿਖੇਧੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੁਣਵਾਈ ਦਾ ਮੌਕਾ ਨਾ ਦੇਣਾ ਕੈਨੇਡੀਅਨ ਚਾਰਟਰ ਆਫ ਰਾਈਟਸ ਦੀ ਉਲੰਘਣਾ ਹੈ। ਉਨ੍ਹਾਂ ਖ਼ਦਸ਼ਾ ਜਤਾਇਆ ਹੈ ਕਿ ਇਸ ਨਾਲ ਉਨ੍ਹਾਂ ਲੋਕਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ ਜੋ ਸੱਚਮੁੱਚ ਹਿੰਸਾ ਜਾਂ ਅਤਿਆਚਾਰ ਤੋਂ ਬਚ ਕੇ ਕੈਨੇਡਾ ਆਏ ਹਨ।

## ਪੰਜਾਬੀ ਕੀ ਸਾਵਧਾਨੀ ਵਰਤਣ



ਨਵੇਂ ਕਾਨੂੰਨ (ਬਿੱਲ ਸੀ-12) ਦੇ ਲਾਗੂ ਹੋਣ ਤੋਂ ਬਾਅਦ, ਪੰਜਾਬੀ ਬਿਨੈਕਾਰਾਂ ਲਈ ਸਥਿਤੀ ਕਾਫ਼ੀ ਗੁੰਝਲਦਾਰ ਹੋ ਗਈ ਹੈ। ਹੁਣ ਪਹਿਲਾਂ ਵਾਂਗ "ਦੇਖੀ ਜਾਊਗੀ" ਵਾਲੀ ਨੀਤੀ ਕੰਮ ਨਹੀਂ ਆਵੇਗੀ। ਜੇਕਰ ਕੋਈ ਪਨਾਹ ਲੈਣ ਬਾਰੇ ਸੋਚ ਰਿਹਾ ਹੈ, ਤਾਂ ਹੇਠ ਲਿਖੀਆਂ ਸਾਵਧਾਨੀਆਂ ਵਰਤਣੀਆਂ ਬਹੁਤ ਜ਼ਰੂਰੀ ਹਨ। ਨਵਾਂ ਨਿਯਮ "ਇੱਕ ਸਾਲ" ਦੀ ਮਿਆਦ 'ਤੇ ਬਹੁਤ ਸਖ਼ਤ ਹੈ।

* ਜੇਕਰ ਕੋਈ ਕੈਨੇਡਾ ਵਿੱਚ ਹੈ ਅਤੇ ਪਨਾਹ ਮੰਗਣਾ ਚਾਹੁੰਦਾ ਹੈ, ਤਾਂ ਉਹ ਕੈਨੇਡਾ ਪਹੁੰਚਣ ਦੇ ਇੱਕ ਸਾਲ ਦੇ ਅੰਦਰ-ਅੰਦਰ ਆਪਣਾ ਦਾਅਵਾ ਪੇਸ਼ ਕਰੇ। ਜੇਕਰ ਇੱਕ ਸਾਲ ਤੋਂ ਇੱਕ ਦਿਨ ਵੀ ਉੱਪਰ ਹੋ ਗਿਆ, ਤਾਂ ਕੇਸ ਆਈਆਰਬੀ (ਅਦਾਲਤ) ਕੋਲ ਸੁਣਵਾਈ ਲਈ ਨਹੀਂ ਜਾਵੇਗਾ।

* ਜੇਕਰ ਕੋਈ ਅਮਰੀਕਾ ਤੋਂ ਗ਼ੈਰ-ਕਾਨੂੰਨੀ ਰਸਤੇ (ਜਿਵੇਂ ਪਹਿਲਾਂ ਰੌਕਸਮ ਰੋਡ ਰਾਹੀਂ ਹੁੰਦਾ ਸੀ) ਰਾਹੀਂ ਆਉਂਦਾ ਹੈ, ਤਾਂ ਉਸ ਕੋਲ ਸਿਰਫ਼ 14 ਦਿਨ ਹਨ। 14 ਦਿਨਾਂ ਬਾਅਦ ਦਾਅਵਾ ਕਰਨ 'ਤੇ ਸਿੱਧਾ ਡਿਪੋਰਟ (ਦੇਸ਼ ਨਿਕਾਲਾ) ਹੋਣ ਦਾ ਖ਼ਤਰਾ ਹੈ।

ਜੇਕਰ ਕੋਈ ਸਿਆਸੀ ਜਾਂ ਸੁਰੱਖਿਆ ਦੇ ਕਾਰਨਾਂ ਕਰਕੇ ਪਨਾਹ ਮੰਗ ਰਿਹਾ ਹੈ, ਤਾਂ ਉਸ ਕੋਲ ਪੰਜਾਬ ਵਿੱਚ ਹੋਈ ਕਿਸੇ ਐਫ. ਆਈ. ਆਰ, ਮੈਡੀਕਲ ਰਿਪੋਰਟਾਂ, ਜਾਂ ਪੰਚਾਇਤੀ/ਸਿਆਸੀ ਪੱਤਰਾਂ ਦੇ ਅਸਲੀ ਅਤੇ ਤਸਦੀਕਸ਼ੁਦਾ ਦਸਤਾਵੇਜ਼ ਹੋਣੇ ਚਾਹੀਦੇ ਹਨ।

ਸਰਕਾਰ ਹੁਣ ਡਿਜੀਟਲ ਫੁੱਟਪ੍ਰਿੰਟਸ ਦੀ ਜਾਂਚ ਕਰਦੀ ਹੈ। ਆਪਣੀ ਸੋਸ਼ਲ ਮੀਡੀਆ ਗਤੀਵਿਧੀ ਨੂੰ ਆਪਣੇ ਦਾਅਵੇ ਦੇ ਅਨੁਕੂਲ ਰੱਖੋ।

ਨਵੇਂ ਕਾਨੂੰਨ ਤਹਿਤ ਇਮੀਗ੍ਰੇਸ਼ਨ ਮੰਤਰੀ ਕੋਲ ਵੀਜ਼ਾ ਰੱਦ ਕਰਨ ਦੇ ਵੱਡੇ ਅਧਿਕਾਰ ਹਨ। ਜੇਕਰ ਤੁਸੀਂ ਟੂਰਿਸਟ ਜਾਂ ਸਟੱਡੀ ਵੀਜ਼ਾ ਲੈਣ ਵੇਲੇ ਕੋਈ ਜਾਣਕਾਰੀ ਛੁਪਾਈ ਸੀ ਅਤੇ ਬਾਅਦ ਵਿੱਚ ਪਨਾਹ ਮੰਗਣ ਵੇਲੇ ਕੁਝ ਹੋਰ ਕਿਹਾ, ਤਾਂ ਸਰਕਾਰ ਇਸ ਨੂੰ ਧੋਖਾਧੜੀ ਮੰਨ ਕੇ ਤੁਹਾਡਾ ਵੀਜ਼ਾ ਅਤੇ ਦਾਅਵਾ ਦੋਵੇਂ ਰੱਦ ਕਰ ਸਕਦੀ ਹੈ।

* ਪੰਜਾਬ ਵਿੱਚ ਬਹੁਤ ਸਾਰੇ ਏਜੰਟ "ਪੱਕੇ ਹੋਣ ਦੀ ਗਰੰਟੀ" ਦੇ ਕੇ ਗੁੰਮਰਾਹ ਕਰਦੇ ਹਨ। ਸਿਰਫ਼ ਕੈਨੇਡਾ ਦੇ ਲਾਇਸੰਸਸ਼ੁਦਾ ਇਮੀਗ੍ਰੇਸ਼ਨ ਵਕੀਲਾਂ ਜਾਂ ਛੀਫ਼ ਸਲਾਹਕਾਰਾਂ ਦੀ ਮਦਦ ਲਓ। ਕਿਸੇ ਅਣਅਧਿਕਾਰਤ ਏਜੰਟ ਦੀ ਗਲਤ ਸਲਾਹ ਤੁਹਾਨੂੰ ਉਮਰ ਭਰ ਲਈ ਕੈਨੇਡਾ ਤੋਂ ਬੈਨ ਕਰਵਾ ਸਕਦੀ ਹੈ।

ਜੇਕਰ ਤੁਸੀਂ ਪਹਿਲਾਂ ਕਿਸੇ ਹੋਰ ਸੁਰੱਖਿਅਤ ਦੇਸ਼ (ਜਿਵੇਂ ਕਿ ਯੂਕੇ ਜਾਂ ਯੂਰਪ) ਵਿੱਚ ਰਹੇ ਹੋ ਅਤੇ ਉੱਥੇ ਪਨਾਹ ਨਹੀਂ ਮੰਗੀ, ਤਾਂ ਕੈਨੇਡਾ ਵਿੱਚ ਤੁਹਾਡਾ ਕੇਸ ਕਮਜ਼ੋਰ ਹੋ ਸਕਦਾ ਹੈ। ਸਰਕਾਰ ਇਹ ਸਵਾਲ ਪੁੱਛ ਸਕਦੀ ਹੈ ਕਿ ਤੁਸੀਂ ਪਹਿਲੇ ਸੁਰੱਖਿਅਤ ਦੇਸ਼ ਵਿੱਚ ਪਨਾਹ ਕਿਉਂ ਨਹੀਂ ਮੰਗੀ।

ਇਹ ਨਵਾਂ ਕਾਨੂੰਨ ਸਿਸਟਮ ਦੀ "ਦੁਰਵਰਤੋਂ" ਰੋਕਣ ਲਈ ਬਣਾਇਆ ਗਿਆ ਹੈ। ਜੇਕਰ ਕਿਸੇ ਦਾ ਕੇਸ ਅਸਲੀ ਹੈ, ਤਾਂ ਉਸ ਨੂੰ ਡਰਨ ਦੀ ਲੋੜ ਨਹੀਂ, ਪਰ ਉਸ ਨੂੰ ਸਮੇਂ ਸਿਰ ਅਤੇ ਸਹੀ ਕਾਨੂੰਨੀ ਪ੍ਰਕਿਰਿਆ ਰਾਹੀਂ ਹੀ ਅੱਗੇ ਵਧਣਾ ਪਵੇਗਾ।

## ਕਨੂੰਨ ਨੂੰ ਕੌਣ ਚੁਣੌਤੀ ਦੇਵੇਗਾ

ਇਸ ਕਾਨੂੰਨ ਨੂੰ ਕਾਨੂੰਨੀ ਚੁਣੌਤੀ ਮਿਲਣੀ ਲਗਭਗ ਤੈਅ ਹੈ। ਕੈਨੇਡਾ ਵਿੱਚ ਜਦੋਂ ਵੀ ਇਮੀਗ੍ਰੇਸ਼ਨ ਜਾਂ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਕੋਈ ਸਖ਼ਤ ਕਾਨੂੰਨ ਆਉਂਦਾ ਹੈ, ਤਾਂ ਉਸ ਨੂੰ ਅਦਾਲਤਾਂ ਵਿੱਚ ਚੁਣੌਤੀ ਦਿੱਤੀ ਜਾਂਦੀ ਹੈ। ਮੁੱਖ ਤੌਰ 'ਤੇ ਹੇਠ ਲਿਖੀਆਂ ਸੰਸਥਾਵਾਂ ਇਸ ਕਾਨੂੰਨ ਵਿਰੁੱਧ ਅਦਾਲਤ ਦਾ ਦਰਵਾਜ਼ਾ ਖੜਕਾ ਸਕਦੀਆਂ ਹਨ।

ਕੈਨੇਡੀਅਨ ਕੌਂਸਲ ਫਾਰ ਰਿਫਿਊਜੀਜ਼ ਸੰਸਥਾ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਇਹ ਕਾਨੂੰਨ ਅੰਤਰਰਾਸ਼ਟਰੀ ਨਿਯਮਾਂ ਦੇ ਉਲਟ ਹੈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਸੰਸਥਾ ਨਾਗਰਿਕਾਂ ਅਤੇ ਪਰਵਾਸੀਆਂ ਦੇ ਸੰਵਿਧਾਨਕ ਹੱਕਾਂ ਲਈ ਲੜਦੀ ਹੈ। ਕੈਨੇਡਾ ਦੇ ਕਈ ਨਾਮੀ ਵਕੀਲ ਸਮੂਹ ਇਸ ਨੂੰ 'ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼' ਦੀ ਉਲੰਘਣਾ ਮੰਨਦੇ ਹਨ। ਅਦਾਲਤ ਵਿੱਚ ਇਹ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ। ਕੈਨੇਡੀਅਨ ਚਾਰਟਰ ਦਾ ਸੈਕਸ਼ਨ 7 ਹਰ ਵਿਅਕਤੀ ਨੂੰ 'ਜੀਵਨ, ਆਜ਼ਾਦੀ ਅਤੇ ਸੁਰੱਖਿਆ' ਦਾ ਅਧਿਕਾਰ ਦਿੰਦਾ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਬਿਨਾਂ ਸੁਣਵਾਈ ਕਿਸੇ ਨੂੰ ਵਾਪਸ ਭੇਜਣਾ ਉਸ ਦੀ ਜਾਨ ਖ਼ਤਰੇ ਵਿੱਚ ਪਾਉਣਾ ਹੈ। ਕਾਨੂੰਨ ਕਹਿੰਦਾ ਹੈ ਕਿ ਹਰ ਕਿਸੇ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਮਿਲਣਾ ਚਾਹੀਦਾ ਹੈ। 14 ਦਿਨ ਜਾਂ ਇੱਕ ਸਾਲ ਦੀ ਸਖ਼ਤ ਮਿਆਦ ਇਸ ਹੱਕ ਨੂੰ ਖ਼ਤਮ ਕਰਦੀ ਹੈ। ਕੈਨੇਡਾ ਨੇ ਸੰਯੁਕਤ ਰਾਸ਼ਟਰ ਦੇ ਰਿਫਿਊਜੀ ਕਨਵੈਨਸ਼ਨ 'ਤੇ ਦਸਤਖ਼ਤ ਕੀਤੇ ਹੋਏ ਹਨ, ਜਿਸ ਤਹਿਤ ਉਹ ਕਿਸੇ ਅਸਲੀ ਪੀੜਤ ਨੂੰ ਸੁਰੱਖਿਆ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ।

ਅਦਾਲਤੀ ਕਾਰਵਾਈ ਲੰਬੀ ਚੱਲ ਸਕਦੀ ਹੈ। ਜੇਕਰ ਅਦਾਲਤ ਨੂੰ ਲੱਗਦਾ ਹੈ ਕਿ ਇਹ ਕਾਨੂੰਨ ਮੁੱਢਲੇ ਹੱਕਾਂ ਦਾ ਘਾਣ ਕਰ ਰਿਹਾ ਹੈ, ਤਾਂ ਉਹ ਇਸ ਦੇ ਲਾਗੂ ਹੋਣ 'ਤੇ ਅਸਥਾਈ ਰੋਕ ਲਗਾ ਸਕਦੀ ਹੈ।

ਸੋਧ ਦਾ ਹੁਕਮ ਸੁਪਰੀਮ ਕੋਰਟ ਸਰਕਾਰ ਨੂੰ ਕਹਿ ਸਕਦੀ ਹੈ ਕਿ ਉਹ ਕਾਨੂੰਨ ਵਿੱਚੋਂ "ਬਿਨਾਂ ਸੁਣਵਾਈ" ਵਾਲੀਆਂ ਧਾਰਾਵਾਂ ਹਟਾਵੇ ਜਾਂ ਉਨ੍ਹਾਂ ਨੂੰ ਨਰਮ ਕਰੇ।

ਸਰਕਾਰ ਦੀ ਜਿੱਤ ਜੇਕਰ ਸਰਕਾਰ ਇਹ ਸਾਬਤ ਕਰ ਦਿੰਦੀ ਹੈ ਕਿ ਇਹ ਕਾਨੂੰਨ "ਰਾਸ਼ਟਰੀ ਸੁਰੱਖਿਆ" ਅਤੇ "ਸਿਸਟਮ ਦੀ ਨਿਰਪੱਖਤਾ" ਲਈ ਜ਼ਰੂਰੀ ਹੈ, ਤਾਂ ਅਦਾਲਤ ਇਸ ਨੂੰ ਬਰਕਰਾਰ ਰੱਖ ਸਕਦੀ ਹੈ।

ਫਿਲਹਾਲ, ਇਹ ਕਾਨੂੰਨ ਲਾਗੂ ਹੈ, ਜਿਸਦਾ ਮਤਲਬ ਹੈ ਕਿ ਨਵੇਂ ਦਾਅਵੇਦਾਰਾਂ ਨੂੰ ਬਹੁਤ ਸਾਵਧਾਨ ਰਹਿਣਾ ਪਵੇਗਾ। ਜੇਕਰ ਇਹ ਮਾਮਲਾ ਸੁਪਰੀਮ ਕੋਰਟ ਤੱਕ ਜਾਂਦਾ ਹੈ, ਤਾਂ ਇਸ ਦਾ ਫੈਸਲਾ ਆਉਣ ਵਿੱਚ 1 ਤੋਂ 2 ਸਾਲ ਲੱਗ ਸਕਦੇ ਹਨ। ਉਦੋਂ ਤੱਕ ਹਜ਼ਾਰਾਂ ਭਾਰਤੀਆਂ (ਪੰਜਾਬੀਆਂ) ਦੇ ਕੇਸਾਂ 'ਤੇ ਇਸ ਦਾ ਸਿੱਧਾ ਅਸਰ ਪਵੇਗਾ।

## ਅੰਮ੍ਰਿਤਸਰ ਦੇ ਭਿੰਡੀ ਸੈਦਾ ਥਾਣੇ ਦੇ ਬਾਹਰ ਜ਼ੋਰਦਾਰ ਧਮਾਕਾ

ਅੰਮ੍ਰਿਤਸਰ-ਅੰਮਿਤਸਰ ਦਿਹਾਤੀ ਦੇ ਅਧੀਨ ਆਉਂਦੇ ਥਾਣਾ ਭਿੰਡੀ ਸੈਦਾ ਵਿਖੇ ਅੱਜ ਦੁਪਹਿਰ ਸਮੇਂ ਇੱਕ ਜ਼ੋਰਦਾਰ ਧਮਾਕਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮੁਢਲੀ ਜਾਣਕਾਰੀ ਅਨੁਸਾਰ, ਮੋਟਰਸਾਈਕਲ ਸਵਾਰ ਦੋ ਅਣਪਛਾਤੇ ਨੌਜਵਾਨਾਂ ਵੱਲੋਂ ਥਾਣੇ ਦੇ ਬਾਹਰ ਕੋਈ ਚੀਜ਼ ਸੁੱਟੀ ਗਈ, ਜਿਸ ਤੋਂ ਤੁਰੰਤ ਬਾਅਦ ਧਮਾਕਾ ਹੋਇਆ ਅਤੇ ਮੁਲਜ਼ਮ ਫ਼ਰਾਰ ਹੋ ਗਏ।

ਹਾਲਾਂਕਿ ਪੁਲਿਸ ਅਧਿਕਾਰੀ ਅਜੇ ਗ੍ਰੇਨੇਡ ਹਮਲੇ ਦੀ ਪੁਸ਼ਟੀ ਨਹੀਂ ਕਰ ਰਹੇ ਅਤੇ ਇਸ ਨੂੰ 'ਮਾਮੂਲੀ ਧਮਾਕਾ' ਦੱਸ ਰਹੇ ਹਨ। ਚਸ਼ਮਦੀਦਾਂ ਅਨੁਸਾਰ ਧਮਾਕਾ ਇੰਨਾ ਜ਼ੋਰਦਾਰ ਸੀ ਕਿ ਇਸ ਦੀ ਆਵਾਜ਼ ਕਾਫੀ ਦੂਰ ਤੱਕ ਸੁਣਾਈ ਦਿੱਤੀ। ਇਸ ਘਟਨਾ ਤੋਂ ਬਾਅਦ ਸਰਹੱਦੀ ਇਲਾਕੇ ਦੇ ਲੋਕਾਂ ਵਿੱਚ ਭਾਰੀ ਡਰ ਅਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਲੋਕਾਂ ਨੇ ਮੰਗ ਕੀਤੀ ਹੈ ਕਿ ਪੁਲਿਸ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਸਖ਼ਤ ਕੀਤਾ ਜਾਵੇ।

ਤੀਜੀ ਸੰਸਾਰ ਜੰਗ ਦਾ ਖ਼ਤਰਾ!

# ਜੇ ਛਿੜੀ ਜੰਗ ਤਾਂ ਦੁਨੀਆ ਦੇ ਇਹ 8 ਦੇਸ਼ ਰਹਿਣਗੇ ਸਭ ਤੋਂ ਸੁਰੱਖਿਅਤ

ਖਾਸ ਖਬਰ

ਦੁਨੀਆ ਭਰ ਵਿੱਚ ਵਧਦੀ ਅਸਥਿਰਤਾ ਅਤੇ ਇਜ਼ਰਾਈਲ-ਈਰਾਨ ਵਿਚਾਲੇ ਚੱਲ ਰਹੀ ਜੰਗ ਨੇ ਪੂਰੀ ਦੁਨੀਆ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਅਮਰੀਕਾ ਅਤੇ ਰੂਸ ਵਰਗੀਆਂ ਵੱਡੀਆਂ ਤਾਕਤਾਂ ਦੇ ਆਹਮੋ-ਸਾਹਮਣੇ ਹੋਣ ਕਾਰਨ ਮਾਹਿਰ ਹੁਣ 'ਤੀਜੀ ਸੰਸਾਰ ਜੰਗ' ਦੀ ਸੰਭਾਵਨਾ ਜਤਾ ਰਹੇ ਹਨ। ਮਾਹਿਰਾਂ ਅਨੁਸਾਰ, ਦੁਨੀਆ ਦੇ 8 ਅਜਿਹੇ ਦੇਸ਼ ਹਨ ਜੋ ਆਪਣੀ ਭੂਗੋਲਿਕ ਸਥਿਤੀ ਅਤੇ ਨੀਤੀਆਂ ਕਾਰਨ ਕਿਸੇ ਵੀ ਵੱਡੇ ਸੰਘਰਸ਼ ਤੋਂ ਬਚੇ ਰਹਿ ਸਕਦੇ ਹਨ।

ਨਿਊਜ਼ੀਲੈਂਡ ਨੂੰ ਦੁਨੀਆ ਦੀ ਉਥਲ-ਪੁਥਲ ਤੋਂ ਸਭ ਤੋਂ ਦੂਰ ਅਤੇ ਸੁਰੱਖਿਅਤ ਮੰਨਿਆ ਜਾਂਦਾ ਹੈ। ਪ੍ਰਸ਼ਾਂਤ ਮਹਾਂਸਾਗਰ ਦੇ ਦੱਖਣ ਵਿੱਚ ਸਥਿਤ ਹੋਣ ਕਾਰਨ ਇਹ ਵੱਡੀਆਂ ਫੌਜੀ ਤਾਕਤਾਂ ਦੀ ਪਹੁੰਚ ਤੋਂ ਕਾਫੀ ਦੂਰ ਹੈ। ਪਰਮਾਣੂ ਜੰਗ ਦੌਰਾਨ ਅੰਟਾਰਕਟਿਕਾ ਸਭ ਤੋਂ ਸੁਰੱਖਿਅਤ ਥਾਂ ਹੋ ਸਕਦੀ ਹੈ। ਇਹ ਮਹਾਂਦੀਪ



ਪੂਰੀ ਤਰ੍ਹਾਂ ਅਲੱਗ-ਥਲੱਗ ਹੈ ਅਤੇ ਇੱਥੇ ਕੋਈ ਫੌਜੀ ਟਿਕਾਣਾ ਨਾ ਹੋਣ ਕਾਰਨ ਹਮਲੇ ਦੀ ਸੰਭਾਵਨਾ ਬਹੁਤ ਘੱਟ ਹੈ।

ਦੱਖਣੀ ਅਮਰੀਕਾ ਦਾ ਇਹ ਦੇਸ਼ ਐਂਡੀਜ਼ ਪਹਾੜੀਆਂ ਅਤੇ ਸਮੁੰਦਰ ਨਾਲ ਘਿਰਿਆ ਹੋਇਆ ਹੈ। ਖੇਤੀਬਾੜੀ ਅਤੇ ਕੁਦਰਤੀ ਸਰੋਤਾਂ ਪੱਖੋਂ ਆਤਮ-ਨਿਰਭਰ ਹੋਣ ਕਰਕੇ, ਜੰਗ ਦੌਰਾਨ ਵੀ ਇੱਥੋਂ ਦੇ ਲੋਕ ਆਪਣਾ ਗੁਜ਼ਾਰਾ ਕਰ ਸਕਦੇ ਹਨ।

ਅਰਜਨਟੀਨਾ ਕੋਲ ਖੇਤੀਬਾੜੀ ਲਈ ਬਹੁਤ ਵੱਡੀ ਜ਼ਮੀਨ ਹੈ। ਜੇਕਰ ਦੁਨੀਆ ਭਰ ਵਿੱਚ ਭੋਜਨ ਦੀ ਸਪਲਾਈ ਰੁਕਦੀ ਹੈ, ਤਾਂ ਵੀ ਇਹ ਦੇਸ਼ ਆਪਣੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੈ।

ਚਾਰੋਂ ਪਾਸਿਓਂ ਜ਼ਮੀਨ ਨਾਲ ਘਿਰਿਆ ਇਹ ਦੇਸ਼ ਬਹੁਤ ਸ਼ਾਂਤ ਹੈ। ਇਸ ਦੀ ਖੇਤੀਬਾੜੀ ਅਰਥਵਿਵਸਥਾ ਇਸ ਨੂੰ ਦੁਨੀਆ ਦੀ ਸਿਆਸਤ ਤੋਂ ਦੂਰ ਅਤੇ ਸੁਰੱਖਿਅਤ ਰੱਖਦੀ ਹੈ।

ਉਰੂਗਵੇ ਦੀ ਵਿਦੇਸ਼ ਨੀਤੀ ਹਮੇਸ਼ਾ ਦੂਜੇ ਦੇਸ਼ਾਂ ਦੇ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਦੀ ਰਹੀ ਹੈ। ਇਹ ਦੇਸ਼ ਅੰਤਰਰਾਸ਼ਟਰੀ ਤਣਾਅ ਵਾਲੇ ਖੇਤਰਾਂ ਤੋਂ ਕਾਫੀ ਦੂਰ ਸਥਿਤ ਹੈ। ਭਾਰਤ ਅਤੇ ਚੀਨ ਦੇ ਵਿਚਕਾਰ ਹੋਣ ਦੇ ਬਾਵਜੂਦ, ਭੂਟਾਨ ਨੇ ਹਮੇਸ਼ਾ 'ਗੁੱਟ-ਨਿਰਲੇਪਤਾ' ਦੀ ਨੀਤੀ ਅਪਣਾਈ ਹੈ। ਉੱਚੀਆਂ ਪਹਾੜੀਆਂ ਨਾਲ ਘਿਰਿਆ ਇਹ ਦੇਸ਼ ਦੁਨੀਆ ਦੇ ਰੌਲੇ-ਰੱਪੇ ਤੋਂ ਬਿਲਕੁਲ ਵੱਖਰਾ ਹੈ।

ਸਵਿਟਜ਼ਰਲੈਂਡ ਪਿਛਲੇ 200 ਸਾਲਾਂ ਤੋਂ ਕਿਸੇ ਵੀ ਜੰਗ ਦਾ ਹਿੱਸਾ ਨਹੀਂ ਬਣਿਆ। ਇੱਥੋਂ ਦੇ ਪਹਾੜੀ ਰਸਤੇ ਅਤੇ ਬੰਕਰਾਂ ਦਾ ਮਜ਼ਬੂਤ ਨੈੱਟਵਰਕ ਇਸ ਨੂੰ ਇੱਕ ਕਿਲ੍ਹੇ ਵਾਂਗ ਸੁਰੱਖਿਅਤ ਬਣਾਉਂਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਦੇਸ਼ ਨਾ ਸਿਰਫ ਫੌਜੀ ਹਮਲਿਆਂ ਤੋਂ ਬਚ ਸਕਦੇ ਹਨ, ਬਲਕਿ ਜੰਗ ਦੌਰਾਨ ਪੈਦਾ ਹੋਣ ਵਾਲੀ ਭੋਜਨ ਦੀ ਕਿੱਲਤ ਨਾਲ ਨਜਿੱਠਣ ਲਈ ਵੀ ਤਿਆਰ ਹਨ।

## ਮਾਛੀਵਾੜਾ ਵਿਚ ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਤਿਵਾੜੀ ਦਾ ਕਤਲ

ਮਾਛੀਵਾੜਾ ਸਾਹਿਬ/ਲੁਧਿਆਣਾ- ਬੀਤੇ ਦਿਨੀਂ ਮਾਛੀਵਾੜਾ ਸਾਹਿਬ ਵਿਖੇ ਸੀਨੀਅਰ ਕਾਂਗਰਸੀ ਆਗੂ ਅਤੇ ਬਲਾਕ



ਪ੍ਰਧਾਨ ਪਰਮਿੰਦਰ ਤਿਵਾੜੀ ਦਾ ਕੁਹਾੜੀ ਨਾਲ ਹਮਲਾ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਹ ਵਾਰਦਾਤ ਉਸ ਸਮੇਂ ਵਾਪਰੀ ਜਦੋਂ ਉਹ ਤੱਖਰਾਂ-ਹਾੜੀਆਂ ਰੋਡ 'ਤੇ ਸਥਿਤ ਕੁਆਰਟਰਾਂ ਦੇ ਬਾਹਰ ਬੈਠੇ ਫੋਨ 'ਤੇ ਗੱਲ ਕਰ ਰਹੇ ਸਨ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਮਾਲਵਾ ਚੌਕ ਵੱਲ ਫਰਾਰ ਹੋ ਗਏ ਅਤੇ ਖੂਨ ਨਾਲ ਲਿੱਬੜੀ ਕੁਹਾੜੀ ਵੀ ਰਸਤੇ ਵਿੱਚ ਹੀ ਸੁੱਟ ਗਏ।

ਗੰਭੀਰ ਹਾਲਤ ਵਿੱਚ ਪਰਮਿੰਦਰ ਤਿਵਾੜੀ ਨੂੰ ਪਹਿਲਾਂ ਮਾਛੀਵਾੜਾ ਦੇ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਲੁਧਿਆਣਾ ਦੇ ਫੋਰਟਿਸ ਹਸਪਤਾਲ ਰੈਫਰ ਕਰ ਦਿੱਤਾ ਗਿਆ। ਹਾਲਾਂਕਿ, ਡਾਕਟਰਾਂ ਨੇ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਵਾਲੀ ਥਾਂ 'ਤੇ ਮੌਜੂਦ ਲੋਕਾਂ ਵਿੱਚ ਪੁਲਿਸ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਹੈ; ਉਨ੍ਹਾਂ ਦਾ ਦੋਸ਼ ਹੈ ਕਿ ਵਾਰਦਾਤ ਸਮੇਂ 100 ਨੰਬਰ 'ਤੇ ਕਈ ਵਾਰ ਫੋਨ ਕੀਤਾ ਗਿਆ ਪਰ ਕਿਸੇ ਨੇ ਫੋਨ ਨਹੀਂ ਚੁੱਕਿਆ।

ਪਰਮਿੰਦਰ ਤਿਵਾੜੀ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਕਾਫੀ ਨਜ਼ਦੀਕੀ ਸਨ। ਪੁਲਿਸ ਵੱਲੋਂ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ।

# ਬੀਐਸਐਫ ਜਵਾਨ ਦੀ ਹਿਰਾਸਤੀ ਮੌਤ

## ✪ ਜਥੇਦਾਰ ਗੜਗੱਜ ਵੱਲੋਂ ਐਨਸੀਬੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ

ਜੰਮੂ/ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬਾਰਡਰ ਸੁਰੱਖਿਆ ਫੋਰਸ ਦੇ ਜਵਾਨ ਜਸਵਿੰਦਰ ਸਿੰਘ ਦੀ ਨਾਰਕੋਟਿਕਸ ਕੰਟ੍ਰੋਲ ਬਿਊਰੋ ਦੀ ਹਿਰਾਸਤ ਵਿੱਚ ਹੋਈ ਮੌਤ ਨੂੰ 'ਬੇਰਹਿਮੀ ਨਾਲ ਕੀਤਾ ਕਤਲ' ਕਰਾਰ ਦਿੱਤਾ ਹੈ। ਜੰਮੂ ਦੌਰੇ ਦੌਰਾਨ ਜਥੇਦਾਰ ਗੜਗੱਜ ਨੇ ਮਹਿਲੋਵਾਲ (ਆਰ. ਐੱਸ. ਪੁਰਾ) ਵਿਖੇ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦਾ ਭਰੋਸਾ ਦਿੱਤਾ।

ਹਿਰਾਸਤ 'ਚ ਤਸ਼ੱਦਦ ਦੇ ਗੰਭੀਰ ਦੋਸ਼- ਜਥੇਦਾਰ ਗੜਗੱਜ ਨੇ ਦਾਅਵਾ ਕੀਤਾ ਕਿ ਜਸਵਿੰਦਰ ਸਿੰਘ ਦੇ ਸਰੀਰ 'ਤੇ ਭਾਰੀ ਤਸ਼ੱਦਦ ਦੇ ਨਿਸ਼ਾਨ ਮਿਲੇ ਹਨ, ਜੋ ਸਪੱਸ਼ਟ ਕਰਦੇ ਹਨ ਕਿ ਉਸ ਨੂੰ ਹਿਰਾਸਤ ਦੌਰਾਨ ਬੁਰੀ ਤਰ੍ਹਾਂ ਤਸੀਹੇ ਦਿੱਤੇ ਗਏ। ਉਨ੍ਹਾਂ ਕਿਹਾ ਕਿ



ਜਸਵਿੰਦਰ ਸਿੰਘ ਬੰਗਲਾਦੇਸ਼ ਸਰਹੱਦ 'ਤੇ ਦੇਸ਼ ਦੀ ਸੇਵਾ ਕਰ ਰਿਹਾ ਸੀ ਅਤੇ ਛੁੱਟੀ ਆਉਣ 'ਤੇ ਐਨਸੀਬੀ ਨੇ ਉਸ ਨੂੰ ਚੁੱਕਿਆ ਸੀ। ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਸਿੱਖ ਜਵਾਨਾਂ ਦਾ ਆਪਣੀ ਹੀ ਧਰਤੀ 'ਤੇ ਸੁਰੱਖਿਅਤ ਨਾ ਹੋਣਾ ਬੇਹੱਦ ਮੰਦਭਾਗਾ ਹੈ। ਪਰਿਵਾਰ ਕੋਲ ਤਸ਼ੱਦਦ ਦੇ ਪੁਖ਼ਤਾ ਸਬੂਤ ਮੌਜੂਦ ਹਨ।

ਸਰਕਾਰਾਂ ਨੂੰ ਅਪੀਲ ਅਤੇ ਚੇਤਾਵਨੀ- ਜੰਮੂ ਦੇ ਆਰ.ਐੱਸ. ਪੁਰਾ ਖੇਤਰ ਵਿੱਚ ਇੱਕ ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਅਤੇ ਸੂਬਾ ਸਰਕਾਰ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਲਈ ਕਿਹਾ। ਉਨ੍ਹਾਂ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਦੀ ਸਥਿਤੀ ਸਪੱਸ਼ਟ ਕੀਤੀ ਜਾਵੇ। ਜ਼ਿੰਮੇਵਾਰ ਛੇ ਅਧਿਕਾਰੀਆਂ ਵਿਰੁੱਧ ਕਤਲ ਦਾ ਮਾਮਲਾ ਦਰਜ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਉਨ੍ਹਾਂ ਦੇ ਨਾਲ ਡੀ.ਜੀ.ਪੀ.ਸੀ. ਜੰਮੂ ਦੇ ਪ੍ਰਧਾਨ ਰਣਜੀਤ ਸਿੰਘ ਟੌਹੜਾ ਅਤੇ ਹੋਰ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਮੌਜੂਦ ਸਨ। ਜਥੇਦਾਰ ਨੇ ਸਪੱਸ਼ਟ ਕੀਤਾ ਕਿ ਸਮੁੱਚਾ ਖ਼ਾਲਸਾ ਪੰਥ ਇਨਸਾਫ਼ ਦੀ ਇਸ ਲੜਾਈ ਵਿੱਚ ਪਰਿਵਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

## ਅੰਮ੍ਰਿਤਸਰ ਪੁਲਿਸ ਵੱਲੋਂ ਵੱਡੀ ਸਾਜ਼ਿਸ਼ ਨਾਕਾਮ

# ਨਾਕਾਬੰਦੀ ਦੌਰਾਨ 2 ਸਬ-ਮਸ਼ੀਨ ਗਨਾਂ ਬਰਾਮਦ

## ✪ ਆਈਐਸਆਈ ਤੇ ਗੈਂਗਸਟਰਾਂ ਦੇ ਗਠਜੋੜ ਦਾ ਖੁਲਾਸਾ

ਅੰਮ੍ਰਿਤਸਰ-ਪੰਜਾਬ ਵਿੱਚ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਜੁਟੇ ਗੈਂਗਸਟਰਾਂ ਨੂੰ ਅੰਮ੍ਰਿਤਸਰ ਪੁਲਿਸ ਨੇ ਇੱਕ ਵੱਡਾ ਝਟਕਾ ਦਿੱਤਾ ਹੈ। ਬੀਤੇ ਦਿਨੀਂ ਕੀਤੀ ਗਈ ਨਾਕਾਬੰਦੀ ਦੌਰਾਨ ਪੁਲਿਸ ਨੇ ਦੋ ਅਤਿ-ਆਧੁਨਿਕ ਸਬ-ਮਸ਼ੀਨ ਗੰਨਾਂ ਬਰਾਮਦ ਕਰਕੇ ਇੱਕ ਭਿਆਨਕ ਖ਼ੂਨੀ ਵਾਰਦਾਤ ਦੀ ਸਾਜ਼ਿਸ਼ ਨੂੰ ਫੇਲ੍ਹ ਕਰ ਦਿੱਤਾ ਹੈ।

ਜਾਣਕਾਰੀ ਅਨੁਸਾਰ, ਪੁਲਿਸ ਵੱਲੋਂ ਲਗਾਏ ਗਏ ਨਾਕੇ 'ਤੇ ਜਦੋਂ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ, ਤਾਂ ਦੋ ਮੁਲਜ਼ਮ ਪੁਲਿਸ ਨੂੰ ਚਕਮਾ ਦੇ ਕੇ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ। ਹਾਲਾਂਕਿ, ਪੁਲਿਸ ਨੇ ਮੌਕੇ ਤੋਂ ਘਾਤਕ ਹਥਿਆਰ ਬਰਾਮਦ ਕਰ ਲਏ ਹਨ ਅਤੇ ਫਰਾਰ ਮੁਲਜ਼ਮਾਂ ਦੀ ਭਾਲ ਲਈ ਇਲਾਕੇ ਵਿੱਚ ਸਰਚ ਆਪਰੇਸ਼ਨ ਤੇਜ਼ ਕਰ ਦਿੱਤਾ ਗਿਆ ਹੈ।

ਗੈਂਗਸਟਰ ਗੋਲਡੀ ਅਤੇ ਡਰੋਨ ਕਨੈਕਸ਼ਨ-ਮੁੱਢਲੀ ਜਾਂਚ ਵਿੱਚ ਬੇਹੱਦ ਚੌਂਕਾ ਦੇਣ ਵਾਲੇ ਤੱਥ ਸਾਹਮਣੇ ਆਏ ਹਨ। ਪੁਲਿਸ ਸੂਤਰਾਂ ਅਨੁਸਾਰ ਇਹ ਹਥਿਆਰ ਖਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ਼ ਗੋਲਡੀ ਦੇ ਇਸ਼ਾਰੇ 'ਤੇ ਮੰਗਵਾਏ ਗਏ ਸਨ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਹ ਹਥਿਆਰ ਪਾਕਿਸਤਾਨ ਤੋਂ ਡਰੋਨ ਰਾਹੀਂ ਭਾਰਤੀ ਸਰਹੱਦ ਦੇ ਅੰਦਰ ਸੁੱਟੇ ਗਏ ਸਨ। ਪੁਲਿਸ ਦੀ ਜਾਂਚ ਮੁਤਾਬਕ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈ.ਐਸ.ਆਈ. ਗੈਂਗਸਟਰਾਂ ਦੀ ਮਦਦ ਨਾਲ ਪੰਜਾਬ ਵਿੱਚ ਹਥਿਆਰਾਂ ਦੀ ਸਪਲਾਈ ਵਧਾ ਰਹੀ ਹੈ। ਇਹ ਸਪੱਸ਼ਟ ਹੈ ਕਿ ਇਹ ਹਥਿਆਰ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੇ ਜਾਣੇ ਸਨ। ਪੁਲਿਸ ਕਮਿਸ਼ਨਰ ਵੱਲੋਂ ਜਲਦ ਹੀ ਪ੍ਰੈੱਸ ਕਾਨਫਰੰਸ ਕਰਕੇ ਇਸ ਮਾਮਲੇ ਦੇ ਹੋਰ ਡੂੰਘੇ ਤਾਰਾਂ ਅਤੇ ਅਗਲੀ ਕਾਰਵਾਈ ਬਾਰੇ ਖੁਲਾਸੇ ਕੀਤੇ ਜਾਣਗੇ।

# ਲਗਾਤਾਰ ਸਫਲਤਾਵਾਂ ਦੀ ਪੌੜੀ ਚੜ੍ਹਦਾ ਹੋਇਆ - ਫਰੀਦਕੋਟੀਆ ਲਵਲੀ ਸਰਾਂ

**ਸੰਦੀਪ ਕੁਮਾਰ**
7009807121



ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸਰਾਵਾਂ ਵਾਸੀ ਸੁਖਜਿੰਦਰ ਸਿੰਘ ਉਰਫ਼ ਲਵਲੀ ਸਰਾਂ ਲਗਾਤਾਰ ਸਫਲਤਾਵਾਂ ਦੀ ਪੌੜੀ ਚੜ੍ਹਦੇ ਜਾ ਰਹੇ ਹਨ। ਮਿਤੀ 14 ਤੋਂ 16 ਮਾਰਚ 2026 ਨੂੰ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਹੋਈਆਂ 45ਵੀਂ ਨੈਸ਼ਨਲ ਲੈਵਲ ਮਾਸਟਰਜ ਚੈਂਪੀਅਨਸ਼ਿਪ ਵਿੱਚ ਉਨ੍ਹਾਂ ਨੇ ਸ਼ਾਟਪੁੱਟ ਅਤੇ ਡਿਸਕਸ ਥਰੋ ਵਿੱਚ ਗੋਲਡ ਮੈਡਲ ਤੇ ਹੈਮਰ ਥਰੋ ਵਿੱਚ ਸਿਲਵਰ ਮੈਡਲ ਜਿੱਤ ਕੇ ਨਾ ਸਿਰ਼ਫ ਪੰਜਾਬ ਦਾ ਨਾਮ ਰੌਸ਼ਨ ਕੀਤਾ ਬਲਕਿ ਆਪਣੇ ਪਿੰਡ ਸਰਾਵਾਂ ਅਤੇ ਪੂਰੇ ਫਰੀਦਕੋਟ ਇਲਾਕੇ ਦਾ ਮਾਣ ਵੀ ਵਧਾਇਆ ਹੈ। ਇਸ ਮੌਕੇ ਲਵਲੀ ਸਰਾਂ ਨੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਵੀ ਦਿੱਤਾ। ਇਹ ਤਾਜ਼ਾ ਉਪਲਬਧੀ ਉਨ੍ਹਾਂ ਦੀਆਂ ਪਿਛਲੀਆਂ ਸਫਲਤਾਵਾਂ ਨੂੰ ਹੋਰ ਚਮਕਦਾਰ ਬਣਾਉਂਦੀ ਹੈ ਅਤੇ ਇਹ ਸਾਬਤ ਕਰਦੀ ਹੈ ਕਿ ਲਗਨ, ਮਿਹਨਤ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਕੋਈ ਵੀ ਮੁਕਾਮ ਹਾਸਿਲ ਕੀਤਾ ਜਾ ਸਕਦਾ ਹੈ।






**ਲਵਲੀ ਸਰਾਂ ਦੀ ਖੇਡ ਯਾਤਰਾ ਬਚਪਨ ਤੋਂ ਹੀ ਡੂੰਘੀ ਰਹੀ ਹੈ। ਛੋਟੀ ਉਮਰ ਵਿੱਚ ਕਬੱਡੀ ਤੋਂ ਸ਼ੁਰੂਆਤ ਕਰਕੇ ਉਨ੍ਹਾਂ ਨੇ ਇਲਾਕੇ ਦੇ ਮੁਕਾਬਲਿਆਂ ਵਿੱਚ ਆਪਣੀ ਵੱਖਰੀ ਪਛਾਣ ਬਣਾਈ। ਸੱਟ ਤੋਂ ਬਾਅਦ ਉਨ੍ਹਾਂ ਨੇ ਆਪਣੀ ਊਰਜਾ ਨੂੰ ਹੈਮਰ ਥਰੋ, ਗੋਲਾ ਸੁੱਟਣਾ ਅਤੇ ਡਿਸਕਸ ਥਰੋ ਵੱਲ ਲਗਾਇਆ ਅਤੇ ਇਸ ਵਿੱਚ ਵੀ ਸ਼ਾਨਦਾਰ ਸਫਲਤਾ ਹਾਸਿਲ ਕੀਤੀ। ਉਨ੍ਹਾਂ ਦੀਆਂ ਪਿਛਲੀਆਂ ਉਪਲਬਧੀਆਂ ਵੀ ਲਗਾਤਾਰ ਚਮਕਦੀਆਂ ਰਹੀਆਂ ਹਨ। ਪਿਛਲੇ ਸਾਲ ਧਰਮਸ਼ਾਲਾ, ਹਿਮਾਚਲ ਪ੍ਰਦੇਸ਼ ਵਿਖੇ ਹੋਈਆਂ 7ਵੀਂ ਨੈਸ਼ਨਲ ਮਾਸਟਰ ਐਥਲੈਟਿਕ ਖੇਡਾਂ ਵਿੱਚ ਉਨ੍ਹਾਂ ਨੇ ਹੈਮਰ ਥਰੋ, ਗੋਲਾ ਸੁੱਟਣਾ ਅਤੇ ਡਿਸਕਸ ਥਰੋ ਵਿੱਚ ਤਿੰਨ ਮੈਡਲ ਜਿੱਤੇ।**

ਸੁਖਜਿੰਦਰ ਸਿੰਘ ਉਰਫ਼ ਲਵਲੀ ਸਰਾਂ ਦਾ ਜਨਮ ਪਿੰਡ ਸਰਾਵਾਂ ਵਿੱਚ ਸਰਦਾਰ ਕੁਲਦੀਪ ਸਿੰਘ ਅਤੇ ਸਰਦਾਰਨੀ ਪਰਮਜੀਤ ਕੌਰ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਖੇਤੀਬਾੜੀ ਨਾਲ ਜੁੜੇ ਹੋਏ ਸਨ ਜਦਕਿ ਮਾਤਾ ਜੀ ਸਾਬਕਾ ਸਰਪੰਚ ਰਹਿ ਚੁੱਕੇ ਹਨ। ਬਚਪਨ ਤੋਂ ਹੀ ਲਵਲੀ ਸਰਾਂ ਵਿੱਚ ਖੇਡਾਂ ਪ੍ਰਤੀ ਅਟੁੱਟ ਲਗਾਅ ਸੀ। ਇਹ ਲਗਾਅ ਉਨ੍ਹਾਂ ਨੂੰ ਵਿਰਾਸਤ ਵਿੱਚ ਮਿਲਿਆ ਕਿਉਂਕਿ ਉਨ੍ਹਾਂ ਦੇ ਦਾਦਾ ਜੀ ਪੰਜਾਬ ਪੁਲਿਸ ਵਿੱਚ ਇੱਕ ਮਸ਼ਹੂਰ ਪਹਿਲਵਾਨ ਸਨ। ਇਸ ਪਰਿਵਾਰਕ ਪਿਛੋਕੜ ਨੇ ਉਨ੍ਹਾਂ ਨੂੰ ਖੇਡਾਂ ਦੇ ਮੈਦਾਨ ਵਿੱਚ ਕੁਝ ਵੱਡਾ ਕਰਨ ਦੀ ਪ੍ਰੇਰਣਾ ਦਿੱਤੀ। ਛੋਟੀ ਉਮਰ ਵਿੱਚ ਹੀ ਉਨ੍ਹਾਂ ਨੇ ਕਬੱਡੀ ਖੇਡਣੀ ਸ਼ੁਰੂ ਕਰ ਦਿੱਤੀ ਅਤੇ ਇਲਾਕੇ ਦੇ ਕਈ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਪਰ ਇੱਕ ਗੰਭੀਰ ਸੱਟ ਕਾਰਨ ਕਬੱਡੀ ਛੱਡਣੀ ਪਈ। ਇਸ ਘਟਨਾ ਨੇ ਉਨ੍ਹਾਂ ਦਾ ਹੌਸਲਾ ਨਹੀਂ ਤੋੜਿਆ ਬਲਕਿ ਉਨ੍ਹਾਂ ਨੇ ਆਪਣੀ ਊਰਜਾ ਨੂੰ ਐਥਲੈਟਿਕਸ ਵੱਲ ਮੋੜਿਆ ਅਤੇ ਥਰੋਇੰਗ ਈਵੈਂਟਸ ਵਿੱਚ ਨਵੀਆਂ ਉਚਾਈਆਂ ਛੂਹੀਆਂ।

ਤਕਨੀਕੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਲਵਲੀ ਸਰਾਂ ਨੇ ਅਧਿਆਪਕ ਵਜੋਂ ਪੇਸ਼ਾ ਚੁਣਿਆ ਅਤੇ ਅੱਜ ਉਹ ਸਰਕਾਰੀ ਹਾਈ ਸਕੂਲ ਸਿਵੀਆਂ, ਜ਼ਿਲ੍ਹਾ ਫਰੀਦਕੋਟ ਵਿੱਚ ਸੇਵਾ ਨਿਭਾ ਰਹੇ ਹਨ। ਇੱਥੇ ਉਹ ਵਿਦਿਆਰਥੀਆਂ ਨੂੰ ਨਾ ਸਿਰ਼ਫ ਪੜ੍ਹਾਈ ਦੀ ਦਿਸ਼ਾ ਵਿੱਚ ਉਤਸ਼ਾਹਿਤ ਕਰਦੇ ਹਨ ਬਲਕਿ ਖੇਡਾਂ ਵੱਲ ਵੀ ਪੂਰੀ ਲਗਨ ਨਾਲ ਤਿਆਰ ਕਰਦੇ ਹਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਇਹ ਹੈ ਕਿ ਸਕੂਲ ਦੇ ਬੱਚੇ ਬਲਾਕ ਪੱਧਰ, ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੀਆਂ ਖੇਡਾਂ ਵਿੱਚ ਲੋਹਾ ਮਨਵਾ ਰਹੇ ਹਨ। ਪੰਜਾਬ ਸਰਕਾਰ ਦੀ ਮੁਹਿੰਮ 'ਖੇਡੋ ਵਤਨ ਪੰਜਾਬ' ਤਹਿਤ ਵੀ ਉਨ੍ਹਾਂ ਦੇ ਵਿਦਿਆਰਥੀਆਂ ਨੇ ਉੱਚ ਪੁਜੀਸ਼ਨਾਂ ਹਾਸਿਲ ਕਰਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਲਵਲੀ ਸਰਾਂ ਲਈ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਅਤੇ ਤੰਦਰੁਸਤ ਜੀਵਨ ਵੱਲ ਪ੍ਰੇਰਿਤ ਕਰਨਾ ਜੀਵਨ ਦਾ ਮਿਸ਼ਨ ਬਣ ਚੁੱਕਾ ਹੈ। ਹਰ ਰੋਜ਼ ਉਹ ਪਿੰਡ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਗਰਾਊਂਡ ਵਿੱਚ ਲੈ ਕੇ ਖੇਡਾਂ ਲਈ ਤਿਆਰ ਕਰਦੇ ਹਨ, ਉਨ੍ਹਾਂ ਨੂੰ ਸਿਹਤਮੰਦ ਜੀਵਨ ਦੀ ਅਹਿਮੀਅਤ ਸਮਝਾਉਂਦੇ ਹਨ ਅਤੇ ਸੋਸ਼ਲ ਮੀਡੀਆ ਰਾਹੀਂ ਫਿਟਨੈੱਸ ਵੀਡੀਓਜ਼ ਤੇ ਕੋਚਿੰਗ ਦੇ ਜ਼ਰੀਏ ਹਜ਼ਾਰਾਂ ਨੌਜਵਾਨਾਂ ਲਈ ਪ੍ਰੇਰਣਾ ਬਣੇ ਹੋਏ ਹਨ। ਉਨ੍ਹਾਂ ਵੱਲੋਂ ਪਿੰਡ ਵਿੱਚ ਫਿਟਨੈੱਸ ਕੈਂਪ, ਖ਼ੂਨਦਾਨ ਕੈਂਪ ਅਤੇ ਖੇਡ ਟੂਰਨਾਮੈਂਟਾਂ ਦਾ ਆਯੋਜਨ ਕਰਨਾ ਉਨ੍ਹਾਂ ਦੀ ਰੋਜ਼ਾਨਾ ਰੁਟੀਨ ਦਾ ਹਿੱਸਾ ਹੈ। ਇਸ ਤਰ੍ਹਾਂ ਉਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੇ ਹੋਏ ਇੱਕ ਸਿਹਤਮੰਦ ਸਮਾਜ ਦੀ ਉਸਾਰੀ ਵਿੱਚ ਯੋਗਦਾਨ ਪਾ ਰਹੇ ਹਨ।

ਲਵਲੀ ਸਰਾਂ ਦੀ ਖੇਡ ਯਾਤਰਾ ਬਚਪਨ ਤੋਂ ਹੀ ਡੂੰਘੀ ਰਹੀ ਹੈ। ਛੋਟੀ ਉਮਰ ਵਿੱਚ ਕਬੱਡੀ ਤੋਂ ਸ਼ੁਰੂਆਤ ਕਰਕੇ ਉਨ੍ਹਾਂ ਨੇ ਇਲਾਕੇ ਦੇ ਮੁਕਾਬਲਿਆਂ ਵਿੱਚ ਆਪਣੀ ਵੱਖਰੀ ਪਛਾਣ ਬਣਾਈ। ਸੱਟ ਤੋਂ ਬਾਅਦ ਉਨ੍ਹਾਂ ਨੇ ਆਪਣੀ ਊਰਜਾ ਨੂੰ ਹੈਮਰ ਥਰੋ, ਗੋਲਾ ਸੁੱਟਣਾ ਅਤੇ ਡਿਸਕਸ ਥਰੋ ਵੱਲ ਲਗਾਇਆ ਅਤੇ ਇਸ ਵਿੱਚ ਵੀ ਸ਼ਾਨਦਾਰ ਸਫਲਤਾ ਹਾਸਿਲ ਕੀਤੀ। ਉਨ੍ਹਾਂ ਦੀਆਂ ਪਿਛਲੀਆਂ ਉਪਲਬਧੀਆਂ ਵੀ ਲਗਾਤਾਰ ਚਮਕਦੀਆਂ ਰਹੀਆਂ ਹਨ। ਪਿਛਲੇ ਸਾਲ ਧਰਮਸ਼ਾਲਾ, ਹਿਮਾਚਲ ਪ੍ਰਦੇਸ਼ ਵਿਖੇ ਹੋਈਆਂ 7ਵੀਂ ਨੈਸ਼ਨਲ ਮਾਸਟਰ ਐਥਲੈਟਿਕ ਖੇਡਾਂ ਵਿੱਚ ਉਨ੍ਹਾਂ ਨੇ ਹੈਮਰ ਥਰੋ, ਗੋਲਾ ਸੁੱਟਣਾ ਅਤੇ ਡਿਸਕਸ ਥਰੋ ਵਿੱਚ ਤਿੰਨ ਮੈਡਲ ਜਿੱਤੇ। ਇਸ ਤੋਂ ਬਾਅਦ ਉਨ੍ਹਾਂ ਦੀ ਚੋਣ ਸ੍ਰੀਲੰਕਾ ਵਿਖੇ ਹੋਈਆਂ 38ਵੀਂ ਇੰਟਰਨੈਸ਼ਨਲ ਓਪਨ ਮਾਸਟਰ ਅਥਲੈਟਿਕ ਖੇਡਾਂ (5 ਤੋਂ 6 ਜੁਲਾਈ 2025) ਲਈ ਹੋਈ ਜਿੱਥੇ ਉਨ੍ਹਾਂ ਨੇ ਸ਼ਾਟ ਪੁੱਟ ਵਿੱਚ ਸੋਨੇ ਦਾ ਤਗਮਾ ਅਤੇ ਹੈਮਰ ਥਰੋ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ। ਇਨ੍ਹਾਂ ਮੁਕਾਬਲਿਆਂ ਦੌਰਾਨ ਵੀ ਉਹ ਸਰੀਰਕ ਤਕਲੀ਼ਫਾਂ ਨਾਲ ਜੂਝ ਰਹੇ ਸਨ ਪਰ ਹੌਂਸਲਾ ਨਾ ਛੱਡਿਆ ਅਤੇ ਆਪਣੀ ਮਿਹਨਤ ਨਾਲ ਸਫਲਤਾ ਹਾਸਿਲ ਕੀਤੀ।

ਹੁਣ ਤਾਜ਼ਾ ਚਮਕਦਾਰ ਅਧਿਆਇ 45ਵੀਂ ਨੈਸ਼ਨਲ ਲੈਵਲ ਮਾਸਟਰਜ ਚੈਂਪੀਅਨਸ਼ਿਪ ਹੈ ਜਿਸ ਵਿੱਚ ਲਵਲੀ ਸਰਾਂ ਨੇ ਸ਼ਾਟਪੁੱਟ ਅਤੇ ਡਿਸਕਸ ਥਰੋ ਵਿੱਚ ਗੋਲਡ ਤੇ ਹੈਮਰ ਥਰੋ ਵਿੱਚ ਸਿਲਵਰ ਜਿੱਤ ਕੇ ਆਪਣੀਆਂ ਪਿਛਲੀਆਂ ਉਪਲਬਧੀਆਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਸ ਟੂਰਨਾਮੈਂਟ ਵਿੱਚ ਉਨ੍ਹਾਂ ਨੇ ਆਪਣੇ ਅੰਦਰੂਨੀ ਜਜ਼ਬੇ ਅਤੇ ਲਗਾਤਾਰ ਅਭਿਆਸ ਦਾ ਪ੍ਰਦਰਸ਼ਨ ਕੀਤਾ, ਜਿਸ ਨੇ ਨਾ ਸਿਰ਼ਫ ਉਨ੍ਹਾਂ ਨੂੰ ਤਿੰਨ ਮੈਡਲ ਦਿਵਾਏ ਬਲਕਿ ਪੂਰੇ ਇਲਾਕੇ ਨੂੰ ਮਾਣ ਨਾਲ ਭਰ ਦਿੱਤਾ। ਇਸ ਮੌਕੇ ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਦਿੱਤਾ ਗਿਆ ਸੁਨੇਹਾ ਬਹੁਤ ਮਹੱਤਵਪੂਰਨ ਹੈ "ਖੇਡਾਂ ਨਾਲ ਜੁੜੋ, ਨਸ਼ਿਆਂ ਤੋਂ ਦੂਰ ਰਹੋ ਅਤੇ ਆਪਣੇ ਸਰੀਰ ਅਤੇ ਮਨ ਨੂੰ ਮਜ਼ਬੂਤ ਬਣਾਓ"। ਇਹ ਸੁਨੇਹਾ ਉਨ੍ਹਾਂ ਦੀਆਂ ਰੋਜ਼ਾਨਾ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਉਹ ਸੋਸ਼ਲ ਮੀਡੀਆ ਰਾਹੀਂ ਫਿਟਨੈੱਸ ਟਿਪਸ ਸਾਂਝੀਆਂ ਕਰਦੇ ਹਨ, ਪਿੰਡ ਵਿੱਚ ਟੂਰਨਾਮੈਂਟ ਆਯੋਜਿਤ ਕਰਦੇ ਹਨ ਅਤੇ ਖਿਡਾਰੀਆਂ ਨੂੰ ਮੰਚ ਮੁਹੱਈਆ ਕਰਵਾਉਂਦੇ ਹਨ। ਉਨ੍ਹਾਂ ਦੀ ਸਾਦਗੀ, ਮਿਲਣਸਾਰ ਸੁਭਾਅ ਅਤੇ ਸਮਾਜਿਕ ਯੋਗਦਾਨ ਕਾਰਨ ਉਹ ਆਪਣੇ ਇਲਾਕੇ ਵਿੱਚ ਖਾਸ ਸਨਮਾਨਿਤ ਸ਼ਖਸੀਅਤ ਵਜੋਂ ਜਾਣੇ ਜਾਂਦੇ ਹਨ ਅਤੇ ਅਕਸਰ ਵੱਖ-ਵੱਖ ਖੇਡ ਟੂਰਨਾਮੈਂਟਾਂ ਤੇ ਸਮਾਜਿਕ ਗਤੀਵਿਧੀਆਂ ਵਿੱਚ ਸਨਮਾਨਿਤ ਵੀ ਹੁੰਦੇ ਰਹਿੰਦੇ ਹਨ।

ਲਵਲੀ ਸਰਾਂ ਦੀਆਂ ਇਹ ਲਗਾਤਾਰ ਸਫਲਤਾਵਾਂ ਸਿਰ਼ਫ ਵਿਅਕਤੀਗਤ ਉਪਲਬਧੀਆਂ ਨਹੀਂ ਹਨ ਬਲਕਿ ਪੂਰੇ ਪੰਜਾਬ ਅਤੇ ਭਾਰਤ ਲਈ ਮਾਣ ਦੀ ਗੱਲ ਹਨ। ਉਨ੍ਹਾਂ ਨੇ ਆਪਣੀ ਮਿਹਨਤ ਨਾਲ ਇਹ ਸਾਬਤ ਕੀਤਾ ਹੈ ਕਿ ਘਰੋਂ ਬਣਾਇਆ ਨਕਸ਼ਾ ਅਤੇ ਅਟੁੱਟ ਜਜ਼ਬਾ ਕਿਸੇ ਵੀ ਮੁਸੀਬਤ ਨੂੰ ਪਾਰ ਕਰ ਸਕਦਾ ਹੈ। ਬਾਬਾ ਨਾਜ਼ਮੀ ਦੇ ਇਹ ਸ਼ਬਦ ਉਨ੍ਹਾਂ ਦੀ ਜ਼ਿੰਦਗੀ ਉੱਤੇ ਬਿਲਕੁਲ ਫਿੱਟ ਬੈਠਦੇ ਹਨ:

"ਬੇ-ਹਿੰਮਤੇ ਨੇ ਜਿਹੜੇ
ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ
ਪਾੜ ਕੇ ਸੀਨਾ ਪੱਥਰਾਂ ਦਾ।
ਮੰਜਲ ਦੇ ਮੱਥੇ ਉੱਤੇ
ਤ਼ਖਤੀ ਲਗਦੀ ਉਨ੍ਹਾਂ ਦੀ,
ਜਿਹੜੇ ਘਰੋਂ ਬਣਾ ਕੇ ਟੁਰਦੇ
ਨਕਸ਼ਾ ਆਪਣੇ ਸ਼ਫਰਾਂ ਦਾ।"

ਅੱਜ ਲਵਲੀ ਸਰਾਂ ਨਾ ਸਿਰ਼ਫ ਇੱਕ ਅਧਿਆਪਕ ਜਾਂ ਖਿਡਾਰੀ ਹਨ ਬਲਕਿ ਪੂਰੇ ਇਲਾਕੇ ਲਈ ਪ੍ਰੇਰਣਾ ਦਾ ਸਰੋਤ ਬਣ ਚੁੱਕੇ ਹਨ। ਉਨ੍ਹਾਂ ਦੀ ਇਹ ਲਗਾਤਾਰ ਸਫਲਤਾਵਾਂ ਦੀ ਪੌੜੀ ਅਜੇ ਵੀ ਜਾਰੀ ਹੈ ਅਤੇ ਭਵਿੱਖ ਵਿੱਚ ਵੀ ਉਹ ਹੋਰ ਉਚਾਈਆਂ ਛੂਹਣਗੇ, ਇਸ ਵਿੱਚ ਕੋਈ ਸ਼ੱਕ ਨਹੀਂ। ਉਨ੍ਹਾਂ ਵਰਗੀਆਂ ਸ਼ਖਸੀਅਤਾਂ ਹੀ ਸਮਾਜ ਨੂੰ ਸਕਾਰਾਤਮਕ ਦਿਸ਼ਾ ਦੇਣ ਅਤੇ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਰਾਹ ਤੇ ਲੈ ਕੇ ਚੱਲਣ ਵਿੱਚ ਮਦਦ ਕਰਦੀਆਂ ਹਨ। ਫਰੀਦਕੋਟੀਆ ਲਵਲੀ ਸਰਾਂ ਦਾ ਇਹ ਸਫਰ ਹਰ ਉਸ ਨੌਜਵਾਨ ਲਈ ਇੱਕ ਮਿਸਾਲ ਹੈ ਜੋ ਮੁਸ਼ਕਲਾਂ ਨੂੰ ਪਾਰ ਕਰਦੇ ਹੋਏ ਆਪਣੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੁੰਦਾ ਹੈ। ਉਨ੍ਹਾਂ ਦੀਆਂ ਇਨ੍ਹਾਂ ਲਗਾਤਾਰ ਉਪਲਬਧੀਆਂ ਨਾਲ ਪੂਰਾ ਇਲਾਕਾ ਮਾਣ ਮਹਿਸੂਸ ਕਰ ਰਿਹਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਵੀ ਇਸ ਤੋਂ ਪ੍ਰੇਰਿਤ ਹੋ ਕੇ ਅੱਗੇ ਵਧਣਗੀਆਂ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਮਨੀਪੁਰ ਦੀ ਮਹਾਨ ਮੁੱਕੇਬਾਜ਼ ਮੈਰੀ ਕੋਮ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ



ਮੈਰੀ ਕੋਮ ਨੂੰ 'ਮੈਗਨੀਫੀਸੈਂਟ ਕੋਮ ਵੀ ਕਿਹਾ ਜਾਂਦੈ। ਉਹ ਵੇਖਣ ਨੂੰ ਓਨੀ ਨਹੀਂ ਲੱਗਦੀ ਜਿੰਨੀ ਹੈਗੀ। ਉਹਦਾ ਕੱਦ 5 ਫੁੱਟ ਤੋਂ ਰਤਾ ਕੁ ਉੱਚਾ ਤੇ ਵਜ਼ਨ 50 ਕਿਲੋ ਦੇ ਕਰੀਬ ਰਿਹਾ। ਕੱਦ ਕਾਠ ਵੱਲੋਂ ਜਿੰਨੀ ਨਿੱਕੀ ਸੀ ਓਨੀ ਹੀ ਤਿੱਖੀ ਨਿਕਲੀ। ਉਸ ਨੇ ਭਾਰਤ ਦੇ ਛੋਟੇ ਜਿਹੇ ਰਾਜ ਮਨੀਪੁਰ ਨੂੰ ਮੁੱਕੇਬਾਜ਼ੀ ਵਿਚ ਵਿਸ਼ਵ ਦੇ ਨਕਸ਼ੇ ਉਤੇ ਲੈ ਆਂਦਾ। ਪਹਾੜਾਂ ਦੀਆਂ ਵਾਦੀਆਂ ਨੂੰ ਖੇਤੀਯੋਗ ਬਣਾਉਣ ਵਾਲੇ ਮੁਜਾਰੇ ਕਿਸਾਨਾਂ ਦੀ ਇਸ ਧੀ ਨੇ ਮੁੱਕੇਬਾਜ਼ੀ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ 8 ਮੈਡਲ ਜਿੱਤ ਵਿਖਾਏ ਜਿਨ੍ਹਾਂ ਵਿਚੋਂ 6 ਗੋਲਡ ਮੈਡਲ ਹਨ! ਇੰਜ ਕਹਿ ਲਓ ਕਿ ਉਹਨੇ ਆਪਣੇ ਵਜ਼ਨ ਵਰਗ ਵਿਚ ਛੇ ਵਾਰ ਕੁਲ ਦੁਨੀਆ 'ਤੇ ਝੰਡੀ ਕੀਤੀ।

ਉਹ ਭਾਰਤ ਦੀ ਪਹਿਲੀ ਮੁੱਕੇਬਾਜ਼ ਹੈ ਜੋ ਏਸ਼ਿਆਈ ਖੇਡਾਂ, ਕਾਮਨਵੈੱਲਥ ਖੇਡਾਂ ਤੇ ਓਲੰਪਿਕ ਖੇਡਾਂ ਦੇ ਜਿੱਤ-ਮੰਚਾਂ ਉਤੇ ਚੜ੍ਹੀ। ਭਾਰਤ ਸਰਕਾਰ ਨੇ ਉਸ ਨੂੰ ਅਰਜਨ ਅਵਾਰਡ ਤੋਂ ਲੈ ਕੇ ਪਦਮ ਸ਼੍ਰੀ, ਪਦਮ ਭੂਸ਼ਨ ਤੇ ਪਦਮ ਵਿਭੂ ਪੁਰਸਕਾਰਾਂ ਨਾਲ ਸਨਮਾਨਿਆ। ਉਹ ਭਾਰਤ ਦੇ ਰਾਸ਼ਟਰਪਤੀ ਵੱਲੋਂ ਰਾਜ ਸਭਾ ਦੀ ਮਾਣਯੋਗ ਮੈਂਬਰ ਨਾਮਜ਼ਦ ਕੀਤੀ ਗਈ ਜੋ 25 ਅਪਰੈਲ 2016 ਤੋਂ 24 ਅਪਰੈਲ 2022 ਤਕ ਉੱਚ ਸਦਨ ਦੀ ਮੈਂਬਰ ਰਹੀ। ਉਸ ਦੀ ਅਜੋਕੀ ਰਹਾਇਸ਼ ਦਿੱਲੀ ਨੇੜੇ ਸੂਰਜ ਕੁੰਡ, ਫਰੀਦਾਬਾਦ ਵਿਚ ਹੈ।

ਮੈਰੀ ਕੋਮ ਦਾ ਪੂਰਾ ਨਾਂ ਮਾਂਗਟੇ ਚੁੰਗਨੇਈਜਾਂਗ ਹੈ। ਉਹ ਮਨੀਪੁਰ ਦੇ ਕੋਮ ਕਬੀਲੇ ਦੀ ਧੀ ਹੈ। ਉਹਦਾ ਜਨਮ 24 ਨਵੰਬਰ 1982 ਨੂੰ ਪਿੰਡ ਕਾਂਗਾਥੇਈ, ਜ਼ਿਲ੍ਹਾ ਚੁਰਾਚਨਪੁਰ ਵਿਚ ਪਿਤਾ ਮਾਂਗਟੇ ਟੋਂਪਾ ਕੋਮ ਤੇ ਮਾਤਾ ਮਾਂਗਟੇ ਆਖਮ ਕੋਮ ਦੇ ਘਰ ਹੋਇਆ। ਉਹਨੀਂ ਦਿਨੀਂ ਨਵੀਂ ਦਿੱਲੀ 'ਚ 9ਵੀਆਂ ਏਸ਼ਿਆਈ ਹੋ ਰਹੀਆਂ ਸਨ ਜਿਨ੍ਹਾਂ ਸਦਕਾ ਦੇਸ਼ ਵਿਚ ਖੇਡਾਂ ਦਾ ਖ਼ੂਬ ਮਾਹੌਲ ਬਣਿਆ ਹੋਇਆ ਸੀ। ਪਰ ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਹੋਣਾ ਕਿ ਗਰੀਬ ਮਾਪਿਆਂ ਦੀ ਸਾਧਾਰਨ ਬੱਚੀ ਮੁੱਕੇਬਾਜ਼ੀ ਦੀ ਖੇਡ 'ਚ ਵਿਸ਼ਵ ਪੱਧਰ ਦੀਆਂ ਵੱਡੀਆਂ ਮੱਲਾਂ ਮਾਰੇਗੀ। ਉਸ ਦੇ ਮਾਪੇ 'ਝੂਮ ਖੇਤਾਂ ਵਿਚ ਸਖ਼ਤ ਮਿਹਨਤ ਕਰਦੇ ਸਨ। ਉਹ ਮਾਪਿਆਂ ਦੀ ਪਲੇਠੀ ਧੀ ਸੀ। ਉਸ ਪਿੱਛੋਂ ਇਕ ਭੈਣ ਤੇ ਇਕ ਭਰਾ ਪੈਦਾ ਹੋਏ। ਉਨ੍ਹਾਂ ਦਾ ਪਰਿਵਾਰ ਇਸਾਈ ਮੱਤ ਦਾ ਧਾਰਨੀ ਹੈ। ਮੈਰੀ ਕੋਮ ਨਿੱਕੀ ਹੁੰਦੀ ਹੀ ਮਾਪਿਆਂ ਦੇ ਕੰਮਾਂ ਕਾਰਾਂ 'ਚ ਹੱਥ ਵਟਾਉਣ ਲੱਗ ਪਈ ਸੀ। ਉਹਦਾ ਬਾਪ ਪਹਿਲਵਾਨੀ ਦਾ ਸ਼ੌਕ ਰੱਖਦਾ ਸੀ।

ਉਹਦੀ ਮੁਢਲੀ ਪੜ੍ਹਾਈ ਲੋਕਤਕ ਕ੍ਰਿਸ਼ਚੀਅਨ ਮਾਡਲ ਸਕੂਲ ਮੋਈਰਾਂਗ ਵਿਚ ਹੋਈ। ਛੇਵੀਂ ਜਮਾਤ ਪਿੱਛੋਂ ਉਹ ਸੰਤ ਜੇਵੀਅਰ ਕੈਥੋਲਿਕ ਸਕੂਲ ਮੋਈਰਾਂਗ ਵਿਚ ਪੜ੍ਹਨ ਲੱਗੀ। ਨੌਵੀਂ ਦਸਵੀਂ ਦੀ ਪੜ੍ਹਾਈ ਤੇ ਖੇਡ ਸਿੱਖਿਆ ਲੈਣ ਲਈ ਉਹ ਸਪੋਰਟਸ ਦੇ ਆਦਿਮਜਤੀ ਹਾਈ ਸਕੂਲ ਇੰਫਾਲ ਵਿਚ ਦਾਖ਼ਲ ਹੋ ਗਈ। ਉਥੇ ਉਹ ਪੜ੍ਹਾਈ ਨਾਲ ਖੇਡਾਂ ਵੀ ਖੇਡਣ ਲੱਗੀ। ਉਹਨੀਂ ਦਿਨੀਂ ਮਨੀਪੁਰ ਦਾ ਮੁੱਕੇਬਾਜ਼ ਡਿੰਗਕੋ ਸਿੰਘ ਮੁੱਕੇਬਾਜੀ ਦਾ ਏਸ਼ੀਆ ਚੈਂਪੀਅਨ ਬਣਿਆ। ਉਥੋਂ ਦੇ ਵਿਦਿਆਰਥੀ ਉਸ ਨੂੰ ਆਪਣਾ ਹੀਰੋ ਮੰਨਣ ਲੱਗੇ। ਮੈਰੀ ਕੋਮ ਅਥਲੈਟਿਕਸ ਛੱਡ ਕੇ ਮੁੱਕੇਬਾਜ਼ੀ ਵਿਚ ਦਿਲਚਸਪੀ ਲੈਣ ਲੱਗੀ। ਪਰ ਉਸ ਦੇ ਪਹਿਲਵਾਨ ਪਿਤਾ ਨੂੰ ਧੀ ਦਾ ਮੁੱਕੇਬਾਜ਼ੀ ਕਰਨਾ ਪਸੰਦ ਨਹੀਂ ਸੀ। ਉਹ ਸਮਝਦਾ ਸੀ ਕਿ ਮੁੱਕੇਬਾਜ਼ੀ ਨਾਲ ਉਸ ਦੀ ਧੀ ਦਾ ਚਿਹਰਾ ਕਰੂਪ ਹੋ ਜਾਵੇਗਾ ਜੋ ਉਸ ਦੀ ਸ਼ਾਦੀ ਕਰਨ ਵੇਲੇ ਮੁਸ਼ਕਲ ਪੈਦਾ ਕਰੇਗਾ। ਪਰ ਮੈਰੀ ਦੀ ਮਾਂ ਆਪਣੀ ਧੀ ਨੂੰ ਮੁੱਕੇਬਾਜ਼ੀ ਦੀ ਖੁੱਲ੍ਹ ਦੇਣ ਲਈ ਰਾਜ਼ੀ ਸੀ। ਬੇਸ਼ਕ ਬਾਪ ਧੀ ਨੂੰ ਮੁੱਕੇਬਾਜ਼ੀ ਤੋਂ ਰੋਕਦਾ ਰਿਹਾ ਮੈਰੀ ਬਾਪ ਦੀ ਇੱਛਾ ਦੇ ਉਲਟ ਮੁੱਕੇਬਾਜ਼ੀ ਕਰਨ ਤੋਂ ਪਿੱਛੇ ਨਾ ਹਟੀ। ਜਦੋਂ ਉਹਦੀ ਜਿੱਤ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪਣ ਲੱਗੀਆਂ ਤੇ ਉਨ੍ਹਾਂ ਦੇ ਪਰਿਵਾਰ ਦੀ ਸ਼ੋਭਾ ਹੋਣ ਲੱਗੀ ਤਾਂ ਬਾਪ ਨੇ ਵੀ ਧੀ ਨੂੰ ਮੁੱਕੇਬਾਜ਼ੀ ਲਈ ਸਪੋਰਟ ਕਰਨਾ ਸ਼ੁਰੂ ਕਰ ਦਿੱਤਾ।





ਇਕ ਸਮਾਂ ਸੀ ਜਦੋਂ ਭਾਰਤ ਦੀਆਂ ਲੜਕੀਆਂ ਲਈ ਖੇਡ ਅਖਾੜਿਆਂ ਤੇ ਖੇਡ ਮੈਦਾਨਾਂ 'ਚ ਨਿੱਤਰਨਾ ਬੜਾ ਔਖਾ ਸੀ ਕਿ ਲੋਕ ਕੀ ਕਹਿਣਗੇ? ਪਹਿਲਾਂ ਪਹਿਲ ਤਾਂ ਕੁੜੀਆਂ ਨੂੰ ਸਕੂਲੇ ਪੜ੍ਹਾਉਣ ਵੇਲੇ ਵੀ ਮਾਪਿਆਂ ਨੂੰ ਸ਼ਰੀਕਾਂ ਦੇ ਬੋਲ ਕਬੋਲ ਸੁਣਨੇ ਪੈਂਦੇ ਸਨ। ਮੈਰੀ ਕੋਮ ਦੇ ਚੰਗੇ ਭਾਗਾਂ ਨੂੰ ਇੰਫਾਲ 'ਚ ਤਾਇਨਾਤ ਮੁੱਕੇਬਾਜ਼ੀ ਦੇ ਸਟੇਟ ਕੋਚ ਐੱਮ ਨਰਜਿਤ ਸਿੰਘ ਦੀ ਕੋਚਿੰਗ ਤੇ ਨਿਗਰਾਨੀ ਮਿਲਣੀ ਸ਼ੁਰੂ ਹੋ ਗਈ ਜੋ ਉਸ ਦੇ ਬੜੀ ਰਾਸ ਆਈ। ਕੋਚ ਨੇ ਜਾਂਚ ਲਿਆ ਸੀ ਕਿ ਮੈਰੀ ਮਿਹਨਤੀ ਤੇ ਜਾਂਬਾਜ਼ ਲੜਕੀ ਹੈ ਜੋ ਮੁੱਕੇਬਾਜ਼ੀ ਲਈ ਢੁੱਕਵੀਂ ਹੈ। ਸਕੂਲੇ ਪੜ੍ਹਦਿਆਂ ਮੈਰੀ ਅਕਸਰ ਮੁੰਡਿਆਂ ਵਿਰੁਧ ਜੂਝ ਪੈਂਦੀ ਸੀ। ਉਸ ਵੱਲੋਂ ਕੀਤੀ ਕੁੱਟ-ਮਾਰ ਦੇ ਉਲਾਂਭੇ ਘਰਦਿਆਂ ਨੂੰ ਅਕਸਰ ਆਉਂਦੇ ਰਹਿੰਦੇ। ਸਕੂਲਾਂ ਦੀ ਪੜ੍ਹਾਈ ਪੂਰੀ ਕਰ ਕੇ ਉਸ ਨੇ ਚੂਰਾਚੰਨਪੁਰ ਦੇ ਕਾਲਜ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ ਜਿਸ ਨਾਲ ਉਹ ਕੋਈ ਨੌਕਰੀ ਹਾਸਲ ਕਰਨ ਦੇ ਯੋਗ ਹੋ ਗਈ।

ਅਜਿਹੇ ਪਿਛੋਕੜ ਵਾਲੀ ਕੁੜੀ ਦੀਆਂ ਮੁੱਕੇਬਾਜ਼ੀ ਦੇ ਖੇਤਰ ਵਿਚ ਮਾਰੀਆਂ ਮੱਲਾਂ 'ਤੇ ਝਾਤ ਮਾਰੀਏ ਤਾਂ ਹੈਰਾਨੀ ਹੁੰਦੀ ਹੈ! ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿਚੋਂ ਇਕ ਮੈਡਲ ਜਿੱਤ ਲੈਣਾ ਹੀ ਮਾਣ ਨਹੀਂ ਹੁੰਦਾ। ਮੈਰੀ ਕੋਮ ਨੇ ਤਾਂ ਡੇਢ ਦਰਜਨ ਤੋਂ ਵੀ ਵੱਧ ਮੈਡਲ ਜਿੱਤ ਵਿਖਾਏ ਨੇ। ਉਸ ਨੇ ਏਸ਼ਿਆਈ ਚੈਂਪੀਅਨਸ਼ਿਪਾਂ ਵਿਚੋਂ 5 ਗੋਲਡ ਤੇ 2 ਸਿਲਵਰ, ਏਸ਼ਿਆਈ ਇਨਡੋਰ ਗੇਮਜ਼ ਵਿਚੋਂ 1 ਗੋਲਡ, ਕਾਮਨਵੈਲਥ ਖੇਡਾਂ 'ਚੋਂ 1 ਗੋਲਡ, ਏਸ਼ਿਆਈ ਖੇਡਾਂ 'ਚੋਂ 1 ਗੋਲਡ ਤੇ 1 ਬ੍ਰਾਂਜ਼ ਓਲੰਪਿਕ ਖੇਡਾਂ ਵਿਚੋਂ 1 ਬ੍ਰਾਜ਼ ਅਤੇ ਵਿਸ਼ਵ ਚੈਂਪੀਅਨਸ਼ਿਪਾਂ ਵਿਚੋਂ 6 ਗੋਲਡ 1 ਸਿਲਵਰ ਤੇ 1 ਬ੍ਰਾਂਜ਼ ਮੈਡਲ ਜਿੱਤੇ। ਵਿਸ਼ਵ ਅਤੇ ਮਹਾਂਦੀਪਾਂ ਦੀਆਂ ਵੱਡੀਆਂ ਖੇਡਾਂ 'ਚੋਂ ਉਸ ਦੇ ਜਿੱਤੇ ਕੁਲ ਮੈਡਲਾਂ ਦੀ ਗਿਣਤੀ 19 ਹੈ। ਉਹ ਵਿਸ਼ਵ ਦੀ ਪਹਿਲੀ ਮੁੱਕੇਬਾਜ਼ ਹੈ ਜਿਸ ਨੇ 24 ਨਵੰਬਰ 2018 ਤਕ ਮੁੱਕੇਬਾਜ਼ੀ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ ਵਿਚੋਂ 6 ਗੋਲਡ ਮੈਡਲ ਜਿੱਤ ਕੇ ਨਵਾਂ ਵਿਸ਼ਵ ਰਿਕਾਰਡ ਰੱਖਿਆ।

ਉਸ ਨੂੰ 'ਮੈਰੀ ਮੈਗਨੀਫੀਸੈਂਟ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਏ? ਉਹ ਪਹਿਲੀ ਮੁੱਕੇਬਾਜ਼ ਹੈ ਜਿਹੜੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪਾਂ 'ਚੋਂ 6 ਸੋਨੇ, 1 ਚਾਂਦੀ ਤੇ 1 ਕਾਸੀ ਦਾ ਮੈਡਲ ਜਿੱਤੀ। ਰਾਜ ਅਤੇ ਨੈਸ਼ਨਲ ਪੱਧਰ ਦੇ ਤ਼ਗਮੇ ਜਿੱਤਣ ਦਾ ਤਾਂ ਕੋਈ ਲੇਖਾ ਹੀ ਨਹੀਂ। ਮੁੱਕੇਬਾਜ਼ੀ ਦੇ ਮੁਕਾਬਲਿਆ 'ਚ ਭਾਗ ਲੈਂਦਿਆਂ ਉਹਦੇ ਨਾਲ ਅਜਿਹੀਆਂ ਘਟਨਾਵਾਂ ਵੀ ਵਾਪਰੀਆਂ ਜੋ ਜੱਗੋਂ ਨਿਆਰੀਆਂ ਕਹੀਆਂ ਜਾ ਸਕਦੀਆਂ। ਉਨ੍ਹਾਂ 'ਚ ਇਕੋ ਦਾ ਜ਼ਿਕਰ ਕਰਨਾ ਹੀ ਕਾਫੀ ਹੋਵੇਗਾ।

ਸਕੂਲਾਂ ਕਾਲਜਾਂ ਤੇ ਰਾਜ ਪੱਧਰ ਦੀਆਂ ਜਿੱਤਾਂ ਤੋਂ ਬਾਅਦ ਜਦੋਂ ਮੈਰੀ ਨੈਸ਼ਨਲ ਮੁਕਾਬਲਿਆਂ 'ਚ ਜਾਣ ਲੱਗੀ ਤਾਂ ਉਥੇ ਉਹਦੀ ਇਕ ਅੰਤਰਰਾਸ਼ਟਰੀ ਮੁਕਾਬਲੇ 'ਚ ਜਾਣ ਲਈ ਚੋਣ ਲਈ ਹੋ ਗਈ। ਉਸ ਨੇ ਚਾਂਈਂ ਚਾਂਈਂ ਪਾਸਪੋਰਟ ਵੀ ਬਣਵਾ ਲਿਆ। 2000 ਵਿਚ ਉਸ ਨੇ ਪੰਜਾਬ 'ਚ ਹੋ ਰਹੀਆਂ ਨੈਸ਼ਨਲ ਖੇਡਾਂ 'ਚ ਭਾਗ ਲੈਣ ਜਾਣਾ ਸੀ। ਰੇਲਗੱਡੀ 'ਚ ਸਫ਼ਰ ਕਰਦਿਆਂ ਉਹਦਾ ਬੈਗ ਚੋਰੀ ਹੋ ਗਿਆ ਜਿਸ ਵਿਚ ਉਸ ਦੇ ਪੈਸੇ, ਪਾਸਪੋਰਟ ਤੇ ਕਪੜੇ ਆਦਿ ਸਨ। ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਉਹ ਡੌਰ ਭੌਰੀ ਫਿਰ ਰਹੀ ਸੀ ਜਿਥੇ ਉਹਦੀ ਮਦਦ ਕਰਨ ਵਾਲਾ ਕੋਈ ਨਹੀਂ ਸੀ। ਅਚਾਨਕ ਮਨੀਪੁਰ ਦਾ ਹੀ ਇਕ ਨੌਜੁਆਨ ਫੁੱਟਬਾਲਰ ਕਾਰੁੰਗ ਓਨਲਰ ਮਦਦ ਲਈ ਬਹੁੜ ਪਿਆ। ਉਹ ਦਿੱਲੀ ਯੂਨੀਵਰਸਿਟੀ ਵਿਚ ਲਾਅ ਦਾ ਵਿਦਿਆਰਥੀ ਅਤੇ ਉੱਤਰ-ਪੂਰਬੀ ਰਾਜਾਂ ਦੇ ਵਿਦਿਆਰਥੀਆਂ ਦੀ ਜਥੇਬੰਦੀ ਦਾ ਪ੍ਰਧਾਨ ਸੀ। ਉਸ ਨੇ ਮੈਰੀ ਨੂੰ ਦਿਲਾਸਾ ਦਿੰਦਿਆਂ ਲੋੜੀਂਦੇ ਪੈਸੇ ਦਿੱਤੇ ਤੇ ਖਾਣਾ ਖੁਆਉਣ ਦੇ ਨਾਲ ਰਹਿਣ ਦਾ ਵੀ ਪ੍ਰਬੰਧ ਕੀਤਾ। ਮੈਰੀ ਨੂੰ ਵਧੇਰੇ ਚਿੰਤਾ ਪਾਸਪੋਰਟ ਗੁੰਮ ਜਾਣ ਦੀ ਸੀ ਕਿਉਂਕਿ ਕੁਝ ਦਿਨਾਂ ਬਾਅਦ ਹੀ ਉਸ ਨੇ ਅੰਤਰਰਾਸ਼ਟਰੀ ਮੁਕਾਬਲੇ ਲਈ ਬਦੇਸ਼ ਜਾਣਾ ਸੀ। ਓਨਲਰ ਨੇ ਆਪਣੇ ਅਸਰ ਰਸੂਖ ਨਾਲ ਉਸ ਦਾ ਪਾਸਪੋਰਟ ਵੇਲੇ ਸਿਰ ਬਣਵਾ ਦਿੱਤਾ। ਅਚਾਨਕ ਹੋਈ ਮੁਲਾਕਾਤ ਦੋਹਾਂ ਦੀ ਗੂੜ੍ਹੀ ਦੋਸਤੀ ਵਿਚ ਬਦਲ ਗਈ। ਉਹ ਇਕ ਦੂਜੇ ਨੂੰ ਏਨੇ ਭਾਏ ਕਿ 2005 ਵਿਚ ਉਨ੍ਹਾਂ ਨੇ ਵਿਆਹ ਕਰਾ ਲਿਆ। 2007 ਵਿਚ ਜੌੜੇ ਪੁੱਤਰ ਜੰਮਣ ਨਾਲ ਕੁਝ ਸਮਾਂ ਮੈਰੀ ਕੋਮ ਨੂੰ ਮੁੱਕੇਬਾਜ਼ੀ ਦੇ ਮੁਕਾਬਲਿਆਂ ਤੋਂ ਲਾਂਭੇ ਰਹਿਣਾ ਪੈ ਗਿਆ।

ਮੈਰੀ ਨੂੰ ਮੁੜ ਰਿੰਗ 'ਚ ਉਤਾਰਨ ਲਈ ਓਨਲਰ ਨੇ ਬੱਚਿਆਂ ਦੀ ਪਾਲਣਾ ਪੋਸਣਾ ਆਪ ਸੰਭਾਲ ਲਈ। ਮੈਰੀ ਫਿਰ ਮੈਡਲ 'ਤੇ ਮੈਡਲ ਜਿੱਤਣ ਲੱਗੀ। ਇਨਾਮਾਂ ਤੇ ਮਾਨ ਸਨਮਾਨਾਂ ਦੀਆਂ ਢੇਰੀਆਂ ਲੱਗਣ ਲੱਗ ਪਈਆਂ। 2013 'ਚ ਉਨ੍ਹਾਂ ਦੇ ਤੀਜਾ ਪੁੱਤਰ ਪੈਦਾ ਹੋਇਆ। 2017 ਵਿਚ ਜੋੜੇ ਨੇ ਧੀ ਦੀ ਘਾਟ ਪੂਰੀ ਕਰਨ ਲਈ ਇਕ ਬੱਚੀ ਗੋਦ ਲੈ ਲਈ। ਉਹ ਚਾਰ ਬੱਚਿਆਂ ਦੇ ਮਾਪੇ ਬਣ ਗਏ। ਮਾੜਾ ਸਮਾਂ ਪੁੱਛ ਕੇ ਨਹੀਂ ਆਉਂਦਾ। ਰਾਜ਼ੀ ਖ਼ੁਸ਼ੀ ਵਸਦੇ ਪਤੀ ਪਤਨੀ ਵਿਚਕਾਰ ਵਾਧੂ ਪੈਸੇ ਤੇ ਵਾਧੂ ਖਰਚੇ ਨੇ ਅਜਿਹੀ ਬੇਵਿਸਾਹੀ ਪੈਦਾ ਕੀਤੀ ਕਿ ਦਸੰਬਰ 2023 'ਚ ਨੌਬਤ ਤਲਾਕ ਤਕ ਪਹੁੰਚ ਗਈ। ਕੁਝ ਸਮਾਂ ਚੁੱਪ ਪਸਰੀ ਰਹੀ।

ਬਾਕੀ ਹਿਸਾ ਸਫਾ 56 ਤੇ ਪੜ੍ਹੋ →

### 55 ਸਫ਼ੇ ਦੀ ਬਾਕੀ

ਫਿਰ ਭੇਤ ਪਰਗਟ ਹੋਣ ਲੱਗੇ ਤੇ ਉਜਾਂ ਲੱਗਣ ਲੱਗੀਆਂ ਜਿਵੇਂ ਕਿ ਲੱਗਦੀਆਂ ਹੀ ਹਨ। ਚਾਰੇ ਬੱਚੇ ਹਾਲ ਦੀ ਘੜੀ ਮੈਰੀ ਕੋਮ ਨਾਲ ਹੀ ਰਹਿੰਦੇ ਹਨ।

ਜਦੋਂ ਸਭ ਕੁਝ ਠੀਕ ਠਾਕ ਸੀ ਤਾਂ 2012 ਵਿਚ ਭਾਰਤ ਦੇ ਫਿਲਮ ਪ੍ਰੋਡਿਊਸਰ ਸੰਜੇ ਲੀਲਾ ਭੰਸਾਲੀ ਨੇ ਮੈਰੀ ਦੇ ਜੀਵਨ ਉਤੇ ਆਧਾਰਿਤ ਫਿਲਮ ਬਣਾਉਣ ਦਾ ਐਲਾਨ ਕਰ ਦਿੱਤਾ। ਉਦੋਂ ਉਹ ਲੰਡਨ ਦੀਆਂ ਓਲੰਪਿਕ ਖੇਡਾਂ ’ਚੋਂ ਕਾਂਸੀ ਦਾ ਤਗ਼ਮਾ ਜਿੱਤੀ ਸੀ। ਭੰਸਾਲੀ ਨੇ ਮੈਰੀ ਕੋਮ ਦਾ ਰੋਲ ਅਦਾ ਕਰਨ ਲਈ ਫਿਲਮਾਂ ਦੀ ਪ੍ਰਸਿੱਧ ਅਦਾਕਾਰਾ ਪ੍ਰਿਅੰਕਾ ਚੋਪੜਾ ਨੂੰ ਚੁਣਿਆ। ਪ੍ਰਿਅੰਕਾ ਦਾ ਕੱਦ ਬੇਸ਼ਕ ਮੈਰੀ ਕੋਮ ਤੋਂ ਉੱਚਾ ਸੀ ਪਰ ਉਹਦੇ ਵਰਗਾ ਪੱਠੇਦਾਰ ਜੁੱਸਾ ਬਣਾਉਣ ਲਈ ਉਸ ਨੇ ਚਾਰ ਮਹੀਨੇ ਵੇਟ ਟ੍ਰੇਨਿੰਗ ਤੇ ਮੁੱਕੇਬਾਜ਼ੀ ਨਾਲ ਮੱਥਾ ਮਾਰਿਆ। ਫਿਲਮ ਦੀ ਹੀਰੋਇਨ ਪ੍ਰਿਅੰਕਾ ਨਾਲ ਮੈਰੀ ਦੇ ਪਤੀ ਓਨਲਰ ਕੋਮ ਦਾ ਰੋਲ ਦਰਸ਼ਨ ਕੁਮਾਰ, ਪਿਤਾ ਮਾਂਗਟੇ ਟੋਪਨਾ ਕੋਮ ਦਾ ਰੋਲ ਰੋਬਿਨ ਦਾਸ ਤੇ ਕੋਚ ਨਰਜਿਤ ਸਿੰਘ ਦਾ ਰੋਲ ਸੁਨੀਲ ਥਾਪਾ ਨੇ ਨਿਭਾਇਆ।

ਫਿਲਮ ਦੀ ਸ਼ੂਟਿੰਗ ਪਹਿਲਾਂ ਮਨੀਪੁਰ ਦੀਆਂ ਪਹਾੜੀ ਵਾਦੀਆਂ ਵਿਚ ਕਰਨ ਦਾ ਵਿਚਾਰ ਸੀ ਪਰ ਗੜਬੜ ਕਾਰਨ ਧਰਮਸ਼ਾਲਾ ਤੇ ਮਨਾਲੀ ਨੂੰ ਚੁਣਿਆ ਗਿਆ। ਓਮੁੰਗ ਕੁਮਾਰ ਦੇ ਨਿਰਦੇਸ਼ਨ ਵਿਚ ਬਣੀ ਫਿਲਮ ‘ਮੈਰੀ ਕੋਮ 5 ਸਤੰਬਰ 2014 ਨੂੰ ਰਿਲੀਜ਼ ਹੋਈ। ਫਿਲਮ ਦਾ ਪ੍ਰੀਮੀਅਰ ਟੋਰਾਂਟੋ ਦੇ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਵਿਖਾਇਆ ਗਿਆ। ਫਿਲਮ ਨੇ 60ਵੇਂ ਫਿਲਮ ਫੇਅਰ ਅਵਾਰਡਜ਼ ਤੋਂ ਲੈ ਕੇ ਅਨੇਕ ਹੋਰ ਅਵਾਰਡ ਜਿੱਤੇ। ਪ੍ਰਿਅੰਕਾ ਨੂੰ ਬੈੱਸਟ ਐਕਟਰੈੱਸ ਦਾ ਅਵਾਰਡ ਮਿਲਿਆ। ਫਿਲਮ ਦਾ ਬਜਟ ਬੇਸ਼ਕ 38 ਕਰੋੜ ਰੁਪਏ ਦਾ ਸੀ ਪਰ ਕਮਾਈ 86 ਕਰੋੜ ਤੋਂ ਵੱਧ ਦੀ ਹੋਈ। ਲੇਖਕ ਦੀਨਾ ਸੈਰਟੋ ਦੇ ਸਹਿਯੋਗ ਨਾਲ ਮੈਰੀ ਕੋਮ ਦੀ ਸਵੈਜੀਵਨੀ ‘ਅਨਬ੍ਰੇਕੇਬਲ ਲਿਖੀ ਗਈ ਜੋ ਹੈਪਰ ਕੋਲਿਨਜ਼ ਨੇ 2013 ਵਿਚ ਪ੍ਰਕਾਸ਼ਿਤ ਕੀਤੀ। ਉਸ ਦੀਆਂ ਕੁਝ ਲਿਖਤਾਂ ਵਿਦਿਆਰਥੀਆਂ ਦੀਆਂ ਪਾਠ ਪੁਸਤਕਾਂ ਵਿਚ ਵੀ ਪੜ੍ਹਾਈਆਂ ਜਾਂਦੀਆਂ ਹਨ।

ਮੈਰੀ ਕੋਮ ਦੇ ਸਮੁੱਚੇ ਜੀਵਨ ’ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਸ ਨੂੰ ਹਰ ਤਰ੍ਹਾਂ ਦਾ ਸੰਘਰਸ਼ ਕਰਨਾ ਪਿਆ। ਪਹਿਲਾਂ ਘਰ ਤੇ ਕਿਸਾਨੀ ਦਾ ਕੰਮਕਾਰ, ਸਕੂਲੇ ਅਥਲੈਟਿਕਸ, ਫੁੱਟਬਾਲ ਤੇ ਵਾਲੀਬਾਲ ਖੇਡਣਾ।

ਆਖ਼ਰ ਮੁੱਕੇਬਾਜ਼ੀ ’ਚ ਭਾਗ ਲੈਣਾ ਜਿਸ ਨਾਲ ਵੱਡੇ ਭਾਗ ਬਣੇ। ਮੁੱਕੇਬਾਜ਼ੀ ਦੇ ਏਸ਼ੀਆ ਚੈਂਪੀਅਨ ਡਿੰਗਕੋ ਸਿੰਘ ਨੇ ਉਸ ਨੂੰ 2000 ਵਿਚ ਹੀ ਪੂਰਨ ਤੌਰ ’ਤੇ ਮੁੱਕੇਬਾਜ਼ੀ ਲਈ ਪ੍ਰੇਰਿਤ ਕਰ ਦਿੱਤਾ ਸੀ। ਤਦ ਤਕ ਉਹ 18 ਸਾਲਾਂ ਦੀ ਹੋ ਚੁੱਕੀ ਸੀ। ਉਸ ਨੂੰ ਪਹਿਲਾ ਕੋਚ ਨਰਜਿਤ ਸਿੰਘ ਮਿਲਿਆ ਸੀ ਤੇ ਫਿਰ ਸਮੇਂ ਸਮੇਂ ਕੋਚ ਬਦਲਦੇ ਗਏ ਸਨ।

2002 ਵਿਚ ਉਸ ਨੇ ਅੰਨਾਤਾਲਿਆ ਦੀ ਵਿਸ਼ਵ ਚੈਂਪੀਅਨਸ਼ਿਪ ’ਚੋਂ ਗੋਲਡ ਮੈਡਲ ਜਿੱਤ ਕੇ ਬੱਲੇ-ਬੱਲੇ ਕਰਾ ਦਿੱਤੀ ਸੀ। 2005, 6, 8, 10 ਤੇ 18 ਵਿਚ ਫਿਰ ਗੋਲਡ ਮੈਡਲ ਜਿੱਤੇ। 2001 ’ਚ ਸਿਲਵਰ ਮੈਡਲ ਜਿੱਤਿਆ ਸੀ ਤੇ 2019 ਵਿਚ ਬ੍ਰੌਂਜ਼ ਮੈਡਲ। 2018 ਵਿਚ ਕਾਮਨਵੈਲਥ ਖੇਡਾਂ ’ਚੋਂ ਵੀ ਗੋਲਡ ਮੈਡਲ ਜਿੱਤਿਆ। 2009 ਵਿਚ ਹਨੋਈ ਵਿਖੇ ਏਸ਼ੀਅਨ ਇਨਡੋਰ ਖੇਡਾਂ ਹੋਈਆਂ ਤਾਂ ਉਥੇ ਵੀ ਗੋਲਡ ਮੈਡਲ ਜਿੱਤਿਆ। ਏਸ਼ੀਅਨ ਮੁੱਕੇਬਾਜ਼ੀ ਚੈਂਪੀਅਨਸ਼ਿਪਸ ਦੇ ਉਸ ਨੇ 7 ਮੈਡਲ ਹੋਰ ਜਿੱਤੇ। ਭਾਰਤ ਦੀ ਉਹ ਇਕੋ-ਇਕ ਔਰਤ ਮੁੱਕੇਬਾਜ਼ ਹੈ ਜਿਸ ਨੇ ਓਲੰਪਿਕ ਖੇਡਾਂ ’ਚੋਂ ਵੀ ਮੈਡਲ ਜਿੱਤਿਆ। ਜਿੰਨੀ ਵੱਡੀ ਗਿਣਤੀ ’ਚ ਮੈਰੀ ਕੋਮ ਨੇ ਭਾਰਤ ਲਈ ਮੈਡਲ ਜਿੱਤੇ ਉਵੇਂ ਭਾਰਤ ਸਰਕਾਰ ਨੇ ਵੀ ਖੁੱਲ੍ਹ ਕੇ ਮਾਨ ਸਨਮਾਨ ਦਿੱਤੇ।

2015 ਤਕ ਪੁੱਜਦਿਆਂ ਹੀ ਮੈਰੀ ਕੋਮ ਸ਼ੌਕੀਆ ਮੁੱਕੇਬਾਜ਼ ਵਜੋਂ ਬਹੁਤ ਸਾਰੇ ਪੇਸ਼ਾਵਰ ਮੁੱਕੇਬਾਜ਼ਾਂ ਨਾਲੋਂ ਵੱਧ ਮਸ਼ਹੂਰ ਹੋ ਗਈ ਸੀ। ਉਹ ਕਮਾਈ, ਅੰਡੋਰਸਮੈਂਟਾਂ ਤੇ ਅਵਾਰਡਾਂ ’ਚ ਉਨ੍ਹਾਂ ਨਾਲੋਂ ਕਿਤੇ ਵਧ ਗਈ ਸੀ। ਉਸ ਨੂੰ 2006 ਵਿਚ ਅਰਜਨ ਅਵਾਰਡ ਤੇ 2013 ਵਿਚ ਮੇਜਰ ਧਿਆਨ ਚੰਦ ਖੇਲ ਰਤਨ ਅਵਾਰਡ ਮਿਲ ਗਿਆ ਸੀ। 2009 ਵਿਚ ਪਦਮ ਸ਼੍ਰੀ, 2020 ਵਿਚ ਪਦਮ ਭੂਸ਼ਨ ਤੇ 2021 ਵਿਚ ਪਦਮ ਵਿਭੂਸ਼ਨ ਦੇ ਪੁਰਸਕਾਰ ਮਿਲੇ। ਇੰਟਰਨੈਸ਼ਨਲ ਬੌਕਸਿੰਗ ਐਸੋਸੀਏਸ਼ਨ ਨੇ ਉਸ ਨੂੰ ਇੰਟਰਨੈਸ਼ਨਲ ਵਰਲਡ ਬੌਕਸਿੰਗ ਚੈਂਪੀਅਨਸ਼ਿਪਸ ਦੀ ਬਰਾਂਡ ਅੰਬੈਸਡਰ ਬਣਾਇਆ। 2007 ਵਿਚ ਉਹਦਾ ਨਾਂ ਲਿਮਕਾ ਬੁੱਕ ਆਫ਼ ਰਿਕਾਰਡਜ਼ ਵਿਚ ਦਰਜ ਹੋਇਆ। 2008 ਵਿਚ ਉਸ ਨੂੰ ‘ਮੈਗਨੀਫੀਸੈ ਮੈਰੀ ਦਾ ਖ਼ਿਤਾਬ ਮਿਲਿਆ। 2010 ਵਿਚ ਉਹ ਸਪੋਰਟਸ ਵੋਮੈਨ ਆਫ਼ ਦਾ ਯੀਅਰ ਐਲਾਨੀ ਗਈ। ਨਾਰਥ-ਈਸਟਰਨ ਯੂਨੀਵਰਸਿਟੀ ਵੱਲੋਂ 29 ਮਾਰਚ 2016 ਨੂੰ ਉਸ ਨੂੰ ਡੀ.ਲਿਟ ਦੀ ਆਨਰੇਰੀ ਡਿਗਰੀ ਦਿੱਤੀ ਗਈ ਅਤੇ ਕਾਜ਼ੀਰੰਗਾ ਯੂਨੀਵਰਸਿਟੀ ਵੱਲੋਂ 14 ਜਨਵਰੀ 2019 ਨੂੰ ਡੀ.ਫਿੱਲ ਦੀ ਆਨਰੇਰੀ ਡਿਗਰੀ ਨਾਲ ਸਨਮਾਨ ਕੀਤਾ ਗਿਆ।

2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ’ਚੋਂ ਉਹ ਕਾਂਸੀ ਦਾ ਤਗ਼ਮਾ ਜਿੱਤ ਕੇ ਮੁੜੀ ਤਾਂ ਮਨੀਪੁਰ ਸਰਕਾਰ ਨੇ 50 ਲੱਖ ਰੁਪਏ, ਰਾਜਸਥਾਨ ਸਰਕਾਰ ਨੇ 25 ਲੱਖ ਰੁਪਏ, ਅਸਾਮ ਸਰਕਾਰ ਨੇ 20 ਲੱਖ ਰੁਪਏ, ਅਰੁਨਾਚਲ ਪ੍ਰਦੇਸ਼ ਸਰਕਾਰ ਨੇ 10 ਲੱਖ ਰੁਪਏ, ਮਨਿਸਟਰੀ ਆਫ਼ ਟ੍ਰਾਈਬਲ ਅਫੇਅਰਜ਼ ਨੇ 10 ਲੱਖ ਰੁਪਏ ਤੇ ਨਾਰਥ ਈਸਟਰਨ ਕੌਂਸਲ ਨੇ 40 ਲੱਖ ਰੁਪਏ ਦੇ ਨਕਦ ਇਨਾਮ ਦਿੱਤੇ। 2018 ਵਿਚ ਮਨੀਪੁਰ ਸਰਕਾਰ ਨੇ ਉਸ ਨੂੰ ‘ਮੀਥੋਈਲੀਮਾ ਦਾ ਮਹਾਨ ਖ਼ਿਤਾਬ ਦਿੱਤਾ।

ਮੈਰੀ ਕੋਮ ਦੀ ਬੱਸ ਇਕੋ ਹਸਰਤ ਰਹਿ ਗਈ ਸੀ ਕਿ ਉਹ ਬਿਮਾਰ ਹੋਣ ਕਾਰਨ ਰੀਓ ਓਲੰਪਿਕਸ-2016 ਦੀਆਂ ਓਲੰਪਿਕ ਖੇਡਾਂ ’ਚ ਭਾਗ ਨਾ ਲੈ ਸਕੀ ਜਿਥੋਂ ਦੂਜਾ ਓਲੰਪਿਕ ਮੈਡਲ ਜਿੱਤਣ ਦੀ ਪੂਰੀ ਆਸ ਸੀ। ਪਰ 2020 ਦੀਆਂ ਓਲੰਪਿਕ ਖੇਡਾਂ ’ਚ ਭਾਗ ਲੈਣ ’ਚ ਸਫਲ ਹੋ ਗਈ ਸੀ। ਇਹ ਵੱਖਰੀ ਗੱਲ ਹੈ ਕਿ ਉਥੇ ਉਹ ਕੋਈ ਮੈਡਲ ਨਾ ਜਿੱਤ ਸਕੀ। ਉਹ ਖੇਡਾਂ ਕੋਵਿਡ ਦੇ ਕਹਿਰ ਕਾਰਨ 2020 ਦੀ ਥਾਂ 2021 ਵਿਚ ਹੋਈਆਂ ਸਨ ਤੇ ਉਦੋਂ ਤਕ ਉਹ 39 ਸਾਲਾਂ ਦੀ ਹੋ ਗਈ ਸੀ। ਆਖ਼ਰ ਜੁਆਨੀ ਦੀ ਵੀ ਤਾਂ ਕੋਈ ਹੱਦ ਹੁੰਦੀ ਹੈ।

*principalsarwansingh@gmail.com*

# ਮਨੁੱਖਤਾ ਦੇ ਜ਼ਖ਼ਮਾਂ ਦੀ ਅਣਸੁਣੀ ਕਹਾਣੀ : ਜੰਗ

**ਡਾ ਅਮਰਜੀਤ ਟਾਂਡਾ**



ਜੰਗ ਵਿੱਚ ਦੁੱਧ ਚੁੰਘਦੀਆਂ ਰੂਹਾਂ ਮਮਤਾ ਸਮੇਤ ਸੌਂ ਜਾਂਦੀਆਂ ਹਨ। ਮਹਿੰਦੀਆਂ ਖੁਰ ਜਾਂਦੀਆਂ ਹਨ ਸੁਹਾਗ ਉੱਜੜ ਜਾਂਦੇ ਹਨ ਮਿਜ਼ਾਈਲਾਂ ਦੇ ਸ਼ੋਰ ਵਿੱਚ। ਜੰਗ ਕਦੇ ਵੀ ਸਿਰਫ਼ ਸਰਹੱਦਾਂ ਦਾ ਟਕਰਾਅ ਨਹੀਂ ਹੁੰਦੀ, ਇਹ ਮਨੁੱਖਤਾ ਦੇ ਅੰਦਰਲੇ ਸੰਘਰਸ਼ ਦੀ ਉੱਚੀ ਆਵਾਜ਼ ਹੁੰਦੀ ਹੈ।

ਜਦੋਂ ਜੰਗ ਦੀਆਂ ਅੱਗਾਂ ਭੜਕਦੀਆਂ ਹਨ, ਤਾਂ ਸਿਰਫ਼ ਮਿਸ਼ਾਈਲਾਂ ਨਹੀਂ ਉੱਡਦੀਆਂ, ਸਗੋਂ ਮਨੁੱਖੀ ਖ਼ੁਆਬ, ਮਾਸੂਮ ਮੁਸਕਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਆਸਾਂ ਵੀ ਰਾਖ ਬਣ ਜਾਂਦੀਆਂ ਹਨ।

ਜੰਗ ਦੀਆਂ ਧੁਨੀਆਂ ਵਿੱਚ ਤੋਪਾਂ ਦੀ ਗੜਗੜਾਹਟ ਹੁੰਦੀ ਹੈ, ਪਰ ਉਸਦੇ ਅੰਦਰ ਲੁਕਿਆ ਹੁੰਦਾ ਹੈ ਮਾਵਾਂ ਦਾ ਵਿਰਲਾਪ, ਬੱਚਿਆਂ ਦੀ ਡਰ ਨਾਲ ਕੰਬਦੀ ਰੂਹ ਅਤੇ ਮਨੁੱਖਤਾ ਦੀ ਹਾਰ।

ਇਤਿਹਾਸ ਸਾਨੂੰ ਵਾਰ-ਵਾਰ ਇਹ ਦੱਸਦਾ ਹੈ ਕਿ ਜੰਗਾਂ ਨੇ ਕਦੇ ਵੀ ਸਥਾਈ ਜਿੱਤ ਨਹੀਂ ਦਿੱਤੀ। ਸਾਮਰਾਜ ਬਣੇ, ਡਿੱਗੇ, ਪਰ ਮਨੁੱਖਤਾ ਦੀ ਹਾਨੀ ਦਾ ਹਿਸਾਬ ਕਦੇ ਨਹੀਂ ਲਗ ਸਕਿਆ। ਜਦੋਂ ਵੀ ਕਿਸੇ ਰਾਜੇ ਜਾਂ ਹਾਕਮ ਨੇ ਤਾਕਤ ਦੀ ਲਾਲਸਾ ਵਿੱਚ ਜੰਗ ਛੇੜੀ, ਉਸਦੀ ਕੀਮਤ ਆਮ ਲੋਕਾਂ ਨੇ ਆਪਣੇ ਲਹੂ ਨਾਲ ਚੁਕਾਈ।



ਇਤਿਹਾਸ ਦੇ ਪੰਨਿਆਂ ਵਿੱਚ ਲਿਖੀਆਂ ਜੰਗਾਂ ਸਿਰਫ਼ ਤਰੀਕਾਂ ਨਹੀਂ, ਉਹ ਦਰਦ ਦੀਆਂ ਲਕੀਰਾਂ ਹਨ ਜੋ ਮਨੁੱਖੀ ਚਿਹਰੇ ‘ਤੇ ਅੱਜ ਵੀ ਸਪਸ਼ਟ ਹਨ।

ਦਾਰਸ਼ਨਿਕ ਤੌਰ ‘ਤੇ ਵੇਖੀਏ ਤਾਂ ਮਨੁੱਖ ਦੇ ਅੰਦਰਲੇ ਡਰ ਅਤੇ ਅਹੰਕਾਰ ਦੀ ਪੈਦਾਵਾਰ ਹੁੰਦੀ ਹੈ ਜੰਗ। ਜਦੋਂ ਸੰਵਾਦ ਦੀਆਂ ਰਾਹਾਂ ਬੰਦ ਹੋ ਜਾਂਦੀਆਂ ਹਨ, ਤਦ ਜੰਗ ਦੀਆਂ ਖਿੜਕੀਆਂ ਖੁੱਲ ਜਾਂਦੀਆਂ ਹਨ। ਜੰਗ ਦਰਅਸਲ ਮਨੁੱਖੀ ਅਸਹਿਣਸ਼ੀਲਤਾ ਦਾ ਸਭ ਤੋਂ ਵੱਡਾ ਪ੍ਰਤੀਕ ਹੁੰਦੀ ਹੈ। ਇਹ ਸਾਨੂੰ ਸਿਖਾਉਂਦੀ ਹੈ ਕਿ ਜਿੱਥੇ ਅਹੰਕਾਰ ਹੁੰਦਾ ਹੈ, ਉੱਥੇ ਸ਼ਾਂਤੀ ਲੰਮਾ ਸਮਾਂ ਨਹੀਂ ਟਿਕਦੀ।

ਭਾਵਨਾਤਮਕ ਪੱਖੋਂ ਜੰਗ ਸਭ ਤੋਂ ਵੱਡੀ ਮਨੁੱਖੀ ਤਰਾਸਦੀ ਹੁੰਦੀ ਹੈ। ਜੰਗ ਦੇ ਮੈਦਾਨ ਵਿੱਚ ਜਿੱਤਣ ਵਾਲਾ ਵੀ ਹਾਰਦਾ ਹੈ ਅਤੇ ਹਾਰਣ ਵਾਲਾ ਵੀ। ਜਿੱਤਣ ਵਾਲਾ ਆਪਣੇ ਸਿਪਾਹੀਆਂ ਦੀਆਂ ਲਾਸ਼ਾਂ ਵੇਖਦਾ ਹੈ ਅਤੇ ਹਾਰਣ ਵਾਲਾ ਆਪਣਾ ਘਰ-ਪਰਿਵਾਰ ਗੁਆ ਬੈਠਦਾ ਹੈ।

ਜੰਗ ਵਿੱਚ ਕੋਈ ਵੀ ਪੂਰੀ ਤਰ੍ਹਾਂ ਨਹੀਂ ਜਿੱਤਦਾ। ਮਨੁੱਖਤਾ ਪੈਰ ਪੈਰ ਤੇ ਸਦਾ ਹਮੇਸ਼ਾਂ ਹਾਰਦੀ ਹੈ। ਸਮਕਾਲੀ ਸੰਸਾਰ ਵਿੱਚ ਜੰਗ ਦਾ ਰੂਪ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਹੁਣ ਜੰਗ ਸਿਰਫ਼ ਮੈਦਾਨਾਂ ਵਿੱਚ ਨਹੀਂ ਹੁੰਦੀ, ਸਗੋਂ ਆਰਥਿਕਤਾ, ਜਾਣਕਾਰੀ ਅਤੇ ਤਕਨਾਲੋਜੀ ਦੇ ਮੋਰਚਿਆਂ ‘ਤੇ ਵੀ ਲੜੀ ਜਾ ਰਹੀ ਹੈ। ਆਧੁਨਿਕ ਜੰਗਾਂ ਵਿੱਚ ਸਿਰਫ਼ ਗੋਲੀਆਂ ਹੀ ਨਹੀਂ, ਸਗੋਂ ਝੂਠੀਆਂ ਖ਼ਬਰਾਂ, ਆਰਥਿਕ ਪਾਬੰਦੀਆਂ ਅਤੇ ਡਰ ਦਾ ਮਾਹੌਲ ਵੀ ਹਥਿਆਰ ਬਣ ਗਏ ਹਨ।

ਇਹ ਜੰਗਾਂ ਮਨੁੱਖ ਦੇ ਮਨ ਨੂੰ ਵੀ ਜ਼ਖ਼ਮੀ ਕਰਦੀਆਂ ਹਨ। ਪਰ ਇਸ ਸਭ ਦੇ ਬਾਵਜੂਦ ਇੱਕ ਸੱਚ ਹਮੇਸ਼ਾਂ ਕਾਇਮ ਰਹਿੰਦਾ ਹੈ - ਜੰਗ ਦੇ ਬਾਅਦ ਵੀ ਮਨੁੱਖਤਾ ਸ਼ਾਂਤੀ ਦੀ ਖੋਜ ਕਰਦੀ ਰਹਿੰਦੀ ਹੈ।

ਹਰ ਤਬਾਹੀ ਤੋਂ ਬਾਅਦ ਮਨੁੱਖ ਫਿਰ ਘਰ ਬਣਾਉਂਦਾ ਹੈ, ਫਿਰ ਰਿਸ਼ਤੇ ਜੋੜਦਾ ਹੈ ਅਤੇ ਫਿਰ ਸ਼ਾਂਤੀ ਦੀ ਅਰਦਾਸ ਕਰਦਾ ਨਜ਼ਮ ਲਿਖਦਾ ਹੈ। ਇਹ ਮਨੁੱਖੀ ਆਸ ਦੀ ਸਭ ਤੋਂ ਵੱਡੀ ਨਿਸ਼ਾਨੀ ਵਰਗੀ ਹੁੰਦੀ ਹੈ।

ਅਸਲ ਵਿੱਚ ਜੰਗ ਮਨੁੱਖਤਾ ਦੀ ਅਸਫਲਤਾ ਹੈ ਅਤੇ ਸ਼ਾਂਤੀ ਉਸਦੀ ਸਭ ਤੋਂ ਵੱਡੀ ਜਿੱਤ ਹੁੰਦੀ। ਜਦੋਂ ਦੁਨੀਆਂ ਇਹ ਸਮਝ ਲਵੇਗੀ ਕਿ ਤਾਕਤ ਦਾ ਅਸਲ ਮਤਲਬ ਤਬਾਹੀ ਨਹੀਂ, ਸਗੋਂ ਸਹਿਣਸ਼ੀਲਤਾ ਹੈ, ਤਦੋਂ ਸ਼ਾਇਦ ਜੰਗਾਂ ਦੀਆਂ ਅੱਗਾਂ ਠੰਢੀਆਂ ਹੋਣੀਆਂ ਸ਼ੁਰੂ ਹੋਣ। ਜੰਗ ਵਿੱਚ ਕੋਈ ਨਹੀਂ ਪੁੱਛਦਾ ਬੱਚਿਆਂ ਦੇ ਟੁੱਟੇ ਹੋਏ ਖਿਡੌਣਿਆਂ ਨੂੰ ਭੈਣਾਂ ਦੀਆਂ ਅਸੀਸਾਂ ਦਰਾਂ ਤੇ ਰੁਲ ਜਾਂਦੀਆਂ ਹਨ ਜਦੋਂ ਬਲਾਸਟਕ ਮਿਜ਼ਾਈਲਾਂ ਉੱਡਦੀਆਂ ਹਨ ਕਿਸੇ ਦੇ ਸੁਪਨਿਆਂ ਨੂੰ ਰਾਖ ਕਰਨ।


ਜੰਗ ਵਿੱਚ ਮਾਵਾਂ ਦੀਆਂ ਲੋਰੀਆਂ ਲਾਡਾਂ ਦੀਆਂ ਗਲਵੱਕੜੀਆਂ ਵਿੱਚ ਹੀ ਖੁਰ ਕੇ ਮਰ ਮਿਟ ਜਾਂਦੀਆਂ ਹਨ। ਜੰਗ ਦੀਆਂ ਅੱਗਾਂ ਹਮੇਸ਼ਾਂ ਹਨ੍ਹੇਰਾ ਹੀ ਵਿਛਾਉਂਦੀਆਂ ਲਿਆਉਂਦੀਆਂ ਵਿਖਾਉਂਦੀਆਂ ਹਨ, ਪਰ ਮਨੁੱਖਤਾ ਦੀ ਆਸ ਹਮੇਸ਼ਾਂ ਸੂਰਜ ਵਾਂਗ ਫ਼ਿਰ ਉਗਦੀ ਹੈ। ਸ਼ਾਇਦ ਇਹੀ ਮਨੁੱਖੀ ਇਤਿਹਾਸ ਦਾ ਸੱਭ ਤੋਂ ਸੁੰਦਰ ਸੱਚ ਹੁੰਦਾ ਹੈ - ਕਿ ਜੰਗਾਂ ਦੇ ਬਾਵਜੂਦ ਵੀ ਮਨੁੱਖਤਾ ਜਿਉਂਦੀ ਰਹਿੰਦੀ ਹੈ ਅਤੇ ਸ਼ਾਂਤੀ ਦਾ ਸੁਪਨਾ ਕਦੇ ਨਹੀਂ ਮਰਦਾ।

*ਸੰਪਰਕ+61 412913021*
*ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*

# “ਸਮੇਂ ਦਾ ਸਾਹਿਤ” - ਸਮਕਾਲੀ ਰਚਨਾਵਾਂ ਦੀ ਸੁਚੱਜੀ ਪੜਚੋਲ

## ਪੁਸਤਕ ਸਮੀਖਿਆ


ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ



ਡਾ. ਕੁਲਵਿੰਦਰ ਸਿੰਘ ਬਾਠ (ਕੈਲੇਫੋਰਨੀਆ) ਵਿਗਿਆਨ ਦੇ ਖੇਤਰ ਨਾਲ ਸੰਬੰਧਤ ਹੈ। ਪੇਸ਼ੇ ਦੇ ਤੌਰ ’ਤੇ ਉਹ ਮਾਈਕਰੋ ਵਿਗਿਆਨੀ ਹੈ, ਪਰ ਉਸਦਾ ਮਨ ਸਾਹਿਤ ਨਾਲ ਵੀ ਨਾਲ ਜੁੜਿਆ ਹੋਇਆ ਹੈ। ਸਮਾਂ ਪਾ ਕੇ ਉਸਦਾ ਇਹ ਸ਼ੌਕ ਜਨੂੰਨ ਬਣ ਗਿਆ। ਸਵੇਰ ਤੋਂ ਸ਼ਾਮ ਤੱਕ ਉਹ ਰੁੱਖਾ ਜਿਹਾ ਵਿਸ਼ਾ ਕਹਿਣ ਵਾਲੇ ਵਿਗਿਆਨ ਦੇ ਖੇਤਰ ਜੁੜਿਆ ਰਹਿੰਦਾ ਹੈ ਅਤੇ ਉਧਰੋ ਵਿਹਲਾ ਹੁੰਦੇ ਹੀ ਰੇਲ ਗੱਡੀ ਦੇ ਕਾਂਟਾ ਬਦਲਣ ਵਾਂਗ ਸਾਹਿਤਕ ਰੁਚੀਆਂ ਨਾਲ ਜੁੜ ਜਾਂਦਾ ਹੈ। ਉਸ ਦਾ ਸਾਹਿਤਕ ਸ਼ੌਕ ਕਈ ਵਾਰ ਤਾਂ ਕੁਲ ਵਕਤੀ ਸਾਹਿਤਕਾਰਾਂ ਨੂੰ ਵੀ ਮਾਤ ਪਾਉਂਦਾ ਹੈ। ਉਸ ਦੀ ਕਵਿਤਾ ਵਿੱਚ ਲੋਹੜੇ ਦੀ ਕਾਵਿਕਤਾ ਹੈ, ਵਾਰਤਕ ਵਿੱਚ ਕਹਾਣੀ ਰਸ ਡੁੱਲ-ਡੁੱਲ ਪੈਂਦਾ ਹੈ, ਕਹਾਣੀ ਵਿੱਚ ਕਾਵਿਕ ਰੰਗਣ ਦੀ ਸੁਗੰਧ ਹੁੰਦੀ ਹੈ ਅਤੇ ਜਦੋਂ ਉਹ ਅਲੋਚਨਾ ਦੇ ਖੇਤਰ ਵਿੱਚ ਕਦਮ ਰੱਖਦਾ ਹੈ ਤਾਂ ਜਿਵੇਂ ਉਸਦਾ ਤੀਜਾ ਨੇਤਰ ਖੁਲ੍ਹ ਜਾਂਦਾ ਹੈ। ਇਹ ਗੁਣ ਉਸ ਨੂੰ ਇੱਕ ਸੰਵੇਦਨਸ਼ੀਲ ਅਤੇ ਸੁਚੇਤ ਸਮੀਖਿਆਕਾਰ ਵਜੋਂ ਸਥਾਪਤ ਕਰਦੇ ਹਨ।

ਡਾ. ਬਾਠ ਦੀ ਸਮੀਖਿਆਤਮਕ ਪੁਸਤਕ “ਸਮੇਂ ਦਾ ਸਾਹਿਤ” ਅਸਲ ਵਿੱਚ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਉੱਤੇ ਕੀਤੀਆਂ ਗਈਆਂ ਪੜਚੋਲਾਂ ਦਾ ਸੰਕਲਨ ਹੈ। ਇਸ ਪੁਸਤਕ ਵਿੱਚ ਛੱਬੀ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਕਵਿਤਾ, ਨਾਵਲ, ਯਾਤਰਾ-ਵ੍ਰਿਤਾਂਤ, ਕਹਾਣੀ ਅਤੇ ਹੋਰ ਸਾਹਿਤਕ ਰੂਪਾਂ ਦੀਆਂ ਕਿਤਾਬਾਂ ਸ਼ਾਮਲ ਹਨ। ਇਹ ਰਚਨਾਵਾਂ ਸਮਕਾਲੀ ਪੰਜਾਬੀ ਸਾਹਿਤ ਦੀ ਵਿਭਿੰਨਤਾ ਨੂੰ ਦਰਸਾਉਂਦੀਆਂ ਹਨ। ਪੁਸਤਕ ਵਿੱਚ ਜਿਨ੍ਹਾਂ ਕਿਤਾਬਾਂ ਦੀ ਸਮੀਖਿਆ ਕੀਤੀ ਗਈ ਹੈ, ਉਨ੍ਹਾਂ ਵਿੱਚ ਮੁੱਖ ਤੌਰ ‘ਤੇ “ਲਾਹੌਰ ਦੀ ਫਿਜ਼ਾ”, “ਹਾਜ਼ਰ-ਗੈਰਹਾਜ਼ਰ”, “ਪ੍ਰੀਤੀ”, “ਤੁਰ ਗਏ ਯਾਰ ਨਿਰਾਲੇ”, “ਤੀਲਾ”, “ਅੱਖਰਵਿਤਾ”, “ਜ਼ਿੰਦਗੀ ਜਸ਼ਨ ਹੈ”, “ਕਿਸ ਨੂੰ ਆਖਾਂ”, “ਅਲਵਿਦਾ ! ਕਦੇ ਵੀ ਨਹੀਂ”, “The Bleeding Women”, “ਮੁਆਫੀਨਾਮਾ”, “ਨਾਰਥ ਪੋਲ - ਧਰਤੀ ਦਾ ਮੁਕਟ”, “ਇਸ ਧਰਤੀ ‘ਤੇ ਰਹਿੰਦਿਆਂ”, “ਤਲਾਸ਼ ਜਾਰੀ ਹੈ”, “ਸੁਰਖ ਰਾਹਾਂ ਦੇ ਹਮਸਫ਼ਰ”, “ਦੀਵਿਆਂ ਦੀ ਡਾਰ”, “ਖਾਲੀ ਆਲ੍ਹਣਾ”, “ਚਾਲੀ ਦਿਨ”, “ਕੱਚੇ ਪੱਕੇ ਰਾਹ”, “ਅਦੀਬ ਸਮੁੰਦਰੋਂ ਪਾਰ ਦੇ”, “ਵੇਖਿਆ ਸ਼ਹਿਰ ਬੰਬਈ”, “ਹਾਲ ਉਠਾਈਂ ਕਹੀਏ”, “ਕੁੜੀ ਕਹਾਣੀ ਬਣਦੀ ਗਈ”, “ਤਰਕਸ਼”, “ਸਤਨਾਜਾ” ਅਤੇ “ਰਾਵਣ ਹੀ ਰਾਵਣ” ਵਰਗੀਆਂ ਰਚਨਾਵਾਂ ਸ਼ਾਮਲ ਹਨ।

ਇਹ ਸੂਚੀ ਸਿਰ਼ਫ ਨਾਮਾਂ ਦੀ ਗਿਣਤੀ ਨਹੀਂ, ਬਲਕਿ ਪੰਜਾਬੀ ਸਾਹਿਤ ਦੀ ਵਿਭਿੰਨ ਧਾਰਾਵਾਂ ਦਾ ਦਰਪਣ ਹੈ। ਡਾ. ਬਾਠ ਨੇ ਹਰ ਰਚਨਾ ਨੂੰ ਕੇਵਲ ਸਰਲ ਜਾਣਕਾਰੀ ਦੇ ਪੱਧਰ ‘ਤੇ ਨਹੀਂ ਪੜ੍ਹਿਆ, ਸਗੋਂ ਉਸ ਦੀ ਅੰਦਰੂਨੀ ਆਤਮਾ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ। ਡਾ. ਬਾਠ ਦੀ ਸਮੀਖਿਆ ਕਲਾ ਦੀ ਇੱਕ ਵੱਡੀ ਖਾਸੀਅਤ ਇਹ ਹੈ ਕਿ ਉਹ ਕਿਸੇ ਵੀ ਰਚਨਾ




ਨੂੰ ਸਿਰ਼ਫ ਸਿਧਾਂਤਕ ਅਲੋਚਨਾ ਦੇ ਸਾਂਚੇ ਵਿੱਚ ਨਹੀਂ ਫਸਾਉਂਦਾ। ਉਹ ਰਚਨਾ ਨੂੰ ਮਨੁੱਖੀ ਅਨੁਭਵਾਂ ਅਤੇ ਸਮਾਜਕ ਸੰਦਰਭਾਂ ਨਾਲ ਜੋੜ ਕੇ ਵੇਖਦਾ ਹੈ। ਉਦਾਹਰਣ ਵਜੋਂ ਪੁਸਤਕ “ਲਾਹੌਰ ਦੀ ਫਿਜ਼ਾ” ਦੀ ਸਮੀਖਿਆ ਕਰਦਿਆਂ ਉਹ ਸਿਰ਼ਫ ਯਾਤਰਾ-ਵ੍ਰਿਤਾਂਤ ਦੇ ਵੇਰਵਿਆਂ ਤੱਕ ਸੀਮਿਤ ਨਹੀਂ ਰਹਿੰਦਾ, ਬਲਕਿ ਵੰਡ ਦੀ ਪੀੜ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਇਸੇ ਤਰ੍ਹਾਂ “ਹਾਜ਼ਰ-ਗੈਰਹਾਜ਼ਰ” ਵਰਗੀ ਰਚਨਾ ਬਾਰੇ ਗੱਲ ਕਰਦਿਆਂ ਉਹ ਯਾਦਾਂ ਅਤੇ ਇਤਿਹਾਸ ਦੇ ਆਪਸੀ ਸੰਬੰਧ ਨੂੰ ਰੌਸ਼ਨ ਕਰਦਾ ਹੈ। ’ਅੱਖਰਵਿਤਾ’ ਵਿਚ ਉਹ ਕਾਵਿ ਦੀ ਬਣਤਰ ਅਤੇ ਭਾਸ਼ਾਈ ਪ੍ਰਯੋਗਾਂ ’ਤੇ ਵਿਸ਼ੇਸ਼ ਧਿਆਨ ਦਿੰਦਾ ਹੈ। ਉਹ ਦਰਸਾਉਂਦਾ ਹੈ ਕਿ ਆਧੁਨਿਕ ਕਾਵਿ ਵਿਚ ਪ੍ਰਯੋਗਸ਼ੀਲਤਾ ਕਿਵੇਂ ਨਵੇਂ ਰਾਹ ਖੋਲ੍ਹ ਸਕਦੀ ਹੈ। ਅਜਿਹੀ ਪੜਚੋਲ ਵਿਚ ਲੇਖਕ ਦੀ ਆਲੋਚਨਾਤਮਕ ਦ੍ਰਿਸ਼ਟੀ ਅਤੇ ਭਾਸ਼ਾਈ ਸੰਵੇਦਨਸ਼ੀਲਤਾ ਉਘੜਵੇਂ ਰੂਪ ਵਿਚ ਰੂਪਮਾਨ ਹੁੰਦੀ ਹੈ।

‘ਨਾਰਥ ਪੋਲ-ਧਰਤੀ ਦਾ ਮੁਕਟ’ ਵਿਚ ਵਿਦਵਾਨ ਆਲੋਚਕ ਯਾਤਰਾ-ਵ੍ਰਿਤਾਂਤ ਦੀ ਗੱਲ ਕਰਦਾ ਹੋਇਆ ਸਫਰ ਦੇ ਬਿਰਤਾਂਤ ਦੀ ਗੱਲ ਕਰਦਾ ਹੋਇਆ ਵਿਗਿਆਨਕ ਅਤੇ ਭੂਗੋਲਿਕ ਪੱਖਾਂ ਨੂੰ ਵੀ ਸਮਝਣ ਦਾ ਯਤਨ ਕਰਦਾ ਹੈ ਅਤੇ ਉਸ ਅਣਜਾਣ ਅਤੇ ਅਣੋਖੀ ਧਰਤੀ ਨੂੰ ਅਜਿਹੇ ਢੰਗ ਨਾਲ ਪੇਸ਼ ਕਰਦਾ ਹੈ ਕਿ ਪੜਚੋਲ ਪੜ੍ਹਨ ਵਾਲੇ ਪਾਠਕ ਆਪ ਉਸ ਧਰਤੀ ਤੇ ਪਹੁੰਚੇ ਮਹਿਸੂਸ ਕਰਦੇ ਹਨ।

ਅਜਿਹੀ ਆਲੋਚਨਾ ਕਹਾਣੀ ਜਾਂ ਨਾਵਲ ਦੇ ਕਹਾਣੀ ਰਸ ਵਰਗੀ ਜਾਪਦੀ ਹੈ। ’ਕੱਚੇ-ਪੱਕੇ ਰਾਹ’ ਦੀ ਪੜਚੋਲ ਦੌਰਾਨ ਡਾ. ਬਾਠ ਮਨੁੱਖੀ ਸੰਘਰਸ਼ ਅਤੇ ਜੀਵਨ ਯਾਤਰਾ ਦੇ ਅਰਥਾਂ ਨੂੰ ਵੀ ਉਭਾਰਦਾ ਹੈ।

“ਅਲਵਿਦਾ ! ਕਦੇ ਵੀ ਨਹੀਂ”, “ਠਹਣ ਭਲਣਇਦਿਨਗ ੌਮਣਨ” ਦੀ ਸਮੀਖਿਆ ਵਿੱਚ ਡਾ. ਬਾਠ ਦੀ ਵਿਸ਼ਲੇਸ਼ਣਕ ਦ੍ਰਿਸ਼ਟੀ ਹੋਰ ਵੀ ਤੀਖੀ ਹੋ ਜਾਂਦੀ ਹੈ। ਇੱਥੇ ਉਹ ਕੇਵਲ ਰਚਨਾ ਦ ਕਥਾ ਜਾਂ ਵਿਸ਼ੇ ਤੱਕ ਹੀ ਨਹੀਂ ਰੁਕਦਾ, ਸਗੋਂ ਉਸ ਦੀ ਭਾਵਾਤਮਕ ਗਹਿਰਾਈ, ਸਮਾਜਕ ਸੰਦੇਸ਼ ਅਤੇ ਕਲਾਤਮਕ ਸੰਰਚਨਾ ਨੂੰ ਵੀ ਪਰਖਦਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਇੱਕ ਪੱਕੇ ਅਤੇ ਤਜਰਬੇਕਾਰ ਪਾਠਕ ਦੀ ਨਜ਼ਰ ਨਾਲ ਰਚਨਾ ਨੂੰ ਸਮਝਣ ਦਾ ਯਤਨ ਕਰਦਾ ਹੈ। ਪੁਸਤਕ ਪੜਚੋਲ ਦੀ ਅਜਿਹੀ ਵਿਧੀ ਤੋਂ ਪੰਜਾਬੀ ਦੇ ਬਹੁਤੇ ਰੀਵਿਊਕਾਰ ਦੂਰ ਹੀ ਰਹਿੰਦੇ ਹਨ।

ਪ੍ਰਸਤੁਤ ਪੁਸਤਕ ਦੀਆਂ ਕੁਝ ਹੋਰ ਸਮੀਖਿਆਵਾਂ, ਜਿਵੇਂ “ਤਰਕਸ਼”, “ਸਤਨਾਜਾ” ਅਤੇ “ਰਾਵਣ ਹੀ ਰਾਵਣ”, ਵਿੱਚ ਡਾ. ਬਾਠ ਦੀ ਲਿਖਤ ਹੋਰ ਵੀ ਸੰਵੇਦਨਸ਼ੀਲ ਹੋ ਜਾਂਦੀ ਹੈ। ਇਨ੍ਹਾਂ ਰਚਨਾਵਾਂ ਬਾਰੇ ਲਿਖਦਿਆਂ ਉਹ ਕਈ ਵਾਰ ਆਪਣੇ ਅੰਦਰਲੇ ਕਵੀ ਨੂੰ ਵੀ ਬੋਲਣ ਦਿੰਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਸਮੀਖਿਆ ਕਈ ਥਾਵਾਂ ‘ਤੇ ਨੀਰਸ ਜਿਹੀ ਅਲੋਚਨਾ ਹੀ ਨਹੀਂ ਰਹਿੰਦੀ, ਬਲਕਿ ਇੱਕ ਰਚਨਾਤਮਕ ਲਿਖਤ ਦਾ ਰੂਪ ਧਾਰ ਲੈਂਦੀ ਹੈ।

ਇਸ ਪੁਸਤਕ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਡਾ. ਬਾਠ ਹਰ ਕਿਤਾਬ ਲਈ ਦਿੱਤੇ ਸਿਰਲੇਖਾਂ ਰਾਹੀਂ ਹੀ ਉਸ ਦੀ ਰੂਹ ਨੂੰ ਪਕੜਣ ਦਾ ਯਤਨ ਕਰਦਾ ਹੈ। ਇਹ ਸਿਰਲੇਖ ਸਿਰ਼ਫ ਆਕਰਸ਼ਕ ਨਹੀਂ, ਸਗੋਂ ਪੂਰੀ ਰਚਨਾ ਦਾ ਸੰਕੇਤਕ ਨਿਚੋੜ ਵੀ ਹੁੰਦੇ ਹਨ। ਇਸ ਤਰੀਕੇ ਨਾਲ ਪਾਠਕ ਨੂੰ ਰਚਨਾ ਦੇ ਮੂਲ ਭਾਵ ਤੱਕ ਪਹੁੰਚਣ ਵਿੱਚ ਆਸਾਨੀ ਹੁੰਦੀ ਹੈ।

ਸਾਰ ਤੌਰ ‘ਤੇ ਕਿਹਾ ਜਾ ਸਕਦਾ ਹੈ ਕਿ “ਸਮੇਂ ਦਾ ਸਾਹਿਤ” ਸਿਰ਼ਫ ਇੱਕ ਸਮੀਖਿਆ ਪੁਸਤਕ ਨਹੀਂ, ਬਲਕਿ ਸਮਕਾਲੀ ਪੰਜਾਬੀ ਸਾਹਿਤ ਨਾਲ ਇੱਕ ਗੰਭੀਰ ਸੰਵਾਦ ਹੈ। ਉਸਦੀ ਆਲੋਚਨਾ ਸਿਰਫ ਸੰਬੰਧਤ ਪੁਸਤਕ ਦੀ ਸਤਹੀ ਜਿਹੀ ਜਾਣਕਾਰੀ ਹੀ ਪ੍ਰਦਾਨ ਨਹੀਂ ਕਰਦੀ, ਸਗੋਂ ਪੁਸਤਕ ਦੀ ਰੂਹ ਤੱਕ ਪਹੁੰਚਣ ਦਾ ਯਤਨ ਕਰਦੀ ਹੈ। ਡਾ. ਕੁਲਵਿੰਦਰ ਸਿੰਘ ਬਾਠ ਨੇ ਇਸ ਰਚਨਾ ਰਾਹੀਂ ਇਹ ਸਾਬਤ ਕੀਤਾ ਹੈ ਕਿ ਇੱਕ ਸਚਾ ਪਾਠਕ ਹੀ ਇੱਕ ਵਧੀਆ ਸਮੀਖਿਆਕਾਰ ਬਣ ਸਕਦਾ ਹੈ। ਉਨ੍ਹਾਂ ਦੀ ਇਹ ਪੁਸਤਕ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਰਚਨਾਵਾਂ ਨੂੰ ਸਮਝਣ ਵਿਚ ਸਹਾਇਤਾ ਵੀ ਕਰਦੀ ਹੈ। ਐਵਿਸ ਪ੍ਰਕਾਸ਼ਨ, ਦਿੱਲੀ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ 158 ਪੰਨਿਆ ਦੀ ਕੀਮਤ 425 ਰੁਪਏ ਹੈ।

# ਰੋਮ ਵਿੱਚ 3 ਲੱਖਾਂ ਤੋਂ ਉਪੱਰ ਲੋਕਾਂ ਨੇ ਸੜਕਾਂ ਉਪੱਰ ਉੱਤਰ ਨੇ ਮਲੇਨੀ ਤੇ ਟਰੰਪ ਖਿਲਾ਼ਫ ਜੰਮਕੇ ਕੀਤੀ ਨਾਅਰੇਬਾਜੀ

ਰੋਮ (ਗੁਰਸ਼ਰਨ ਸਿੰਘ ਸੋਨੀ)-ਆਪਣੀ ਹਾਂਕੜਬਾਜੀ ਤੇ ਇਰਖਾਲੂ ਰਾਜਨੀਤੀ ਦੇ ਕਾਰਨ ਇੱਕ ਪਾਸੇ ਦੁਨੀਆਂ ਦੀਆਂ ਹਾਕਮਧਿਰਾਂ ਲੋਕਾਂ ਦੇ ਵਿਨਾਸ਼ ਦਾ ਫਰਮਾਨ ਤੀਜੇ ਵਿਸ਼ਵ ਯੁੱਧ ਲਈ ਜੰਗੀ ਪੱਧਰ ਤੇ ਤਿਆਰੀ ਕਰੀ ਬੈਠੀਆਂ ਹਨ ਤੇ ਦੂਜੇ ਪਾਸੇ ਦੁਨੀਆਂ ਭਰ ਵਿੱਚ ਇਨਸਾ਼ਫ ਤੇ ਸ਼ਾਂਤੀ ਪਸੰਦ ਲੋਕ ਹਾਕਮਰਾਨਾਂ ਦੀਆਂ ਧੱਕੇਸ਼ਾਹੀਆਂ ਤੇ ਤਾਨਾਸ਼ਾਹੀ ਨੀਤੀਆਂ ਖਿਲਾ਼ਫ ਲਾਮਬੰਦ ਹੋਕੇ ਆਪਣੇ ਰੋਹ ਦਾ ਪ੍ਰਗਟਾਵਾ ਕਰਨ ਲਈ ਸੜਕਾਂ ਉਪੱਰ ਉੱਤਰੇ ਨਜ਼ਰੀ ਆ ਰਹੇ ਹਨ ਜਿਸ ਦਾ ਨਜ਼ਾਰਾ ਇਟਲੀ ਦੀ ਰਾਜਧਾਨੀ ਰੋਮ ਵਿੱਚ ਵੀ ਦੇਖਣ ਨੂੰ ਮਿਲਿਆ ਜਿੱਥੇ 3 ਲੱਖ ਤੋਂ ਉੱਪਰ ਲੋਕਾਂ ਨੇ ਵਿਸ਼ਵ ਸ਼ਾਂਤੀ ਲਈ ਨਾਆਰੇਬਾਜੀ ਕਰਦਿਆਂ ਕਿਹਾ ਕਿ ਦੁਨੀਆਂ ਦਾ ਕੋਈ ਰਾਜਾ ਨਹੀਂ, ਇਟਲੀ ਦਾ ਕੋਈ ਰਾਜਾ ਨਹੀਂ ਇਹ ਲੋਕਾਂ ਦਾ ਵਿਸ਼ਾਲ ਇੱਕਠ ਵਿਸ਼ਾਲ ਰੋਸ ਮੁਜਾਹਰਾ ਜਿਹੜਾ ਕਿ ਦੁਨੀਆਂ ਭਰ ਵਿੱਚੋਂ ਇੱਕੋ ਸਮੇਂ ਕੱਢਿਆ ਜਾ ਰਿਹਾ ਹੈ ਇਹ ਇਟਲੀ ਸਰਕਾਰ ਤੇ ਉਹਨਾਂ ਤਮਾਮ ਤਾਕਤਾਂ ਵਿਰੁੱਧ ਸੀ ਜਿਹੜੇ ਕਿ ਵਿਸ਼ਵ ਦਾ ਵਿਨਾਸ਼ ਕਰਨਾ ਚਾਹੁੰਦੇ ਹਨ। ਅਮਰੀਕਾ, ਇਜ਼ਰਾਈਲ ਜਾਣਬੁੱਝ ਕੇ ਇਰਾਨ ਨੂੰ ਤਬਾਹ ਕਰਨ ਤੇ ਤੁਰਿਆ ਹੋਇਆ ਹੈ ਜਿਸ ਕਾਰਨ ਪੂਰੀ ਦੁਨੀਆਂ ਵਿੱਚ ਲੋਕਾਂ ਨੂੰ ਆਪਣੀ ਆਵਾਜ ਬੁਲੰਦ ਕਰਨੀ ਪੈ ਰਹੀ ਹੈ। ਇਸ ਰੈਲੀ ਵਿੱਚ ਇਟਲੀ ਦੀ ਮੌਜੂਦਾ ਪ੍ਰਧਾਨ ਮੰਤਰੀ ਮੈਡਮ ਜੌਰਜੀਆ ਮਲੇਨੀ ਸਮੇਤ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵਿਰੁੱਧ ਜੰਮਕੇ ਨਾਰੇਬਾਜੀ ਵੀ ਕੀਤੀ ਗਈ। ਇਹ ਵਿਸ਼ਾਲ ਰੋਸ ਮੁਜਾਹਰਾ ਰਾਜਧਾਨੀ ਰੋਮ ਦੇ ਚੌਂਕ ਦੇਲਾ ਰਿਪਬਲਿਕਾ ਤੋਂ ਚੌਂਕ ਸਨਜਿਓਵਾਨੀ ਤੱਕ ਕੱਢਿਆ ਗਿਆ ਜਿਸ ਵਿੱਚ ਆਮ ਲੋਕਾਂ ਦੇ ਨਾਲ ਇਟਲੀ ਭਰ ਦੀਆਂ ਜਨਤਕ ਜੱਥੇਬੰਦੀਆਂ ਤੇ ਵਿਦੇਸ਼ੀਆਂ ਨੇ ਵੱਧ ਚੜ੍ਹਕੇ ਹਿੱਸਾ ਲਿਆ।



ਇਹ ਮਾਰਚ ਰਾਜਿਆਂ ਅਤੇ ਉਹਨਾਂ ਦੇ ਯੁੱਧਾਂ ਦੇ ਵਿਰੁੱਧ ਸੀ ਜਿਸ ਵਿੱਚ ਤਾਨਾਸ਼ਾਹੀ ਨੂੰ ਨਾਂਹ, ਯੁੱਧ ਨੂੰ ਨਾਂਹ,ਮੁੜ ਹਥਿਆਰਬੰਦੀ ਨੂੰ ਨਾਂਹ,ਨਸਲਕੁਸ਼ੀ ਨੂੰ ਨਾਂਹ,ਦਮਨ ਨੂੰ ਨਾਂਹ ਅਤੇ ਸ਼ਾਂਤੀ ਵਿਰੁੱਧ ਲੜਨ ਵਾਲੀਆਂ ਸਰਕਾਰਾਂ ਨੂੰ ਨਾਂਹ ਲਈ ਬਹੁਤ ਹੀ ਗਰਮਜੋਸ਼ੀ ਨਾਲ ਕੱਢਿਆ ਗਿਆ। ਇਸ ਵਿਸ਼ਾਲ ਰੋਸ ਮੁਜ਼ਾਹਰੇ ਵਿੱਚ ਲੱਖਾਂ ਲੋਕਾਂ ਨੇ ਬੇਸ਼ੱਕ ਮੌਜੂਦਾ ਸਰਕਾਰ ਤੇ ਯੁੱਧ ਖਿਲਾ਼ਫ ਰੱਜਕੇ ਨਾਅਰੇਬਾਜੀ ਕੀਤੀ ਪਰ ਕਿਸੇ ਨੇ ਵੀ ਕੋਈ ਕਾਨੂੰਨ ਭੰਗ ਨਹੀਂ ਕੀਤਾ ਤੇ ਪੁਲਸ ਪ੍ਰਸ਼ਾਸ਼ਨ ਵੀ ਮਾਰਚ ਦੇ ਨਾਲ -ਨਾਲ ਸ਼ਾਂਤੀਪੂਰਵਕ ਚੱਲਦਾ ਰਿਹਾ ਹੈ।

## ਕੱਚੀ ਕਲੀ ਕਚਨਾਰ ਦੀ ਸੁਰੀਲੀ ਬਹਾਰ ਜਿਹੀ ਗੁਰਨੂਰ ਮਾਨ



ਜਵਾਨੀ ਦੀ ਬਰੂਹਾਂ ਵੱਲ ਵਧਦੀ ਆਵਾਜ਼ ਸ਼ਹਿਦ ਭਿੱਜੀ ਤੇ ਰੰਗ ਚਿੱਟਾ, ਅੱਖਾਂ ਸ਼ਰਬਤੀ ਤੇ ਲੁੱਕ ਕਾਤਲ ਗੁਰਨੂਰ ਮਾਨ ਦੀ ਹੈ।ਮਾਝੇ ਦੀ ਓਹ ਅੱਲੜ੍ਹ ਵਰੇਸ ਮੁਟਿਆਰ ਸੁਰ ਦੀ ਮਿੱਠੀ ਬਹਾਰ ਹੈ ਤੇ ਗੁਰਨੂਰ ਮਾਨ ਨੂੰ ਸੰਗੀਤ ਦੀ ਇੱਕ ਇੱਕ ਬਰੀਕੀ ਰਜਨੀ ਮਾਨ ਨੇ ਸਮਝਾਈ ਹੈ। “ਸ਼ਵਲ ੨” ਫੀ ਮੇਲ ਵਰਸਨ ਨਾਲ ਗੁਰਨੂਰ ਮਾਨ ਦੀ ਗੱਲ ਬਣ ਰਹੀ ਹੈ।ਰਜਨੀ ਮਾਨ ਆਖਦੀ ਹੈ ਕਿ ਗੁਰਨੂਰ ਮਾਨ ਦੀ ਸਟੇਜ ਵੀ ਨਿੱਖਰ ਰਹੀ ਹੈ ਤੇ ਅਗਲੇ ਸਾਲ ਇਹਨਾਂ ਦਿਨਾਂ ਤੱਕ ਗੁਰਨੂਰ ਦੀ ਗਾਇਕੀ ਦਾ ਨੂਰ ਪੰਜਾਬੀ ਗਾਇਕੀ ਵਿੱਚ ਚਮਕ ਰਿਹਾ ਹੋਊ। ਗੁਰਨੂਰ ਨਾਰੀ ਪੰਜਾਬੀ ਗਾਇਕੀ ਵਿੱਚ ਕੌਰ ਬੀ, ਰੁਪਿੰਦਰ ਹਾਂਡਾ ਤੇ ਨਿਮਰਤ ਖੈਹਰਾ ਦੀ ਤਰਾਂ ਨਾਮਵਰ ਗਾਇਕਾ ਹੋਏਗੀ। ਜਿੰਨੀ ਮਿੱਠੀ ਓਸ ਦੀ ਆਵਾਜ਼ ਹੈ ਓਨੀ ਹੀ ਮਿੱਠੀ ਓਸ ਦੀ ਸੂਰਤ ਹੈ ਤੇ ਫ਼ਿਲਮ ਹੀਰੋਇਨ ਵੀ ਬਣ ਸਕਦੀ ਹੈ ਗੁਰਨੂਰ ਮਾਨ। ਗੁਰਨੂਰ ਮਾਨ ਰਿਆਜ਼ ਕਰਦੀ ਹੈ, ਸਟੇਜ ਬਾਰੇ ਜਾਣਕਾਰੀ ਲੈਂਦੀ ਹੈ, ਗੀਤ ਇੱਕਠੇ ਕਰ ਰਹੀ ਹੈ ਤੇ ਦੋ ਘੰਟੇ ਦੇ ਗੀਤ ਓਸ ਕੋਲ ਹੋਣ ਜਿਸ ਨਾਲ ਓਹ ਲੋਕ ਖੁਸ਼ ਕਰ ਸਕੇ ਮਾਹੌਲ ਬੰਨ ਸਕੇ ਇਹੀ ਕੋਸ਼ਿਸ਼ ਗੁਰਨੂਰ ਮਾਨ ਦੀ ਹੈ। ਅੱਜ ਕਲ ਆਵਾਜ਼ ਨਾਲ ਅੰਦਾਜ ਵੀ ਲਾਜ਼ਮੀ ਹੈ ਤੇ ਗੁਰਨੂਰ ਮਾਨ।

## ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਫਿਰ ਹਿੱਟ 260



ਸੋਲ੍ਹਵੇਂ ਸਾਲ ਦੀ ਜਵਾਨੀ ਮਨਜਿੰਦਰ ਗੁਲਸ਼ਨ ਲੱਗਦੀ ਹੈ, ਸੋਲਾਂ ਸੰਗੀਤਕ ਧਵਨੀਆਂ ਨਾਲ ਭਰੀ ਸੁਰ ਮੰਡਲ ਦੀ ਸੁਰ ਸਟਾਰ ਲੱਗਦੀ ਹੈ ਮਨਜਿੰਦਰ ਗੁਲਸ਼ਨ ਤੇ ਨਵੇਂ ਦੋਗਾਣੇ “260” ਵਿੱਚ 260 ਵਾਟ ਦੇ ਦੂਧੀਆ ਬਲਬ ਦੀ ਰੌਸ਼ਨੀ ਲੱਗੀ ਹੈ ਮਨਜਿੰਦਰ ਗੁਲਸ਼ਨ। ਨਾਲ ਤੂੰਬੀ ਦਾ ਮਾਹਿਰ, 260 ਸੰਗੀਤ ਲਹਿਰਾਂ ਦਾ ਸਾਗਰ ਗਾਇਕ ਬਲਕਾਰ ਅਣਖੀਲਾ ਤੇ ਇਸ ਤਰਾਂ ਇਸ ਨਾਯਾਬ ਜੋੜੀ ਦਾ ਨਵਾਂ ਗੀਤ “260” ਆਓਣ ਸਾਰ ਹੀ ਕਾਮਯਾਬੀ ਦੇ ਪੈਂਡੇ ਮਿੰਟ ਸੈਕਿੰਡ ਵਿੱਚ ਤਹਿ ਕਰ ਰਿਹਾ ਹੈ

# • ਪੰਜਾਬੀ ਫ਼ਿਲਮ ਦਰਪਣ •

ਲੱਕੀ ਅਣਖੀਲਾ ਨੂੰ ਪਤਾ ਹੈ ਕਿ ਬਲਕਾਰ ਅਣਖੀਲਾ ਦੀ ਸੁਰ ਕਿਹੜੀ ਤੇ ਮਨਜਿੰਦਰ ਗੁਲਸ਼ਨ ਕਿਸ ਕਾਲੇ ਤੇ ਗਾ ਹਿੱਟ ਤਾਂ ਓਸ ਨੇ ਪਿਆਰਾ ਮਿਊਜ਼ਿਕ ਦਿੱਤਾ ਹੈ। ਨਾਗਰਾ ਨੇ ਗਾਣਾ ਅੱਤ ਕਰਵਾ ਦਿੱਤੀ ਲਿਖਣ ਵਾਲੀ ਤੇ ਧੰਨ ਧੰਨ ਕਰਵਾ ਦਿੱਤੀ ਗਾਉਣ ਵਾਲੀ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਨੇ ਅਤੇ ਮਨੁ ਅਨੰਦ ਖੁਸ਼ ਕਿ ਇੱਕ ਹੋਰ ਓਸ ਦਾ ਪ੍ਰੋਜੈਕਟ ਸਫਲ ਤੇ ਇਹ ਦੋਗਾਣਾ ਬਲਕਾਰ ਅਣਖੀਲਾ ਮਿਊਜ਼ਿਕ ਤੋਂ ਰਲੀਜ਼ ਹੋਇਆ ਹੈ। ਸਾਹਿਲ ਨੇ ਵੀਡੀਓ ਵਾਲੀ ਰੀਝ ਲਾਹੀ ਹੈ ਤੇ ਕੁਲ ਮਿਲਾ ਕਿ “260” ਇੱਕ ਹੋਰ ਇਸ ਗਾਇਕ ਜੋੜੀ ਦਾ ਹਿੱਟ ਦੋਗਾਣਾ ਬਣਦਾ ਜਾ ਰਿਹਾ ਹੈ।


## ਹਾ ਹਾਏ ਜੇ ਮੈਂ ਵੀ ਦਾਰੂ ਪੀਣ ਲੱਗ ਪਈ




ਹਰਬੀਰ ਸਿੰਘ ਢੀਂਡਸਾ ਹਿੱਟ ਲੇਖਕ ਨੇ ਸ਼ੱਕ ਨਹੀਂ ਹੈ, ਰੇਖ ਦੇਖ ਐਸੀ ਨਿਰਦੇਸ਼ਨ ਦੀ ਕਿ ਫ਼ਿਲਮ ਸਿਰਾ ਬਣਾ ਦਿੰਦੇ ਹਨ। ਇਸ ਵਾਰ ਸ਼ਰਾਬੀ ਪਤੀਆਂ ਦੀ ਗੱਲ ਓਹਨਾਂ ਕੀਤੀ ਹੈ। ਸ਼ਰਾਬੀ ਪਤੀਆਂ ਦੀਆਂ ਪਤਨੀਆਂ ਦਾ ਦਰਦ ਦਿਖਾਇਆ ਹੈ। ਓਹਨਾਂ ਨੇ ਫ਼ਿਲਮ ਬਣਾਈ “ਜੇ ਮੈਂ ਵੀ ਦਾਰੂ ਪੀਣ ਲੱਗ ਪਈ” ਤੇ ਓਹ ਇਸ ਫ਼ਿਲਮ ਦੀ ਕਾਮਯਾਬੀ ਤੋਂ ਬਹੁਤ ਖੁਸ਼ ਹਨ। ਕੁਲਦੀਪ ਦੋਸਾਂਝ ਦੇ ਨਾਲ ਰਵਿੰਦਰ ਪਿੰਕੀ ਤੇ ਜੱਸ ਮਾਨਸਾ ਹਨ।ਨਾਲ ਹੀ ਸੁਮਨ ਬਾਠ ਤੇ ਮਨਜੀਤ ਜੱਸਲ ਦਾ ਕੰਮ ਹੈ। ਹਰਬੀਰ ਸਿੰਘ ਢੀਂਡਸਾ ਆਖਦੇ ਨੇ ਕਿ ਓਹਨਾਂ ਦੀ ਇਹ ਫ਼ਿਲਮ ਸਮਾਜ ਦਾ ਸੱਚ ਹੈ ਤੇ ਇਸ ਨੂੰ ਮਨੋਰੰਜਕ ਤਰੀਕੇ ਨਾਲ ਓਹਨਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਅਮਨ ਧੂਰੀ ਵੀ ਫ਼ਿਲਮ ਚ ਲੋਕਾਂ ਦਾ ਪਿਆਰ ਆਪਣੀ ਐਕਟਿੰਗ ਨਾਲ ਜਿੱਤਦੀ ਹੈ।ਅਮਿਤੋਜ਼ ਢੀਂਡਸਾ ਇਸ ਨੂੰ ਔਰਤਾਂ ਦੇ ਹੱਕ ਦੀ ਫ਼ਿਲਮ ਗਿਣਦੇ ਨੇ ਤੇ ਹਰਪ੍ਰੀਤ ਢੀਂਡਸਾ ਵਧੀਆ ਫ਼ਿਲਮ ਆਖਦੀ ਹੈ। ਪਰਮਜੀਤ ਕੌਰ ਅਨੁਸਾਰ ਫ਼ਿਲਮ ਅੱਤ ਦੀ ਮਨੋਰੰਜਕ ਤੇ ਸਿੱਖਿਆ ਨਾਲ ਭਰੀ ਹੈ। ਪ੍ਰੀਤ ਗਰੇਵਾਲ ਕਨੇਡਾ ਨੇ ਕਿਹਾ ਕਿ ਦਿਲ ਟੁੰਬਦਾ ਟਾਈਟਲ ਤੇ ਕਹਾਣੀ ਫ਼ਿਲਮ ਹਿੱਟ ਹੈ। ਨਿਰਸੰਦੇਹ ਸਮਾਜ ਅਜਿਹੀਆਂ ਫਿਲਮਾਂ ਨੂੰ ਸਵੀਕਾਰ ਕਰੇ ਤੇ ਨਿਰਮਾਤਾ ਨਿਰਦੇਸ਼ਕ ਦੀ ਹੌਸਲਾ ਅਫ਼ਜ਼ਾਈ ਵੀ ਬਣਦੀ ਹੈ।

## ਤਰਸ ਕਰੋ ਲਵ ਗਿੱਲ ਤੇ ਬੋਲੇ, ਦਮਨ ਮਜੀਠੀਆ

ਗੁਰਪ੍ਰੀਤ ਘੁੱਗੀ ਨੂੰ ਬਦਨਾਮ ਕਰਨ ਦੀ ਨੀਤੀ ਤੇ ਇਸ ਵਿੱਚ ਘਰੇਲੂ ਫ਼ਿਲਮੀ ਕੁੜੀ



ਲਵ ਗਿੱਲ ਕੈਰੀਅਰ ਦੇ ਸ਼ੁਰੂ ਚ ਗੰਦੀ ਤੋਹਮਤ ਦਾ ਸੋਸ਼ਲ ਮੀਡੀਆ ਤੇ ਸ਼ਿਕਾਰ ਝੂਠ ਦੀ ਵੱਡੀ ਪੰਡ ਵਾਲੀ ਗੱਲ।ਦਮਨ ਮਜੀਠੀਆ ਪੰਜਾਬੀ ਫ਼ਿਲਮਾਂ ਦੇ ਐਕਟਰ ਦੁੱਖੀ ਨੇ ਕਿ ਅੱਲੜ੍ਹ ਕੁੜੀ ਲਵ ਗਿੱਲ ਦਾ ਕੀ ਕਸੂਰ? ਦਮਨ ਮਜੀਠੀਆ ਆਖਦੇ ਨੇ ਗੁਰਪ੍ਰੀਤ ਘੁੱਗੀ ਦੀ ਸ਼ਰਾਫਤ ਨੂੰ ਨਜਾਇਜ ਰੋਲਣ ਵਾਲੇ ਇਹ ਕੌਣ ਲੋਕ? ਪੈਸੇ ਦੇ ਕਿ ਪ੍ਰਮੋਸ਼ਨ ਕਰਵਾ ਕਿ ਘੁੱਗੀ ਦਾ ਗਲਤ ਚਿੱਠਾ ਬਣਾ ਲਵ ਗਿੱਲ ਦਾ ਕਾਲਜਾ ਚੀਰ ਕਿ ਮਢੀਰ ਨੇ ਰੱਖ ਦਿੱਤਾ। ਓਹਨਾਂ ਕਿਹਾ ਕਿ ਸਭ ਈਸ਼ਵਰ ਦੇਖ ਫਲ ਦੇਵੇਗਾ। ਸਜ਼ਾ ਦਾ ਫ਼ਲ ਤੇ ਦਮਨ ਮਜੀਠੀਆ ਨੇ ਸਾਰੀ ਘਟਨਾ ਤੇ ਦੁੱਖ ਪ੍ਰਗਟ ਕੀਤਾ। ਦਮਨ ਮਜੀਠੀਆ ਨੂੰ ਗਿਲਾ ਹੈ ਕਿ ਜਿਸ ਦਾ ਜੀਅ ਕਰੇ ਬਿਨ ਸਬੂਤ ਜਿਹੜੀ ਗੱਲ ਮਰਜ਼ੀ ਲਿਖ ਦੇਵੇ। ਓਹਨਾਂ ਕਿਹਾ ਕਿ ਜਵਾਨੀ ਵਰੇਸ ਵਾਲੀ ਲਵ ਗਿੱਲ ਤੇ ਗੰਦੇ ਦੋਸ਼ ਦਮਨ ਮਜੀਠੀਆ ਨੂੰ ਦੁੱਖ ਕਿ ਇੰਡਸਟਰੀ ਚੁੱਪ ਰਹੀ ਤੇ ਘੁੱਗੀ ਦੀ ਮਦਦ ਨਹੀਂ ਕੀਤੀ। ਦਮਨ ਮਜੀਠੀਆ ਨੇ ਕਿਹਾ ਕਿ ਇਸ ਲਵ ਗਿੱਲ ਦੇ ਦਿਲ ਤੋਂ ਨਿਕਲੀਆਂ ਚੀਸਾਂ ਮਲੀਆ ਮੇਟ ਕਰ ਦੇਣਗੀਆਂ ਝੂਠ ਦੇ ਸੌਦਾਗਰਾਂ ਨੂੰ। ਬੁਰੇ ਕੰਮ ਨਰਕ ਬਰਾਬਰ ਹਨ, ਭੋਗਣੇ ਪੈਣੇ ਹਨ। ਦਮਨ ਮਜੀਠੀਆ ਪੰਜਾਬੀ ਮਾਡਲ ਤੇ ਐਕਟਰ ਨੇ ਕਿਹਾ ਕਿ ਇਸ ਨਦਾਨ ਬੱਚੀ ਨੂੰ ਹੌਸਲੇ ਤੇ ਭਰਵੇਂ ਸਾਥ ਦੀ ਲੋੜ ਹੈ।

## ਗੁਰਦਾਸ ਮਾਨ ਨਹੀਂ ਕਿਸੇ ਨੇ ਬਣ ਜਾਣਾ ਬੰਨੀ ਸ਼ਰਮਾ



ਰੂਹ ਇੱਕ ਸ਼ਕਲ ਦੋ ਤੇ ਹੋਰ ਬਹੁਤ ਕੁੱਝ, ਬਹੁਤ ਪਿਆਰ ਗੁਰਦਾਸ ਮਾਨ ਤੇ ਬੰਨੀ ਸ਼ਰਮਾ ਦਾ। ਗੁਰਦਾਸ ਮਾਨ ਨਾਮ ਰਹਿੰਦੀ ਦੁਨੀਆਂ ਤੱਕ ਗਾਇਕੀ ਤੇ ਅਭਿਨੈ ਨਗਰ ਵਿੱਚ ਰਹਿਣਾ ਹੈ। ਬੰਨੀ ਸ਼ਰਮਾ ਇੱਕ ਇਮਾਨਦਾਰ ਇਨਸਾਨ ਜਿਸ ਮਿਹਨਤ ਕੀਤੀ, ਧੁੱਪਾਂ ਵਿੱਚ ਮੁੜ੍ਹਕਾ ਵਹਾਇਆ ਤੇ ਸੰਗੀਤ ਖੇਤਰ ਵਿੱਚ ਪੇਸ਼ਕਾਰ ਬਣ ਬਹੁਤ ਗਾਇਕ ਰਲੀਜ਼ ਕੀਤੇ ਤੇ ਗੁਰਦਾਸ ਮਾਨ ਨਾਲ ਦਿਲੀ ਤੇ ਕੁਦਰਤੀ ਪਿਆਰ। ਪਰਿਵਾਰਕ ਸੰਬੰਧ ਤੇ ਗੁਰਦਾਸ ਮਾਨ ਸਾਬ ਅਕਸਰ ਬੰਨੀ ਸ਼ਰਮਾ ਦੇ ਜਲੰਧਰ ਘਰ ਆਉਂਦੇ ਤੇ ਨਿੱਕੇ ਸਵੀ ਤੇ ਰਘੂ ਨੂੰ ਗੋਦ ਖਿਡਾਉਂਦੇ ਰਹੇ। ਨਿਰ ਸਵਾਰਥ ਪ੍ਰੇਮ ਤੇ ਬੰਨੀ ਸ਼ਰਮਾ ਦੂਰਦਰਸ਼ਨ ਜਲੰਧਰ ਦੇ ਨਿੱਜੀ ਪ੍ਰੋਗਰਾਮ ਨਿਰਦੇਸ਼ਕ ਬਣੇ ਤਾਂ ਗੁਰਦਾਸ ਮਾਨ ਨੂੰ ਬੇਹੱਦ ਖੁਸ਼ੀ ਹੋਈ। ਬੰਨੀ ਸ਼ਰਮਾ ਵੈਸੇ ਵੀ ਗੁਰਦਾਸ ਮਾਨ ਸਾਹਿਬ ਦੀਆਂ ਦੂਰਦਰਸ਼ਨ ਜਲੰਧਰ ਦੀਆਂ ਰਿਕਾਰਡਿੰਗ ਤੇ ਆਉਂਦੇ ਰਹੇ। ਬੰਨੀ ਸ਼ਰਮਾ ਮੁੰਬਈ ਜਾਂ ਪੰਜਾਬ ਗੁਰਦਾਸ ਮਾਨ ਨਾਲ ਰਾਬਤੇ ਵਿੱਚ ਰਹੇ। ਇਹ ਨਿੱਘੀ ਗੱਲਵਕੜੀ ਦਰਸਾਉਂਦੀ ਹੈ ਕਿ ਗੁਰਦਾਸ ਮਾਨ ਤੇ ਬੰਨੀ ਸ਼ਰਮਾ ਨਿਰਸਵਾਰਥ, ਇਮਾਨਦਾਰ ਪਿਆਰ ਦੇ ਦੋ ਹਮ ਰਾਹੀਂ ਹਨ। ਹੋਰ ਬਹੁਤ ਯਾਦਗਾਰ ਲਮਹਾ ਨੇ ਜਿਹੜੇ ਬੰਨੀ ਸ਼ਰਮਾ ਤੇ ਗੁਰਦਾਸ ਮਾਨ ਸਾਬ ਦੀ ਮਿੱਤਰਤਾ ਦੇ ਅਰਮਾਨ ਹਨ, ਗਵਾਹ ਹਨ ਯਾਰੀ ਜ਼ਿੰਦਾਬਾਦ।

## ਬੱਲੇ ਸਿੰਮੀ ਏ ਸ਼ਾਵਾ ਸਿੰਮੀ ਏ ਕੌਰ ਸਿੰਮੀ



ਸੁਰ ਤੇ ਤਾਲ ਸਟੇਜ ਤੇ ਚਾਲੂ ਹੋਏ ਤਾਂ ਸੰਗੀਤ ਦੁਨੀਆਂ ਵਿੱਚ ਇਸ ਕਦਰ ਅੱਧਾ ਘੰਟਾ ਮਗਨ ਹੋ ਕੌਰ ਸਿੰਮੀ ਤਾਲ ਲਾਉਂਦੀ ਹੈ ਕਿ ਸਾਈਂ ਦੀ ਮਿਹਰ ਨਾਲ ਲੋਕ ਝੂਮ ਉੱਠਦੇ ਹਨ। ਕੌਰ ਸਿੰਮੀ ਨੂੰ ਸੁਰ ਗਿਆਨ ਬਹੁਤ ਹੈ ਤੇ ਓਹ ਬੁੱਲੇ ਸ਼ਾਹ ਦੀ ਕਾਫ਼ੀ ਤੋਂ ਲੋਕ ਗੀਤ ਤੇ ਫ਼ਿਰ ਧਾਰਮਿਕ ਗੀਤ ਗਾ ਕਿ ਮਾਹੌਲ ਖੁਸ਼ੀਆਂ ਭਰਿਆ ਬਣਾ ਦਿੰਦੀ ਹੈ। ਕੌਰ ਸਿੰਮੀ ਨੇ ਕਿਹਾ ਕਿ ਸੰਗੀਤ ਦੀ ਓਹ ਸੂਝ ਬੂਝ ਰੱਖਣ ਕਾਰਨ ਹਿੱਟ ਹੈ ਤੇ ਬਾਕੀ ਅੱਜ ਕਲ ਸੁਰ ਅਕਲ ਨਾਲ ਲੋਕ ਸ਼ਕਲ ਦੇਖਦੇ ਹਨ ਤੇ ਅਕਸਰ ਆਖ ਦਿੰਦੇ ਹਨ ਕਿ ਇਹ ਗੋਰੀ ਗੋਰੀ ਮੋਟੀਆਂ ਮੋਟੀਆਂ ਅੱਖਾਂ ਨਾਲ ਗੱਲਾਂ ਕਰਦੀ ਪ੍ਰੋਗਰਾਮ ਹਿੱਟ ਦੇਵੇਗੀ ਤੇ ਸ਼ੁਕਰ ਖ਼ੁਦਾ ਓਸ ਨੂੰ ਸੂਰਤ ਵੀ ਓਸ ਵਧੀਆ ਦਿੱਤੀ ਹੈ। ਕੌਰ ਸਿੰਮੀ ਇਹਨਾਂ ਗੁਣਾਂ ਕਰ ਕਿ ਪਿਛਲੇ ਸਾਲ ਖ਼ੂਬ ਮੇਲੇ ਲਾ ਗਈ ਤੇ ਹੁਣ 2026 ਵਿੱਚ ਵੀ ਉਮੀਦ ਕਿ ਹੁਸਨ ਤੇ ਸੁਰ ਦੀ ਬਾਰਿਸ਼ ਕਰੇਗੀ ਤੇ ਇਸ ਸਾਲ ਵੀ ਮੇਲਾ ਕਵੀਨ ਬਣੇਗੀ। ਹਰੇਕ ਤਰਾਂ ਦੀ ਗਾਇਕੀ ਮੁਹਾਰਤ, ਦੋਗਾਣੇ ਓਸ ਬਹੁਤ ਗਾਏ ਨੇ ਪਰ ਸੋਚ ਕਿ ਆਪਣੇ ਦਮ ਤੇ ਕੱਲੇ ਕੁੱਝ ਬਣ ਕਿ ਦਿਖਾ ਦੇਣਾ ਹੈ ਤੇ ਇਸ ਰਾਹ ਤੇ ਤੁਰ ਚੁੱਕੀ ਕੌਰ ਸਿੰਮੀ ਆ ਰਹੇ ਸਾਲ ਤੱਕ ਟੌਪ ਦੀਆਂ ਪੰਜਾਬਣ ਗਾਇਕ ਕੁੜੀਆਂ ਵਿੱਚ ਸ਼ਾਮਿਲ ਹੋ ਕਿ ਨੰਬਰ ਇੱਕ ਵੱਖ ਤੁਰੇਗੀ।

-ਅੰਮ੍ਰਿਤ ਪਵਾਰ